# ਨਾਵਲਕਾਰ ਮਿੱਤਰ ਸੈਨ ਮੀਤ

## ਵਿਚਾਰਧਾਰਾਈ ਆਧਾਰ ਅਤੇ ਕਲਾਤਮਕ-ਜੁਗਤਾਂ

ਡਾ. ਸਿਮਰਜੀਤ ਕੌਰ

ਵਾਰਿਸ ਸ਼ਾਹ ਫ਼ਾਊਂਡੇਸ਼ਨ
ਅੰਮ੍ਰਿਤਸਰ-143002

**NOVELKAR MITTER SEN MEET**
**Vichardharaee Aadhar ate Kalatmak-Jugatan**
*by*
**Dr. Simarjit Kaur**
#9029, St. No. 1, Mini Secretariat Road,
Ekta Colony, Bathinda-151001
(M) 99140-00050 (Ph) 0164-2215593
E-Mail : grewal00050@gmail.com

© Author

ISBN 978-81-7856-437-1

ਪਹਿਲੀ ਵਾਰ : 2015

**ਮੁੱਲ : 250 ਰੁਪਏ**

*ਪ੍ਰਕਾਸ਼ਕ*
**ਵਾਰਿਸ ਸ਼ਾਹ ਫ਼ਾਉਂਡੇਸ਼ਨ**
42, ਗੁਰੂ ਤੇਗ ਬਹਾਦਰ ਨਗਰ, ਅੰਮ੍ਰਿਤਸਰ-143002
ਫ਼ੋਨ : 0183-2450520
*ਪ੍ਰਿੰਟਰ*
**ਪ੍ਰਿੰਟਵੈਲ**
146, ਇੰਡ. ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

ਸਤਿਕਾਰਯੋਗ ਮਾਤਾ-ਪਿਤਾ
ਅਤੇ
ਸੱਸ-ਸਹੁਰਾ ਜੀ ਨੂੰ

# ਤਤਕਰਾ


| | | |
|---|---|---|
| | ਦੋ ਸ਼ਬਦ | 7 |
| 1. | **ਮਿੱਤਰ ਸੈਨ ਮੀਤ ਦੇ ਨਾਵਲ : ਵਿਚਾਰਧਾਰਾਈ ਆਧਾਰ** | 9 |
| | (ੳ) ਵਿਚਾਰਧਾਰਾ : ਸੰਕਲਪ ਅਤੇ ਸਰੂਪ | 9 |
| | (ਅ) ਵਿਚਾਰਧਾਰਾ ਤੇ ਸਾਹਿਤ | 11 |
| | (ੲ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਮਾਰਕਸਵਾਦੀ ਵਿਚਾਰਧਾਰਾ | 14 |
| | (ਸ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਪ੍ਰਗਤੀਵਾਦੀ ਵਿਚਾਰਧਾਰਾ | 18 |
| | (ਹ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਯਥਾਰਥਵਾਦੀ ਵਿਚਾਰਧਾਰਾ | 23 |
| | (ਕ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਸਮਾਜਵਾਦੀ ਵਿਚਾਰਧਾਰਾ | 26 |
| | (ਖ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਮਾਨਵਵਾਦੀ ਵਿਚਾਰਧਾਰਾ | 27 |
| 2. | **ਮਿੱਤਰ ਸੈਨ ਮੀਤ ਦੇ ਨਾਵਲ : ਕਲਾਤਮਕ ਜੁਗਤਾਂ ਦੀਆਂ ਵਿਲੱਖਣਤਾਵਾਂ** | 35 |
| | (ੳ) ਮਿੱਤਰ ਸੈਨ ਮੀਤ ਦੇ ਨਾਵਲ ਜਗਤ ਦੇ ਵਿਸ਼ੈ-ਵਸਤੂ ਦੇ ਖੇਤਰ ਦੀ ਵਿਸ਼ਾਲਤਾ | 39 |
| | (ਅ) ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਪਾਤਰਾਂ ਦੀ ਅੰਦਰੂਨੀ ਅਤੇ ਬਾਹਰੀ ਸ਼ਖ਼ਸੀਅਤ ਦੇ ਵਿਭਿੰਨ ਪੱਖ ਅਤੇ ਵਿਲੱਖਣਤਾਵਾਂ | 47 |
| | (ੲ) ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਬਿਰਤਾਂਤ ਵਿਚ ਵਿਅੰਗ ਸਿਰਜਣ ਦੀ ਵਿਧੀ ਦੀ ਵਿਸ਼ੇਸ਼ਤਾ | 59 |
| | (ਸ) ਮਿੱਤਰ ਸੈਨ ਮੀਤ ਦੇ ਨਾਵਲਾਂ ਦੀ ਭਾਸ਼ਾਈ ਪ੍ਰਗਟਾਅ ਵਿਧੀ | 68 |

(ਹ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਲੋਕ ਸਾਹਿਤ ਦੇ ਸੰਦਰਭ ਵਿਚ ਮੁਹਾਵਰੇ, ਅਖਾਉਤਾਂ, ਮਿੱਥ ਅਤੇ ਕਥਾਨਕ-ਰੂੜ੍ਹੀਆਂ ਦੀ ਪ੍ਰਾਸੰਗਿਕਤਾ ਦੀ ਵਿਧੀ 72

(ਕ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਵਾਤਾਵਰਣ ਤੇ ਦ੍ਰਿਸ਼ ਸਿਰਜਣ ਦੀ ਵਿਸ਼ੇਸ਼ਤਾ 78

(ਖ) ਹੋਰ ਗਲਪੀ ਜੁਗਤਾਂ (ਪਿੱਛਲਝਾਤ, ਵਾਰਤਾਲਾਪ, ਭਾਸ਼ਾਈ ਟਿੱਪਣੀਆਂ ਆਦਿ) 81

(ਗ) ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਢੁੱਕਵੇਂ ਸਿਰਲੇਖ ਸਿਰਜਣ ਦੀ ਵਿਭਿੰਨਤਾ, ਵਿਲੱਖਣਤਾ ਤੇ ਸਾਰਥਿਕਤਾ 89

3. **ਨਾਵਲਕਾਰ ਮਿੱਤਰ ਸੈਨ ਮੀਤ ਨਾਲ ਮੁਲਾਕਾਤ** 99

4. **ਪੰਜਾਬੀ ਨਾਵਲ ਅਤੇ ਮਿੱਤਰ ਸੈਨ ਮੀਤ ਦੇ ਨਾਵਲ** 113

ਪੁਸਤਕ ਸੂਚੀ 122

# ਦੋ ਸ਼ਬਦ

ਇਸ ਰਚਨਾ ਵਿਚ ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਵਿਚਾਰਧਾਰਾਈ ਆਧਾਰ ਅਤੇ ਉਸ ਦੀਆਂ ਕਲਾਤਮਕ ਜੁਗਤਾਂ ਦੀਆਂ ਵਿਲੱਖਣਤਾਵਾਂ ਦਾ ਅਧਿਐਨ ਕੀਤਾ ਗਿਆ ਹੈ। ਪਹਿਲੇ ਅਧਿਆਇ ਵਿਚ 'ਮਿੱਤਰ ਸੈਨ ਮੀਤ ਦੇ ਨਾਵਲਾਂ ਦਾ ਵਿਚਾਰਧਾਰਾਈ ਪਰਿਪੇਖ' ਸਿਰਲੇਖ ਅਧੀਨ ਉਸ ਦੀ ਵਿਚਾਰਧਾਰਾ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿਉਂਕਿ ਹਰ ਸਾਹਿਤਕਾਰ ਦੀ ਹਰ ਰਚਨਾ ਕਿਸੇ ਨਾ ਕਿਸੇ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਰਚੀ ਜਾਂਦੀ ਹੈ। ਇਸ ਪ੍ਰਕਾਰ ਕਿਸੇ ਵੀ ਸਾਹਿਤਕਾਰ ਨੂੰ ਉਸਦੀ ਵਿਚਾਰਧਾਰਾ ਨਾਲੋਂ ਤੋੜ ਕੇ ਨਹੀਂ ਸਮਝਿਆ ਜਾ ਸਕਦਾ। ਹਰੇਕ ਸਾਹਿਤਕਾਰ ਦਾ ਪਰੰਪਰਾਗਤ ਵਿਰਸੇ ਅਤੇ ਸਮਕਾਲੀ ਪਰਿਸਥਿਤੀਆਂ ਨਾਲ ਡੂੰਘਾ ਸਰੋਕਾਰ ਹੁੰਦਾ ਹੈ। ਇਸ ਕਰਕੇ ਵਸਤੂ ਅਤੇ ਵਰਤਾਰਿਆਂ ਨੂੰ ਸਮਝਣ ਵਾਲੀ ਉਸਦੀ ਵਿਚਾਰਧਾਰਾ ਦਾ ਵਿਕਾਸ ਹੀ ਸਮਾਜਿਕ ਸੰਦਰਭ ਵਿਚ ਪ੍ਰਵਾਨ ਚੜ੍ਹਦਾ ਹੈ। ਸੋ ਹਰ ਇਕ ਸਾਹਿਤਕਾਰ ਨੂੰ ਦੂਜੇ ਨਾਲੋਂ ਵਿਲੱਖਣ ਬਣਾਉਣ ਵਾਲੀ ਉਸਦੀ ਵਿਚਾਰਧਾਰਾ ਹੀ ਹੁੰਦੀ ਹੈ, ਜਿਸ ਵਿਚ ਉਸਦੇ ਵਿਅਕਤਿਤਵ ਦੇ ਕਈ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ।

ਮਿੱਤਰ ਸੈਨ ਮੀਤ ਦੇ ਨਾਵਲਾਂ ਦੀ ਵਿਚਾਰਧਾਰਾ ਨੂੰ ਬੇਸ਼ੱਕ ਸਮੁੱਚੇ ਨਾਵਲਾਂ ਰਾਹੀਂ ਵੇਖੀਏ ਜਾਂ ਇਕੱਲੇ-ਇਕੱਲੇ ਨਾਵਲ ਰਾਹੀਂ ਵੇਖੀਏ ਉਸਦੀ ਵਿਚਾਰਧਾਰਾ ਇਹੀ ਬਣਦੀ ਹੈ ਕਿ ਉਸਨੇ ਕਠੋਰ ਯਥਾਰਥ ਰਾਹੀਂ ਆਪਣੇ ਜੀਵਨ ਅਨੁਭਵ ਆਧਾਰਿਤ ਵਿਚਾਰਧਾਰਾ ਨੂੰ ਲੈ ਕੇ ਸਮਾਜ ਵਿਚ ਆ ਚੁੱਕੇ ਨਿਘਾਰ ਨੂੰ ਇੰਨਾ ਡੂੰਘਾ ਤੇ ਬਾਰੀਕੀ ਨਾਲ ਰੂਪਮਾਨ ਕੀਤਾ ਹੈ ਕਿ ਉਸਦੀ ਵਿਚਾਰਧਾਰਾ ਸਮੁੱਚੇ ਨਾਵਲਾਂ ਵਿਚ ਗਤੀਸ਼ੀਲ ਨਜ਼ਰ ਆਉਂਦੀ ਹੈ। ਨਾਵਲਕਾਰ ਨੇ ਆਪਣੀ ਵਿਚਾਰਧਾਰਾ ਰਾਹੀਂ ਨਾਵਲਾਂ ਵਿਚ ਪ੍ਰਗਤੀਵਾਦੀ ਯਥਾਰਥ ਦਾ ਚਿਤਰਣ ਅਜਿਹੇ ਢੰਗ ਨਾਲ ਕੀਤਾ ਹੈ ਕਿ ਪਾਠਕ ਦੇ ਮਨ ਵਿਚ ਅਜੋਕੇ ਸਿਸਟਮ ਖਿਲਾਫ਼ ਨਫ਼ਰਤ ਤੇ ਗੁੱਸਾ ਪੈਦਾ ਹੁੰਦਾ ਹੈ। ਲੇਖਕ ਦੀ ਇਹੀ ਸੋਚ ਆਮ ਜਨਤਾ ਲਈ ਪ੍ਰੇਰਨਾ-ਸਰੋਤ ਬਣਦੀ ਹੈ। ਸੋ ਕਿਸੇ ਵੀ ਸਾਹਿਤਕਾਰ ਦੀ ਸਮਾਜਿਕ ਰਚਨਾ ਦਾ ਸਮਾਜਿਕ ਪਰਿਸਥਿਤੀਆਂ ਵਿਰੁੱਧ ਨਫ਼ਰਤ ਪੈਦਾ ਕਰਨਾ ਹੀ ਉਸਦੀ ਪ੍ਰਾਪਤੀ ਹੁੰਦੀ ਹੈ।

ਦੂਜੇ ਅਧਿਆਇ ਵਿਚ 'ਮਿੱਤਰ ਸੈਨ ਮੀਤ ਦੇ ਨਾਵਲਾਂ ਦੀਆਂ ਕਲਾਤਮਕ ਜੁਗਤਾਂ ਦੀਆਂ ਵਿਲੱਖਣਤਾਵਾਂ' ਸਿਰਲੇਖ ਅਧੀਨ ਉਸ ਦੇ ਨਾਵਲਾਂ ਦੇ ਵਿਸ਼ਿਆਂ ਦੇ ਨਿਭਾਅ ਲਈ ਵਰਤੀਆਂ ਗਈਆਂ ਕਲਾਤਮਕ ਜੁਗਤਾਂ ਦਾ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਮਿੱਤਰ ਸੈਨ ਮੀਤ ਨੇ ਜਿਥੇ ਆਪਣੇ ਨਾਵਲਾਂ ਵਿਚ ਪ੍ਰਚੱਲਿਤ ਜੁਗਤਾਂ ਦੀ ਵਰਤੋਂ ਕੀਤੀ ਹੈ, ਉਥੇ ਨਵੀਨ ਕਲਾਮਈ ਜੁਗਤਾਂ ਦਾ ਪ੍ਰਯੋਗ ਵੀ ਕੀਤਾ ਹੈ। ਉਹ ਆਪਣੇ ਨਾਵਲਾਂ ਦੇ ਵਿਸ਼ੇ, ਪਾਤਰਾਂ ਦੀ ਚੋਣ ਤੇ ਪੇਸ਼ਕਾਰੀ ਅਤੇ ਘਟਨਾਵਾਂ ਨੂੰ ਵੱਖਰੀਆਂ-ਵੱਖਰੀਆਂ ਜੁਗਤਾਂ

ਰਾਹੀਂ ਕਿਵੇਂ ਉਭਾਰਦਾ ਹੈ, ਨਾਵਲਕਾਰ ਦੀ ਇਸ ਵਿਭਿੰਨਤਾ ਤੇ ਵਿਲੱਖਣਤਾ ਨੂੰ ਖੋਜ ਪੁਸਤਕ ਦੇ ਇਸ ਖੰਡ ਦਾ ਮੂਲ ਆਧਾਰ ਬਣਾਇਆ ਹੈ।

ਤੀਜੇ ਅਧਿਆਇ ਵਿਚ ਮਿੱਤਰ ਸੈਨ ਮੀਤ ਦੇ ਨਾਵਲ-ਜਗਤ ਨੂੰ ਹੋਰ ਨੇੜਿਉਂ ਜਾਂਚਣ, ਘੋਖਣ ਲਈ ਉਨ੍ਹਾਂ ਨਾਲ ਕੀਤੀ ਗਈ ਮੁਲਾਕਾਤ ਦੌਰਾਨ ਹੋਈ ਗੱਲਬਾਤ ਨੂੰ ਲਿਖਤੀ ਰੂਪ ਵਿਚ ਇਸ ਰਚਨਾ ਦਾ ਅਹਿਮ ਹਿੱਸਾ ਬਣਾਇਆ ਗਿਆ ਹੈ। ਨਾਵਲਕਾਰ ਨਾਲ ਰਚਾਇਆ ਗਿਆ ਇਹ ਸੰਬਾਦ ਜਿਥੇ ਪਾਠਕਾਂ ਲਈ ਦਿਲਚਸਪੀ ਦਾ ਕੇਂਦਰ ਬਣੇਗਾ ਉਥੇ ਨਾਵਲਕਾਰ ਦੀ ਰਚਨਾ-ਪ੍ਰਕਿਰਿਆ ਨੂੰ ਸਮਝਣ ਵਿਚ ਵੀ ਬਹੁਤ ਸਹਾਈ ਸਿੱਧ ਹੋਵੇਗਾ। ਲੇਖਕ ਸਮਾਜ ਬਾਰੇ ਕਿਵੇਂ ਸੋਚਦਾ ਹੈ ਅਤੇ ਆਪਣੇ ਸਮਾਜਕ ਤੇ ਸਭਿਆਚਾਰਕ ਅਨੁਭਵ ਨੂੰ ਆਪਣੀ ਰਚਨਾ ਵਿਚ ਕਿਵੇਂ ਨਿਰੂਪਤ ਕਰਦਾ ਹੈ, ਨੂੰ ਇਹ ਸੰਵਾਦ ਨੇੜਿਓਂ ਗ੍ਰਹਿਣ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ।

ਚੌਥੇ ਅਧਿਆਇ ਵਿਚ ਪੰਜਾਬੀ ਨਾਵਲ ਅਤੇ ਮਿੱਤਰ ਸੈਨ ਮੀਤ ਦੇ ਨਾਵਲ ਸਿਰਲੇਖ ਅਧੀਨ ਪੰਜਾਬੀ ਨਾਵਲ ਨੂੰ ਮਿੱਤਰ ਸੈਨ ਮੀਤ ਦੀ ਵਿਲੱਖਣ ਦੇਣ ਉੱਤੇ ਵਿਚਾਰ ਚਰਚਾ ਕੀਤੀ ਗਈ ਹੈ। ਅੰਤ ਵਿਚ ਅਗਲੇਰੇ ਖੋਜਾਰਥੀਆਂ ਦੀ ਸਹਾਇਤਾ ਲਈ ਸਹਾਇਕ ਪੁਸਤਕ ਸੂਚੀ ਦਿੱਤੀ ਗਈ ਹੈ।

**ਸਿਮਰਜੀਤ ਕੌਰ (ਡਾ.)**

# ਮਿੱਤਰ ਸੈਨ ਮੀਤ ਦੇ ਨਾਵਲ : ਵਿਚਾਰਧਾਰਾਈ ਆਧਾਰ

## (ੳ) ਵਿਚਾਰਧਾਰਾ : ਸੰਕਲਪ ਅਤੇ ਸਰੂਪ

ਹਰ ਸਾਹਿਤਕਾਰ ਦੀ ਰਚਨਾ ਕਿਸੇ ਨਾ ਕਿਸੇ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਰਚੀ ਜਾਂਦੀ ਹੈ ਤੇ ਕਿਸੇ ਵੀ ਸਾਹਿਤਕਾਰ ਨੂੰ ਉਸਦੀ ਵਿਚਾਰਧਾਰਾ ਨਾਲੋਂ ਤੋੜ ਕੇ ਨਹੀਂ ਸਮਝਿਆ ਜਾ ਸਕਦਾ। ਹਰੇਕ ਸਾਹਿਤਕਾਰ ਦਾ ਪਰੰਪਰਾਗਤ ਵਿਰਸੇ ਅਤੇ ਸਮਕਾਲੀ ਪ੍ਰਸਥਿਤੀਆਂ ਨਾਲ ਡੂੰਘਾ ਸਰੋਕਾਰ ਹੁੰਦਾ ਹੈ। ਇਸ ਕਰਕੇ ਵਸਤੂ ਅਤੇ ਵਰਤਾਰਿਆਂ ਨੂੰ ਸਮਝਣ ਵਾਲੀ ਉਸਦੀ ਵਿਚਾਰਧਾਰਾ ਦਾ ਵਿਕਾਸ ਹੀ ਸਮਾਜਿਕ ਸੰਦਰਭ ਵਿਚੋਂ ਪ੍ਰਵਾਨ ਚੜ੍ਹਦਾ ਹੈ। ਹਰ ਇਕ ਸਾਹਿਤਕਾਰ ਨੂੰ ਦੂਜੇ ਨਾਲੋਂ ਵਿਲੱਖਣ ਬਣਾਉਣ ਵਾਲੀ ਉਸਦੀ ਵਿਚਾਰਧਾਰਾ ਹੀ ਹੁੰਦੀ ਹੈ। ਜਿਸ ਵਿਚ ਉਸਦੇ ਵਿਅਕਤੀਤਵ ਦੇ ਕਈ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ।

'ਵਿਚਾਰਧਾਰਾ' ਪੰਜਾਬੀ ਦੇ ਦੋ ਸ਼ਬਦਾਂ ਦਾ ਜੋੜ ਹੈ। 'ਵਿਚਾਰ' + 'ਧਾਰਾ'। ਅਰਥਾਤ ਵਿਚਾਰਧਾਰਾ ਦਾ ਅੱਖਰੀ ਅਰਥ ਹੈ 'ਵਿਚਾਰਾਂ' ਦੀ 'ਧਾਰਾ' ਜਾਂ 'ਵਿਚਾਰਾਂ ਦਾ ਪ੍ਰਭਾਵ'।[1] ਮਨ ਵਿਚ ਪੈਦਾ ਹੋਣ ਵਾਲੇ ਹਰ ਕਿਸਮ ਦੇ ਵਿਚਾਰਾਂ ਦੇ ਪ੍ਰਵਾਹ ਨੂੰ ਵਿਚਾਰਧਾਰਾ ਨਹੀਂ ਮੰਨਿਆ ਜਾਂਦਾ। ਵਿਚਾਰਧਾਰਾ ਬੌਧਿਕ ਚਿੰਤਨ ਦੀ ਉਪਜ ਹੈ। ਮਨੁੱਖ ਜਦੋਂ ਆਪਣੇ ਆਲੇ-ਦੁਆਲੇ ਨੂੰ ਸਮਝਣ ਦਾ ਯਤਨ ਕਰਦਾ ਹੈ ਤਾਂ ਉਸ ਦੀ ਚੇਤਨਾ ਜਾਗਦੀ ਹੈ। ਇਸ ਜਾਗੀ ਹੋਈ ਚੇਤਨਾ ਸ਼ਕਤੀ ਵਿਚ ਪੈਦਾ ਹੋਏ ਵਿਚਾਰਾਂ ਦਾ ਪ੍ਰਵਾਹ ਹੀ ਵਿਚਾਰਧਾਰਾ ਹੈ।

ਹਰ ਸਾਹਿਤਕਾਰ ਦਾ ਅਨੁਭਵ, ਸਾਹਿਤ ਅਤੇ ਵਿਚਾਰਧਾਰਾ ਇਕੋ ਸਮੇਂ ਸਮਾਜ ਵਿਚੋਂ ਕਿਰਿਆਸ਼ੀਲ ਰਹਿੰਦੇ ਹਨ। ਸਾਹਿਤਕਾਰ ਦੀ ਪ੍ਰਤੱਖਣ ਸ਼ਕਤੀ ਆਪਣੇ ਅਨੁਭਵ ਨੂੰ ਗ੍ਰਹਿਣ ਕਰਨ ਦੇ ਨਾਲ ਨਾਲ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵਿਤ ਹੁੰਦੀ ਰਹਿੰਦੀ ਹੈ, ਉਸੇ ਤਰ੍ਹਾਂ ਉਸਦੇ ਵਿਚਾਰਾਂ ਵਿਚ ਤਬਦੀਲੀ ਆਉਂਦੀ ਹੈ।

Encyclopaedia Britanica ਅਨੁਸਾਰ ਵਿਚਾਰਧਾਰਾ ਵਿਸ਼ਵਾਸਾਂ ਦਾ ਅਜਿਹਾ ਪ੍ਰਬੰਧ ਹੈ ਜੋ ਸਮਾਜ ਦੇ ਕਾਰਜ ਅਤੇ ਸੰਗਠਨ ਨਾਲ ਸੰਬੰਧਿਤ ਹੁੰਦਾ ਹੈ। ਇਸ ਵਿਚ ਵਿਹਾਰਕ ਰਾਜਨੀਤੀ ਦਾ ਅਜਿਹਾ ਪ੍ਰੋਗਰਾਮ ਵੀ ਸ਼ਾਮਿਲ ਹੁੰਦਾ ਹੈ ਜੋ ਮਾਨਵ ਪ੍ਰਕਿਰਤੀ ਬਾਰੇ ਅਪਣਾਈ ਗਈ ਵਿਆਪਕ ਧਾਰਨਾ ਉਪਰ ਆਧਾਰਿਤ ਹੁੰਦਾ ਹੈ ਜੋ ਸਮਾਜਿਕ ਸੰਘਰਸ਼ ਲਈ ਜ਼ਰੂਰੀ ਹੁੰਦਾ ਹੈ।[2]

ਵਿਚਾਰਧਾਰਾ ਰਾਹੀਂ ਲੇਖਕ ਸਾਧਾਰਨ ਘਟਨਾ ਵਿਚ ਅਸਾਧਾਰਨ ਅਰਥ ਲੱਭਣ ਦਾ ਯਤਨ ਕਰਦਾ ਹੈ। ਉਹ ਹਮੇਸ਼ਾ ਹੀ ਕਿਸੇ ਸ਼ਕਤੀਸ਼ਾਲੀ ਖਿਆਲ ਨੂੰ ਜਿਹੜਾ ਸਮਾਜਿਕ ਪ੍ਰਸਥਿਤੀਆਂ ਨੂੰ ਚਿਤਰਨ ਵਾਲਾ ਹੋਵੇ, ਉਸਨੂੰ ਆਪਣੀ ਵਿਚਾਰਧਾਰਾ ਰਾਹੀਂ ਪਾਠਕ ਨਾਲ ਸਾਂਝ ਪੁਆਉਣ ਦੀ ਕੋਸ਼ਿਸ਼ ਕਰਦਾ ਹੈ।

ਸੰਕਲਪ ਦੇ ਰੂਪ ਵਿਚ 'ਵਿਚਾਰਧਾਰਾ' ਪਦ ਦੀ ਸਭ ਤੋਂ ਪਹਿਲੀ ਵਰਤੋਂ ਅਠ੍ਹਾਰਵੀਂ

ਸਦੀ ਦੇ ਅੰਤ ਵਿਚ ਫਰਾਂਸੀਸੀ ਦਾਰਸ਼ਨਿਕ ਡੈਸਟਟ ਡੀ ਟ੍ਰੇਸੀ (Destutt De Tracy) ਨੇ ਕੀਤੀ। ਇਸ ਸੰਕਲਪ ਦੇ ਵਿਚਾਰਾਂ ਦੀ ਪ੍ਰਕਿਰਤੀ ਬਾਰੇ ਵੱਖਰੀ ਕਿਸਮ ਦੀ ਸਮਝ ਅਨੁਸਾਰ ਸੀ। ਜਿਸ ਬਾਰੇ ਫਰਾਂਸੀਸੀ ਵਿਦਵਾਨ ਦੇ ਵਿਚਾਰ ਸਨ ਕਿ "ਵਿਚਾਰਧਾਰਾ ਜੰਤੂ-ਵਿਗਿਆਨ (Zoology) ਦਾ ਇਕ ਅਹਿਮ ਹਿੱਸਾ ਹੈ ਅਤੇ ਵਿਚਾਰਧਾਰਾ ਦੇ ਅਸਲ ਜ਼ੁਜ ਸਾਡੀਆਂ ਬੌਧਿਕ ਸ਼ਕਤੀਆਂ, ਉਨ੍ਹਾਂ ਦੇ ਪ੍ਰਪੰਚ ਅਤੇ ਉਨ੍ਹਾਂ ਦੇ ਸਾਮਰਤੱਖ ਵਿਸਤਾਰਾਂ ਵਿਚ ਮੌਜੂਦ ਹੁੰਦੇ ਹਨ। ਅਜਿਹੀ ਧਾਰਨਾ ਪਰਾ-ਭੌਤਿਕ ਦੇ ਵਿਰੁੱਧ ਇਕ ਦਾਅਵਾ ਸੀ ਕਿ ਮਨੁੱਖ ਦੇ ਵਿਚਾਰਾਂ ਤੋਂ ਇਲਾਵਾ ਸੰਸਾਰ ਵਿਚੋਂ ਹੋਰ ਕੋਈ ਵਿਚਾਰ ਹੋਂਦ ਸ਼ੀਲ ਨਹੀਂ।[3]

ਵਿਚਾਰਧਾਰਾ ਅਜਿਹਾ ਕੋਈ ਸੰਕਲਪ ਨਹੀਂ ਜੋ ਭਾਸ਼ਾ ਦੇ ਮਾਧਿਅਮ ਰਾਹੀਂ ਉਸਾਰਿਆ ਜਾਂਦਾ ਹੈ। ਇਸਦਾ ਸੰਬੰਧ ਭਾਸ਼ਾ ਦੇ ਵਿਹਾਰਕ ਰੂਪ ਨਾਲ ਹੈ ਜਿਸਦੀ ਸਹਾਇਤਾ ਨਾਲ ਅਸੀਂ ਅਰਥਾਂ ਅਤੇ ਕਦਰਾਂ-ਕੀਮਤਾਂ ਦੀ ਸਿਰਜਣਾ ਕਰਦੇ ਹੋਏ ਆਪਣੇ ਹਿੱਤਾਂ ਅਨੁਸਾਰ ਵੱਖਰੀ ਕਿਸਮ ਦਾ ਪ੍ਰਭਾਵ ਸਿਰਜਣਾ ਚਾਹੁੰਦੇ ਹਾਂ।

"ਵਿਚਾਰਧਾਰਾ ਕੇਵਲ ਮਨੋ-ਸੋਚ ਤੱਕ ਹੀ ਸੀਮਤ ਨਹੀਂ ਸਗੋਂ ਇਸਦਾ ਸੰਬੰਧ ਵਿਅਕਤੀ ਦੇ ਨਾੜ-ਪ੍ਰਬੰਧ, ਖ਼ੂਨ ਅਤੇ ਸਮੁੱਚੇ ਸਰੀਰ-ਪ੍ਰਬੰਧ ਨਾਲ ਹੈ। ਵਿਚਾਰਧਾਰਾ ਮਨ ਅਤੇ ਸਰੀਰ ਦੋਹਾਂ ਨੂੰ ਆਪਣੇ ਅਨੁਸਾਰ ਘੜਦੀ ਅਤੇ ਇਨ੍ਹਾਂ ਨੂੰ ਆਪਣੇ ਚਿੰਨ੍ਹਾਂ ਲਈ ਸੰਵੇਦਨਸ਼ੀਲ ਬਣਾ ਲੈਂਦੀ ਹੈ।[4]

ਵਿਚਾਰਧਾਰਾ ਦੇ ਸੰਕਲਪ ਬਾਰੇ ਵੱਖ-ਵੱਖ ਵਿਦਵਾਨਾਂ ਦੀਆਂ ਬਹੁ-ਦਿਸ਼ਾਵੀ ਪਹੁੰਚ-ਵਿਧੀਆਂ ਜੁੜੀਆਂ ਹੋਈਆਂ ਹਨ। ਜਿਸ ਕਾਰਨ ਵਿਚਾਰਧਾਰਾਈ ਸੰਕਲਪ ਬਾਰੇ ਵੱਖੋ-ਵੱਖਰੇ ਅਰਥ ਅਤੇ ਪ੍ਰਕਾਰਜ ਹੋਂਦ ਵਿਚ ਆਉਂਦੇ ਹਨ।

ਡਿਕਸ਼ਨਰੀ ਆਫ਼ ਫ਼ਿਲਾਸਫ਼ੀ ਵਿਚ ਵਿਚਾਰਧਾਰਾ ਨੂੰ ਰਾਜਸੀ, ਕਾਨੂੰਨੀ, ਨੈਤਿਕ, ਸੁਹਜਾਤਮਕ, ਧਾਰਮਿਕ ਅਤੇ ਦਾਰਸ਼ਨਿਕ ਰਾਵਾਂ ਅਤੇ ਵਿਚਾਰਾਂ ਦਾ ਪ੍ਰਬੰਧ ਕਿਹਾ ਗਿਆ ਹੈ।[5] ਡਾ. ਰਵਿੰਦਰ ਸਿੰਘ ਰਵੀ ਨੇ ਆਪਣੀ ਪੁਸਤਕ 'ਵਿਰਸਾ ਤੇ ਵਰਤਮਾਨ' ਵਿਚ ਵਿਚਾਰਧਾਰਾ ਬਾਰੇ ਇਹ ਟਿੱਪਣੀ ਕੀਤੀ ਹੈ :

ਕੁਦਰਤ ਨਾਲ ਆਪਣੇ ਸਾਂਝੇ ਅਤੇ ਸਮੂਹਕ ਸੰਘਰਸ਼ ਦੇ ਅਨੁਭਵ ਨੂੰ ਹਰੇਕ ਮਨੁੱਖੀ ਸਮੂਹ ਚੇਤਨਤਾ ਤੇ ਤਤਕਾਲੀਨ ਮੁਹਾਵਰੇ ਅਤੇ ਵਿਕਾਸ ਦੀ ਇਤਿਹਾਸਕ ਪੱਧਰ ਅਨੁਸਾਰ ਜੀਵਨ ਕੀਮਤਾਂ, ਜ਼ਿੰਦਗੀ ਅਤੇ ਕੁਦਰਤ ਬਾਰੇ ਆਪਣੀ ਸਮਝ ਦਾ ਇਕ ਤਰਤੀਬਬੱਧ, ਸੰਗਠਿਤ ਰੂਪ ਸਿਰਜਦਾ ਹੈ ਜਿਹੜਾ ਵਿਚਾਰਧਾਰਾ ਵਜੋਂ ਸਮਾਜ ਦੇ ਅਮਲੀ ਪਿੜ ਵਿਚ ਨਿਰੰਤਰ ਪ੍ਰਵਾਹਮਾਨ ਰਹਿੰਦਾ ਹੈ। ਇਸ ਲਈ ਹਰ ਵਿਅਕਤੀ ਅਤੇ ਵਿਅਕਤੀ ਸਮੂਹ ਆਪਣੀ ਸਮਾਜਿਕ ਹੋਂਦ ਸਦਕਾ ਸੁਚੇਤ ਜਾਂ ਅਚੇਤ ਰੂਪ ਵਿਚ ਕਿਸੇ ਨਾ ਕਿਸੇ ਕਿਸਮ ਦੀ ਵਿਚਾਰਧਾਰਾ ਦਾ ਸੰਵਾਹਕ ਹੁੰਦਾ ਹੈ।[6]

ਇਸ ਤਰ੍ਹਾਂ ਵਿਚਾਰਧਾਰਾ ਹਰੇਕ ਸਮਾਜ ਦੀ ਇਤਿਹਾਸਕ ਤੇ ਪਦਾਰਥਕ ਤਬਦੀਲੀ ਦਾ ਸਿੱਟਾ ਹੁੰਦੀ ਹੈ ਜੋ ਇਤਿਹਾਸਕ ਪ੍ਰਕਿਰਿਆ ਨਾਲ ਸੰਬੰਧਿਤ ਹੋਣ ਕਰਕੇ ਹਮੇਸ਼ਾ ਗਤੀਸ਼ੀਲ ਰਹਿੰਦੀ ਹੋਈ ਸਮਾਜ ਦੇ ਸੁਧਾਰ ਦੀ ਗੱਲ ਕਰਦੀ ਹੈ।

ਡਾ. ਹਰਿਭਜਨ ਸਿੰਘ ਭਾਟੀਆ ਲਿਖਦੇ ਹਨ :

ਵਿਚਾਰਧਾਰਾ ਦਾ ਜਨਮ ਕਿਸੇ ਦੈਵੀ-ਕ੍ਰਿਸ਼ਮੇ ਦਾ ਪ੍ਰਤਿਫਲ ਨਹੀਂ ਹੁੰਦਾ ਬਲਕਿ ਇਹ ਇਤਿਹਾਸਕ ਵਿਕਾਸ ਵਿਚੋਂ ਹੀ ਆਪਣਾ ਵਜੂਦ ਗ੍ਰਹਿਣ ਕਰਦੀ ਹੈ ਅਤੇ ਇਸਦੀ ਤਹਿ ਵਿਚ ਤਤਕਾਲੀਨ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਬਣਤਰਾਂ ਕਾਰਜਸ਼ੀਲ ਹੁੰਦੀਆਂ ਹਨ।[7]

ਸੋ ਹਰੇਕ ਸਾਹਿਤਕਾਰ ਦੀ ਰਚਨਾ ਵਿਚੋਂ ਜੋ ਵਿਚਾਰਧਾਰਾ ਦਾ ਪ੍ਰਯੋਗ ਕੀਤਾ ਜਾਂਦਾ ਹੈ ਉਹ ਲੰਬੇ ਸਮੇਂ ਦੇ ਇਤਿਹਾਸਕ ਪੜ੍ਹਾਅ ਵਿਚੋਂ ਗੁਜ਼ਰ ਕੇ ਬਣਦੀ ਹੈ। ਸਾਹਿਤਕਾਰ ਜਿਸ ਵਿਚਾਰਧਾਰਾ ਤੋਂ ਪ੍ਰਭਾਵਿਤ ਹੁੰਦਾ ਹੈ, ਉਸ ਵਿਚਾਰਧਾਰਾ ਦਾ ਪ੍ਰਯੋਗ ਉਹ ਆਪਣੀ ਰਚਨਾ ਵਿਚ ਜ਼ਰੂਰ ਕਰਦਾ ਹੈ।

ਵਿਚਾਰਧਾਰਾ ਸਮੁੱਚੇ ਸਮਾਜ ਦੀ ਅਜਿਹੀ ਸਮਾਜਿਕ ਚੇਤਨਾ ਹੈ ਜੋ ਆਰਥਿਕ, ਰਾਜਨੀਤਿਕ, ਧਾਰਮਿਕ, ਵਿਗਿਆਨਿਕ ਅਤੇ ਦਾਰਸ਼ਨਿਕ ਦ੍ਰਿਸ਼ਟੀਕੋਣਾਂ ਅਤੇ ਵਿਚਾਰਾਂ ਤੋਂ ਉਪਜਦੀ ਹੈ ਜੋ ਸਮਾਜ ਦਾ ਸਿੱਧੇ/ਅਸਿੱਧੇ ਪੱਖ ਤੋਂ ਨਿਰਮਾਣ ਕਰਨ ਵਿਚ ਹਿੱਸਾ ਪਾਉਂਦੀ ਹੈ।

## (ਅ) ਵਿਚਾਰਧਾਰਾ ਅਤੇ ਸਾਹਿਤ

ਵਿਚਾਰਧਾਰਾ ਦੇ ਸੰਕਲਪ ਅਤੇ ਸਰੂਪ ਬਾਰੇ ਸੰਖੇਪ ਵਿਚ ਜਾਣਨ ਤੋਂ ਬਾਅਦ ਇਸਦੇ ਸਾਹਿਤ ਨਾਲ ਸੰਬੰਧ ਨੂੰ ਜਾਣਨਾ ਵੀ ਇਥੇ ਅਨਿਵਾਰੀ ਜਾਪਦਾ ਹੈ। ਸਾਹਿਤ ਤੇ ਵਿਚਾਰਧਾਰਾ ਭਾਵੇਂ ਸਾਨੂੰ ਇਕ ਹੋਣ ਦਾ ਭੁਲੇਖਾ ਪਾਉਂਦੀਆਂ ਹਨ ਪਰੰਤੂ ਅਸਲੀਅਤ ਵਿਚ ਇਹ ਦੋਨੋਂ ਵੱਖਰੇ-ਵੱਖਰੇ ਸੰਕਲਪ ਹਨ। ਜਿਸ ਤਰ੍ਹਾਂ ਸਾਹਿਤ ਵਿਚ ਸਮਾਜ ਨੂੰ ਰੂਪਮਾਨ ਕੀਤਾ ਜਾਂਦਾ ਹੈ ਉਸ ਤਰ੍ਹਾਂ ਹੀ ਵਿਚਾਰਧਾਰਾ ਵੀ ਸਮਾਜ ਵਿਚੋਂ ਹੀ ਉਤਪੰਨ ਹੁੰਦੀ ਹੈ। ਪਰੰਤੂ ਫਿਰ ਵੀ ਸਾਹਿਤ ਵਿਚਾਰਧਾਰਾ ਨੂੰ ਇਕ ਦੂਜੇ ਦਾ ਪੂਰਕ ਰੂਪ ਨਹੀਂ ਮੰਨ ਸਕਦੇ ਬਲਕਿ ਸਾਹਿਤ ਤੇ ਵਿਚਾਰਧਾਰਾ ਇਕੋ ਸਿੱਕੇ ਦੇ ਦੋ ਪਹਿਲੂ ਹਨ। ਨਾ ਹੀ ਅਸੀਂ ਸਾਹਿਤ ਨੂੰ ਵਿਚਾਰਧਾਰਾ ਤੋਂ ਵੱਖ ਕਰਕੇ ਦੇਖ ਸਕਦੇ ਹਾਂ ਅਤੇ ਨਾ ਹੀ ਵਿਚਾਰਧਾਰਾ ਨੂੰ ਸਾਹਿਤ ਨਾਲੋਂ, ਕਿਉਂਕਿ ਸਾਹਿਤ ਵਿਚ ਵਿਚਾਰਾਂ ਦਾ ਮਹੱਤਵਪੂਰਨ ਸਥਾਨ ਹੈ ਅਤੇ ਸਮਾਜ ਨੂੰ ਸਹੀ ਸੇਧ ਸਾਹਿਤ ਤੋਂ ਹੀ ਪ੍ਰਾਪਤ ਹੁੰਦੀ ਹੈ। ਜਿਸ ਕਰਕੇ ਸਾਹਿਤ ਤੇ ਵਿਚਾਰਧਾਰਾ ਨੂੰ ਇਕ ਦੂਜੇ ਤੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ।

ਇਨਸਾਈਕਲੋਪੀਡੀਆ ਅਮੈਰੀਕਨ ਅਨੁਸਾਰ :

"ਵਿਚਾਰਧਾਰਾ ਨਾਲ ਸਾਹਿਤ ਦਾ ਰਚਨਾਤਮਕ ਰਿਸ਼ਤਾ ਜੀਵਨ ਨੂੰ ਵੇਖਣ ਪਰਖਣ ਲਈ ਇਕ ਪਰਿਪੇਖ ਦੇਣ ਵਾਲਾ ਹੁੰਦਾ ਹੈ। ਸਾਹਿਤ ਦੇ ਸੰਦਰਭ ਵਿਚ ਵਿਚਾਰਧਾਰਾ ਦੀ ਭੂਮਿਕਾ ਅੱਜ ਪਹਿਲਾਂ ਨਾਲੋਂ ਵਧੇਰੇ ਮਹੱਤਵਪੂਰਨ ਹੋ ਗਈ ਹੈ। ਸਾਹਿਤ ਦੀ ਨਹੀਂ ਸਮੁੱਚੇ ਯੁੱਗ ਦੀ ਪ੍ਰਵਿਰਤੀ ਇਸੇ ਪਾਸੇ ਵੱਲ ਹੈ। ਅੱਜ ਦਾ ਸਾਹਿਤ ਸਾਨੂੰ ਭਾਵਨਾ ਦੀ ਪੱਧਰ 'ਤੇ ਏਨਾ ਅੰਦੋਲਿਤ ਨਹੀਂ ਕਰਦਾ ਜਿੰਨਾ ਵਿਚਾਰ ਦੀ ਪੱਧਰ ਤੇ ਕਰਦਾ ਹੈ। ਇਸੇ ਲਈ ਅੱਜ ਸਾਰੇ ਸੰਸਾਰ ਵਿਚ ਬਹੁਤਾ ਸਾਹਿਤ ਵਿਚਾਰਾਂ ਦਾ ਸਾਹਿਤ ਹੈ। ਹੁਣ ਸਾਹਿਤ ਮਨੁੱਖ ਦੇ ਇਕਾਂਤ ਪਲਾਂ ਦਾ ਸਾਥੀ ਬਣ ਕੇ ਉਸਨੂੰ ਵਿਸ਼ਿਸ਼ਟ ਪਲਾਂ ਤੱਕ ਸੀਮਤ ਆਤਮਿਕ ਜਾਂ ਸੰਵੇਗਾਤਮਕ ਤ੍ਰਿਪਤੀ ਹੀ ਨਹੀਂ ਦਿੰਦਾ, ਸਗੋਂ ਜੀਵਨ ਦੀਆਂ ਵਿਆਪਕ ਸਥਿਤੀਆਂ ਦੇ

ਰੂ-ਬ-ਰੂ ਲਿਆ ਖਲਾਰਦਾ ਹੈ।[8]

ਸਾਹਿਤ ਮਨੁੱਖੀ ਜੀਵਨ ਦੇ ਅਜਿਹੇ ਚਿੰਨ੍ਹ ਪੇਸ਼ ਕਰਦਾ ਹੈ ਜਿਸ ਵਿਚ ਸਮੁੱਚੇ ਜੀਵਨ ਦਾ ਅਨੁਭਵ ਮੌਲਿਕ ਵਿਚਾਰ, ਚੇਤਨਾ ਤੇ ਸੰਵੇਦਨਾ, ਵਿਚਾਰਧਾਰਾ, ਨਜ਼ਰੀਆ ਸਹਿਜ ਰੂਪ ਵਿਚ ਸਮਾਇਆ ਹੁੰਦਾ ਹੈ। ਜਿਸ ਕਰਕੇ ਕਿਹਾ ਜਾ ਸਕਦਾ ਹੈ ਕਿ ਸਾਹਿਤ ਦੇ ਮੂਲ ਰੂਪ ਵਿਚ ਵਿਚਾਰਧਾਰਾ ਦਾ ਵੱਖਰਾ ਤੇ ਜਟਿਲ ਵਰਤਾਰਾ ਜ਼ਾਹਿਰ ਹੁੰਦਾ ਹੈ।

ਸਾਹਿਤ ਤੇ ਵਿਚਾਰਧਾਰਾ ਦੇ ਆਪਸੀ ਸੰਬੰਧਾਂ ਬਾਰੇ ਮਾਰਕਸਵਾਦੀ ਚਿੰਤਕਾਂ ਨੇ ਵੱਖਰੇ-ਵੱਖਰੇ ਵਿਚਾਰ ਪੇਸ਼ ਕੀਤੇ ਹਨ। ਜਿਵੇਂ :

ਪਲੈਖ਼ਾਨੋਵ (Plekhanov) ਅਨੁਸਾਰ, "ਵਿਚਾਰਧਾਰਾ ਇਕ ਜਮਾਤ ਦਾ ਸੰਸਾਰ ਨੂੰ ਦੇਖਣ ਦਾ ਹਿੱਤ ਭਰਪੂਰ ਸੰਕਲਪ ਜਾਂ ਦ੍ਰਿਸ਼ਟੀਕੋਣ ਹੈ। ਉਸ ਅਨੁਸਾਰ ਕਿਸੇ ਜਮਾਤ ਦੀਆਂ ਸੁਹਜਾਤਮਕ ਰੁਚੀਆਂ ਜੀਵ ਵਿਗਿਆਨ ਅਤੇ ਇਤਿਹਾਸਕ ਤੱਥਾਂ ਤੋਂ ਦੂਰ (ਉਦਾਹਰਨ ਵਜੋਂ ਸਮਾਜ ਉਤਪਾਦਕ ਸ਼ਕਤੀਆਂ ਦੀ ਉਨਤੀ) ਇਸਦੇ ਜਮਾਤੀ ਦ੍ਰਿਸ਼ਟੀਕੋਣ ਜਾਂ ਵਿਚਾਰਧਾਰਾ ਦੁਆਰਾ ਨਿਰਧਾਰਿਤ ਹੁੰਦੀਆਂ ਹਨ। ਪਲੈਖ਼ਾਨੋਵ ਅਨੁਸਾਰ ਅਜਿਹੀ ਕੋਈ ਚੀਜ਼ ਨਹੀਂ ਜਿਹੜੀ ਕਲਾ ਦੇ ਖੇਤਰ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਵਿਚਾਰਧਾਰਾ ਮੁਕਤ ਹੋਵੇ।[9]

ਉਪਰੋਕਤ ਹਵਾਲੇ ਦੇ ਸੰਬੰਧ ਵਿਚ ਕਿਹਾ ਜਾ ਸਕਦਾ ਹੈ ਕਿ ਮਾਰਕਸਵਾਦੀ ਨਜ਼ਰੀਆ ਇਹ ਹੈ ਕਿ ਹਰੇਕ ਕਲਾਤਮਕ ਵਰਤਾਰਾ ਇਕ ਵਿਚਾਰਧਾਰਕ ਰੂਪਾਕਾਰ ਹੈ ਜਿਸ ਵਿਚ ਕਿਸ ਜਮਾਤ ਵਿਸ਼ੇਸ਼ ਦੀ ਵਿਚਾਰਧਾਰਾ ਅਤੇ ਸਮਾਜਿਕ ਸੰਬੰਧ ਦੀ ਪੇਸ਼ਕਾਰੀ ਹੁੰਦੀ ਹੈ।

ਡਾ. ਟੀ.ਆਰ.ਵਿਨੋਦ ਅਨੁਸਾਰ, "ਸਾਹਿਤਕਾਰ ਦੀ ਰਚਨਾ ਵਿਚ ਜਿਹੜੀਆਂ ਜੀਵਨ ਪਰਿਸਥਿਤੀਆਂ ਮੂਰਤੀਮਾਨ ਹੁੰਦੀਆਂ ਹਨ ਉਹ ਜੀਵਨ ਦਾ ਨਿਰੋਲ ਵਸਤੂਗਤ ਤੱਥ ਨਹੀਂ ਹੁੰਦਾ ਸਗੋਂ ਸਾਹਿਤਕਾਰ ਦੁਆਰਾ ਵੇਖੀ ਸਮਝੀ ਅਤੇ ਵਿਉਂਤੀ ਜੀਵਨ ਪਰਿਸਥਿਤੀ ਹੁੰਦਾ ਹੈ। ਸਾਹਿਤਕਾਰ ਨੇ ਇਸ ਖ਼ਾਸ ਦ੍ਰਿਸ਼ਟੀਕੋਣ ਤੋਂ ਉਸਨੂੰ ਅਨੁਭਵ ਕੀਤਾ ਹੁੰਦਾ ਹੈ। ਸਾਹਿਤ ਵਿਚ ਉਸੇ ਦ੍ਰਿਸ਼ਟੀਕੋਣ ਤੋਂ ਮੂਰਤੀਮਾਨ ਕੀਤਾ ਹੁੰਦਾ ਹੈ। ਇਸੇ ਕਾਰਨ ਸਾਹਿਤ ਵਿਚ ਸਾਹਿਤਕਾਰ ਦੇ ਆਪੇ ਦਾ ਰਲਾ ਹੁੰਦਾ ਹੈ। ਕਲਾ ਹੋਂਦ ਵਿਚ ਆਉਂਦੀ ਹੈ ਅਤੇ ਸਾਹਿਤ ਮਨੁੱਖ ਦੀ ਸੋਝੀ ਤਬਦੀਲ ਕਰਨ ਦੇ ਯੋਗ ਹੁੰਦਾ ਹੈ।"[10]

ਬੇਸ਼ੱਕ ਸਾਹਿਤ ਨੂੰ ਜੀਵਨ ਦਾ ਦਰਪਨ ਮੰਨਿਆ ਜਾਂਦਾ ਹੈ ਪਰੰਤੂ ਸਾਹਿਤ ਨੂੰ ਸਾਹਿਤਕਾਰ ਆਪਣੇ ਖ਼ਾਸ ਦ੍ਰਿਸ਼ਟੀਕੋਣ ਤੋਂ ਰੂਪਮਾਨ ਕਰਨ ਦਾ ਆਪਣਾ ਮੌਲਿਕ ਨਜ਼ਰੀਆ ਰੱਖਦਾ ਹੈ। ਜਿਸ ਕਰਕੇ ਕਿਹਾ ਜਾ ਸਕਦਾ ਹੈ ਕਿ ਹਰੇਕ ਸਾਹਿਤਕਾਰ ਜੀਵਨ ਦੀ ਹਰੇਕ ਪਰਿਸਥਿਤੀ ਨੂੰ ਆਪਣੇ-ਆਪਣੇ ਨਜ਼ਰੀਏ ਤੋਂ ਪੇਸ਼ ਕਰਦਾ ਹੈ।

ਡਾ. ਕਰਮਜੀਤ ਸਿੰਘ ਅਨੁਸਾਰ, "ਰਚਨਾਤਮਕ ਉਤੇਜਨਾ ਪਿੱਛੇ ਕੋਈ ਨਾ ਕੋਈ ਅਚੇਤ ਵਿਚਾਰਧਾਰਾਈ ਪ੍ਰੇਰਨਾ ਅਵੱਸ਼ ਕਿਰਿਆਸ਼ੀਲ ਹੁੰਦੀ ਹੈ। ਬੇਸ਼ੱਕ ਯੁੱਗ ਚੇਤਨਾ ਦੀ ਪ੍ਰਤਿਨਿਧਤਾ ਉਹ ਕਵੀ (ਸਾਹਿਤਕਾਰ) ਕਰਦੇ ਹਨ ਜੋ ਆਪਣੀ ਰਚਨਾ ਦੁਆਰਾ ਯੁੱਗ ਦੀ ਸੱਚੀ ਵਿਚਾਰਧਾਰਾ ਦੀ ਅਰਾਧਨਾ ਕਰਦੇ ਹਨ।"[11]

ਸੋ ਹਰੇਕ ਸਾਹਿਤਕਾਰ ਕਿਸੇ ਨਾ ਕਿਸੇ ਵਿਚਾਰਧਾਰਾ ਦੇ ਅਧੀਨ ਹੀ ਰਚਨਾ ਦੀ ਸਿਰਜਨਾ ਕਰਦਾ ਹੈ। ਪਰੰਤੂ ਉਸਦੀ ਵਿਚਾਰਧਾਰਾ ਦਾ ਸੰਬੰਧ ਜ਼ਰੂਰ ਕਿਸੇ ਨਾ ਕਿਸੇ ਯੁੱਗ

ਚੇਤਨਾ ਨਾਲ ਹੋਣਾ ਚਾਹੀਦਾ ਹੈ ਜੋ ਕਿ ਜਨ-ਸਾਧਾਰਨ ਦੀ ਯੋਗ ਅਗਵਾਈ ਕਰ ਸਕੇ।

ਵਿਚਾਰਧਾਰਾ ਦਾ ਸੰਬੰਧ ਸਾਹਿਤ ਦੇ ਵਿਸ਼ੇ ਵਸਤੂ ਨਾਲ ਹੀ ਨਹੀਂ ਹੁੰਦਾ ਸਗੋਂ ਸਮੁੱਚੀ ਰਚਨਾ ਦੇ ਰੂਪਾਤਮਕ ਪੱਖ ਨਾਲ ਹੁੰਦਾ ਹੈ। ਵਿਚਾਰਧਾਰਾ ਨੂੰ ਵਿਸਥਾਰਪੂਰਵਕ ਇਕ ਹੋਰ ਟਿੱਪਣੀ ਦੁਆਰਾ ਸਮਝਿਆ ਜਾ ਸਕਦਾ ਹੈ।

"ਵਿਚਾਰਧਾਰਾ ਕੁਝ ਸਿਧਾਂਤਾਂ ਦਾ ਇਕੱਤ੍ਰੀਕਰਨ ਹੀ ਨਹੀਂ, ਬਲਕਿ ਇਹ ਜਮਾਤੀ ਸਮਾਜ ਵਿਚਾਲੇ ਮਨੁੱਖੀ ਸੰਬੰਧਾਂ ਨੂੰ ਪਰਿਭਾਸ਼ਤ ਕਰਦੀ ਹੋਈ ਉਹਨਾਂ ਕਦਰਾਂ-ਕੀਮਤਾਂ ਅਤੇ ਵਿਚਾਰਾਂ ਨੂੰ ਪ੍ਰਸਤੁਤ ਕਰਦੀ ਹੈ ਜੋ ਮਨੁੱਖੀ ਅਸੰਤੁਲਿਤ ਸੰਬੰਧਾਂ ਦਾ ਕਾਰਨ ਹਨ। ਵਿਚਾਰਧਾਰਾ ਵਾਂਗ ਹੀ ਸਾਹਿਤ ਦਾ ਮੁੱਖ ਉਦੇਸ਼ ਮਨੁੱਖੀ ਅਵਸਥਾ ਅਤੇ ਇਸਨੂੰ ਬਦਲਣ ਦੀ ਕਲਾਤਮਿਕ ਕੋਸ਼ਿਸ਼ ਹੈ।"[12]

ਉਪਰੋਕਤ ਟਿੱਪਣੀਆਂ ਤੋਂ ਸਪੱਸ਼ਟ ਹੈ ਕਿ "ਸਾਹਿਤ ਵਿਚ ਪੇਸ਼ ਵਸਤੂ, ਯਥਾਰਥ ਨੂੰ ਸਮਝਣ ਦੀ ਵਿਧੀ ਨੂੰ ਰਚਨਾ ਦਾ ਵਿਚਾਰਧਾਰਕ ਪਰਿਪੇਖ ਕਿਹਾ ਜਾਂਦਾ ਹੈ।"[13]

ਕੋਈ ਵੀ ਸਾਹਿਤਕਾਰ ਸਾਹਿਤ ਦੀ ਰਚਨਾ ਕਰਨ ਲੱਗਿਆ ਕਿਸੇ ਨਾ ਕਿਸੇ ਵਿਚਾਰਧਾਰਾ ਨੂੰ ਜ਼ਰੂਰ ਅਪਣਾਉਂਦਾ ਹੈ। ਇਸੇ ਵਿਚਾਰਧਾਰਾ ਤਹਿਤ ਉਹ ਆਪਣੀ ਸਿਰਜਨਾ ਵਿਚ ਵਿਚਾਰਾਂ ਦੀ ਪੁਸ਼ਟੀ ਕਰਦਾ ਹੈ, ਕਿਉਂਕਿ ਵਿਚਾਰਾਂ ਤੋਂ ਰਹਿਤ ਸਾਹਿਤ ਮਹੱਤਵਹੀਣ ਹੁੰਦਾ ਹੈ। ਜੇਕਰ ਲੇਖਕ ਦੀ ਵਿਚਾਰਧਾਰਾ ਵਧੀਆ ਹੋਵੇਗੀ ਤਦ ਉਸਦੀ ਰਚਨਾ ਸਮਾਜਿਕ ਯਥਾਰਥ ਪ੍ਰਤੀ ਵਿਸ਼ੇਸ਼ ਰੂਪ ਅਖ਼ਤਿਆਰ ਕਰ ਸਕੇਗੀ, ਹਰੇਕ ਲੇਖਕ ਦੀ ਵਿਚਾਰਧਾਰਾ ਆਪਣੇ ਅਨੁਭਵ, ਆਪਣੇ ਪਿਛੋਕੜ ਵਿਚੋਂ ਪੈਦਾ ਹੁੰਦੀ ਹੈ।

ਗੁਰਚਰਨ ਸਿੰਘ ਅਰਸ਼ੀ ਦਾ ਵਿਚਾਰ ਹੈ, "ਜਦੋਂ ਕੋਈ ਸਾਹਿਤਕਾਰ ਦ੍ਰਿਸ਼ਟਮਾਨ ਪਾਸਾਰ-ਜਗਤ ਵਿਚਲੇ ਪ੍ਰਤੱਖੀਕ੍ਰਿਤ ਯਥਾਰਥ ਦਾ ਮਹਾਂਦ੍ਰਿਸ਼ ਅਜਨਬੀਕ੍ਰਿਤ ਰੂਪ ਵਿਚ ਆਪਣੀ ਸਾਹਿਤ-ਰਚਨਾ ਦੁਆਰਾ ਪੇਸ਼ ਕਰਦਾ ਹੈ ਤਾਂ ਉਸਦੇ ਪਿੱਛੇ ਕੋਈ ਨਾ ਕੋਈ ਵਿਚਾਰਧਾਰਕ ਪਿਛੋਕੜ ਅਵੱਸ਼ ਹੁੰਦਾ ਹੈ।"[14]

ਸਾਹਿਤਕਾਰ ਦੀ ਵਿਚਾਰਧਾਰਾ ਹਮੇਸ਼ਾ ਦੂਸਰਿਆਂ ਦਾ ਮਾਰਗ ਦਰਸ਼ਨ ਕਰਨ ਵਾਲੀ ਹੋਣੀ ਚਾਹੀਦੀ ਹੈ ਨਾ ਕਿ ਲੇਖਕ ਦੇ ਨਿੱਜੀ ਸੁਆਰਥ ਤੱਕ ਹੀ ਸੀਮਤ ਹੋ ਕੇ ਰਹਿ ਜਾਣ ਵਾਲੀ ਹੋਵੇ।

ਸਾਹਿਤ ਅਤੇ ਵਿਚਾਰਧਾਰਾ ਦੇ ਆਪਸੀ ਸੰਬੰਧਾਂ ਬਾਰੇ ਵਿਚਾਰ ਚਰਚਾ ਕਰਨ ਤੋਂ ਬਾਅਦ ਇਹ ਸਿੱਟਾ ਨਿਕਲਦਾ ਹੈ ਕਿ ਸਾਹਿਤ ਤੇ ਵਿਚਾਰਧਾਰਾ ਦਾ ਗਹਿਰਾ ਸੰਬੰਧ ਹੈ। ਸਾਹਿਤ ਮਨੁੱਖੀ ਜੀਵਨ ਦੇ ਵਰਤਾਰੇ ਨੂੰ ਪੇਸ਼ ਹੀ ਨਹੀਂ ਕਰਦਾ ਸਗੋਂ ਉਸਦਾ ਗਹਿਰਾਈ ਤੋਂ ਮੁਲਾਂਕਣ ਕਰਦਾ ਹੋਇਆ ਕਿਸੇ ਨਾ ਕਿਸੇ ਵਿਚਾਰਧਾਰਾ ਤਹਿਤ ਜੀਵਨ ਦੀ ਕਲਾਮਈ ਢੰਗ ਨਾਲ ਵਿਆਖਿਆ ਕਰਦਾ ਹੈ। ਵਿਚਾਰਧਾਰਾ ਦੇ ਪਰਿਭਾਸ਼ਤ ਸੰਕਲਪ, ਸਰੂਪ, ਸਾਹਿਤ ਤੇ ਵਿਚਾਰਧਾਰਾ ਦੇ ਆਪਸੀ ਸੰਬੰਧਾਂ ਤੇ ਚਰਚਾ ਕਰਨ ਤੋਂ ਬਾਅਦ ਹੁਣ ਅਸੀਂ ਮੀਤ ਦੇ ਸਮੁੱਚੇ ਨਾਵਲ ਜਗਤ ਦਾ ਵਿਵਹਾਰਕ ਪੱਧਰ ਤੇ ਵਿਚਾਰਧਰਾਈ ਅਧਿਐਨ ਅਤੇ ਉਸਦੀ ਵਿਚਾਰਧਰਾਈ ਦ੍ਰਿਸ਼ਟੀ ਨੂੰ ਵਾਚਾਂਗੇ।

## (ੲ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਮਾਰਕਸਵਾਦੀ ਵਿਚਾਰਧਾਰਾ

ਮਿੱਤਰ ਸੈਨ ਮੀਤ ਆਪਣੇ ਨਾਵਲ ਜਗਤ ਰਾਹੀਂ ਵਿਭਿੰਨ ਵਿਚਾਰਧਾਰਾਈ ਪਾਸਾਰਾਂ ਨੂੰ ਰੂਪਮਾਨ ਕਰਦਾ ਹੈ। ਉਸਦੀਆਂ ਮੁੱਢਲੀਆਂ ਰਚਨਾਵਾਂ ਰਾਹੀਂ ਉਸਦੀ ਪਛਾਣ ਨਕਸਲਵਾਦੀ ਲਹਿਰ ਤੋਂ ਪ੍ਰਭਾਵਿਤ ਸਾਹਿਤਕਾਰ ਵਜੋਂ ਹੋਈ। ਬਚਪਨ ਵਿਚ ਦੇਖੇ ਦਲਿਤਾਂ ਦੀਆਂ ਦੁੱਖਾਂ-ਤਕਲੀਫ਼ਾਂ ਅਤੇ ਇਨਕਲਾਬੀ ਲੇਖਕਾਂ ਦੀਆਂ ਰਚਨਾਵਾਂ ਤੇ ਨਕਸਲਵਾਦੀ ਲਹਿਰ ਦੇ ਪ੍ਰਭਾਵ ਨੇ ਉਸਨੂੰ ਪੂਰੀ ਤਰ੍ਹਾਂ ਇਨਕਲਾਬੀ ਵਿਚਾਰਧਾਰਾ ਨਾਲ ਜੋੜ ਦਿੱਤਾ। ਕੌਰਵ-ਸਭਾ ਤੱਕ ਦੀ ਮੇਰੀ ਸਿਰਜਨ ਪ੍ਰਕਿਰਿਆ ਦਾ ਇਤਿਹਾਸ, ਲੇਖ ਵਿਚ ਨਾਵਲਕਾਰ ਨੇ ਦਰੁਸਤ ਕੀਤਾ ਹੈ ਕਿ :

"ਭੁੱਖੇ ਨੰਗੇ ਲੋਕਾਂ ਦੀ ਦਸ਼ਾ ਸੁਧਾਰਨ ਦੀ ਚਾਹ ਮੈਨੂੰ ਇਨਕਲਾਬੀ ਵਿਚਾਰਧਾਰਾ ਵੱਲੋਂ ਲੈ ਤੁਰੀ ਤੇ ਮੈਂ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ।"[15]

ਨਾਵਲਕਾਰ ਨੇ ਆਪਣੀਆਂ ਮੁੱਢਲੀਆਂ ਰਚਨਾਵਾਂ ਵਿਚ ਆਪਣੇ ਨਿੱਜੀ ਅਨੁਭਵ ਪ੍ਰਮਾਣਿਕ ਤੇ ਵਿਅੰਗਾਤਮਕ ਨਾਵਲ ਵਿਧੀ ਰਾਹੀਂ ਆਪਣੀ ਮਾਰਕਸਵਾਦੀ ਦ੍ਰਿਸ਼ਟੀ ਦੀ ਪਛਾਣ ਕਰਵਾਈ ਹੈ।

"ਮਾਰਕਸਵਾਦੀ ਦਰਸ਼ਨ ਕੇਵਲ ਸੰਸਾਰ ਦੇ ਸਮੁੱਚੇ ਵਰਤਾਰਿਆਂ ਅਤੇ ਵਿਕਾਸ ਨੂੰ ਵਿਗਿਆਨਿਕ ਢੰਗ ਨਾਲ ਸਮਝਣ ਵਿਚ ਹੀ ਮਨੁੱਖ ਦੀ ਸਹਾਇਤਾ ਨਹੀਂ ਕਰਦਾ ਹੈ ਸਗੋਂ ਇਹ ਸੰਸਾਰ ਦੇ ਸਮੁੱਚੇ ਸ਼ੋਸ਼ਿਤ ਵਰਗ ਦਾ ਹਮੇਸ਼ਾ ਹੀ ਵਿਚਾਰਧਾਰਕ ਹਥਿਆਰ ਅਤੇ ਵਿਸ਼ਵ ਦ੍ਰਿਸ਼ਟੀਕੋਣ ਵੀ ਰਿਹਾ ਹੈ। ਇਹ ਦਰਸ਼ਨ ਵਿਆਖਿਆ ਤੋਂ ਅੱਗੇ ਸੰਸਾਰ ਦੀ ਇਨਕਲਾਬੀ ਕਾਇਆ-ਕਲਪ ਨੂੰ ਹੀ ਆਪਣਾ ਇਕੋ ਇਕ ਨਿਸ਼ਾਨਾ ਸਮਝਦਾ ਹੈ।"[16]

ਉਪਰੋਕਤ ਟਿੱਪਣੀ ਦੇ ਸੰਦਰਭ ਵਿਚ ਏਥੇ ਵਿਚਾਰਧਾਰਾ ਅਤੇ ਦਰਸ਼ਨ ਨੂੰ ਵਿਸ਼ਵ ਸਾਹਿਤ ਦੇ ਪ੍ਰਸੰਗ ਵਿਚ ਸਮਝਣ ਲਈ ਹਰਿੰਦਰ ਸਿੰਘ ਮਹਿਬੂਬ ਦੀ ਪੁਸਤਕ 'ਸਹਿਜੇ ਰਚਿਓ ਖਾਲਸਾ' ਦੇ ਹਵਾਲੇ ਰਾਹੀਂ ਜਾਣਿਆ ਜਾ ਸਕਦਾ ਹੈ।

"ਦਰਸ਼ਨ, ਜਿਸ ਦੇ ਪਿਛੋਕੜ ਵਿਚ ਅਕਲ ਦੇ ਅਨੇਕਾਂ ਵੰਨ-ਸੁਵੰਨੇ ਇਤਿਹਾਸ ਅਤੇ ਉਤਾਰ-ਚੜਾਅ ਹੁੰਦੇ ਹਨ, ਆਪਣੀ ਉੱਤਮ ਅਵਸਥਾ ਵਿਚ ਖ਼ਾਲਸ ਕੁਦਰਤ ਦੀ ਹੀ ਪੈਦਾਵਾਰ ਹੁੰਦਾ ਹੈ। ਇਸ ਨੇ ਆਪਣੇ ਮੂਲ ਨਾਲ ਵਫ਼ਾਦਾਰ ਰਹਿਣਾ ਹੈ, ਤਾਂ ਇਸ ਲਈ ਇਹ ਜ਼ਰੂਰੀ ਹੈ ਕਿ ਜ਼ਿੰਦਗੀ ਨਾਲ ਇਹ ਆਪਣਾ ਰਿਸ਼ਤਾ ਕਾਇਮ ਰੱਖੇ, ਅਤੇ ਆਪਣੇ ਸੁਭਾਅ ਵਿਚੋਂ ਸਫ਼ਰ ਅਤੇ ਤਲਾਸ਼ ਦੇ ਗੁਣਾਂ ਨੂੰ ਠੰਢਾ ਨਾ ਪੈਣ ਦੇਵੇ। ਜੇ ਦਰਸ਼ਨ ਦਾ ਸਫ਼ਰ ਅਤੇ ਤਲਾਸ਼ ਸਹੀ ਹਨ, ਤਾਂ ਇਸਦੀਆਂ ਮੰਜ਼ਿਲਾਂ ਵਿਚ ਸਾਹਿਤ, ਕੋਮਲ ਕਲਾਵਾਂ ਅਤੇ ਮਜ਼੍ਹਬ ਜ਼ਰੂਰ ਸ਼ਾਮਿਲ ਹੋਣਗੇ। ਆਮ ਤੌਰ ਉੱਤੇ ਵੇਖਣ ਵਿਚ ਆਇਆ ਹੈ ਕਿ ਚਿੰਤਕ ਦਰਸ਼ਨ ਨੂੰ ਸ੍ਵੈ-ਨਿਰਭਰ ਅਤੇ ਨਿਰੰਕੁਸ਼ ਬਣਾਉਣ ਦੀ ਤਮੰਨਾ ਹਿੱਤ ਜ਼ਿੰਦਗੀ ਦੀ ਧੜਕਣ ਤੋਂ ਇਸਨੂੰ ਐਨਾ ਪਰੇ ਲੈ ਜਾਂਦੇ ਹਨ ਕਿ ਇਸਦਾ ਬੌਧਿਕ ਪਾਸਾਰ ਇਕ ਨਿਰਜਿੰਦ ਬੁੱਤ ਵਿਚ ਢਲ ਜਾਂਦਾ ਹੈ। ਕਾਂਤ ਅਤੇ ਹੀਗਲ ਸੱਚ ਦੇ ਪੁਜਾਰੀ ਜ਼ਰੂਰ ਸਨ, ਪਰ ਉਹਨਾਂ ਨੇ ਦਰਸ਼ਨ ਨੂੰ ਜੀਵਨ ਦੇ ਸੁਮੇਲ ਵਿਚ ਨਹੀਂ ਆਉਣ ਦਿੱਤਾ, ਅਤੇ ਉਹਨਾਂ ਨੇ ਇਸਦੀ ਹੋਂਦ

ਨੂੰ ਇਕ ਮਸਨੂਈ ਆਜ਼ਾਦੀ ਵਿਚ ਦਰਸਾਉਣ ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਇਸ ਅੰਦਰ ਇਕ ਖੁਸ਼ਕ ਅਲਹਿਦਗੀ ਦੀ ਸੁੰਨ ਪੈਦਾ ਕੀਤੀ। ਇਸ ਤਰ੍ਹਾਂ ਦਰਸ਼ਨ ਵਿਚ ਇਕ ਹਉਮੈ ਵਿਆਪ ਜਾਂਦੀ ਹੈ ਅਤੇ ਖਾਲਸ ਕੁਦਰਤ ਵੱਲੋਂ ਉਸਦੇ ਪ੍ਰਵਾਹ ਦੀ ਜਲੰਤ ਥਰਥਰਾਹਟ ਸੀਤ-ਯੱਖ ਹੋ ਜਾਂਦੀ ਹੈ। ਮਾਰਕਸ ਨੇ ਜ਼ਿੰਦਗੀ ਨਾਲ ਮਹੱਤਵ ਦਰਸਾਈ, ਅਤੇ ਦੱਬੇ ਕੁਚਲਿਆਂ ਲਈ ਇਨਸਾਫ਼ ਦਾ ਨਾਅਰਾ ਬੁਲੰਦ ਕੀਤਾ, ਪਰ ਅੰਤਮ ਤੌਰ ਉੱਤੇ ਜ਼ਿੰਦਗੀ ਦੇ ਭਰਪੂਰ ਵਿਸ਼ਾਲ ਸਫ਼ਰਾਂ ਨੂੰ ਬੌਧਿਕ ਵਿਸ਼ਲੇਸ਼ਣ ਦੀ ਬੁੱਤ-ਪ੍ਰਸਤੀ ਵਿਚ ਕੈਦ ਹੈ, ਜੋ ਕਿ ਬਹੁਤ ਸੀਮਤ ਹੈ ਅਤੇ ਜਿਸਦੀ ਬੌਧਿਕ ਬਾਹਰਮੁਖਤਾ ਦਾ ਚਾਨਣ ਬਹੁਤ ਪੇਤਲਾ ਹੈ, ਅਤੇ ਇਸਦੀ ਪਿੱਠ ਉੱਤੇ ਬਹੁਤ ਕੁਝ ਅਣਡਿੱਠ ਕੀਤੇ ਦੇ ਗਾੜ੍ਹੇ ਹਨੇਰਾਂ ਦਾ ਭਾਰ ਹੈ। ਮਾਰਕਸ ਅਤੇ ਬੌਧਿਕ ਵਿਸ਼ਲੇਸ਼ਣ ਦੀ ਹੋਂਦ ਨੂੰ ਮੁਕੰਮਲ ਜਾਂ ਸਵੈ-ਨਿਰਭਰ ਮੰਨ ਕੇ ਆਪਣੀ ਫ਼ਿਲਾਸਫ਼ੀ ਨੂੰ ਹਉਮੈ ਦੀ ਸ਼ਕਲ ਦੇ ਦਿੰਦਾ ਹੈ। ਜਦ ਫ਼ਿਲਾਸਫ਼ੀ ਆਪਣੀ ਪੂਜਾ ਵਿਚ ਗਰਕ ਜਾਂਦੀ ਹੈ ਤਾਂ ਕਲਾ ਦੇ ਜ਼ਰਖ਼ੇਜ ਸੋਮੇ ਉਸਦੇ ਸੰਪਰਕ ਵਿਚ ਨਹੀਂ ਰਹਿੰਦੇ, ਅਤੇ ਪੌਰਾਣ ਨੂੰ ਉਸ ਕੋਲੋਂ ਕੋਈ ਤਾਜ਼ਗੀ ਨਹੀਂ ਮਿਲ ਸਕਦੀ। ਜੇ ਧਰਮ ਦੇ ਵਾਤਾਵਰਣ ਵਿਚ ਆਇਆ ਦਰਸ਼ਨ ਆਪਣੀ ਪੂਜਾ ਆਪ ਸ਼ੁਰੂ ਕਰ ਦੇਵੇ ਤਾਂ ਮਜ਼੍ਹਬ ਅੰਦਰ ਤੇਤ੍ਰੇ-ਮੰਤ੍ਰਾਂ ਦੀ ਕੱਚੀ ਹੋਂਦ ਅਤੇ ਉਪਯੋਗਵਾਦੀ ਕਰਮ-ਕਾਂਡ ਦੀ ਅਮੁੱਕ ਲੜੀ ਆਪਣੀਆਂ ਗੁੰਝਲਾਂ ਦੇ ਭਰਮ ਜਾਲਾਂ ਸਮੇਤ ਆ ਪਰਵੇਸ਼ ਕਰਦੀਆਂ ਹਨ ਜੋ ਮਜ਼੍ਹਬ ਦਰਸ਼ਨ ਦੀ ਹਉਮੈ ਅੱਗੇ ਝੁੱਕ ਜਾਂਦਾ ਹੈ, ਉਸਦੀ ਸਮੂਹਿਕ ਚੇਤਨਾ ਦਾ ਵੱਡਾ ਭਾਗ ਵਿਵਹਾਰਕ ਧਰਾਤਲ ਉੱਤੇ ਹੀ ਰਹਿੰਦਾ ਹੈ, ਅਤੇ ਅਕਾਲ ਫ਼ਤਹ ਦੇ ਮਹਾਨ ਰੁਤਬੇ ਤੋਂ ਵੰਚਿਤ ਹੋ ਜਾਂਦਾ ਹੈ।[17]

ਮਾਰਕਸਵਾਦੀ ਵਿਚਾਰਧਾਰਾ ਅਨੁਸਾਰ ਸਮੁੱਚੇ ਸਮਾਜ ਦੀ ਉਸਾਰੀ ਨੂੰ ਢਾਹ ਕੇ ਨਵੇਂ ਸਿਰੇ ਤੋਂ ਉਸਾਰਨ ਦੀ ਲੋੜ ਮਹਿਸੂਸ ਕੀਤੀ ਜਾਂਦੀ ਹੈ ਕਿਉਂਕਿ ਸਮਾਜ ਦੀਆਂ ਮੁੱਖ ਸੰਸਥਾਵਾਂ ਕੁਝ ਖ਼ਾਸ ਸ਼੍ਰੇਣੀਆਂ ਦੇ ਹਿੱਤਾਂ ਦੀ ਰਖਵਾਲੀ ਕਰਦੀਆਂ ਹਨ ਜੋ ਮਿਹਨਤ ਮੁਸ਼ੱਕਤ ਕਰਨ ਵਾਲੀ ਸ਼੍ਰੇਣੀ ਹੈ ਉਨ੍ਹਾਂ ਦੇ ਹਿੱਤਾਂ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ। ਜੋ ਲੇਖਕ ਅਜਿਹੇ ਸ਼ੋਸ਼ਣ ਨੂੰ ਖ਼ਤਮ ਕਰਨ ਲਈ ਆਪਣੀਆਂ ਰਚਨਾਵਾਂ ਦੇ ਵਿਸ਼ਿਆਂ ਨੂੰ ਚੁਣਦੇ ਹਨ, ਉਨ੍ਹਾਂ ਨੂੰ ਮਾਰਕਸਵਾਦੀ ਵਿਚਾਰਧਾਰਾ ਅਧੀਨ ਰੱਖਿਆ ਜਾਂਦਾ ਹੈ। ਸੰਤ ਸਿੰਘ ਬਲ ਇਸ ਵਿਚਾਰਧਾਰਾ ਨਾਲ ਸਹਿਮਤੀ ਪ੍ਰਗਟਾਉਂਦਾ ਹੋਇਆ ਲਿਖਦਾ ਹੈ :

"ਇਕ ਸੱਚਾ ਪ੍ਰਮਾਣਿਕ ਸਾਹਿਤਕਾਰ ਉਹ ਹੈ ਜਿਹੜਾ ਕਿ ਇਸ ਸਪੱਸ਼ਟ ਮੰਤਵ ਨਾਲ ਸਾਹਿਤ ਰਚਨਾ ਕਰਦਾ ਹੈ ਕਿ ਸਮਾਜ ਦੀ ਮਾਨਸਿਕ, ਭਾਵਨਾਤਮਕ ਅਤੇ ਰੂਹਾਨੀ ਸਿਹਤ ਨਰੋਈ ਬਣੇ ਅਤੇ ਇਕ ਅਜਿਹਾ ਸਮਾਜ ਹੋਂਦ ਵਿਚ ਆਵੇ ਜਿਸ ਵਿਚ ਸਾਰੇ ਮਨੁੱਖ ਸਮਾਨ ਹੋਣ ਅਤੇ ਜਿਸ ਵਿਚ ਮਨੁੱਖ ਦਾ ਮਨੁੱਖ ਉਤੇ ਕਬਜ਼ਾ ਨਾ ਹੋਵੇ।"[18]

ਸੋ ਮਾਰਕਸਵਾਦੀ ਲੇਖਕ ਅਜਿਹੇ ਸਮਾਜ ਦੀ ਕਲਪਨਾ ਕਰਦੇ ਹਨ ਜਿਥੇ ਸਭ ਨੂੰ ਸਮਾਨ ਅਧਿਕਾਰ ਪ੍ਰਾਪਤ ਹੋਣ। ਇਸ ਵਿਚਾਰਧਾਰਾ ਨੂੰ ਮਿੱਤਰ ਸੈਨ ਮੀਤ ਨੇ ਕਬੂਲਿਆ ਹੈ। ਉਸਨੇ ਆਪਣੇ ਮੁੱਢਲੇ ਨਾਵਲਾਂ ਵਿਚ ਸਮਾਜ ਵਿਚਲੀ ਮਿਹਨਤ ਮਜ਼ਦੂਰੀ ਕਰਨ ਵਾਲੀ ਸ਼੍ਰੇਣੀ ਦਾ ਪੱਖ ਪੂਰਿਆ ਹੈ। ਜਿਸ ਤਰ੍ਹਾਂ 'ਤਫ਼ਤੀਸ਼' ਨਾਵਲ ਵਿਚ ਨਾਵਲਕਾਰ ਦੁਆਰਾ ਸਿਰਜੀ ਪਾਰਟੀ ਦੇ ਉਦੇਸ਼ਾਂ ਤੋਂ ਉਸਦੀ ਮਾਰਕਸਵਾਦੀ ਵਿਚਾਰਧਾਰਾ ਜ਼ਾਹਿਰ ਹੁੰਦੀ ਹੈ।

"ਉਨ੍ਹਾਂ ਦੀ ਜਥੇਬੰਦੀ ਜਾਤ ਦੇ ਆਧਾਰ ਤੇ ਨਹੀਂ ਜਮਾਤ ਦੇ ਆਧਾਰ ਤੇ ਸਮਾਜ ਨੂੰ ਦੋ ਹਿੱਸਿਆਂ ਵਿਚ ਵੰਡਦੀ ਹੈ। ਉਹ ਉਪਰਲੀ ਜਮਾਤ ਵਲੋਂ ਹੇਠਲੀ ਜਮਾਤ ਦੀ ਲੁੱਟ ਦੇ ਖਿਲਾਫ਼ ਸਨ। ਉਹ ਮਿਹਨਤਕਸ਼ਾਂ ਨੂੰ ਆਪਣਾ ਹੱਕ ਦਿਵਾਉਣ ਲਈ ਜੂਝ ਰਹੇ ਸਨ। ਇਸ ਲਕਸ਼ ਦੀ ਪ੍ਰਾਪਤੀ ਲਈ ਉਹ ਲੋਕ ਪੱਖੀ ਸਾਹਿਤ ਦਾ ਪ੍ਰਚਾਰ ਕਰਦੇ ਹਨ। ਉਨ੍ਹਾਂ ਆਪਣੇ ਦਫ਼ਤਰ ਵਿਚ ਇਕ ਛੋਟੀ ਜਿਹੀ ਲਾਇਬਰੇਰੀ ਖੋਲ੍ਹੀ ਹੋਈ ਹੈ। ਉਥੇ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਤੋਂ ਇਲਾਵਾ ਗੋਰਕੀ ਅਤੇ ਚੈਖੋਵ ਵਰਗੇ ਮਹਾਨ ਸਾਹਿਤਕਾਰਾਂ ਦੀਆਂ ਪੁਸਤਕਾਂ ਰੱਖੀਆਂ ਹੋਈਆਂ ਹਨ। ਉਹ ਲੱਚਰ ਅਤੇ ਗੰਦੇ ਗੀਤਾਂ ਦੀ ਥਾਂ ਖਾਲਸ ਸੱਚ ਦੀਆਂ ਭਰੀਆਂ ਟੇਪਾਂ ਲੋਕਾਂ 'ਚ ਵੰਡਦੇ ਹਨ।"[19]

ਉਪਰੋਕਤ ਵੇਰਵੇ ਤੋਂ ਸਪੱਸ਼ਟ ਹੈ ਕਿ ਨਾਵਲਕਾਰ ਆਪਣੇ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਅਜਿਹੀਆਂ ਜਥੇਬੰਦੀਆਂ ਦਾ ਉਥਾਨ ਕਰਦਾ ਹੈ ਜੋ ਸਟੇਟ ਦੇ ਜਬਰ ਅਤੇ ਜ਼ੁਲਮ ਦੇ ਖਿਲਾਫ਼ ਆਪਣੀਆਂ ਸੀਮਤ ਸੰਭਾਵਨਾਵਾਂ ਸਾਹਿਤ ਦੀ ਕੁਝ ਕਰ ਗੁਜ਼ਰਨਾ ਚਾਹੁੰਦੀਆਂ ਹਨ। 'ਤਫ਼ਤੀਸ਼' ਨਾਵਲ ਵਿਚ ਨਾਵਲਕਾਰ ਨੇ ਸੁਤੰਤਰ ਰੂਪ ਵਿਚ ਵਿਕਸਿਤ ਹੋਏ ਸਰਕਾਰੀ ਵਕੀਲ ਗੁਰਮੀਤ ਸਿੰਘ ਦੇ ਵਿਅਕਤੀਤਵ ਦੇ ਪਿਛੋਕੜ ਨੂੰ ਵੀ ਦਰਸਾਇਆ ਹੈ ਕਿ ਜੋ ਝੂਠ ਦੇ ਪੁਲੰਦੇ ਤੇ ਦਸਤਖ਼ਤ ਕਰਨ ਤੋਂ ਇਨਕਾਰੀ ਹੋ ਜਾਂਦਾ ਹੈ। ਜਿਵੇਂ :

"ਉਤਸ਼ਾਹ ਨਾਲ ਭਰੇ ਗੁਰਮੀਤ ਨੇ ਕਾਗਜ਼ ਚੁੱਕਿਆ ਅਸਤੀਫ਼ਾ ਲਿਖਿਆ ਅਤੇ ਲਿਫ਼ਾਫ਼ਾ ਪੋਸਟ ਕਰਨ ਲਈ ਨਾਇਬ ਕੋਰਟ ਨੂੰ ਡਾਕਖਾਨੇ ਭੇਜ ਕੇ ਉਹ ਛੋਟੇ-ਛੋਟੇ ਕਦਮ ਪੁੱਟਦਾ ਸੰਮਤੀ ਦੇ ਜਲਸੇ ਵੱਲ ਵਧਣ ਲੱਗਾ... ਜਿਸ ਨੇ ਲੋਕਾਂ ਨੂੰ ਇਸ ਭੈੜੇ ਨਿਜ਼ਾਮ ਤੋਂ ਮੁਕਤੀ ਦਵਾਉਣੀ ਸੀ।"[20]

ਇਸ ਤਰ੍ਹਾਂ ਨਾਵਲਕਾਰ ਗੁਰਮੀਤ ਵਰਗੇ ਪਾਤਰਾਂ ਨੂੰ ਵਿਅਕਤੀਗਤ ਪਾਤਰ ਦੇ ਤੌਰ ਤੇ ਨਹੀਂ ਉਭਾਰਦਾ ਸਗੋਂ ਆਪਣੀ ਵਿਚਾਰਧਾਰਾ ਤੇ ਵਿਸ਼ੇਸ਼ ਧਿਰ ਤੇ ਪ੍ਰਤੀਕ ਤਹਿਤ ਉਭਾਰਦਾ ਹੈ ਜੋ ਉਸ ਦੀ ਮਾਰਕਸਵਾਦੀ ਚੇਤਨਾ ਕਹੀ ਜਾ ਸਕਦੀ ਹੈ।

ਮਾਰਕਸਵਾਦ ਅਜਿਹਾ ਦਰਸ਼ਨ ਹੈ ਜੋ ਆਪਣੇ ਸਿਰਜਨਾਤਮਕ ਅਤੇ ਇਨਕਲਾਬੀ ਸਿਧਾਂਤ ਵਜੋਂ ਸਰਵ-ਪ੍ਰਵਾਨਿਤ ਹੈ। ਇਹ ਘੜਿਆ ਘੜਾਇਆ ਸਿਧਾਂਤ ਹੋਣ ਦੀ ਥਾਂ, ਮਨੁੱਖੀ ਸਮਾਜ ਦੀਆਂ ਲੋੜਾਂ ਅਤੇ ਇਸਦੇ ਇਤਿਹਾਸਿਕ ਵਿਕਾਸ ਦੇ ਨਿਰੰਤਰ ਪ੍ਰਸੰਗ ਵਿਚ, ਇਹ ਆਪਣੇ ਆਪ ਨੂੰ ਹਮੇਸ਼ਾ ਨਵਿਆਉਂਦਾ ਰਹਿੰਦਾ (ਸੋਧਦਾ ਨਹੀਂ) ਹੈ। ਆਪਣੇ ਘੇਰੇ ਵਿਚ ਨਵੀਨਤਮ ਵਿਗਿਆਨਿਕ ਲੱਭਤਾਂ ਅਤੇ ਗਿਆਨ ਨੂੰ ਆਪਣੀਆਂ ਮੂਲ ਸਥਾਪਨਾਵਾਂ ਦੇ ਪ੍ਰਸੰਗ ਵਿਚ ਵਿਆਖਿਆਉਂਦਿਆਂ ਇਸ ਨੂੰ ਆਪਣੇ ਆਪ ਵਿਚ ਸਮੋਂਦਾ ਰਹਿੰਦਾ ਹੈ। ਇਸੇ ਕਾਰਨ ਇਹ ਨਿਰੰਤਰ ਉਚੇਰੀ ਅਵਸਥਾ ਵੱਲ ਵਿਕਾਸ ਕਰ ਰਹੇ ਮਨੁੱਖੀ ਸਮਾਜ ਦੀਆਂ ਸਿਧਾਂਤਕ ਅਤੇ ਪਦਾਰਥਕ ਸਮੱਸਿਆਵਾਂ ਦੇ ਨਾਲ ਆਪਣੇ ਕਦਮ ਮੇਲ ਕੇ ਚਲ ਸਕਣ ਦੇ ਸਮਰੱਥ ਹੁੰਦਾ ਹੈ।[21]

"ਸਾਡਾ ਦੇਸ਼ ਕੁਰਬਾਨੀ ਦੇਣ ਵਿਚ ਵਿਸ਼ਵਾਸ ਰੱਖਦਾ ਹੈ। ਸਾਨੂੰ ਪੁਰਾਣੇ ਸਿਧਾਂਤ ਨੂੰ ਬਦਲ ਦੇਣਾ ਚਾਹੀਦਾ ਹੈ। ਸੌ ਦੋਸ਼ੀਆਂ ਨੂੰ ਸਜ਼ਾ ਕਰਾਉਣ ਲਈ ਜੇ ਇਕ ਨਿਰਦੋਸ਼ ਨੂੰ ਫਾਂਸੀ ਚੜ੍ਹਨਾ ਪਏ ਤਾਂ ਉਸਨੂੰ ਚੜ੍ਹ ਜਾਣਾ ਚਾਹੀਦਾ ਹੈ। ਹੁਣ ਇਹ ਸਿਧਾਂਤ ਹੋਣਾ ਚਾਹੀਦਾ ਹੈ।"[22]

ਉਪਰੋਕਤ ਟਿੱਪਣੀ ਤਹਿਤ ਨਾਵਲਕਾਰ ਦੀ ਇਹ ਖ਼ਾਸੀਅਤ ਨਜ਼ਰ ਆਉਂਦੀ ਹੈ ਕਿ ਜਿਥੇ ਉਸ ਨੇ ਮਾਰਕਸਵਾਦੀ ਵਿਚਾਰਧਾਰਾ ਨੂੰ ਰੂਪਮਾਨ ਕੀਤਾ ਹੈ ਉਥੇ ਉਸਨੇ ਪਰੰਪਰਾਵਾਦੀ ਯਥਾਰਥ ਨਾਲ ਜੁੜਦੇ ਹੋਏ ਵੀ ਭਵਿੱਖਮੁਖੀ ਯਥਾਰਥ ਨੂੰ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਇਸੇ ਤਰ੍ਹਾਂ ਨਾਵਲਕਾਰ ਆਪਣੇ ਨਿਵੇਕਲੇ ਅਨੁਭਵ ਰਾਹੀਂ 'ਸੁਧਾਰ ਘਰ' ਨਾਵਲ ਵਿਚ ਜੇਲ੍ਹ ਜੀਵਨ ਦੀ ਕਰੂਪਤਾ ਨੂੰ ਯਥਾਰਥਕ ਰੰਗਣ ਦੇ ਰੂਪ ਵਿਚ ਪੇਸ਼ ਕਰਦਾ ਹੋਇਆ ਦ੍ਰਿਸ਼ਟੀ ਪੱਖੋਂ ਸੁਚੇਤ ਹੈ। ਉਹ ਮਹਿਜ਼ ਪੂੰਜੀਵਾਦੀ ਸਭਿਆਚਾਰ ਦੇ ਗ੍ਰਿਫ਼ਤ ਵਿਚ ਆਈ ਰਾਜਨੀਤੀ, ਨਿਆਂ, ਜੇਲ੍ਹ ਪ੍ਰਬੰਧ ਤੇ ਪੁਲਿਸ ਦੀਆਂ ਵਧੀਕੀਆਂ ਨੂੰ ਕੇਵਲ ਪੇਸ਼ ਹੀ ਨਹੀਂ ਕਰਦਾ ਸਗੋਂ ਉਹਨਾਂ ਦੀਆਂ ਵਧੀਕੀਆਂ ਦੀ ਇਸ ਕਰੂਰਤਾ ਨੂੰ ਪੂੰਜੀਵਾਦੀ ਅਤੇ ਰਾਜਸੀ ਪ੍ਰਬੰਧ ਦੇ ਅੰਤਰਗਤ ਵਾਪਰ ਰਹੇ ਭ੍ਰਿਸ਼ਟਾਚਾਰ ਨੂੰ ਨੰਗਾ ਕਰਦਾ ਹੈ। ਜਿਵੇਂ :

"ਮੁਜ਼ਰਮ ਨੂੰ ਕੀਤੇ ਗੁਨਾਹਾਂ ਦੀ ਸਜ਼ਾ ਭੁਗਤਣ ਤੇ ਸੁਧਰਨ ਦਾ ਮੌਕਾ ਦੇਣ ਲਈ ਜੇਲ੍ਹ ਭੇਜਿਆ ਜਾਂਦਾ ਹੈ।... ਕੈਦ ਦੌਰਾਨ ਉਸ ਦੇ ਕੁਝ ਮੁੱਢਲੇ ਅਧਿਕਾਰ ਖੁਸਦੇ ਹਨ। ਉਹਦੀ ਮਨਮਰਜ਼ੀ ਖੁਸਦੀ ਹੈ। ਸਮਾਜ ਅਤੇ ਪਰਿਵਾਰ ਨਾਲੋਂ ਸੰਬੰਧ ਟੁੱਟ ਜਾਂਦੇ ਹਨ।..."[23]

ਇਸ ਤਰ੍ਹਾਂ ਨਾਵਲਕਾਰ ਨੇ ਜੇਲ੍ਹ ਵਿਚ ਬੰਦ ਅਨੇਕਾਂ ਕੈਦੀਆਂ ਦੇ ਪ੍ਰਸੰਗ ਵਿਚ ਮਨੁੱਖੀ ਜੀਵਨ ਦੀ ਅੰਤਰੀਵ ਵੇਦਨਾ ਨੂੰ ਉਹਨਾਂ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਦੇ ਵਿਭਿੰਨ ਪਾਸਾਰਾਂ ਦੇ ਰੂਪ ਵਿਚ ਪੇਸ਼ ਕੀਤਾ ਹੈ। ਜਿਸ ਵਿਚ ਭਾਰਤੀ ਲੋਕਤੰਤਰ ਵਿਚ ਆਈ ਭ੍ਰਿਸ਼ਟਾਚਾਰੀ ਦਾ ਜੋ ਵਰਣਨ ਕੀਤਾ ਹੈ, ਉਹ ਲੇਖਕ ਦੀ ਮਾਰਕਸਵਾਦੀ ਵਿਚਾਰਧਾਰਾ ਦਾ ਪ੍ਰਗਟਾਅ ਹੈ।

"ਆਧੁਨਿਕ ਸਮਾਜ ਵਿਚ ਕੇਵਲ ਦੋ ਪ੍ਰਮੁੱਖ ਵਿਚਾਰਧਾਰਾਵਾਂ ਹਨ: ਪਹਿਲੀ ਪੂੰਜੀਵਾਦੀ ਸਾਮਰਾਜਵਾਦੀ, ਜਿਸ ਲਈ ਸਾਰੀਆਂ ਪਛੜੀਆਂ ਵਿਚਾਰਧਾਰਾਵਾਂ, ਸਾਮੰਤੀ ਵਿਚਾਰਧਾਰਾਵਾਂ ਤੱਕ, ਇਕ ਸਹਿਯੋਗੀ ਦਾ ਕੰਮ ਦਿੰਦੀਆਂ ਹਨ। ਦੂਜੀ, ਮਿਹਨਤਕਸ਼ ਲੋਕਾਂ ਦੇ ਹਿੱਤਾਂ ਨੂੰ ਪ੍ਰਤਿਫਿਲਿਤ ਕਰਨ ਵਾਲੀਆਂ ਵਿਚਾਰਧਾਰਾਵਾਂ ਹਨ, ਜਿਨ੍ਹਾਂ ਵਿਚ ਸਮਕਾਲੀਨ ਰਣਨੀਤੀ ਅਤੇ ਕਾਰਜਨੀਤੀ ਦੇ ਵਿਸ਼ੈ ਵਿਚ ਮਤਭੇਦ ਤਾਂ ਹੋ ਸਕਦੇ ਹਨ, ਪਰ ਜੋ ਮਨੁੱਖ ਦੀ ਸਮਾਜਿਕ ਵਿਵਸਥਾ, ਉਸਦੇ ਆਪਣੇ ਹੱਥ ਵਿਚ ਮੰਨਦੀਆਂ ਹਨ ਅਤੇ ਸੰਘਰਸ਼ ਲਈ ਪ੍ਰੇਰਦੀਆਂ ਹਨ, ਇਹ ਦੋਵੇਂ ਵਿਚਾਰਧਾਰਾਵਾਂ ਸਾਹਿਤ ਵਿਚ ਤੀਬਰ ਰੂਪ ਵਿਚ ਪ੍ਰਸਤੁਤ ਹੋ ਰਹੀਆਂ ਹਨ।"[24]

ਮੀਤ ਦੇ ਨਾਵਲਾਂ ਵਿਚ ਉਪਰੋਕਤ ਦੋਵੇਂ ਵਿਚਾਰਧਾਰਾਵਾਂ ਪੂਰੀ ਤਰ੍ਹਾਂ ਸਮਾਈਆਂ ਹੋਈਆਂ ਹਨ। ਅਜੋਕੇ ਪੂੰਜੀਵਾਦੀ ਯੁੱਗ ਵਿਚ ਅਮਨ ਕਾਨੂੰਨ ਨੂੰ ਬਰਕਰਾਰ ਰੱਖਣ ਵਾਲੀਆਂ ਸੰਸਥਾਵਾਂ ਭ੍ਰਿਸ਼ਟਾਚਾਰੀ ਦਾ ਝੁੰਡ ਬਣ ਚੁੱਕੀਆਂ ਹਨ। ਸ਼ਹਿਰੀ ਤੇ ਪੇਂਡੂ ਸਮਾਜ ਵਿਚ ਰਿਸ਼ਵਤਖੋਰੀ ਤੇ ਬਲੈਕਮਾਰਕੀਟਿੰਗ ਨਾਲ ਨਵ ਅਮੀਰ ਸ਼੍ਰੇਣੀ ਹੋਂਦ ਵਿਚ ਆ ਰਹੀ ਹੈ। ਜਿਸਦਾ ਸਮੁੱਚਾ ਵੇਰਵਾ ਤਫ਼ਤੀਸ਼, ਕਟਹਿਰਾ, ਕੌਰਵ-ਸਭਾ ਤੇ ਸੁਧਾਰ ਘਰ ਨਾਵਲਾਂ ਵਿਚ ਖੁਲ੍ਹਦਾ ਹੈ। ਮਾਡਲ ਟਾਊਨ ਦੀਆਂ ਕੋਠੀਆਂ ਵਿਚ ਰਹਿੰਦੇ ਵੱਖ-ਵੱਖ ਪੇਸ਼ਿਆਂ ਦੇ ਅਮੀਰ ਲੋਕ, ਢੇਰ ਸਾਰੀਆਂ ਫੀਸਾਂ ਲੈ ਕੇ ਮੁਜ਼ਰਮਾਂ ਨੂੰ ਬਰੀ ਕਰਵਾਉਣ ਵਾਲੇ ਜੱਜ ਵਕੀਲ, ਜੇਲ੍ਹ ਵਿਚ ਬੈਠੇ ਕੈਦੀਆਂ ਦਾ ਸ਼ੋਸ਼ਣ ਕਰਨ ਵਾਲੇ ਜੇਲ੍ਹਰ ਅਫ਼ਸਰਾਂ ਨੂੰ ਨਾਵਲਕਾਰ ਆਧੁਨਿਕ ਵਿਵਸਥਾ ਦੇ ਖਲਨਾਇਕ ਰੂਪ ਵਿਚ ਉਘਾੜਦਾ ਹੈ।

## (ਸ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਪ੍ਰਗਤੀਵਾਦੀ ਵਿਚਾਰਧਾਰਾ

ਹਰ ਸਾਹਿਤਕਾਰ ਜੀਵਨ ਅਤੇ ਵਿਸ਼ਵ ਦ੍ਰਿਸ਼ਟੀਕੋਣ ਨੂੰ ਪਰੋਖ ਜਾਂ ਅਪਰੋਖ ਰੂਪ ਵਿਚ ਰੂਪਮਾਨ ਕਰਦਾ ਹੈ। ਆਪਣੀ ਸੋਚ ਮੁਤਾਬਕ ਉਹ ਸੰਸਾਰ ਦੇ ਵੱਖ-ਵੱਖ ਵਰਤਾਰਿਆਂ ਨੂੰ ਆਪਣੇ ਆਲੇ-ਦੁਆਲੇ ਦੇ ਜੀਵਨ ਨੂੰ ਵੇਖਦਾ, ਵਿਚਾਰਦਾ, ਸਮਝਦਾ ਅਤੇ ਦ੍ਰਿਸ਼ਟਮਾਨ ਕਰਦਾ ਹੈ। ਸਾਹਿਤਕਾਰ ਆਪਣੀ ਪ੍ਰਤਿਭਾਸ਼ੀਲ ਦ੍ਰਿਸ਼ਟੀ ਅਨੁਸਾਰ ਆਮ ਮਨੁੱਖ ਨਾਲੋਂ ਵਧੇਰੇ ਸੂਖ਼ਮਤਾ ਅਤੇ ਡੂੰਘਾਈ ਨਾਲ ਵੇਖਦਾ ਹੈ। ਉਹ ਮਨੁੱਖੀ ਜੀਵਨ ਦੀਆਂ ਸਮੱਸਿਆਵਾਂ ਨੂੰ ਵੇਖਦਾ ਹੀ ਨਹੀਂ ਸਗੋਂ ਉਹਨਾਂ ਦੇ ਸੁਝਾਵਾਂ ਬਾਰੇ ਵੀ ਸੋਚਦਾ ਹੈ। ਉਹ ਆਪਣੀ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਸਮੱਸਿਆ ਨੂੰ ਸਾਹਿਤ ਰਾਹੀਂ ਸਿਰਜਦਾ ਹੋਇਆ ਸਮਾਜ ਨੂੰ ਜਾਗ੍ਰਿਤ ਵੀ ਕਰਨਾ ਚਾਹੁੰਦਾ ਹੈ ਤੇ ਸਮਾਜ ਦੇ ਵਿਕਾਸ ਦੀ ਲੋਚਾ ਵੀ ਰੱਖਦਾ ਹੈ। ਮਿੱਤਰ ਸੈਨ ਮੀਤ ਦੀ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਜਾਣਨ ਤੋਂ ਪਹਿਲਾਂ ਪ੍ਰਗਤੀਵਾਦੀ ਵਿਚਾਰਧਾਰਾ ਬਾਰੇ ਸੰਖੇਪ ਵਿਚ ਜਾਣ ਲੈਣਾ ਅਨਿਵਾਰੀ ਜਾਪਦਾ ਹੈ।

" 'ਪ੍ਰਗਤੀ' ਸ਼ਬਦ ਆਪਣੇ ਮੂਲ ਅਰਥਾਂ ਵਿਚ ਵਿਕਾਸ ਅਥਵਾ ਗਤੀਸ਼ੀਲਤਾ ਦਾ ਸੂਚਕ ਹੈ। ਗਤੀਸ਼ੀਲਤਾ ਪ੍ਰਕ੍ਰਿਤੀ ਦਾ ਉਹ ਰਹੱਸਮਈ ਲੱਛਣ ਹੈ, ਜਿਸ ਦੁਆਰਾ ਗੋਚਰ ਜਗਤ ਦੀ ਹਰ ਵਸਤੂ ਹੋਂਦ ਵਿਚ ਆਉਂਦੀ ਹੈ। ਅਜੋਕੀ ਮਨੁੱਖੀ ਸਭਿਅਤਾ ਵੀ ਦੇਸ਼-ਕਾਲ ਦੇ ਅੰਤਰਗਤ ਹੋਈ ਤਬਦੀਲੀ ਦਾ ਹੀ ਸਿੱਟਾ ਹੈ... ਵੀਹਵੀਂ ਸਦੀ ਦੇ ਵਿਗਿਆਨਿਕ ਯੁੱਗ ਵਿਚ ਸਮਕਾਲੀ ਰਾਜਨੀਤਿਕ ਚਿੰਤਨ ਨੂੰ ਤਤਕਾਲੀਨ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਪ੍ਰਭਾਵਿਤ ਕਰਨ ਉਪਰੰਤ, ਸਮਕਾਲੀ ਕਲਾ ਅਥਵਾ ਸਾਹਿਤ ਨੂੰ ਸਿਰਜਨ ਅਤੇ ਸਮਝਣ ਲਈ ਜਿਸ ਵਿਚਾਰਧਾਰਾ ਨੂੰ ਸਵੀਕਾਰਿਆ ਤੇ ਪਰਚਾਰਿਆ, ਸਾਹਿਤਕ ਖੇਤਰ ਵਿਚ ਉਹ 'ਪ੍ਰਗਤੀਵਾਦੀ ਧਾਰਾ' ਅਖਵਾਈ।"[25]

ਪ੍ਰਗਤੀਵਾਦ ਨੂੰ ਮਾਰਕਸਵਾਦ ਦਾ ਸਾਹਿਤ ਵਿਚ ਢਾਲਿਆ ਰੂਪ ਕਿਹਾ ਜਾ ਸਕਦਾ ਹੈ। ਸਮਾਜ ਦਾ ਕਲਿਆਣ ਕਰਨਾ ਪ੍ਰਗਤੀਵਾਦੀ ਸਾਹਿਤ ਦਾ ਮਨੋਰਥ ਹੈ। ਹਿੰਦੀ ਲੇਖਕ ਕਨੇਤਅ ਲਾਲ ਇਸ ਬਾਰੇ ਲਿਖਦੇ ਹਨ :

"ਜਿਹੜਾ ਸਾਹਿਤ ਦਵੰਦਾਤਮਕ ਭੌਤਿਕਵਾਦ ਦੇ ਦਾਰਸ਼ਨਿਕ ਸਿਧਾਂਤਾਂ ਵਿਚ ਵਿਸ਼ਵਾਸ ਰੱਖਦਾ ਹੈ ਅਤੇ ਵਰਗ ਰਹਿਤ ਸਮਾਜ ਦੀ ਸਥਾਪਨਾ ਜਿਸਦਾ ਮੁੱਖ ਉਦੇਸ਼ ਹੈ ਉਸਨੂੰ ਪ੍ਰਗਤੀਵਾਦੀ ਸਾਹਿਤ ਦਾ ਨਾਂ ਦਿੱਤਾ ਜਾਂਦਾ ਹੈ।"[26]

ਪ੍ਰਗਤੀਵਾਦੀ ਸਾਹਿਤਕਾਰ ਸਾਮਰਾਜ ਦਾ ਖਾਤਮਾ ਕਰਕੇ ਸਮਾਜ ਦੀ ਸਥਾਪਨਾ ਕਰਨ ਦੇ ਹੱਕ ਵਿਚ ਹਨ। ਮੀਤ ਦੇ ਸਮੁੱਚੇ ਨਾਵਲ ਪ੍ਰਗਤੀਵਾਦੀ ਵਿਚਾਰਧਾਰਾ ਅਧੀਨ ਵਿਚਾਰੇ ਜਾ ਸਕਦੇ ਹਨ ਕਿਉਂਕਿ ਪ੍ਰਗਤੀਵਾਦੀ ਸਾਹਿਤਕਾਰ ਕ੍ਰਾਂਤੀ ਦਾ ਸਮਰਥਕ ਹੁੰਦਾ ਹੈ। ਉਸਦੀ ਧਾਰਨਾ ਹੈ ਕਿ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਸੁਧਾਰਨ ਲਈ ਜੇ ਕ੍ਰਾਂਤੀ ਅਤੇ ਬਗਾਵਤ ਦੀ ਜ਼ਰੂਰਤ ਪਵੇ ਤਾਂ ਉਸਦੀ ਉਚੀ ਆਵਾਜ ਸਾਹਿਤ ਵਿਚੋਂ ਉਠਣੀ ਚਾਹੀਦੀ ਹੈ। ਮਿੱਤਰ ਸੈਨ ਮੀਤ ਦੀ ਸਮੁੱਚੇ ਨਾਵਲਾਂ ਦੀ ਵਿਚਾਰਧਾਰਾ ਕਾਨੂੰਨ ਵਿਚ ਆਈਆਂ ਕੁਰੀਤੀਆਂ ਦੇ ਖਿਲਾਫ਼ ਵਕੀਲ ਹਾਕਮ ਸਿੰਘ ਵਰਗੇ ਪਾਤਰਾਂ ਰਾਹੀਂ ਕ੍ਰਾਂਤੀ ਤੇ ਬਗਾਵਤ ਕਰਵਾ ਕੇ ਸਮਾਜ ਦਾ ਸੁਧਾਰ ਕਰਨਾ ਚਾਹੁੰਦਾ ਹੈ।

ਨਾਵਲਕਾਰ ਦੇ ਮੁੱਢਲੇ ਨਾਵਲ 'ਅੱਗ ਦੇ ਬੀਜ' ਅਤੇ 'ਕਾਫ਼ਲਾ' ਦੇ ਨਾਂ ਤੋਂ ਹੀ ਸਪੱਸ਼ਟ ਹੁੰਦਾ ਹੈ ਕਿ ਲੇਖਕ ਦੀ ਵਿਚਾਰਧਾਰਾ ਮਾਰਕਸਵਾਦੀ ਪ੍ਰਗਤੀਵਾਦੀ ਹੈ ਕਿਉਂਕਿ 'ਅੱਗ ਦੇ ਬੀਜ' ਨਾਵਲ ਰਾਹੀਂ ਸਮਾਜਿਕ ਕੁਰੀਤੀਆਂ ਪ੍ਰਤੀ ਰੋਹ-ਵਿਦਰੋਹ ਪ੍ਰਗਟਾਉਂਦਾ ਹੋਇਆ ਸਮਾਜ ਵਿਚ ਫੈਲੀ ਭ੍ਰਿਸ਼ਟਾਚਾਰੀ, ਰਿਸ਼ਵਤਖੋਰੀ ਤੇ ਬੇਰੁਜ਼ਗਾਰੀ ਨੂੰ ਰੂਪਮਾਨ ਕਰਦਾ ਹੈ। ਕਿਉਂਕਿ ਕਰਤਾਰ ਅਤੇ ਪਰਮਜੀਤ ਨੂੰ ਐਮ.ਏ. ਵਿਚੋਂ ਚੰਗੇ ਨੰਬਰ ਲੈਣ ਦੇ ਬਾਵਜੂਦ ਵੀ ਨੌਕਰੀ ਨਹੀਂ ਮਿਲਦੀ ਕਿਉਂਕਿ ਉਹਨਾਂ ਕੋਲ ਸਿਫਾਰਸ਼ ਜਾਂ ਰਿਸ਼ਵਤ ਦੇਣ ਲਈ ਕੁਝ ਨਹੀਂ ਸੀ। ਇਸ ਸਮੱਸਿਆ ਬਾਰੇ ਅਵਤਾਰ ਸਿੰਘ ਦਾ ਕਹਿਣਾ ਹੈ :

"ਅੱਗ ਦੇ ਬੀਜ, ਮਾਰੂ ਵਿਦਿਅਕ ਪ੍ਰਣਾਲੀ ਦੇ ਭ੍ਰਿਸ਼ਟਾਚਾਰ ਦੀ ਘਿਨਾਉਣੀ ਤਸਵੀਰ ਪੇਸ਼ ਕਰਦਾ ਹੈ।"[27]

ਅਵਤਾਰ ਦੇ ਉਪਰੋਕਤ ਵਿਚਾਰ ਦੇ ਸੰਦਰਭ ਵਿਚ ਨਾਵਲਕਾਰ ਸੁਧਾਰਵਾਦੀ ਵਿਚਾਰਧਾਰਾ ਨੂੰ ਦੇਖਿਆ ਜਾ ਸਕਦਾ ਹੈ। ਕਿਉਂਕਿ ਉਹ ਖ਼ੁਦ ਵੀ ਆਮ ਮੱਧ ਵਰਗੀ ਨੌਜਵਾਨ ਸੀ ਜੋ ਉਸ ਸਮੇਂ ਦੇ ਆਰਥਿਕ ਸੰਕਟ ਵਿਚੋਂ ਪੈਦਾ ਹੋਏ ਸਮਾਜਿਕ, ਆਰਥਿਕ ਤੇ ਰਾਜਸੀ ਮਸਲਿਆਂ ਪ੍ਰਤੀ ਕਲਾ ਰਾਹੀਂ ਜਾਗ੍ਰਿਤੀ ਲਿਆਉਣਾ ਚਾਹੁੰਦਾ ਹੈ। ਇੰਦਰ ਸਿੰਘ ਖਾਮੋਸ਼ ਦੀ ਟਿੱਪਣੀ ਨਾਵਲਕਾਰ ਦੀ ਸੁਧਾਰਵਾਦੀ ਵਿਚਾਰਧਾਰਾ ਨੂੰ ਵਧੇਰੇ ਸਪੱਸ਼ਟ ਕਰਦੀ ਹੈ :

"ਸਮਾਜਿਕ ਵਰਗ ਵੰਡ ਪ੍ਰਤੀ ਚੇਤੰਨ ਸੰਵੇਦਨਸ਼ੀਲ ਪ੍ਰਤਿਭਾਵਾਨ ਲੇਖਕ ਮਿੱਤਰ ਸੈਨ ਮੀਤ ਕਲਾ ਨੂੰ ਕ੍ਰਾਂਤੀਆਂ ਜਗਾਉਣ ਦੇ ਸਾਧਨ ਵਜੋਂ ਵਰਤਨ ਦਾ ਹਾਮੀ ਹੈ। ਉਸਦੇ ਪਲੇਠੇ ਨਾਵਲ 'ਅੱਗ ਦੇ ਬੀਜ' ਵਿਚੋਂ ਅਸੀਂ ਉਸ ਅੰਦਰ ਬੈਠੇ ਸੰਭਾਵਨਾਵਾਂ ਭਰਪੂਰ ਨਵੇਂ ਯੁਗ ਦੇ ਨਾਵਲਕਾਰ ਦੇ ਦਰਸ਼ਨ ਕਰ ਸਕਦੇ ਹਾਂ।"[28]

ਇਸ ਟਿੱਪਣੀ ਰਾਹੀਂ ਨਾਵਲਕਾਰ ਦੇ ਮਨੋਰਥ ਨੂੰ ਭਲੀ-ਭਾਂਤ ਸਮਝਿਆ ਜਾ ਸਕਦਾ ਹੈ। ਇਸੇ ਮਨੋਰਥ ਅਧੀਨ ਉਹ ਨਾਵਲ ਵਿਚ ਪਿੰਡ ਦੇ ਨੌਜਵਾਨ ਵਰਗ ਵੱਲੋਂ ਪਿੰਡ ਦਾ ਸੁਧਾਰ ਕਰਵਾਉਣਾ ਚਾਹੁੰਦਾ ਹੈ। ਖ਼ੂਨ ਖਰਾਬੇ ਦੀ ਥਾਂ ਪਿੰਡ ਵਿਚ ਭਾਈਬੰਦੀ ਨਾਲ ਲੋਕਾਂ ਨੂੰ ਮਿਲਕੇ ਰਹਿਣ ਦੀ ਪ੍ਰੇਰਨਾ ਦਿੰਦੇ ਹੋਏ ਪਿੰਡ ਦੇ ਨੌਜਵਾਨ ਪਿੰਡ ਵਿਚ ਕਈ ਸਾਂਝੇ ਕੰਮ ਕਰਦੇ ਹਨ। ਜਿਵੇਂ ਪਿੰਡ ਦੇ ਅੱਡੇ ਤੇ ਬੈਂਚ ਬਣਾਉਣੇ, ਬਰਾਂਡੇ ਲਈ ਇੱਟਾਂ ਮੰਗਵਾਉਣੀਆਂ, ਸਕੂਲ ਅੱਪਗ੍ਰੇਡ ਕਰਵਾਉਣੇ, ਪਿੰਡ ਦੇ ਕਿਰਸਾਨਾਂ ਲਈ ਟਿਊਬਵੈਲ ਅਤੇ ਟਰੈਕਟਰਾਂ ਦੀਆਂ ਸਕਿਉਰਿਟੀਆਂ ਆਦਿ ਭਰਵਾ ਕੇ ਪਿੰਡ ਦੀ ਨੁਹਾਰ ਬਦਲਣਾ ਚਾਹੁੰਦੇ ਹਨ। ਕਿਉਂਕਿ ਇਸ ਨਾਵਲ ਵਿਚ ਘੱਟ ਜ਼ਮੀਨ ਵਾਲੇ ਕਿਰਸਾਨਾਂ ਦੀ ਨਿੱਘਰ ਰਹੀ ਮਾਲੀ ਹਾਲਤ ਵੀ ਦੁਖਾਂਤ ਦੇ ਰੂਪ ਵਿਚ ਦ੍ਰਿਸ਼ਟਮਾਨ ਹੁੰਦੀ ਹੈ। ਜਿਵੇਂ :

"ਕਦੇ ਸੋਕਾ ਮਾਰ ਜਾਂਦਾ ਹੈ ਅਤੇ ਕਦੇ ਬਰਸਾਤਾਂ ਨਹੀਂ ਥੰਮਦੀਆਂ। ਚੰਗੀ ਜ਼ਮੀਨ ਉਸਦੇ ਭਰਾ ਨੇ ਸਾਂਭ ਲਈ। ਖੂਹ ਵੀ ਉਸਦੇ ਹਿੱਸੇ ਚਲਾ ਗਿਆ। ਉਂਝ ਵੀ ਤਿੰਨ ਕਿਲਿਆਂ ਵਿਚੋਂ ਕੀ ਉਹ ਕਮਾਉਣ ਤੇ ਕੀ ਉਨ੍ਹਾਂ ਨੂੰ ਦੇਣ...। ਵੱਡੇ ਮੀਂਹ ਨਾਲ ਕੋਠਾ ਢਹਿ ਗਿਆ। ਹੇਠ ਆ ਕੇ ਬਲਦ ਨਕਾਰਾ ਹੋ ਗਿਆ। ਆਫ਼ਤ ਤੇ ਆਫ਼ਤ ਆਉਣ ਲੱਗੀ।"[29]

ਕਿਰਸਾਨੀ ਜੀਵਨ ਦੀਆਂ ਉਪਰੋਕਤ ਸਮੱਸਿਆਵਾਂ ਵਿਚ ਰਹਿ ਕੇ ਕਰਤਾਰ ਦਾ ਪਿਉ ਉਸਨੂੰ ਪੜ੍ਹਾਉਂਦਾ ਹੈ ਤਾਂ ਕਿ ਨੌਕਰੀ ਮਿਲ ਜਾਵੇ। ਪਰੰਤੂ ਪਿੰਡ ਦਾ ਸਰਦਾਰ ਉਸਨੂੰ ਬਿਨਾਂ

ਰਿਸ਼ਵਤ ਦੇ ਨੌਕਰੀ ਨਹੀਂ ਦਿਵਾਉਂਦਾ। ਛੋਟੀ ਕਿਰਸਾਨੀ ਦਾ ਪ੍ਰਤੀਨਿਧ ਕਰਤਾਰ ਦਾ ਪਿਉ ਉਸਦੀ ਪ੍ਰਾਪਤੀ ਰਾਹੀਂ ਉਚੇ ਮੁਕਾਮ ਤੇ ਪਹੁੰਚਣ ਦੇ ਸੁਪਨੇ ਦੇਖਦਾ ਹੈ। ਪਰੰਤੂ ਸਮਾਜ ਵਿਚ ਫੈਲੀਆਂ ਬੁਰਾਈਆਂ ਉਸਦੇ ਸੁਪਨਿਆਂ ਨੂੰ ਸਾਕਾਰ ਨਹੀਂ ਹੋਣ ਦਿੰਦੀਆਂ ਜਿਸ ਬਾਰੇ ਡਾ. ਸੁਖਦੇਵ ਸਿੰਘ ਖਾਹਰਾ ਲਿਖਦੇ ਹਨ :

"ਕਰਤਾਰ ਅਤੇ ਉਸਦੇ ਪਿਉ ਦੀ ਵਿਦਿਆ ਦੇ ਮਾਧਿਅਮ ਰਾਹੀਂ ਪਦਾਰਥਕ ਖੁਸ਼ਹਾਲੀ ਨੂੰ ਪ੍ਰਾਪਤ ਕਰਨ ਦੀ ਉਕਤ ਪਰਿਕਲਪਨਾ ਜਦੋਂ ਵਿਵਸਥਾ ਦੀ ਹਕੀਕਤ ਨਾਲ ਟਕਰਾਉਂਦੀ ਹੈ ਤਾਂ ਸਾਰੇ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ। ਵਿਆਪਕ ਪੱਧਰ ਉਪਰ ਫੈਲਿਆ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਬੇਰੁਜ਼ਗਾਰੀ, ਮਿਹਨਤ/ਯੋਗਤਾ/ ਲਿਆਕਤ/ਮੈਰਿਟ ਦੀ ਬੇਕਦਰੀ ਅਤੇ ਖੱਜਲ-ਖੁਆਰੀ ਕਰਤਾਰ ਦੇ ਸੁਪਨਿਆਂ ਦਾ ਭੰਜਨ ਕਰਦੇ ਹਨ।"[30]

ਕਰਤਾਰ ਨੂੰ ਨੌਕਰੀ ਲਈ ਆਪਣੀ ਜ਼ਮੀਨ ਵੀ ਵੇਚਣੀ ਪੈਂਦੀ ਹੈ ਤੇ ਬਾਪ ਵੀ ਨੌਕਰੀ ਤੋਂ ਪਹਿਲਾਂ ਹੀ ਅੱਖਾਂ ਬੰਦ ਕਰ ਲੈਂਦਾ ਹੈ। ਨਾਵਲਕਾਰ ਇਸ ਨਾਵਲ ਵਿਚ ਪੀੜ੍ਹੀ-ਦਰ-ਪੀੜ੍ਹੀ ਸੰਯੁਕਤ ਪਰਿਵਾਰਾਂ ਦੇ ਟੁੱਟਣ ਅਤੇ ਇਕਹਿਰੇ ਪਰਿਵਾਰਾਂ ਦੇ ਬਣਨ ਨਾਲ ਜ਼ਮੀਨ ਦੀ ਮਾਲਕੀ ਦੇ ਲਗਾਤਾਰ ਘਟਦੇ ਜਾਣ ਕਾਰਨ ਉਪਜਣ ਵਾਲੀਆਂ ਸਮੱਸਿਆਵਾਂ, ਕਰਤਾਰ ਦੇ ਪੜ੍ਹਨ-ਲਿਖਣ ਦੇ ਬਾਵਜੂਦ ਵੀ ਨੌਕਰੀ ਨਾ ਮਿਲਣਾ, ਨੌਕਰੀ ਲਈ ਜ਼ਮੀਨ ਵੇਚ ਕੇ ਸਰਦਾਰ ਨੂੰ ਪੈਸੇ ਦੇਣਾ, ਸਰਦਾਰ ਦੀ ਪੈਸਿਆਂ ਨਾਲ ਕੀਤੀ ਹੋਟਲਾਂ ਵਿਚ ਅਯਾਸ਼ੀ ਅਤੇ ਹੋਟਲ ਵਿਚ ਕਰਤਾਰ ਦੇ ਨਾਲ ਪੜ੍ਹਦੀ ਪਰਮਜੀਤ ਦਾ ਮਿਲਣਾ, ਉਸਤੋਂ ਉਸਦੇ ਜਿਸਮ ਫਰੋਸ਼ੀ ਦੇ ਧੰਦੇ ਅਤੇ ਸਰਦਾਰ ਦੁਆਰਾ ਕੀਤੇ ਵਾਅਦੇ ਦਾ ਨਾ ਪੂਰਾ ਕਰਨਾ ਆਦਿ ਪ੍ਰਸਥਿਤੀਆਂ ਦੀ ਕਠੋਰਤਾ ਬਾਰੇ ਪਤਾ ਲਗਦਾ ਹੈ ਤਾਂ ਕਰਤਾਰ ਅਤੇ ਪਰਮਜੀਤ ਅਜਿਹੇ ਹਾਲਤਾਂ ਤੋਂ ਅੱਕ ਕੇ ਵਿਦਰੋਹ ਕਰਨ ਦੀ ਠਾਣ ਲੈਂਦੇ ਹਨ :

"ਮੇਰਾ ਫੈਸਲਾ ਵੀ ਪੱਕਾ, ਹੋਟਲਾਂ ਦੀਆਂ ਵਿਸ਼ਕੀਆਂ ਤੋਂ ਮੈਂ ਅੱਕ ਗਈ ਹਾਂ। ਇਹਨਾਂ ਹੋਟਲਾਂ ਨਾਲੋਂ, ਅਮੀਰਾਂ ਦੀ ਚਾਪ-ਲੂਸੀ ਨਾਲੋਂ ਤਾਂ ਬਹਾਦਰੀ ਤੇ ਆਪਣੇ ਹੱਕਾਂ ਲਈ ਮੌਤ ਜਾਂ ਜੇਲ੍ਹ ਦੀਆਂ ਰੋਟੀਆਂ ਈ ਚੰਗੀਆਂ।... ਮੇਰੇ ਨਾਲ ਤੇ ਕਈ ਮੇਰੇ ਵਰਗੀਆਂ ਹੋਰ ਵੀ ਤਿਆਰ ਨੇ ... ਬਸ ਵੇਖੀਂ ਹੁਣ ਕੀ ਹੁੰਦਾ ?... ਇਹ ਖਾਮੋਸ਼ੀ ਇਕ ਨਵੀਂ ਅੱਗ ਨੂੰ ਜਨਮ ਦੇਵੇਗੀ।"[31]

ਨਾਵਲ ਵਿਚਲਾ ਇਹ ਵੇਰਵਾ ਜਿਥੇ ਵੀਰਾਨ ਹੋ ਚੁੱਕੀ ਜ਼ਿੰਦਗੀ ਦਾ ਪ੍ਰਤਿਬਿੰਬਤ ਪੱਖ ਸਿਰਜਦਾ ਹੋਇਆ ਖੂਬਸੂਰਤ ਜ਼ਿੰਦਗੀ ਜਿਉਣ ਦੀ ਤਾਂਘ ਨੂੰ ਰੂਪਮਾਨ ਕਰਦਾ ਹੈ ਉਥੇ ਨਾਵਲਕਾਰ ਦੀ ਵਿਦਰੋਹ ਵਾਲੀ ਵਿਚਾਰਧਾਰਾ ਵੀ ਦਿਖਾਈ ਦਿੰਦੀ ਹੈ। ਜਿਸ ਦਾ ਸਪੱਸ਼ਟੀਕਰਨ ਗੁਰਸ਼ਰਨ ਸਿੰਘ ਦੇ ਸ਼ਬਦਾਂ ਰਾਹੀਂ ਵਧੇਰੇ ਹੁੰਦਾ ਹੈ :

"ਇਸ ਨਾਵਲ ਦੇ ਬੀਜ ਬਗਾਵਤ ਦੇ ਬੀਜ ਹਨ ਜੋ ਨੌਜਵਾਨਾਂ ਦੀਆਂ ਛਾਤੀਆਂ ਵਿਚ ਬੀਜੇ ਜਾ ਰਹੇ ਹਨ ਅਤੇ ਜਿਨ੍ਹਾਂ ਨੇ ਇਕ ਦਿਨ ਉਸ ਅੱਗ ਨੂੰ ਜਨਮ ਦੇਣਾ ਹੈ ਜਿਸਨੇ ਇਸ ਨਕਾਰਾ ਸਮਾਜਿਕ ਭਾਈਚਾਰੇ ਨੂੰ ਸਾੜ ਕੇ ਸੁਆਹ ਕਰਨਾ ਹੈ।"[32]

ਸੋ ਨਾਵਲਕਾਰ ਪ੍ਰਗਤੀਵਾਦੀ ਵਿਚਾਰਧਾਰਾ ਰਾਹੀਂ ਇਹ ਦਰਸਾਉਂਦਾ ਹੈ ਕਿ ਪੜ੍ਹਾਈ ਕਰਨਾ ਵੀ ਅਮੀਰਾਂ ਦੇ ਹਿੱਸੇ ਆਉਂਦਾ ਹੈ ਤੇ ਪੈਸੇ ਤੇ ਸਿਫਾਰਸ਼ਾਂ ਲੈ ਕੇ ਨੌਕਰੀਆਂ ਲੈਣ ਦਾ ਹੱਕ ਵੀ ਉਨ੍ਹਾਂ ਕੋਲ ਹੀ ਹੈ। ਮਾੜੀ ਆਰਥਿਕਤਾ ਕੁੜੀਆਂ ਨੂੰ ਕਾਲ ਗਰਲਜ਼ ਬਣਨ

ਲਈ ਮਜ਼ਬੂਰ ਕਰਦੀ ਹੈ। ਘੱਟ ਭੂਮੀ ਵਾਲੇ ਲੋਕ ਜ਼ਮੀਨਾਂ ਵੇਚ ਕੇ ਬਰਬਾਦ ਹੁੰਦੇ ਹਨ ਪਰ ਨੌਕਰੀਆਂ ਨਹੀਂ ਮਿਲਦੀਆਂ। ਸੋ ਅਜਿਹੇ ਹਾਲਾਤਾਂ ਤੋਂ ਸੁਚੇਤ ਨਾਵਲਕਾਰ ਪਾਤਰਾਂ ਨੂੰ ਇਕ-ਮੁੱਠ ਹੋ ਕੇ ਕ੍ਰਾਂਤੀ ਅਤੇ ਵਿਦਰੋਹ ਕਰਨ ਲਈ ਪ੍ਰੇਰਦਾ ਹੈ। ਨਾਵਲਕਾਰ ਦਾ ਮੰਤਵ ਉਹਨਾਂ ਲੱਖਾਂ ਬੇਰੁਜ਼ਗਾਰਾਂ ਨੂੰ ਹੱਕ ਨਾ ਮਿਲਣ ਤੇ ਉਹਨਾਂ ਵਿਚ ਜੋਸ਼ ਭਰਨਾ ਚਾਹੁੰਦਾ ਹੈ ਤਾਂ ਜੋ ਆਪਣੇ ਨਾਲ ਹੋ ਰਹੇ ਅਨਿਆਂ ਵਿਰੁੱਧ ਬਗਾਵਤ ਕਰਨ, ਆਪਣੇ ਹੱਕਾਂ ਦੀਆਂ ਮੰਗਾਂ ਕਰਨ। ਇਸੇ ਵਿਦਰੋਹ ਕਾਰਨ ਹੀ ਅੱਗ ਬਣੇਗੀ ਤੇ ਜਦੋਂ ਅੱਗ ਪ੍ਰਚੰਡ ਹੋਵੇਗੀ ਤਾਂ ਅਨਿਆਂ ਕਰਨ ਵਾਲਿਆਂ ਨੂੰ ਜ਼ਰੂਰ ਸੇਕ ਪਹੁੰਚੇਗਾ।

ਮਿੱਤਰ ਸੈਨ ਮੀਤ ਦੇ ਦੂਸਰੇ ਨਾਵਲ 'ਕਾਫ਼ਲਾ' ਦੀ ਪ੍ਰੇਰਕ ਸ਼ਕਤੀ ਵੀ ਨਕਸਲਵਾਦੀ ਲਹਿਰ ਹੀ ਰਹੀ ਹੈ ਪਰ ਇਸਦਾ ਰਚਨਾ-ਵਸਤੂ ਨਕਸਲਵਾਦੀ ਲਹਿਰ ਦੇ ਸਰੋਕਾਰਾਂ ਤੱਕ ਹੀ ਸੀਮਤ ਨਹੀਂ ਰਹਿੰਦਾ। ਸਗੋਂ ਨਾਵਲਕਾਰ ਆਪਣੀ ਨਾਵਲੀ ਦ੍ਰਿਸ਼ਟੀ ਰਾਹੀਂ ਜਾਗਰੂਕ ਪਾਤਰਾਂ ਨੂੰ ਕ੍ਰਾਂਤੀਕਾਰੀ ਸ਼ਕਤੀ ਦੇ ਪ੍ਰਤੀਕ ਵਜੋਂ ਸਿਰਜਦਾ ਹੈ ਜੋ ਵਾਸਤਵ ਵਿਚ ਭਵਿੱਖ ਬਨਣ ਵਾਲੀਆਂ ਹਨ। 'ਕਾਫ਼ਲਾ' ਨਾਲ 'ਅੱਗ ਦੇ ਬੀਜ' ਤੋਂ ਅਗਲੇਰੀ ਪੜਾਅ ਦੀ ਰਚਨਾ ਹੈ ਜਿਸ ਵਿਚ ਮੱਧ ਵਰਗੀ ਕਿਰਸਾਨੀ ਦੀ ਥਾਂ ਭੂਮੀਹੀਣ ਕਿਰਤੀਆਂ ਦੀ ਜਾਗੀਰਦਾਰਾਂ, ਸਰਦਾਰਾਂ ਅਤੇ ਚੌਧਰੀਆਂ ਹੱਥੋਂ ਹਰ ਪੱਖੋਂ ਹੋ ਰਹੇ ਆਰਥਿਕ, ਸਭਿਆਚਾਰਕ ਤੇ ਜਿਨਸੀ ਸ਼ੋਸ਼ਣ ਦੀ ਪੇਸ਼ਕਾਰੀ ਕਰਦਾ ਹੈ। ਜਿਵੇਂ :

"ਬਥੇਰਾ ਚਿਰ ਅਸੀਂ ਸਰਮਾਏਦਾਰਾਂ ਤੇ ਜਾਗੀਰਦਾਰਾਂ ਦੀਆਂ ਜੁੱਤੀਆਂ ਖਾਧੀਆਂ ਤੇ ਧੀਆਂ ਭੈਣਾਂ ਦੀਆਂ ਇੱਜ਼ਤਾਂ ਲੁਟਾ ਬੈਠੇ, ਸਾਡੀਆਂ ਸੈਂਕੜੇ ਪੀੜ੍ਹੀਆਂ ਨੇ ਹੁਣ ਤੱਕ ਇਹਨਾਂ ਦੀਆਂ ਗੋਗੜਾਂ ਪਾਲੀਆਂ ਤੇ ਹੁਣ ਇਹਨਾਂ ਨੂੰ ਫੇਹਣ ਦਾ ਕੰਮ ਵੀ ਅਸੀਂ ਹੀ ਕਰਨਾ ਹੈ।"[33]

ਨਾਵਲਕਾਰ ਅਜਿਹੇ ਵੇਰਵਿਆਂ ਦੀ ਸਿਰਜਨਾ ਕਰਦਾ ਹੋਇਆ ਜਿਥੇ ਆਪਣੀ ਪ੍ਰਗਤੀਵਾਦੀ ਵਿਚਾਰਧਾਰਾ ਪੇਸ਼ ਕਰਦਾ ਹੈ ਉਥੇ ਪਾਠਕਾਂ ਦੀ ਚੇਤਨਾ ਨੂੰ ਜਗਾਉਂਦਾ ਤੇ ਝੰਜੋੜਦਾ ਹੀ ਨਹੀਂ ਸਗੋਂ ਇਹ ਸੰਕੇਤ ਦਿੰਦਾ ਹੈ ਕਿ ਸਰਮਾਏਦਾਰੀ ਦੇ ਅਤਿਆਚਾਰ ਵਿਰੁੱਧ ਜੰਗ ਜਾਰੀ ਰੱਖਣੀ ਜ਼ਰੂਰੀ ਹੈ। ਇਥੇ ਨਾਵਲਕਾਰ ਨਾਵਲੀ ਦ੍ਰਿਸ਼ਟੀ ਵਿਚ ਵਧੇਰੇ ਪਰਪੱਕਤਾ ਰਾਹੀਂ ਪ੍ਰਗਤੀਵਾਦੀ ਦ੍ਰਿਸ਼ਟੀ ਨੂੰ ਆਧਾਰ ਬਣਾ ਕੇ ਪੀੜ੍ਹਿਤ ਧਿਰਾਂ ਦੇ ਏਕੇ ਤੇ ਸੰਘਰਸ਼ ਰਾਹੀਂ ਇਨਕਲਾਬ ਲਿਆਉਣ ਦਾ ਯਤਨ ਕਰਦਾ ਹੈ। ਇਸ ਦੀ ਕੇਂਦਰੀ ਪਾਤਰ ਕਰਤਾਰੋ ਨਾਵਲਕਾਰ ਦੀ ਇਸ ਵਿਚਾਰਧਾਰਾ ਨਾਲ ਜੁੜੇ ਪੱਖ ਨੂੰ ਵਧੇਰੇ ਸਪੱਸ਼ਟ ਕਰਦੀ ਹੈ। ਜਿਸ ਬਾਰੇ ਡਾ. ਸੁਖਦੇਵ ਸਿੰਘ ਖਾਹਰਾ ਲਿਖਦੇ ਹਨ :

"ਕਾਫ਼ਲਾ ਨਾਵਲ ਦੇ ਕੇਂਦਰ ਵਿਚ ਭੂਮੀਹੀਣ ਕਿਰਤੀ ਇਸਤਰੀ ਪਾਤਰ ਕਰਤਾਰੋ ਦਾ ਕਿਰਦਾਰ ਰਚਨਾ ਦਾ ਦ੍ਰਿਸ਼ਟੀਕੋਣ ਬਣਕੇ ਉਭਰਦਾ ਹੈ। ਉਹ ਜਾਗੀਰਦਾਰ, ਸਰਦਾਰਾਂ ਅਤੇ ਚੌਧਰੀਆਂ ਹੱਥੋਂ ਕਿਰਤੀਆਂ ਅਤੇ ਮੁਜਾਰਿਆਂ ਦੇ ਬਹੁ ਪੱਧਰੇ ਆਰਥਿਕ-ਸਭਿਆਚਾਰਕ ਤੇ ਜਿਨਸੀ ਸ਼ੋਸ਼ਣ ਦੇ ਗੁੰਝਲਦਾਰ ਤਾਣੇ ਵਿਚ ਘਿਰੀ ਇਕ ਬੁਲੰਦ ਕਿਰਦਾਰ ਵਜੋਂ ਆਪਣਾ ਨਾਵਲੀ ਸਫ਼ਰ ਆਰੰਭ ਕਰਦੀ ਹੈ।"[34]

ਸੋ ਨਾਵਲਕਾਰ ਨੇ ਜਾਗੀਰਦਾਰਾਂ, ਸਰਦਾਰਾਂ ਅਤੇ ਚੌਧਰੀਆਂ ਵੱਲੋਂ ਨਿਮਨ ਵਰਗ ਤੇ ਕੀਤੇ ਜਾਂਦੇ ਸ਼ੋਸ਼ਣ ਨੂੰ ਜਿਸ ਕਲਾਤਮਕ ਕੁਸ਼ਲਤਾ ਨਾਲ ਰੂਪਮਾਨ ਕੀਤਾ ਹੈ, ਉਸ ਰਾਹੀਂ ਨੌਜਵਾਨ ਪਾਤਰਾਂ ਦੁਆਰਾ ਆਰਥਿਕ-ਰਾਜਨੀਤਿਕ ਸਰੋਕਾਰਾਂ ਵਾਲੀ ਕ੍ਰਾਂਤੀਕਾਰੀ

ਲਹਿਰ ਦਾ ਪ੍ਰਵੇਸ਼ ਵੀ ਹੁੰਦਾ ਹੈ।

ਡਾ. ਸਰਬਜੀਤ ਅਨੁਸਾਰ, "ਨਾਵਲਕਾਰ ਦੀ ਰਚਨਾ ਦ੍ਰਿਸ਼ਟੀ ਵਿਚੋਂ ਸਿਰਜੇ ਬਿਰਤਾਂਤਕ ਸੰਗਠਨ ਵਿਚੋਂ ਉਭਰਦੀ ਵਿਚਾਰਧਾਰਾ ਹੀ ਸਾਹਿਤਕ ਕਿਰਤ ਦੀ ਵਿਚਾਰਧਾਰਾ ਹੁੰਦੀ ਹੈ, ਭਾਵੇਂ ਕਿ ਵਿਚਾਰਧਾਰਕ ਤੌਰ ਤੇ ਕਿਸੇ ਰਚਨਾ ਦੀ ਵਿਚਾਰਧਾਰਾ ਉਸ ਦੇ ਵਿਸ਼ਾ-ਵਸਤੂ ਦੀ ਚੋਣ, ਘਟਨਾਵਾਂ ਦੀ ਸਿਰਜਨਕਾਰੀ, ਕਲਾਤਮਕ ਮੰਤਵ ਤੱਕ ਫੈਲੀ ਹੁੰਦੀ ਹੈ। ਰਚਨਾਕਾਰ ਦੀ ਵਿਚਾਰਧਾਰਾ ਉਸਦੀ ਕਿਰਤ ਦੇ ਸਮੁੱਚੇ ਪਿੰਡ ਦੇ ਆਰ-ਪਾਰ ਫੈਲੀ ਹੁੰਦੀ ਹੈ।"[35]

ਸੋ 'ਅੱਗ ਦੇ ਬੀਜ' ਨਾਵਲ ਨਾਲੋਂ 'ਕਾਫ਼ਲਾ' ਨਾਵਲ ਵਿਚ ਨਾਵਲਕਾਰ ਦੀ ਨਾਵਲੀ ਦ੍ਰਿਸ਼ਟੀ ਵਿਚ ਵਧੇਰੇ ਪਰਪੱਕਤਾ ਪ੍ਰਤੀਕ ਹੁੰਦੀ ਨਜ਼ਰ ਆਉਂਦੀ ਹੈ। ਜਿਸ ਤਰ੍ਹਾਂ ਲੇਖਕ ਦਾ ਅਨੁਭਵ ਵਧਦਾ ਜਾਂਦਾ ਹੈ ਉਸ ਤਰ੍ਹਾਂ ਉਸ ਦੀ ਦ੍ਰਿਸ਼ਟੀ ਵਿਚ ਵੀ ਪਰਿਵਰਤਨ ਆਉਂਦਾ ਹੈ। ਪ੍ਰਗਤੀਵਾਦੀ ਦ੍ਰਿਸ਼ਟੀਕੋਣ ਨੂੰ ਆਧਾਰ ਬਣਾ ਕੇ ਪੀੜਿਤ ਧਿਰਾਂ ਦੇ ਏਕੇ ਤੇ ਸੰਘਰਸ਼ ਰਾਹੀਂ ਇਨਕਲਾਬ ਲਿਆਉਣ ਦਾ ਯਤਨ ਕਰਦਾ ਹੈ। ਜਿਵੇਂ 'ਕਾਫ਼ਲਾ' ਨਾਵਲ ਦੀ ਇਸਤਰੀ ਪਾਤਰ ਕਰਤਾਰੋ ਕਹਿੰਦੀ ਹੈ :

"ਮੇਰਿਓ ਬਹਾਦਰ ਪੁੱਤਰੋ... ਜਾ ਕੇ ਸਰਦਾਰੜੇ ਦਾ ਜਨਾਜ਼ਾ ਦੇਖੋ...। ਤੁਹਾਡੀਆਂ ਪਾਈਆਂ ਪੈੜਾਂ 'ਚ ਕਾਫ਼ਲਾ ਤੁਰਦਾ ਜਾ ਰਿਹਾ ਹੈ। ਤੁਸੀਂ ਜਿਹੜਾ ਕਾਫ਼ਲਾ ਸਿਰਜਿਆ ਹੈ ਉਹ ਮਾਰੂਥਲ ਨੂੰ ਲਿਤਾੜਦਾ ਮੰਜਿਲ ਵੱਲ ਵਧਦਾ ਜਾਏਗਾ। ਦੋ ਚਾਰ ਜਾਂ ਅੱਠ ਦੱਸ ਦੇ ਵਿਛੜ ਜਾਣ ਨਾਲ ਕਾਰਵਾਂ ਟੁੱਟ ਨਹੀਂ ਜਾਂਦਾ ਇਹ ਤੁਰਦਾ ਰਹੇਗਾ।"[36]

ਸੋ ਨਾਵਲਕਾਰ ਦੇ ਗਲਪ ਦੀ ਇਹ ਵੱਖਰਤਾ ਹੈ ਕਿ ਉਹ ਪਾਤਰਾਂ ਦੇ ਮਾਨਸਿਕ ਦਵੰਦ ਰਾਹੀਂ ਵੀ ਆਪਣੀ ਵਿਚਾਰਧਾਰਾ ਨੂੰ ਰੂਪਮਾਨ ਕਰਦਾ ਹੈ, ਜਿਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਸਰਮਾਏਦਾਰੀ ਜਮਾਤ ਆਰਥਿਕ ਪੱਖੋਂ ਹੀਣੀ ਧਿਰ ਦਾ ਸਦਾਚਾਰਕ ਸ਼ੋਸ਼ਣ ਹੀ ਨਹੀਂ ਕਰਦੀ ਸਗੋਂ ਮਾਨਸਿਕ ਸੰਵੇਦਨਾ ਨੂੰ ਬੁਰੀ ਤਰ੍ਹਾਂ ਕੁਚਲਦੀ ਹੈ। ਨਾਵਲਕਾਰ ਅਜਿਹੀਆਂ ਪਰਸਥਿਤੀਆਂ ਵਿਚੋਂ ਗੁਜਰਦੇ ਪਾਤਰਾਂ ਦੀ ਜ਼ਖਮੀ ਮਾਨਸਿਕਤਾ ਰਾਹੀਂ ਆਪਣੀ ਪ੍ਰਗਤੀਵਾਦੀ ਦ੍ਰਿਸ਼ਟੀ ਦਾ ਪਰਿਚਯ ਵੀ ਦਿੰਦਾ ਹੈ। ਮੀਤ ਦੇ ਮੁੱਢਲੇ ਨਾਵਲਾਂ ਬਾਰੇ ਡਾ. ਸੁਖਦੇਵ ਸਿੰਘ ਖਾਹਰਾ ਲਿਖਦੇ ਹਨ :

"ਮੀਤ ਦੇ ਦੋਵੇਂ ਮੁੱਢਲੇ ਨਾਵਲ ਨਕਸਲਵਾਦੀ ਲਹਿਰ ਦੇ ਪ੍ਰਭਾਵ ਅਧੀਨ ਲਿਖੇ ਗਏ ਹਨ। ਇਸਦਾ ਇਹ ਭਾਵ ਨਹੀਂ ਕਿ ਇਹ ਨਾਵਲ ਕੇਵਲ ਨਕਸਲਵਾਦੀ ਲਹਿਰ ਦਾ ਪ੍ਰਭਾਵ ਮਾਤਰ ਹੀ ਹਨ। ਇਨ੍ਹਾਂ ਦੀ ਰਚਨਾ-ਦ੍ਰਿਸ਼ਟੀ ਦੇ ਸਰੋਤ ਨਾਨਕ ਸਿੰਘ ਦੇ ਵਿਅਕਤੀਵਾਦੀ ਸੁਧਾਰ, ਕੰਵਲ ਦੇ ਰੁਮਾਂਟਿਕ ਪ੍ਰਗਤੀਵਾਦੀ ਅਤੇ ਗੁਰਦਿਆਲ ਸਿੰਘ ਸੀਤਲ ਦੇ ਹਕੀਕਤ ਪਸੰਦੀ ਵਾਲੇ ਰੁਝਾਣਾਂ ਨਾਲ ਵੀ ਜੁੜੇ ਹੋਏ ਨਜ਼ਰ ਆਉਂਦੇ ਹਨ।"[37]

ਉਪਰੋਕਤ ਵੇਰਵਿਆਂ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਮੀਤ ਤੋਂ ਪਹਿਲਾ ਪੰਜਾਬੀ ਨਾਵਲ ਕਈ ਪੜਾਅ ਤਹਿ ਕਰ ਚੁੱਕਿਆ ਹੈ, ਜਿਸ ਵਿਚ ਭਾਈ ਵੀਰ ਸਿੰਘ, ਨਾਨਕ ਸਿੰਘ, ਜਸਵੰਤ ਕੰਵਲ, ਗੁਰਦਿਆਲ ਸਿੰਘ, ਕਰਮਜੀਤ ਕੁੱਸਾ, ਅੰਮ੍ਰਿਤਾ ਪ੍ਰੀਤਮ, ਸੁਰਿੰਦਰ ਸਿੰਘ ਨਰੂਲਾ ਆਦਿ ਨਾਵਲਕਾਰਾਂ ਨੇ ਆਪਣੇ ਵੇਲੇ ਦੇ ਜੀਵਨ ਅਨੁਸਾਰ ਵੱਖ-ਵੱਖ ਵਿਚਾਰਧਰਾਵਾਂ ਰਾਹੀਂ ਆਪਣੇ ਸਮੇਂ ਦੇ ਯਥਾਰਥ ਦੀ ਤਸਵੀਰ ਪੇਸ਼ ਕੀਤੀ ਹੈ। ਜਦਕਿ

ਮਿੱਤਰ ਸੈਨ ਮੀਤ ਦੀ ਵਿਚਾਰਧਾਰਕ ਰਚਨਾ ਦ੍ਰਿਸ਼ਟੀ ਦਾ ਕੇਂਦਰੀ ਸਰੋਕਾਰ ਕਾਨੂੰਨ ਦੀਆਂ ਖ਼ਾਮੀਆਂ ਨੂੰ ਪੇਸ਼ ਕਰਨਾ ਹੈ ਜਿਹੜੀਆਂ ਆਮ ਜਨਤਾ ਨੂੰ ਨਿਆਂ ਦੇਣ ਦੀ ਥਾਂ ਅਨਿਆਂ ਦੇ ਰਹੀਆਂ ਹਨ। ਲੋਕਾਂ ਨਾਲ ਹੋ ਰਹੀ ਬੇਇਨਸਾਫ਼ੀ ਨੂੰ ਦਰਸਾਉਣ ਲਈ ਨਾਵਲਕਾਰ ਨੇ ਆਪਣੇ ਤੋਂ ਪੂਰਬਲੇ ਤੇ ਸਮਕਾਲੀ ਨਾਵਲਕਾਰਾਂ ਦੀਆਂ ਵੱਖ-ਵੱਖ ਵਿਚਾਰਧਰਾਵਾਂ ਨੂੰ ਅਪਣਾਇਆ ਹੈ।

ਮਿੱਤਰ ਸੈਨ ਮੀਤ ਦੇ ਮੁੱਢਲੇ ਨਾਵਲਾਂ ਬਾਰੇ ਨਿਰੰਜਨ ਤਸਨੀਮ ਦੇ ਵਿਚਾਰ ਹਨ, "ਮਿੱਤਰ ਸੈਨ ਮੀਤ ਦੇ 'ਅੱਗ ਦੇ ਬੀਜ' ਵਿਚ ਦਲਨ ਵਾਲੇ ਅਤੇ ਦਲਿਤ ਵਰਗਾਂ ਵਿਚਲੇ ਸੰਘਰਸ਼ ਨੂੰ ਰੂਪਮਾਨ ਕੀਤਾ ਗਿਆ ਹੈ। ਇਹ ਰਚਨਾਵਾਂ ਕਲਾਤਮਕ ਪੱਖ ਤੋਂ ਭਾਵੇਂ ਊਣੀਆਂ ਹੋਣ ਪਰ ਇਨ੍ਹਾਂ ਨੂੰ ਉਪਜਾਉਣ ਵਾਲੀ ਸੁਹਿਰਦਤਾ ਉਤੇ ਕਿਸੇ ਨੂੰ ਸ਼ੱਕ ਨਹੀਂ ਹੋ ਸਕਦਾ। ਇਹ ਗੱਲ ਬਹਿਸ-ਤਲਬ ਹੈ ਕਿ ਕੀ ਕਲਾ ਦਾ ਮੰਤਵ ਜ਼ਿੰਦਗੀ ਦੇ ਸੌਂਦਰਯਮਈ ਪੱਖ ਨੂੰ ਦਰਸਾਉਣਾ ਹੀ ਹੈ ਜਾਂ ਜ਼ਿੰਦਗੀ ਵਿਚ ਹੋ ਰਹੇ ਰਾਜਨੀਤਿਕ ਅਤੇ ਆਰਥਿਕ ਸੰਘਰਸ਼ ਨੂੰ ਪ੍ਰਗਟ ਕਰਨਾ ਵੀ ਹੈ। ਸੇਖ ਸਾਅਦੀ ਲਿਖਦੇ ਹਨ ਕਿ "ਦਮਿਸ਼ਕ ਵਿਚ ਜਦੋਂ ਕਾਲ ਪਿਆ ਤਾਂ ਲੋਕ ਇਸ਼ਕ ਕਰਨਾ ਭੁੱਲ ਗਏ। ਸ਼ਾਇਦ ਇਸੇ ਤਰ੍ਹਾਂ ਦੀ ਹਾਲਤ ਨਾਲ ਅੱਜ ਦਾ ਲੇਖਕ ਦੋ ਚਾਰ ਹੈ। ਜ਼ਰੂਰਤ ਸਾਅਦੀ ਵਾਂਗ ਗੱਲ ਕਹਿਣ ਦੀ ਹੈ ਜ਼ਜਬਾਤੀ ਹੋਣ ਦੀ ਨਹੀਂ।"[38]

ਉਪਰੋਕਤ ਟਿੱਪਣੀ ਦੇ ਸੰਦਰਭ ਵਿਚ ਨਾਵਲਕਾਰ ਬਾਰੇ ਕਿਹਾ ਜਾ ਸਕਦਾ ਹੈ ਕਿ ਆਪਣੇ ਮੁੱਢਲੇ ਨਾਵਲਾਂ ਦੀ ਕਲਾ ਪੱਖ ਦੀ ਕਮੀ ਨੂੰ ਆਪਣੇ ਗੱਲ ਕਹਿਣ ਦੇ ਢੰਗ ਰਾਹੀਂ ਪੂਰੀ ਕਰ ਰਿਹਾ ਹੈ ਕਿਉਂਕਿ ਉਹ ਉਸ ਸਮੇਂ ਦੀਆਂ ਪ੍ਰਮੁੱਖ ਸਮੱਸਿਆਵਾਂ ਨੂੰ ਆਪਣੀ ਪ੍ਰਗਤੀਵਾਦੀ ਵਿਚਾਰਧਾਰਾ ਅਨੁਸਾਰ ਰੂਪਮਾਨ ਕਰਦਾ ਕਿਤੇ ਵੀ ਜ਼ਜਬਾਤੀ ਨਹੀਂ ਹੁੰਦਾ। ਮੁੱਢਲੇ ਨਾਵਲ ਦਾ ਵਸਤੂਗਤ ਅਧਿਐਨ ਉਸਨੂੰ ਪ੍ਰਤੱਖ ਤੌਰ ਤੇ ਪ੍ਰਗਤੀਵਾਦੀ ਮਾਨਵਵਾਦੀ ਗਲਪ ਦ੍ਰਿਸ਼ਟੀ ਨਾਲ ਪ੍ਰਤਿਬੱਧ ਨਾਵਲਕਾਰ ਪਰਿਮਾਣ ਕਰਦਾ ਹੈ। ਪ੍ਰਗਤੀਸ਼ੀਲਤਾ ਦਾ ਬਿਬੇਕ ਉਸਦੀ ਗਲਪ ਦ੍ਰਿਸ਼ਟੀ ਦਾ ਵਿਚਾਰਧਰਾਈ ਪਰਿਪੇਖ ਹੈ। ਉਸਦਾ ਮੁੱਢਲਾ ਨਾਵਲ ਜਗਤ ਮਾਰਕਸਵਾਦੀ ਸਾਹਿਤ-ਚਿੰਤਨ ਦੇ 'ਸ਼ੋਸਕ' ਅਤੇ 'ਸ਼ੋਸ਼ਿਤ' ਦੇ ਸੰਕਲਪ ਨੂੰ ਸਿਧਾਂਤਕ ਅਤੇ ਵਿਵਹਾਰਕ ਪੱਧਰ ਉਤੇ ਸਫ਼ਲਤਾ ਪੂਰਵਕ ਪ੍ਰਕਾਸ਼ਮਾਨ ਕਰਦਾ ਹੈ।

## (ਹ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਯਥਾਰਥਵਾਦੀ ਵਿਚਾਰਧਾਰਾ

ਹਰ ਲੇਖਕ ਦਾ ਆਪਣਾ ਇਕ ਦ੍ਰਿਸ਼ਟੀਕੋਣ ਹੁੰਦਾ ਹੈ ਜੋ ਉਸਨੂੰ ਆਪਣੇ ਚੌਗਿਰਦੇ ਚੋਂ ਪ੍ਰਾਪਤ ਹੁੰਦਾ ਹੈ, ਜਿਸ ਨੂੰ ਆਧਾਰ ਬਣਾ ਕੇ ਲੇਖਕ ਆਪਣੀ ਸਾਹਿਤਕ ਰਚਨਾ ਦੀ ਉਸਾਰੀ ਕਰਦਾ ਹੈ। ਇਹ ਦ੍ਰਿਸ਼ਟੀਕੋਣ ਧਾਰਮਿਕ, ਰਾਜਨੀਤਿਕ, ਰੁਮਾਂਟਿਕ, ਆਦਰਸ਼ਵਾਦੀ, ਯਥਾਰਥਵਾਦੀ ਤੇ ਸਮਾਜਵਾਦੀ ਹੋ ਸਕਦਾ ਹੈ।

ਮੀਤ ਦੀ ਵਿਚਾਰਧਾਰਾ ਨੂੰ ਯਥਾਰਥਵਾਦੀ ਮੰਨਿਆ ਜਾ ਸਕਦਾ ਹੈ ਕਿਉਂਕਿ ਆਧੁਨਿਕ ਸਾਹਿਤ ਵਿਚ ਯਥਾਰਥਵਾਦ ਇਕ ਪ੍ਰਮੁੱਖ ਵਿਚਾਰਧਾਰਾ ਹੈ। ਯਥਾਰਥਵਾਦ ਵਿਚ ਜੀਵਨ ਦੀ ਹਕੀਕਤ ਨੂੰ ਪੇਸ਼ ਕੀਤਾ ਜਾਂਦਾ ਹੈ।

ਯਥਾਰਥਵਾਦੀ ਨਾਵਲਕਾਰ ਦਾ ਦ੍ਰਿਸ਼ਟੀਕੋਣ ਵੀ ਆਪਣੇ ਸਮਾਜਿਕ ਅਨੁਭਵ ਵਿਚੋਂ

ਅਨੇਕਾਂ ਘਟਨਾਵਾਂ ਨੂੰ ਯਥਾਰਥ ਪੱਧਰ ਤੇ ਪੇਸ਼ ਕਰਨਾ ਹੁੰਦਾ ਹੈ।

"ਯਥਾਰਥਵਾਦੀ ਨਾਵਲਕਾਰ ਦੀ ਦ੍ਰਿਸ਼ਟੀ ਉਸਾਰੂ ਤੇ ਅਗਰਗਾਮੀ ਹੁੰਦੀ ਹੈ। ਇਸ ਦਾ ਮੁੱਖ ਆਸ਼ਾ ਜੀਵਨ ਦੀ ਵਾਸਤਵਿਕਤਾ ਚਿਤਰ ਕੇ ਘਟਨਾਵਾਂ ਤੇ ਪਾਤਰਾਂ ਦਾ ਯਥਾਰਥ ਪੇਸ਼ ਕਰਨਾ ਹੁੰਦਾ ਹੈ। ਯਥਾਰਥਵਾਦੀ ਨਾਵਲਕਾਰ ਸਮਾਜਿਕ ਸਥਿਤੀਆਂ ਦਾ ਅਧਿਐਨ ਕਰਦਾ ਹੈ ਅਤੇ ਇਨ੍ਹਾਂ ਨੂੰ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਉਂਦਾ ਹੈ।"[39]

ਸੋ ਮਿੱਤਰ ਸੈਨ ਮੀਤ ਨੇ ਵੀ ਆਪਣੇ ਨਾਵਲਾਂ ਵਿਚ ਕੇਵਲ ਕਾਨੂੰਨ ਨਾਲ ਸੰਬੰਧਿਤ ਹੀ ਨਹੀਂ ਸਗੋਂ ਸਮੁੱਚੇ ਸਮਾਜ ਦੀ ਵਾਸਤਵਿਕ ਤਸਵੀਰ ਰੂਪਮਾਨ ਕੀਤੀ ਹੈ। ਨਾਵਲ ਹੀ ਇਕ ਅਜਿਹਾ ਰੂਪ ਹੈ ਜੋ ਜੀਵਨ ਦੀ ਵਾਸਤਵਿਕਤਾ ਨੂੰ ਵਿਸਥਾਰ ਵਿਚ ਰੂਪਮਾਨ ਕਰਦਾ ਹੈ, ਜਿਸ ਤਰ੍ਹਾਂ :

"ਯਾਦ ਰਹੇ ਕਿ ਸਮਾਜਿਕ ਕੋੜ ਤੇ ਸੜਾਂਦ ਦੇ ਚਟਖਾਰੇ-ਭਰੇ ਬਿਆਨ ਰਾਹੀਂ ਬੀਮਾਰ ਮਨਾਂ ਨੂੰ ਆਨੰਦਿਤ ਕਰਨ ਵਾਲੇ ਨਾਵਲ ਯਥਾਰਥਵਾਦੀ ਨਹੀਂ। ਨਾ ਮਨੁੱਖੀ ਮਨ 'ਚ ਉਠਣ ਵਾਲੀਆਂ ਕਰੁਚੀਆਂ, ਕੁਬਿਰਤੀਆਂ, ਮਨੋਵੇਗਾਂ ਦਾ ਕਾਲਪਨਿਕ ਬਿਆਨ ਹੀ ਯਥਾਰਥਵਾਦੀ ਨਾਵਲ ਹੈ ਨਾ ਅਜੋਕੇ ਮਨੁੱਖ ਦੀ ਮਾਯੂਸੀ, ਨਿਰਾਸ਼ਾ, ਭਾਣਾ, ਡੋਲਪਨ ਦਿਖਾ ਕੇ ਉਹਨੂੰ ਆਪਣੇ ਆਲੇ-ਦੁਆਲੇ ਤੋਂ ਹਾਰ ਮਨਾਉਣ ਵਾਲਾ ਨਾਵਲ ਹੀ ਯਥਾਰਥਵਾਦੀ ਹੈ। ਸਗੋਂ ਆਪਣੇ ਕਾਰਨਾਮਿਆਂ ਅਤੇ ਮੁਸ਼ਕਲਾਂ ਦੀ ਜਟਿਲਤਾ ਵਿਚ ਆਪਣੇ ਆਤਮਕ ਰੂਪਾਂ, ਆਪਣੀਆਂ ਸੰਭਾਵਨਾਵਾਂ ਸਿਰਜਣ ਲਈ ਆਪਣੀ ਦ੍ਰਿੜ੍ਹਤਾ ਦੀ ਭਰਪੂਰਤਾ ਤੇ ਜਟਿਲਤਾ ਵਿਚ ਘਿਰਿਆ ਮਨੁੱਖ ਦਿਖਾਉਣਾ ਯਥਾਰਥਵਾਦੀ ਸਾਹਿਤ ਦਾ ਸੱਚਾ ਵਿਸ਼ਾ ਹੈ। ਆਪਣੇ ਆਪ ਨੂੰ ਕੈਦਾਂ, ਬੇਇਨਸਾਫ਼ੀਆਂ ਅਤੇ ਲੁੱਟ-ਖਸੁੱਟ ਤੋਂ ਮੁਕਤ ਕਰਵਾ ਰਿਹਾ ਮਨੁੱਖ ਦਿਖਾਉਣਾ ਤਾਂ ਜੋ ਉਹ ਅਸਲ ਜੀਵਨ ਪ੍ਰਾਪਤ ਕਰ ਲਵੇ - ਇਹ ਹੈ ਉਹ ਨਾਇਕ ਜੋ ਭਵਿੱਖ ਦਾ ਮਾਲਕ ਹੈ।"[40]

ਉਪਰੋਕਤ ਟਿੱਪਣੀ ਨਾਵਲਕਾਰ ਮੀਤ ਦੇ ਨਾਵਲਾਂ ਤੇ ਪੂਰੀ ਤਰ੍ਹਾਂ ਢੁਕਦੀ ਹੈ ਕਿਉਂਕਿ ਉਸ ਨੇ ਆਪਣੇ ਸਮੁੱਚੇ ਨਾਵਲਾਂ ਵਿਚ ਬੋਦੀਆਂ ਹੋ ਚੁੱਕੀਆਂ ਕੁਰੀਤੀਆਂ ਨੂੰ ਰੂਪਮਾਨ ਕਰਨ ਦੀ ਬਜਾਏ ਅਜੋਕੇ ਮਨੁੱਖੀ ਜੀਵਨ ਦੀ ਜਟਿਲਤਾ ਨੂੰ ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਤੇ ਸਭਿਆਚਾਰ ਨੂੰ ਹਰ ਪਹਿਲੂ ਤੋਂ ਵਿਚਾਰਦੇ ਹੋਏ ਆਪਣੇ ਨਾਵਲਾਂ ਨੂੰ ਯਥਾਰਥਵਾਦੀ ਰੂਪ ਦਿੱਤਾ ਹੈ।

'ਤਫ਼ਤੀਸ਼' ਨਾਵਲ ਰਾਹੀਂ ਨਾਵਲਕਾਰ ਨੇ ਪੁਲਿਸ ਪ੍ਰਬੰਧ ਦੀ ਵਿਸਤ੍ਰਿਤ ਤੇ ਡੂੰਘੇਰੀ ਪੇਸ਼ਕਾਰੀ ਰਾਹੀਂ ਅਜੋਕੇ ਸਮਾਜ ਦੇ ਮੁੱਖ ਸਰੋਕਾਰਾਂ ਜਿਸ ਵਿਚ ਪ੍ਰਬੰਧਕੀ ਢਾਂਚੇ, ਨਿਆਂਪਾਲਿਕਾ, ਰਾਜਨੀਤੀ ਤੇ ਸਮਾਜਿਕ ਜੀਵਨ ਦੀਆਂ ਹੋਰ ਤੰਦਾਂ ਨੂੰ ਇਸ ਤਰ੍ਹਾਂ ਮੂਰਤੀਮਾਨ ਕੀਤਾ ਹੈ ਕਿ ਸਮਾਜਿਕ ਵਿਵਸਥਾ ਦੇ ਸੰਦਰਭ ਵਿਚ ਵੱਖ-ਵੱਖ ਵਿਚਾਰਧਾਰਾਵਾਂ ਰਾਹੀਂ ਜ਼ੁਰਮਾਂ ਦੀ ਜਮਾਤੀ ਖ਼ਾਸੀਅਤ ਉਜਾਗਰ ਹੁੰਦੀ ਹੈ। ਜਿਵੇਂ :

"ਮੁਖਤਿਆਰ ਨੂੰ ਆਪਣੇ ਅੱਖੜ ਸੁਭਾਅ ਅਤੇ ਮੰਦ ਅਕਲ ਤੇ ਘ੍ਰਿਣਾ ਹੋ ਰਹੀ ਸੀ। ਉਸਨੂੰ ਚੰਗਾ ਭਲਾ ਪਤਾ ਸੀ, ਹਲਕੇ ਵਿਚ ਚਾਰ ਵਜ਼ੀਰ ਘੁੰਮ ਰਹੇ ਹਨ। ਪਹਿਲਾਂ ਵਾਲੀ ਗੱਲ ਥੋੜਾ ਸੀ ਕਿ ਕੋਈ ਪੁੱਛਣ ਵਾਲਾ ਨਹੀਂ ਸੀ... ਭਾਵੇਂ ਤੀਹਾਂ ਦਾ ਪੁਰਾਣਾ ਸਾਈਕਲ, ਵਜੀਰ ਸਾਹਿਬ ਝੱਟ ਅਰਜ਼ੀ ਤੇ ਦਸਖ਼ਤ ਕਰਕੇ ਆਈ.ਜੀ. ਨੂੰ ਦਿੱਤੇ ਹਨ।"[41]

ਉਕਤ ਵੇਰਵੇ ਰਾਹੀਂ ਰਾਜਨੀਤੀ ਦੀ ਅਸਲੀਅਤ, ਮੁਖਤਿਆਰ ਪਾਤਰ ਦੀ ਮਾਨਸਿਕਤਾ, ਪੁਲਿਸ ਵਿਚ ਮੁਨਸ਼ੀ ਤੋਂ ਲੈ ਕੇ ਵੱਡੇ ਤੋਂ ਵੱਡੇ ਅਫ਼ਸਰਾਂ ਦੁਆਰਾ ਰਿਸ਼ਵਤ ਨਾ ਪ੍ਰਾਪਤ ਹੋਣ ਦੇ ਆਸਾਰ ਅਤੇ ਦੂਜੇ ਪਾਸੇ ਛੋਟੀ ਤੋਂ ਛੋਟੀ ਵਸਤ ਗੁੰਮ ਹੋਣ ਤੇ ਲੋਕਾਂ ਦੁਆਰਾ ਮੰਤਰੀਆਂ ਤੋਂ ਸਿਫਾਰਸ਼ ਕਰਵਾਉਣ ਦੇ ਯਥਾਰਥ ਨੂੰ ਬਿਆਨ ਕਰਦਾ ਹੈ।

ਹੈਰੀ ਲੈਵਿਨ ਅਨੁਸਾਰ :

"ਯਥਾਰਥਵਾਦੀ ਸਾਹਿਤਕਾਰ ਆਦਰਸ਼ਵਾਦ ਦੇ ਭੁਲਾਵੇ ਤੋਂ ਪੂਰੀ ਤਰ੍ਹਾਂ ਮੁਕਤ ਹੈ ਅਤੇ ਹਰ ਪ੍ਰਕਾਰ ਦੇ ਭੁਲਾਂਦਰਿਆਂ ਦੀ ਵਿਧੀਗਤ ਰੂਪ ਵਿਚ ਨਿਰਖ-ਪਰਖ ਕਰਨਾ ਅਤੇ ਉਹਨਾਂ ਨੂੰ ਨੰਗਾ ਕਰਨਾ ਉਸਦੀ ਸਿਰਜਣਾਤਮਕ ਵਿਧੀ ਦਾ ਮੁੱਖ ਲੱਛਣ ਹੈ।"[42]

ਸੋ ਯਥਾਰਥਵਾਦੀ ਸਾਹਿਤ ਕਲਿਆਣਕਾਰੀ ਹੁੰਦਾ ਹੈ। ਜੋ ਸਾਹਿਤਕਾਰ ਯਥਾਰਥ ਦੇ ਜਿੰਨਾ ਨੇੜੇ ਹੋਵੇਗਾ ਉਨੀ ਹੀ ਵਧੀਆ ਉਸ ਦੀ ਰਚਨਾ ਹੋਵੇਗੀ ਤੇ ਯਥਾਰਥਵਾਦੀ ਤਸਵੀਰ ਰੂਪਮਾਨ ਕਰੇਗੀ। ਜਿਵੇਂ :

"ਵੱਡੇ ਜਥੇਦਾਰ ਤਾਂ ਵੱਡੇ ਅਫ਼ਸਰਾਂ ਦੀਆਂ ਕਾਰਾਂ ਵਿਚ ਬੈਠ ਕੇ ਵੱਡੇ ਕੰਮਾਂ ਲਈ ਚੰਡੀਗੜ੍ਹ ਨੂੰ ਤੁਰੇ ਰਹਿੰਦੇ ਹਨ।... ਅੱਜਕਲ ਕਾਰਾਂ ਹਾਜ਼ਿਰ ਹਨ ਰਹਿਣ ਲਈ ਹੋਟਲ, ਠੰਢੇ ਠਾਰ ਕਮਰੇ, ਚਿੱਟੀਆਂ ਦੁੱਧ ਵਰਗੀਆਂ ਚਾਦਰਾਂ ਤੇ ਲਾਲ-ਲਾਲ ਵਰਦੀਆਂ ਵਾਲੇ ਸੇਵਾਦਾਰ। ਜੀ ਹਜ਼ੂਰ, ਜੀ ਹਜ਼ੂਰ ਸੁਣਦਿਆਂ ਇਉਂ ਲਗਦੈ ਜਿਵੇਂ ਮਹਾਰਾਜਾ ਪਟਿਆਲਾ ਦੇ ਕੁੜਮ ਹੋਈਏ।"[43]

ਇਹਨਾਂ ਵੇਰਵਿਆਂ ਰਾਹੀਂ ਨਾਵਲਕਾਰ ਵਰਤਮਾਨ ਰਾਜਨੀਤੀ ਦੇ ਸਰੋਕਾਰਾਂ ਨੂੰ ਭਲੀ ਭਾਂਤ ਸਪੱਸ਼ਟ ਕਰਦਾ ਹੋਇਆ ਇਹ ਦਰਸਾਉਂਦਾ ਹੈ ਕਿ ਅਜੋਕੇ ਸਮੇਂ ਦੀ ਰਾਜਨੀਤੀ ਸਿਰਫ਼ ਪੈਸੇ ਤੇ ਐਸ਼ ਦੀ ਰਹਿ ਗਈ ਹੈ। ਜੋ ਸਮਾਜ ਦਾ ਸੁਧਾਰ ਕਰਨ ਦੀ ਬਜਾਇ ਨਿਘਾਰ ਵੱਲ ਲੈ ਕੇ ਜਾ ਰਹੀ ਹੈ।

ਇਸ ਪਦਾਰਥਵਾਦੀ ਯੁੱਗ ਦਾ ਹਰ ਵਿਅਕਤੀ ਵਧੀਆ ਰਹਿਣ-ਸਹਿਣ ਅਪਣਾਉਣ ਲਈ ਪੈਸੇ ਕਮਾਉਣ ਦੀ ਦੌੜ ਵਿਚ ਸ਼ਾਮਿਲ ਹੈ। ਹਰ ਤਰ੍ਹਾਂ ਦੀ ਮੰਗ ਪੂਰੀ ਕਰਨ ਲਈ ਮਿਹਨਤ ਨਾਲ ਪੈਸਾ ਕਮਾਉਣਾ ਔਖਾ ਹੋ ਗਿਆ। ਇਸ ਲਈ ਛੋਟੇ ਤੋਂ ਲੈ ਕੇ ਵੱਡੇ ਅਫ਼ਸਰ ਬੇਈਮਾਨੀ ਵਾਲੇ ਢੰਗ ਨਾਲ ਪੈਸਾ ਕਮਾਉਣ ਲਈ ਮਜ਼ਬੂਰ ਹਨ। ਜਿਸ ਤਰ੍ਹਾਂ ਬਘੇਲ ਸਿੰਘ ਸੋਚਦਾ ਹੈ :

"ਛੋਟੀ ਭੈਣ ਜਣੇਪਾ ਕਰਨ ਆਈ ਹੋਈ ਹੈ। ਪਹਿਲਾ ਬੱਚਾ ਹੈ ਜੇ ਮੁੰਡਾ ਹੋ ਗਿਆ ਤਾਂ ਚਾਰ ਪੰਜ ਹਜ਼ਾਰ ਦਾ ਖਰਚ ਮਾਮੂਲੀ ਗੱਲ ਹੈ। ਕੁੜੀ ਦੇ ਸੌਹਰੇ ਤਾਂ ਹਰ ਰੋਜ ਸੱਥ 'ਚ ਖੜ ਕੇ ਲਲਕਾਰੇ ਮਾਰਦੇ ਹਨ। ਉਨ੍ਹਾਂ ਦਾ ਰਿਸ਼ਤੇਦਾਰ ਥਾਣੇਦਾਰ ਹੈ। ਕੁੜੀ ਦੀ ਇੱਜ਼ਤ ਰੱਖਣ ਲਈ ਕੋਈ ਤਾਂ ਹੂਲਾ ਫੱਕਣਾ ਹੀ ਪੈਂਦਾ ਹੈ।"[44]

ਆਮ ਮੱਧ ਵਰਗੀ ਆਦਮੀ ਦੀਆਂ ਜ਼ਰੂਰਤਾਂ ਬਹੁਤ ਹਨ, ਜਿਨਾਂ ਵਿਚ ਉਸਦੀ ਅਫ਼ਸਰਸ਼ਾਹੀ ਵੀ ਸ਼ਾਮਿਲ ਹੈ ਜਿਸ ਨੂੰ ਬਰਕਰਾਰ ਰੱਖਣ ਲਈ ਅਨੇਕਾਂ ਰਸਤੇ ਅਪਣਾਏ ਜਾਂਦੇ ਹਨ। 'ਤਫ਼ਤੀਸ਼' ਨਾਵਲ ਵਿਚ ਪੁਲਿਸ ਕਰਮਚਾਰੀ ਤਿਉਹਾਰਾਂ ਦੇ ਦਿਨਾਂ ਵਿਚ ਅਤੇ ਆਪਣੇ ਰਿਸ਼ਤੇ ਨਾਤਿਆਂ ਵਿਚ ਆਪਣੀ ਇੱਜ਼ਤ ਰੱਖਣ ਲਈ ਆਮ ਲੋਕਾਂ ਦੇ ਗਲ ਕੱਟਦੇ ਹਨ।

ਨਾਵਲਕਾਰ ਆਪਣੇ ਨਿੱਜੀ ਅਨੁਭਵ ਰਾਹੀਂ ਅਣਦਿਸਦੀਆਂ ਘਪਲੇਬਾਜ਼ੀਆਂ ਨੂੰ ਪਾਠਕਾਂ ਸਾਹਮਣੇ ਦ੍ਰਿਸ਼ਟਮਾਨ ਕਰਦਾ ਹੋਇਆ ਆਪਣੀ ਸੁਧਾਰਵਾਦੀ ਵਿਚਾਰਧਾਰਾ ਤੋਂ ਟੁੱਟਦਾ ਨਹੀਂ ਸਗੋਂ ਹਰੇਕ ਵਿਅੰਗ ਕੇਵਲ ਦਿਖਾਉਣ ਲਈ ਨਹੀਂ ਸਗੋਂ ਉਸਨੂੰ ਸੁਧਾਰਨ ਲਈ ਕਰਦਾ ਹੈ :

"ਨਾ ਤਫ਼ਤੀਸ਼ ਦੌਰਾਨ ਸੱਚ ਝੂਠ ਦਾ ਨਿਤਾਰਾ ਹੁੰਦਾ ਹੈ, ਨਾ ਮੁਕੱਦਮੇ ਦੀ ਸੁਣਵਾਈ ਦੌਰਾਨ। ਅਦਾਲਤ ਵਿਚ ਗਵਾਹਾਂ ਅਤੇ ਵਕੀਲਾਂ ਦੀ ਚਤੁਰਾਈ ਅਤੇ ਬੌਧਿਕਤਾ ਦਾ ਮੁਕਾਬਲਾ ਹੁੰਦਾ ਹੈ। ਜਿਹੜੀ ਧਿਰ ਵੱਧ ਚੁਸਤ ਹੁੰਦੀ ਹੈ, ਉਹ ਜਿੱਤ ਜਾਂਦੀ ਹੈ। ਇਨਸਾਫ਼ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ।"[45]

ਉਪਰੋਕਤ ਟਿੱਪਣੀਆਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਉਸ ਦੇ ਸਮੁੱਚੇ ਨਾਵਲ ਜਗਤ ਦੀ ਵਿਸ਼ੇਸ਼ਤਾ ਇਹ ਬਣਦੀ ਹੈ ਕਿ ਇਸ ਦੇ ਵਿਅੰਗਭਾਵੀ ਗਲਪ ਦੀ ਵਿਧੀ ਪੇਸ਼ਕਾਰੀ ਤੋਂ ਬਿਨਾਂ ਜੁਰਅਤ ਅਤੇ ਸਾਹਸ ਦੀ ਡੂੰਘੀ ਸੋਝੀ ਨਾਲ ਜੁੜਦੀ ਹੈ।

ਸਮੁੱਚੇ ਤੌਰ ਤੇ ਮੀਤ ਦੀ ਯਥਾਰਥਵਾਦੀ ਗਲਪ ਦ੍ਰਿਸ਼ਟੀ ਬਾਰੇ ਇਹ ਸਿੱਟਾ ਨਿਕਲਦਾ ਹੈ ਕਿ ਜਿਥੇ ਉਸ ਦੇ ਮੁੱਢਲੇ ਨਾਵਲਾਂ ਵਿਚ ਯਥਾਰਥਵਾਦ ਰੂਪਮਾਨ ਹੋਇਆ ਹੈ ਉਥੇ ਉਸ ਦੇ ਪਿਛਲੇ ਨਾਵਲਾਂ ਵਿਚ ਕਾਨੂੰਨ ਦੀ ਪੇਸ਼ਕਾਰੀ ਦੇ ਨਾਲ-ਨਾਲ ਸਮੁੱਚੇ ਜੀਵਨ ਦੀਆਂ ਤੰਦਾਂ ਵੀ ਹਰੇਕ ਪਹਿਲੂ ਤੋਂ ਯਥਾਰਥਵਾਦੀ ਰੂਪ ਵਿਚ ਰੂਪਮਾਨ ਹੁੰਦੀਆਂ ਹਨ।

## (ਕ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਸਮਾਜਵਾਦੀ ਵਿਚਾਰਧਾਰਾ

ਮਿੱਤਰ ਸੈਨ ਮੀਤ ਦੇ ਨਾਵਲ ਜਗਤ ਦੀ ਮੂਲ ਵਿਸ਼ੇਸ਼ਤਾ ਇਸ ਗੱਲ ਤੇ ਆਧਾਰਿਤ ਹੈ ਕਿ ਉਹ ਆਪਣੇ ਨਾਵਲ ਜਗਤ ਦਾ ਆਧਾਰ ਸਮਾਜਿਕ ਖੇਤਰ ਨੂੰ ਬਣਾਉਂਦਾ ਹੈ ਤੇ ਇਸੇ ਸਮਾਜ ਨਾਲ ਜੁੜੀਆਂ ਸਮੱਸਿਆਵਾਂ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਉਂਦਾ ਹੈ। ਨਾਵਲਕਾਰ ਦੀ ਸਮਾਜਵਾਦੀ ਵਿਚਾਰਧਾਰਾ ਨੂੰ ਜਾਣਨ ਤੋਂ ਪਹਿਲਾਂ ਸਮਾਜਵਾਦ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ।

ਟੈਰੀ ਈਗਲਟਨ ਮਾਰਕਸ ਦੇ ਨੀਂਹ ਤੇ ਉਸਾਰ ਲਈ ਆਪਣਾ ਵਿਚਾਰ ਇਸ ਤਰ੍ਹਾਂ ਪੇਸ਼ ਕਰਦਾ ਹੈ :

ਸਮਾਜਿਕ ਪੈਦਾਵਾਰੀ ਜ਼ਰੂਰਤਾਂ ਅਨੁਸਾਰ ਮਨੁੱਖ ਹਮੇਸ਼ਾ ਉਹਨਾਂ ਰਿਸ਼ਤਿਆਂ ਵਿਚ ਗੰਢੇ ਜਾਂਦੇ ਹਨ ਜਿਹੜੇ ਉਹਨਾਂ ਦੀਆਂ ਪਦਾਰਥਕ ਲੋੜਾਂ ਦੇ ਅਨੁਕੂਲ ਹੁੰਦੇ ਹਨ। ਇਹਨਾਂ ਪੈਦਾਵਾਰੀ ਰਿਸ਼ਤਿਆਂ ਦਾ ਸਮੁੱਚਾ ਜੋੜ ਸਮਾਜ ਦਾ ਆਰਥਿਕ ਢਾਂਚਾ ਬਣਾਉਂਦਾ ਹੈ, ਜੋ ਸਮਾਜ ਦੀ ਅਸਲੀ ਬੁਨਿਆਦ ਜਾਂ ਨੀਂਹ ਹੁੰਦਾ ਹੈ ਜਿਸ ਉਤੇ ਕਾਨੂੰਨ ਤੇ ਰਾਜਨੀਤਿਕ ਉਸਾਰ ਖੜਾ ਹੁੰਦਾ ਹੈ ਅਤੇ ਜਿਸਦੇ ਅਨੁਸਾਰ ਹੀ ਸਮਾਜਿਕ ਚੇਤਨਾ ਦੇ ਨਿਸ਼ਚਿਤ ਰੂਪ ਹੋਂਦ ਵਿਚ ਆਉਂਦੇ ਹਨ। ਪਦਾਰਥਕ ਜੀਵਨ ਦੀ ਪੈਦਾਵਾਰੀ ਵਿਧੀ ਸਮਾਜਿਕ, ਰਾਜਨੀਤਿਕ ਤੇ ਬੌਧਿਕ ਜੀਵਨ ਪ੍ਰਕਿਰਿਆ ਨੂੰ ਆਮ ਤੌਰ ਤੇ ਆਪਣੇ ਅਨੁਕੂਲ ਬਣਾਉਂਦੀ ਹੈ। ਮਨੁੱਖਾਂ ਦੀ ਚੇਤਨਾ ਉਹਨਾਂ ਦੀ ਸਮਾਜਿਕ ਹੋਂਦ ਨੂੰ ਨਿਸ਼ਚਿਤ ਨਹੀਂ ਕਰਦੀ ਸਗੋਂ ਇਸ ਦੇ ਉਲਟ ਉਹਨਾਂ ਦੀ ਸਮਾਜਿਕ ਹੋਂਦ ਉਹਨਾਂ ਦੀ ਚੇਤਨਾ ਨੂੰ ਨਿਸ਼ਚਿਤ ਕਰਦੀ ਹੈ।[46]

ਉਪਰੋਕਤ ਟਿੱਪਣੀ ਤਹਿਤ ਕਿਹਾ ਜਾ ਸਕਦਾ ਹੈ ਕਿ ਸਮਾਜਵਾਦੀ ਵਿਚਾਰਧਾਰਾ ਰੱਖਣ ਵਾਲਾ ਲੇਖਕ ਆਮ ਲੋਕਾਂ ਵਿਚ ਸਮਾਜਿਕ ਚੇਤਨਾ ਪੈਦਾ ਕਰਨ ਲਈ ਆਪਣੀਆਂ ਰਚਨਾਵਾਂ ਵਿਚ ਸਮਾਜ ਦੇ ਸਾਰੇ ਵਰਤਾਰਿਆਂ ਨੂੰ ਸੁਧਾਰਵਾਦੀ ਨਜ਼ਰੀਏ ਤੋਂ ਪੇਸ਼ ਕਰਦਾ ਹੈ।

ਮਿੱਤਰ ਸੈਨ ਮੀਤ ਦੇ ਨਾਵਲ ਜਗਤ ਦੀ ਪ੍ਰਾਪਤੀ ਇਹ ਨਹੀਂ ਕਿ ਇਸ ਵਿਚ ਉਹ ਅਫ਼ਸਰਸ਼ਾਹੀ ਜਾਂ ਨਿਆਂਪਾਲਿਕਾ ਦੇ ਅਸਲ ਕਿਰਦਾਰ ਨੂੰ ਚੰਗਾ ਬਣਾਉਣ ਤੱਕ ਸੀਮਤ ਰਹਿੰਦਾ ਹੈ ਸਗੋਂ ਉਸ ਦੀ ਪ੍ਰਾਪਤੀ ਇਹ ਹੈ ਕਿ ਉਹ ਮਾਨਵਵਾਦੀ ਵਿਚਾਰਧਾਰਾ ਤਹਿਤ ਨਿਆਂ-ਪ੍ਰਣਾਲੀ ਨਾਲ ਜੁੜੇ ਹਰ ਵਰਗ ਅਤੇ ਹਰ ਅਹੁਦੇਦਾਰ ਨੂੰ ਕਟਹਿਰੇ ਵਿਚ ਲਿਆ ਖੜ੍ਹਾ ਕਰਦਾ ਹੈ। ਜਿਸ ਨੂੰ ਡਾ. ਹਰਿਭਜਨ ਸਿੰਘ ਭਾਟੀਆ ਦੀ ਧਾਰਨਾ ਰਾਹੀਂ ਸਮਝਿਆ ਜਾ ਸਕਦਾ ਹੈ :

"ਨਾਵਲ ਦਾ ਥੀਮ-ਪ੍ਰਬੰਧ ਵਿਚ ਇੱਛਿਤ ਵਸਤੂ ਇਨਸਾਫ਼ ਪ੍ਰਾਪਤੀ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਇਨਸਾਫ਼ ਉਹ ਧਿਰ ਮੰਗ ਰਹੀ ਹੈ ਜੋ ਅਸਲੋਂ ਨਿਰਦੋਸ਼ ਹੈ। ਜਿਸਨੂੰ ਜਾਣ ਬੁੱਝ ਕੇ ਝੂਠੇ ਕੇਸ ਵਿਚ ਅੜੰਗਿਆ ਹੈ। ਅਗਲਾ ਵਿਅੰਗ ਇਹ ਹੈ ਕਿ ਇਨਸਾਫ਼ ਉਸ ਧਿਰ ਨੇ ਦੇਣਾ ਹੈ ਜਿਹੜੀ ਭ੍ਰਿਸ਼ਟ ਤੇ ਚਰਿੱਤਰਹੀਣ ਹੈ।"[47]

ਉਪਰੋਕਤ ਵਿਚਾਰਧਾਰਾ ਦੇ ਪਰਿਪੇਖ ਵਿਚ ਕਿਹਾ ਜਾ ਸਕਦਾ ਹੈ ਕਿ 'ਕਟਹਿਰਾ' ਨਾਵਲ ਵਸਤੂ ਵਿਸ਼ਲੇਸ਼ਣ ਪੱਖੋਂ ਦਿਸਦੇ ਨਿਆਂ-ਪ੍ਰਬੰਧਾਂ ਦਾ ਨਕਸ਼ਾ ਹੀ ਪੇਸ਼ ਨਹੀਂ ਕਰਦਾ ਸਗੋਂ ਅਣਦਿਸਦੀ ਘਪਲੇਬਾਜ਼ੀ, ਮੁਨਾਫ਼ਾਖੋਰੀ, ਸਾਜਿਸ਼ਾਂ ਉਪਰ ਉਸਰੇ ਪ੍ਰਬੰਧ ਦੇ ਤਾਣੇ-ਪੇਟੇ ਨੂੰ ਵੀ ਦ੍ਰਿਸ਼ਟਮਾਨ ਕਰਦਾ ਹੈ।

"ਪੁਲਿਸ ਨੂੰ ਨੱਥ ਪਾਉਣ ਲਈ ਸਮੁੱਚਾ ਹੰਭਲਾ ਮਾਰਿਆ ਜਾਵੇਗਾ। ਹਰ ਪਿੰਡ ਦੀ ਇਕਾਈ ਸੁਚੇਤ ਰਹੇਗੀ। ਕਿਸੇ ਵੀ ਸਿਪਾਹੀ ਹੌਲਦਾਰ ਨੂੰ ਪਿੰਡ ਵਿਚ ਪੁੱਠਾ-ਸਿੱਧਾ ਕੰਮ ਨਹੀਂ ਕਰਨ ਦਿੱਤਾ ਜਾਵੇਗਾ। ਕੋਈ ਕਰੇ ਤਾਂ ਪਹਿਲਾਂ ਪਿੰਡ ਵਿਚ ਉਸਦਾ ਜਲੂਸ ਕੱਢਿਆ ਜਾਵੇਗਾ।"[48]

ਇਸ ਵਾਰਤਾਲਾਪ ਤੋਂ ਜ਼ਾਹਿਰ ਹੈ ਕਿ ਲੇਖਕ ਆਪਣੀ ਜੁਝਾਰੂ ਵਿਚਾਰਧਾਰਾ ਅਨੁਸਾਰ ਭਾਰਤੀ ਨਿਆਂ-ਪ੍ਰਣਾਲੀ ਦੇ ਭ੍ਰਿਸ਼ਟਾਚਾਰੀ ਖਲਨਾਇਕਾਂ ਦੁਆਰਾ ਇਨਸਾਫ਼ ਵਿਚ ਬੇਇਨਸਾਫ਼ੀ ਦੀ ਅਸਲੀਅਤ ਨੂੰ ਦਰਸਾਉਣ ਲਈ ਨਾਵਲ ਵਿਚ ਅਨੇਕਾਂ ਗਲਪ-ਬਿੰਬਾਂ ਰਾਹੀਂ ਅਜੋਕੇ ਸਿਸਟਮ ਦੇ ਖਿਲਾਫ਼ ਪਾਠਕ ਦੀ ਮਾਨਸਿਕਤਾ ਨਾਲ ਸੰਵਾਦ ਰਚਾਉਂਦਾ ਹੋਇਆ ਸਮਾਜਵਾਦੀ ਵਿਚਾਰਧਾਰਾ ਅਧੀਨ ਭ੍ਰਿਸ਼ਟਾਚਾਰ ਦੇ ਵਿਰੁੱਧ ਇਕ ਸਮਾਜਿਕ ਅਤੇ ਰਾਜਨੀਤਿਕ ਚੇਤਨਾ ਪੈਦਾ ਕਰਦਾ ਹੈ।

## (ਖ) ਮਿੱਤਰ ਸੈਨ ਮੀਤ ਦੇ ਨਾਵਲਾਂ ਦੀ ਮਾਨਵਵਾਦੀ ਵਿਚਾਰਧਾਰਾ

ਮਾਨਵਵਾਦ (Humanism) ਸ਼ਬਦ ਦੋ ਸ਼ਬਦਾਂ ਮਾਨਵ+ਵਾਦ (Human+ism) ਦੇ ਮੇਲ ਤੋਂ ਬਣਿਆ ਹੈ। ਇਸ ਸ਼ਬਦ ਦਾ ਅਰਥ ਇਸ ਦੀ ਮਾਨਵੀ ਭਾਵਨਾ ਤੋਂ ਹੋਂਦ ਵਿਚ ਆਇਆ ਹੈ ਕਿ ਮਾਨਵ ਚੰਗੇ ਗੁਣਾਂ ਦਾ ਧਾਰਨੀ ਤੇ ਸਮਾਜ ਵਿਚ ਵਿਚਰਨ ਵਾਲਾ ਸਰਬ-ਸ੍ਰੇਸ਼ਠ ਪ੍ਰਾਣੀ ਹੈ ਜਿਸਨੂੰ ਸੁਤੰਤਰ ਜੀਵਨ ਜਿਉਣ ਦਾ ਅਧਿਕਾਰ ਪ੍ਰਾਪਤ ਹੈ। ਜਦਕਿ 'ਵਾਦ'

(ਯਤਨ) ਕਿਸੇ ਵਿਸ਼ੇਸ਼ ਸਮੇਂ ਵਿਚ ਉਪਜੀ ਲਹਿਰ ਨੂੰ ਕਿਹਾ ਜਾਂਦਾ ਹੈ।

ਸਾਹਿਤਕ ਖੇਤਰ ਵਿਚ ਮਾਰਕਸਵਾਦ, ਪ੍ਰਗਤੀਵਾਦ, ਯਥਾਰਥਵਾਦ ਦੀ ਤਰ੍ਹਾਂ ਮਾਨਵਵਾਦ ਵੀ ਅਜਿਹਾ ਵਾਦ ਹੈ ਜਿਸਨੂੰ ਚਿੰਤਨ ਜਗਤ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ ਅਨੁਸਾਰ :

"ਮਾਨਵਵਾਦ ਜਾਂ ਮਨੁੱਖਵਾਦ ਉਹ ਸਿਧਾਂਤ ਹੈ ਜਿਸ ਅਨੁਸਾਰ ਮਨੁੱਖ ਵਿਚ ਇਕ ਪਾਸੇ ਪਸ਼ੂਪਨ ਤੇ ਦੂਜੇ ਪਾਸੇ ਦੇਵਤਵ ਹੈ, ਪਰ ਦੋਹਾਂ ਦੇ ਵਿਚਕਾਰ ਸੰਤੁਲਨ ਅਵਸਥਾ ਮਨੁੱਖਪਨ ਜਾਂ ਆਦਮੀਅਤ ਹੈ। ਇਹ ਉਸਦੇ ਪਸ਼ੂ ਤੇ ਦੇਵਤੇ ਦੀ ਵਿਚਕਾਰਲੀ ਦਸ਼ਾ ਹੈ ਤੇ ਮਾਨਵਵਾਦ ਨੇ ਇਸੇ ਨੂੰ ਨੈਤਿਕਤਾ, ਕਲਾਤਮਕਤਾ, ਸੁਹਜਵਾਦ ਤਥਾ ਹਰ ਭਾਂਤ ਦੇ ਆਚਾਰ-ਵਿਹਾਰ ਦਾ ਧੁਰਾ ਮੰਨਿਆ ਹੈ।"[49]

ਉਕਤ ਟਿੱਪਣੀ ਦੇ ਸੰਦਰਭ ਵਿਚ ਮਾਨਵਵਾਦ ਅਜਿਹੀ ਵਿਚਾਰਧਾਰਾ ਹੈ ਜਿਸਦੇ ਤਹਿਤ ਮਨੁੱਖ ਦੇ ਚੰਗੇ ਅਤੇ ਬੁਰੇ ਦੋਹਾਂ ਪੱਖਾਂ ਨੂੰ ਸਮਝਿਆ ਜਾਂ ਪਹਿਚਾਣਿਆ ਜਾ ਸਕਦਾ ਹੈ। ਮਾਨਵਵਾਦ ਰਾਹੀਂ ਹੀ ਸਾਹਿਤ ਵਿਚ ਮਾਨਵੀ ਵਿਚਾਰ ਹੋਂਦ ਵਿਚ ਆਏ।

ਇਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ, "ਮਾਨਵਵਾਦ ਇਕ ਅਜਿਹੀ ਮਨੋਬਿਰਤੀ ਹੈ ਜੋ ਮਨੁੱਖ ਅਤੇ ਉਸਦੀਆਂ ਯੋਗਤਾਵਾਂ, ਕਾਰਜਾਂ, ਇੱਛਾਵਾਂ ਅਤੇ ਸਦਭਾਵਨਾਵਾਂ ਨੂੰ ਪ੍ਰਮੁੱਖ ਮਹੱਤਵ ਪ੍ਰਦਾਨ ਕਰਦੀ ਹੈ।"[50]

ਮਾਨਵਵਾਦ ਅਜਿਹੇ ਵਿਚਾਰਾਂ ਦਾ ਸੰਗਠਨ ਹੈ, ਜਿਸ ਵਿਚ ਮਨੁੱਖੀ ਭਾਵਾਂ ਤੇ ਜਜ਼ਬਿਆਂ ਨੂੰ ਵਿਸ਼ੇਸ਼ਤਾ ਦਿੱਤੀ ਗਈ ਹੈ। ਮਾਨਵਵਾਦੀ ਵਿਚਾਰਾਂ ਨੂੰ ਪ੍ਰਮੁੱਖਤਾ ਦਿੰਦੇ ਹੋਏ ਮਨੁੱਖੀ ਜੀਵਨ ਦੇ ਵਿਵਹਾਰ ਦੀ ਵਿਆਖਿਆ ਉਸਦੇ ਪੁੰਨ-ਪਾਪ ਤੋਂ ਉਪਰ ਉਠ ਕੇ ਅੰਤਰ-ਰਾਸ਼ਟਰੀ ਪੱਧਰ 'ਤੇ ਪੂਰੀ ਸੁਹਿਰਦਤਾ ਅਤੇ ਸਹਾਨੁਭੂਤੀ ਨਾਲ ਕਰਦਾ ਹੈ।

ਜਿਥੋਂ ਤੱਕ ਨਾਵਲਕਾਰ ਮਿੱਤਰ ਸੈਨ ਮੀਤ ਦੀ ਮਾਨਵਵਾਦੀ ਵਿਚਾਰਧਾਰਾ ਦਾ ਸਵਾਲ ਹੈ ਤਾਂ ਉਹ ਮਨੁੱਖੀ ਵੇਦਨਾ ਦਾ ਹੀ ਨਹੀਂ ਸਗੋਂ ਮਾਨਵੀ ਸੰਵੇਦਨਾ ਦਾ ਨਾਵਲਕਾਰ ਹੈ। ਉਸਦਾ ਸਮੁੱਚਾ ਨਾਵਲ ਜਗਤ ਇਸ ਦੀ ਪੁਸ਼ਟੀ ਕਰਦਾ ਹੈ ਕਿ ਉਸਨੇ ਮਾਨਵੀ ਜੀਵਨ ਦੀਆਂ ਅਨੇਕਾਂ ਦੁਖਦਾਈ ਘਟਨਾਵਾਂ ਨੂੰ ਵਧੇਰੇ ਨੇੜਤਾ ਤੋਂ ਪੇਸ਼ ਕੀਤਾ ਹੈ। ਕਿਸੇ ਵੀ ਸੰਵੇਦਨਸ਼ੀਲ ਵਿਅਕਤੀ ਦੀ ਪਰਖ ਉਸ ਦੁਆਰਾ ਪੇਸ਼ ਕੀਤੀ ਮਨੁੱਖਤਾ ਦੇ ਦੁਖਾਂਤ ਰਾਹੀਂ ਕੀਤੀ ਜਾ ਸਕਦੀ ਹੈ।

'ਕੌਰਵ ਸਭਾ' ਨਾਵਲ ਦੀ ਵਿਚਾਰਧਾਰਾ ਨੂੰ ਅਨੇਕਾਂ ਘਟਨਾਵਾਂ ਤੇ ਪ੍ਰਸਥਿਤੀਆਂ ਦੇ ਪਰਿਪੇਖ ਰਾਹੀਂ ਸਮਝਿਆ ਜਾ ਸਕਦਾ ਹੈ ਕਿਉਂਕਿ ਘਟਨਾਵਾਂ ਦੇ ਵਸਤੂ ਯਥਾਰਥ ਰਾਹੀਂ ਸਮੁੱਚੇ ਸਿਸਟਮ ਦੇ ਤੱਤਕਾਲੀਨ ਦੁਖਾਂਤ ਨੂੰ ਨਾਵਲਕਾਰ ਨੇ ਆਪਣੀ ਮਾਨਵਵਾਦੀ ਵਿਚਾਰਧਾਰਾ ਅਧੀਨ ਵੇਦ ਪਰਿਵਾਰ ਨਾਲ ਸੰਬੰਧਿਤ ਵਾਰਦਾਤ, ਕਤਲ, ਡਾਕੇ ਤੇ ਬਲਾਤਕਾਰ ਦੇ ਦੋਸ਼ੀਆਂ ਵੱਲੋਂ ਕਾਨੂੰਨ ਨਾਲ ਖਿਲਵਾੜ ਕਰਨ ਸੰਬੰਧੀ ਅਨੇਕਾਂ ਘਟਨਾਵਾਂ ਦੇ ਪਾਸਾਰ ਰਾਹੀਂ ਅਜੋਕੇ ਸਮਾਜ ਵਿਚਲੀਆਂ ਬਹੁਤੀਆਂ ਸੰਸਥਾਵਾਂ ਦੇ ਪੂੰਜੀਵਾਦੀ ਕਿਰਦਾਰਾਂ ਨੂੰ ਮਾਨਵਵਾਦੀ ਵਿਚਾਰਧਾਰਾ ਅਧੀਨ ਰੂਪਮਾਨ ਕਰਦਾ ਹੋਇਆ ਹਰੇਕ ਪੱਖ ਤੋਂ ਮਨੁੱਖ ਦੀ ਦਰਿੰਦਗੀ ਦੇ ਭਿਆਨਕ ਦ੍ਰਿਸ਼ ਪੇਸ਼ ਕਰਦਾ ਹੈ। ਜਿਵੇਂ :

"ਪੂਰੇ ਵੀਹ ਦਿਨ, ਫ਼ਿਲਮਾਂ ਵਿਚ ਹੁੰਦੇ ਬਲਾਤਕਾਰਾਂ ਦੇ ਸੀਨ, ਉਸਦੀਆਂ ਅੱਖਾਂ ਅੱਗੇ ਨੱਚਦੇ ਰਹੇ ਸਨ। ਅਜਿਹੇ ਹਾਦਸਿਆਂ ਬਾਅਦ ਫ਼ਿਲਮੀ ਨਾਇਕਾਵਾਂ ਅਕਸਰ ਮਾਂ ਬਣ ਜਾਂਦੀਆਂ ਸਨ। ਕਿਧਰੇ ਉਹ ਵੀ ਮਾਂ ਤਾਂ ਨਹੀਂ ਬਣ ਗਈ ? ਇਹ ਵਿਚਾਰ ਮਨ ਵਿਚ ਆਉਂਦੇ ਹੀ ਉਸਦੀ ਰੂਹ ਧੁਰ ਅੰਦਰ ਤੱਕ ਕੰਬ ਜਾਂਦੀ ਸੀ। ਉਸ ਸਮੇਂ ਨੇਹਾ ਨੂੰ ਆਪਣੀ ਮਾਂ ਦੀ ਯਾਦ ਸਭ ਤੋਂ ਵੱਧ ਸਤਾਉਂਦੀ ਸੀ। ਜੇ ਨੀਲਮ ਠੀਕ ਹੁੰਦੀ ਨੇਹਾ ਨੂੰ ਇੰਨੀ ਚਿੰਤਾ ਨਾ ਹੁੰਦੀ।"[51]

ਉਕਤ ਵੇਰਵਾ ਇਹ ਦਰਸਾਉਂਦਾ ਹੈ ਕਿ ਨੇਹਾ ਨਾਲ ਹੋਈ ਬਲਾਤਕਾਰ ਦੀ ਘਟਨਾ ਤੋਂ ਬਾਅਦ ਉਸਨੂੰ ਅਨੇਕਾਂ ਅਜਿਹੀਆਂ ਪ੍ਰਸਥਿਤੀਆਂ ਵਿਚੋਂ ਨਿਕਲਣਾ ਪੈਂਦਾ ਹੈ ਜੋ ਉਸਦੀ ਸਮਾਜ ਵੱਲੋਂ ਹੋ ਰਹੀ ਬੇਕਦਰੀ ਨੂੰ ਦਰਸਾਉਂਦੀਆਂ ਹਨ। ਵਾਰਦਾਤ ਵਿਚ ਉਸਦਾ ਭਰਾ ਮਰ ਜਾਂਦਾ ਹੈ, ਮਾਂ ਦਿਮਾਗੀ ਤੌਰ ਤੇ ਠੀਕ ਨਹੀਂ ਹੁੰਦੀ ਜਿਸ ਕਾਰਨ ਨੇਹਾ ਆਪਣਾ ਕੋਈ ਵੀ ਦੁੱਖ ਸਾਂਝਾ ਨਹੀਂ ਕਰ ਸਕਦੀ। ਉਸਦਾ ਪਿਤਾ ਬੈੱਡ ਤੋਂ ਉੱਠ ਨਹੀਂ ਸਕਦਾ, ਬਲਾਤਕਾਰ ਕਾਰਨ ਉਸਦਾ ਪ੍ਰੇਮੀ ਸਾਗਰ ਉਸਨੂੰ ਛੱਡ ਜਾਂਦਾ ਹੈ, ਨੇਹਾ ਦੇ ਸਹਿਯੋਗ ਨਾਲ ਚਲਣ ਵਾਲੀ ਧਾਰਮਿਕ ਸੰਸਥਾ ਉਸਦੇ ਆਉਣ ਤੇ ਇਤਰਾਜ਼ ਕਰਦੀ ਹੈ। ਨੇਹਾ ਵਰਗੇ ਅਨੇਕਾਂ ਪਾਤਰਾਂ ਨੂੰ ਨਾਵਲਕਾਰ ਹਾਲਾਤਾਂ ਤੋਂ ਸਤਾਏ ਹੋਏ ਰੂਪਮਾਨ ਕਰਦਾ ਹੈ। ਜਿਵੇਂ 'ਸੁਧਾਰ-ਘਰ' ਨਾਵਲ ਦੀਆਂ ਕੈਦਣਾਂ ਨੂੰ ਵੇਖਿਆ ਜਾ ਸਕਦਾ ਹੈ।

"ਕਿਸੇ ਦੀ ਪਿੱਠ ਬਾਹਰ ਨੂੰ ਨਿਕਲੀ ਹੋਏਗੀ, ਕਿਸੇ ਦਾ ਢਿੱਡ ਵਧਿਆ ਹੋਏਗਾ। ਕਿਸੇ ਦੇ ਚਿਹਰੇ 'ਤੇ ਛਾਈਆਂ ਹੋਣਗੀਆਂ, ਕਿਸੇ ਦੇ ਕੋਇਆਂ ਵਿਚ ਕਾਲਖ। ਕਿਸੇ... ਦੰਦਾਂ ਤੇ ਜਿਲਬ ਜੰਮੀ ਹੋਏਗੀ।... ਕੋਈ ਪਾਗਲਾਂ ਵਾਂਗ ਰੋਂਦੀ ਹੋਏਗੀ,...ਕੋਈ ਕਤਲ ਹੋਏ ਜਵਾਨ ਪੁੱਤ ਦਾ।"[52]

ਉਪਰੋਕਤ ਵੇਰਵੇ ਸਪੱਸ਼ਟ ਕਰਦੇ ਹਨ ਕਿ ਨਾਵਲਕਾਰ ਨੂੰ ਇਸ ਦੁਖਦਾਈ ਦ੍ਰਿਸ਼ਾਂ ਦਾ ਬਹੁਤ ਨੇੜੇ ਦਾ ਅਨੁਭਵ ਹੈ। ਮੀਤ ਦੀ ਇਹ ਬਿਰਤਾਂਤਕਾਰੀ ਭਾਵੁਕ ਜਾਂ ਉਪਭਾਵੁਕ ਰੁਦਨ ਕਰਨ ਦੀ ਥਾਂ ਡੂੰਘੇਰੇ ਮਾਨਵੀ ਵਿਵੇਕ ਦੀ ਪੱਧਰ ਤੇ ਝੰਜੋੜਦੀ ਅਤੇ ਮਾਨਵਤਾ ਦੇ ਕਦੀਮੀ ਪ੍ਰਾਣਵੰਤ ਹੋਂਦ ਮੂਲਕ ਪਾਸਾਰ ਤੋਂ ਵਾਕਿਫ਼ ਕਰਵਾਉਂਦੀ ਹੈ।

ਉਸਦੀ ਮਾਨਵਵਾਦੀ ਵਿਚਾਰਧਾਰਾ ਨੂੰ ਉਸਦੇ ਪਾਤਰਾਂ ਦੀ ਮਾਨਸਿਕਤਾ ਤੇ ਉਹਨਾਂ ਦੇ ਕਾਰਜ ਰਾਹੀਂ ਵੀ ਸਮਝਿਆ ਜਾ ਸਕਦਾ ਹੈ :

"ਜੇ ਆਪਣਾ ਸਹੀ ਫ਼ਰਜ਼ ਨਿਭਾਉਣਾ ਹੈ ਤਾਂ ਜੇਲ੍ਹ ਦੇ ਆਰੇ ਵਿਚ ਜਾਓ। ਸਾਲਾਂ ਤੋਂ ਭਾਰੇ-ਭਾਰੇ ਸ਼ਤੀਰ ਢੋਂਹਦੇ ਢੋਂਹਦੇ ਮੋਢੇ ਘਸਾ ਚੁੱਕੇ ਕੈਦੀਆਂ ਨੂੰ ਮਿਲੋ। ਉਨ੍ਹਾਂ ਦੀ ਵਿਥਿਆ ਸੁਣੋ। ਦਰੀਆਂ ਖੇਸ ਬੁਣਦੀਆਂ ਬੁੱਢੀਆਂ ਨੂੰ ਮਿਲੋ।... ਲੱਕੜ ਦਾ ਸਾਮਾਨ ਬਣਾਉਣ ਵਾਲੇ ਸ਼ੈੱਡ ਵਿਚ ਜਾਓ। ਆਰੀਆਂ ਰੰਦਿਆਂ ਨਾਲ ਉਂਗਲਾਂ ਛਿਲਾਈ ਬੈਠੇ ਕੈਦੀਆਂ ਦੇ ਜ਼ਖ਼ਮਾਂ 'ਤੇ ਮੱਲਮ ਲਾਓ।"[53]

ਉਕਤ ਵੇਰਵੇ ਜਿਥੇ ਕੈਦੀਆਂ ਦੀ ਹੋ ਰਹੀ ਦੁਰਦਸ਼ਾ ਨੂੰ ਬਿਆਨ ਕਰਦਾ ਹੈ ਉਥੇ ਨਾਵਲਕਾਰ ਆਪਣੀ ਮਾਨਵਵਾਦੀ ਵਿਚਾਰਧਾਰਾ ਅਨੁਸਾਰ ਮਨੁੱਖ ਨਾਲ ਹੋ ਰਹੀ ਬੇਇਨਸਾਫ਼ੀ ਨੂੰ ਖਤਮ ਕਰਨ ਦੀ ਇੱਛਾ ਵੀ ਜ਼ਾਹਿਰ ਕਰਦਾ ਹੈ। ਮਨੁੱਖ ਦੇ ਸੁਧਾਰ ਦੀ ਇੱਛਾ ਰੱਖਦਾ ਹੋਇਆ ਕਾਨੂੰਨ ਨੂੰ ਸੁਧਾਰਨ ਵੱਲ ਵੀ ਇਸ਼ਾਰਾ ਕਰਦਾ ਹੈ।

ਮਨੁੱਖ ਦੇ ਦੁਖਾਂਤ ਦਾ ਸਭ ਤੋਂ ਵੱਡਾ ਕਾਰਨ ਆਧੁਨਿਕ ਪਦਾਰਥਵਾਦੀ ਸੋਚ ਦਾ ਹੋਣਾ ਹੈ। 'ਕੌਰਵ-ਸਭਾ' ਨਾਵਲ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਪੈਸੇ ਕਾਰਨ ਹੀ ਖ਼ੂਨ ਦੇ ਰਿਸ਼ਤਿਆਂ ਵਿਚਲੀ ਖ਼ਤਮ ਹੋ ਰਹੀ ਅਪਣੱਤ ਨੂੰ ਰੂਪਮਾਨ ਕਰਦਾ ਹੈ ਕਿ ਵੈਦ ਪਰਿਵਾਰ ਪਹਿਲਾਂ ਆਪ ਨਜਾਇਜ਼ ਤਰੀਕਿਆਂ ਨਾਲ ਪੈਸਾ ਕਮਾਉਂਦਾ ਹੈ, ਫਿਰ ਮੋਹਨ ਦੇ ਪਰਿਵਾਰ ਨੂੰ ਸ਼ਹਿਰ ਬੁਲਾਉਂਦਾ ਹੈ। ਪੈਸੇ ਕਾਰਨ ਦੋਹਾਂ ਪਰਿਵਾਰਾਂ ਵਿਚ ਮਤਭੇਦ ਪੈਦਾ ਹੁੰਦੇ ਹਨ, ਪੈਸੇ ਦੇ ਕੇ ਭਈਆਂ ਨੂੰ ਖਰੀਦ ਕੇ ਮੋਹਨ ਦੇ ਪੁੱਤਰ ਵੈਦ ਤੇ ਅਜਿਹਾ ਹਮਲਾ ਕਰਵਾਉਂਦੇ ਹਨ ਕਿ ਵੈਦ ਦਾ ਪਰਿਵਾਰ ਖੇਰੂ-ਖੇਰੂ ਹੋ ਜਾਂਦਾ ਹੈ। ਅਜਿਹੀਆਂ ਘਟਨਾਵਾਂ ਜਿਥੇ ਮਨੁੱਖੀ ਤ੍ਰਾਸਦੀ ਨੂੰ ਬਿਆਨ ਕਰਦੀਆਂ ਹਨ ਉਥੇ ਅੱਜ ਦਾ ਮਨੁੱਖ ਨਿੱਜ ਲਈ ਜਿਊਣ ਖ਼ਾਤਰ ਨਜ਼ਦੀਕੀ ਰਿਸ਼ਤਿਆਂ ਦੀ ਕੋਈ ਪ੍ਰਵਾਹ ਨਾ ਕਰਦਾ ਨਜ਼ਰ ਆਉਂਦਾ ਹੈ। ਵੇਦ ਦੇ ਨੇੜੇ ਦੇ ਰਿਸ਼ਤੇਦਾਰ ਦਾ ਜਿਆਦਾ ਝੁਕਾਅ ਪੰਕਜ ਹੋਰਾਂ ਵੱਲ ਹੈ ਕਿਉਂਕਿ ਉਹਨਾਂ ਕੋਲ ਪੈਸਾ ਬਹੁਤ ਹੈ ਤੇ ਪੈਸੇ ਕਾਰਨ ਫੈਸਲਾ ਵੀ ਉਹਨਾਂ ਦੇ ਹੱਕ ਵਿਚ ਹੀ ਹੋਣਾ ਹੈ :

"ਬਹੁਤੇ ਸਾਂਝੇ ਰਿਸ਼ਤੇਦਾਰਾਂ ਦਾ ਝੁਕਾਅ ਝੁਕਦੇ ਪਲੜੇ ਵੱਲ ਸੀ। ਕਦੇ-ਕਦੇ, ਕੋਈ ਕੋਈ ਮਜ਼ਬੂਰੀ ਵੱਸ ਹਸਪਤਾਲ ਆਉਂਦਾ ਸੀ। ਓਪਰਿਆਂ ਵਾਂਗ ਘੜੀ ਦੋ ਘੜੀ ਬੈਠ ਕੇ, ਚੋਰਾਂ ਵਾਂਗ ਵਾਪਸ ਮੁੜ ਜਾਂਦਾ ਸੀ। ਅੰਦਰੋਂ ਰਿਸ਼ਤੇਦਾਰ ਡਰਦਾ ਰਹਿੰਦਾ ਸੀ ਕਿਧਰੇ ਮੋਹਨ ਦੇ ਪਰਿਵਾਰ ਨੂੰ ਉਸਦੇ ਵੇਦ ਪਰਿਵਾਰ ਨਾਲ ਜਾਗੇ ਹੇਜ਼ ਦੀ ਮੁਖ਼ਬਰੀ ਨਾ ਹੋ ਜਾਵੇ। ਕਿਧਰੇ ਉਹ ਉਨ੍ਹਾਂ ਦੇ ਮੂੰਹ ਲਗਨੋ ਨਾ ਰਹਿ ਜਾਵੇ।"[54]

ਸੋ ਵੈਦ ਦੇ ਪਰਿਵਾਰ ਦੇ ਘਰੇ ਪਏ ਡਾਕੇ ਰਾਹੀਂ ਨਾਵਲਕਾਰ ਸਮੁੱਚੇ ਸਿਸਟਮ ਨੂੰ ਇਕ ਪਰਿਵਾਰ ਦੀ ਤਰ੍ਹਾਂ ਪੇਸ਼ ਕਰਦਾ ਹੈ ਜੋ ਪੈਸੇ ਲਈ ਸਾਰੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਦਾਅ ਤੇ ਲਾ ਲੈਂਦਾ ਹੈ। ਜਿਸ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਅੱਜ ਦੇ ਦੌਰ ਵਿਚ ਹੋਈ ਸਾਰੀ ਤਰੱਕੀ ਪਦਾਰਥਕ ਹੀ ਹੈ ਜਦੋਂ ਕਿ ਸਾਡੀ ਮਾਨਸਿਕਤਾ ਲਗਾਤਾਰ ਨਿਵਾਣ ਵੱਲ ਜਾ ਰਹੀ ਹੈ। ਨਾਵਲਕਾਰ ਨੇ ਅਜੋਕੇ ਸਮਾਜਿਕ ਯਥਾਰਥ ਦਾ ਹੋਰ ਪਹਿਲੂ ਇਹ ਪੇਸ਼ ਕੀਤਾ ਹੈ ਕਿ ਅਜੋਕਾ ਮਨੁੱਖ ਦੂਹਰੀ ਜ਼ਿੰਦਗੀ ਜਿਉਂ ਰਿਹਾ ਹੈ ਕਿਉਂਕਿ ਉਹ ਸਮਾਜ ਦੇ ਮੂਲ ਅੰਗਾਂ ਵਿਚ ਐਨੀ ਬੁਰਾਈ ਭਰ ਚੁੱਕਾ ਹੈ ਕਿ ਉਸਨੂੰ ਸਮਾਜ ਨਾਲ ਤੁਰਨ ਲਈ (ਪੈਸੇ ਲਈ) ਆਪਣੇ ਹਰ ਰਿਸ਼ਤੇ ਨੂੰ ਦਾਅ ਤੇ ਲਾਉਣਾ ਪੈ ਰਿਹਾ ਹੈ।

ਮਿੱਤਰ ਸੈਨ ਮੀਤ ਦੀ ਵਿਚਾਰਧਾਰਾ ਦੇ ਪਰਿਪੇਖ ਵਿਚ ਉਸਦੇ ਸਮੁੱਚੇ ਨਾਵਲੀ ਜਗਤ ਦਾ ਅਧਿਐਨ ਕਰਨ ਤੋਂ ਬਾਅਦ ਉਸਦੀ ਦੂਸਰੇ ਨਾਵਲਕਾਰਾਂ ਨਾਲੋਂ ਇਹੀ ਵੱਖਰਤਾ, ਵਿਲੱਖਣਤਾ ਤੇ ਵਿਭਿੰਨਤਾ ਨਜ਼ਰ ਆਉਂਦੀ ਹੈ ਕਿ ਉਹ ਆਪਣੇ ਲੜੀਵਾਰ ਨਾਵਲਾਂ ਰਾਹੀਂ ਸਮੁੱਚੇ ਸਮਾਜ ਦੀ ਤਫ਼ਤੀਸ਼ ਕਰਦਾ ਹੋਇਆ, ਆਪਣੀ ਵਿਚਾਰਧਾਰਾ ਦੀ ਇਕਸੁਰਤਾ ਨਾਲੋਂ ਨਹੀਂ ਟੁੱਟਦਾ। ਇਹ ਵਿਲੱਖਣਤਾ ਉਸਨੂੰ ਦੂਸਰੇ ਨਾਵਲਕਾਰਾਂ ਨਾਲੋਂ ਨਿਖੇੜਦੀ ਹੈ।

ਰੈਲਫ਼ ਫ਼ਾੱਕਸ ਦੇ ਮੱਤ ਅਨੁਸਾਰ, "ਸਾਡੇ ਜ਼ਮਾਨੇ ਵਿਚ ਇਹ ਮਨੁੱਖੀ ਤਰੱਕੀ ਦਾ ਦਰਸ਼ਨ ਹੈ, ਅਜਿਹਾ ਸੰਸਾਰ ਦ੍ਰਿਸ਼ਟੀਕੋਣ ਹੈ, ਜਿਹੜਾ ਸਾਨੂੰ ਜਰਜਰੇ ਹੋ ਚੁੱਕੇ ਕੱਟੜ ਸਿਧਾਂਤਾਂ ਅਤੇ ਰੂੜ੍ਹੀਵਾਦੀ ਜਿਨ੍ਹਾਂ ਨੇ ਆਧੁਨਿਕ ਸੰਸਾਰ ਵਿਚ ਮਨੁੱਖ ਦੀ ਆਤਮਾ ਨੂੰ ਜਕੜਿਆ ਹੈ, ਦੇ ਖਿਲਾਫ਼ ਕਾਮਯਾਬੀ ਨਾਲ ਲੜਨ ਲਈ ਸਮਰੱਥਾ ਬਣਾਉਂਦਾ ਹੈ।"[55]

ਇਸ ਟਿੱਪਣੀ ਦੇ ਸੰਦਰਭ ਵਿਚ ਮੀਤ ਦੀ ਵਿਚਾਰਧਾਰਾ ਦੇ ਪਰਿਪੇਖ ਵਿਚ ਕਿਹਾ ਜਾ ਸਕਦਾ ਹੈ ਕਿ ਉਸਦੇ ਲੜੀਵਾਰ ਨਾਵਲਾਂ ਵਿਚ ਪੂੰਜੀਵਾਦੀ ਸਿਸਟਮ ਖਿਲਾਫ਼ ਪੈਦਾ ਹੋਈਆਂ ਲੋਕ-ਪੱਖੀ ਜਥੇਬੰਦੀਆਂ ਇਹ ਦਰਸਾਉਂਦੀਆਂ ਹਨ ਕਿ ਇਹਨਾਂ ਰਾਹੀਂ ਲੇਖਕ ਸਾਨੂੰ ਸਮੁੱਚੇ ਸਿਸਟਮ ਪ੍ਰਤੀ ਸੁਚੇਤ ਕਰਦਾ ਹੈ, ਨਾਵਲਕਾਰ ਦੀ ਵਿਚਾਰਧਾਰਾ ਆਸ਼ਾਵਾਦੀ ਨਜ਼ਰ ਆਉਂਦੀ ਹੈ, ਉਸਨੂੰ ਆਸ ਹੈ ਕਿ ਲੋਕ ਅਜੋਕੇ ਸਿਸਟਮ ਪ੍ਰਤੀ ਜ਼ਰੂਰ ਜਾਗਰੂਕ ਹੋਣਗੇ, ਤੇ ਹਰ ਇਕ ਨੂੰ ਇਨਸਾਫ਼ ਮਿਲੇਗਾ। ਇਹੀ ਮੀਤ ਦੀ ਸਮਾਜ ਨੂੰ ਦੇਣ ਵੀ ਕਹੀ ਜਾ ਸਕਦੀ ਹੈ ਤੇ ਉਸਦੇ ਨਾਵਲਾਂ ਦੀ ਵੱਡੀ ਖ਼ਾਸੀਅਤ ਵੀ, ਕਿਉਂਕਿ ਉਸਨੇ ਆਪਣੇ ਲੜੀਵਾਰ ਨਾਵਲਾਂ ਦੀ ਬਣਤਰ ਵਿਚ ਆਪਣੀ ਵਿਚਾਰਧਾਰਾ ਨੂੰ ਸਮੂਹਿਕ ਨਾਇਕ ਦੇ ਤੌਰ ਤੇ ਰੂਪਮਾਨ ਕੀਤਾ ਹੈ।

ਸੋ ਅੰਤ ਵਿਚ ਮੀਤ ਦੀ ਵਿਚਾਰਧਾਰਾ ਨੂੰ ਯਥਾਰਥਵਾਦੀ ਮੰਨਿਆ ਜਾ ਸਕਦਾ ਹੈ ਕਿਉਂਕਿ ਆਧੁਨਿਕ ਸਾਹਿਤ ਵਿਚ ਯਥਾਰਥਵਾਦ ਇਕ ਪ੍ਰਮੁੱਖ ਵਿਚਾਰਧਾਰਾ ਹੈ। ਯਥਾਰਥਵਾਦ ਵਿਚ ਜੀਵਨ ਦੀ ਹਕੀਕਤ ਨੂੰ ਪੇਸ਼ ਕੀਤਾ ਜਾਂਦਾ ਹੈ। ਰਘੁਬੀਰ ਸਿੰਘ ਦੇ ਅਨੁਸਾਰ, "ਜਿਸਦਾ ਮੁੱਖ ਉਦੇਸ਼ ਸਾਹਿਤਕਾਰਾਂ ਨੂੰ ਇਹ ਆਦੇਸ਼ ਦੇਣਾ ਹੈ ਕਿ ਉਹ ਆਪਣੀਆਂ ਕਿਰਤਾਂ ਵਿਚ ਜੀਵਨ ਦੀ ਯਥਾਰਥਕਤਾ ਨੂੰ ਅੰਕਿਤ ਕਰਨਾ।"[56]

ਉਪਰੋਕਤ ਟਿੱਪਣੀ ਦੇ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਕਿ ਯਥਾਰਥਵਾਦ ਤੋਂ ਇਹ ਭਾਵ ਨਹੀਂ ਕਿ ਇਹ ਜੀਵਨ ਦੀ ਹੂ-ਬ-ਹੂ ਤਸਵੀਰ ਪੇਸ਼ ਕਰੇ। ਇਸ ਵਿਚ ਜੀਵਨ ਕਿਹੋ ਜਿਹਾ ਹੋ ਸਕਦਾ ਹੈ, ਨੂੰ ਆਦਰਸ਼ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਯਥਾਰਥਵਾਦੀ ਰਚਨਾ ਨੂੰ ਸਾਹਿਤਕਾਰ ਕਲਾਤਮਕ ਸੁਹਜ ਪਾ ਕੇ ਪੇਸ਼ ਕਰਦਾ ਹੈ, ਜਿਸ ਨਾਲ ਰਚਨਾ ਜ਼ਿਆਦਾ ਸੰਜੀਵ ਅਤੇ ਜ਼ਿਆਦਾ ਪ੍ਰਤਿਨਿਧ ਬਣਕੇ ਪੇਸ਼ ਹੁੰਦੀ ਹੈ। ਡਾ. ਟੀ.ਆਰ. ਵਿਨੋਦ ਅਨੁਸਾਰ :

"ਪੰਜਾਬੀ ਨਾਵਲ ਆਰੰਭ ਤੋਂ ਹੀ ਗਤੀਸ਼ੀਲ ਰਿਹਾ ਹੈ। ਇਸ ਦਾ ਵਿਸ਼ਾ ਵਸਤੂ ਸੰਰਚਨਾ ਵਿਧੀ ਅਤੇ ਦ੍ਰਿਸ਼ਟੀ ਹੌਲੀ-ਹੌਲੀ ਬਦਲਦੇ ਰਹੇ ਹਨ। ਇਹ ਤਬਦੀਲੀ ਆਦਰਸ਼ਵਾਦ ਤੇ ਯਥਾਰਥਵਾਦ ਵੱਲ ਝੁਕਾਅ ਰੱਖਦੀ ਹੈ।"[57]

ਉਕਤ ਟਿੱਪਣੀ ਦੇ ਸੰਦਰਭ ਵਿਚ ਮਿੱਤਰ ਸੈਨ ਮੀਤ ਦੇ ਨਾਵਲ ਜਗਤ ਬਾਰੇ ਕਿਹਾ ਜਾ ਸਕਦਾ ਹੈ ਕਿ ਲੇਖਕ ਆਦਰਸ਼ਵਾਦ ਤੋਂ ਹਟ ਕੇ ਯਥਾਰਥਵਾਦੀ ਹੋਣ ਕਰਕੇ ਆਪਣੇ ਨਾਵਲਾਂ ਦੇ ਕਾਰਜ ਦੀ ਵਿਕਾਸਸ਼ੀਲਤਾ ਤੇ ਨਵੀਨਤਾ ਕਰਕੇ ਵਿਲੱਖਣ ਹੈ। ਕਿਉਂਕਿ ਨਾਵਲਕਾਰ ਦੇ ਨਿੱਜੀ ਅਨੁਭਵ ਰਾਹੀਂ ਪੇਸ਼ ਹੋਇਆ ਯਥਾਰਥ ਹਰ ਨਾਵਲ ਵਿਚ ਹਰ ਨਵੀਨ ਵੰਨਗੀ, ਸਮਾਜਿਕ, ਸਭਿਆਚਾਰਕ ਤੇ ਰਾਜਨੀਤਿਕ ਵਰਤਾਰੇ ਦੇ ਫੇਰ ਬਦਲ (ਤਚਲਤਵਜਵਚਵਕ) ਨੂੰ ਬੜੀ ਸਹਿਜਤਾ, ਨਿਸੰਗਤਾ ਨਾਲ ਜੀਵਨ ਦੀ ਹਰੇਕ ਤੰਦ ਨਾਲ ਜੋੜ ਕੇ ਯਥਾਰਥਵਾਦੀ ਵਿਚਾਰਧਾਰਾ ਅਧੀਨ ਰੂਪਮਾਨ ਕਰਦਾ ਹੈ। ਇਸ ਕਥਨ ਨੂੰ ਪ੍ਰਮਾਣਿਕ ਬਣਾਉਣ ਲਈ ਹੈਰੀ ਲੈਵਿਨ ਦੇ ਵਿਚਾਰਾਂ ਨੂੰ ਦੇਖਿਆ ਜਾ ਸਕਦਾ ਹੈ :

"ਯਥਾਰਥਵਾਦੀ ਸਾਹਿਤਕਾਰ ਆਦਰਸ਼ਵਾਦ ਦੇ ਛਲਾਵੇ ਤੋਂ ਪੂਰੀ ਤਰ੍ਹਾਂ ਮੁਕਤ ਹੈ ਅਤੇ ਹਰ ਪ੍ਰਕਾਰ ਦੇ ਭੁਲਾਂਦਰਿਆਂ ਦੀ ਵਿਧੀਵਤ ਰੂਪ ਵਿਚ ਨਿਰਖ-ਪਰਖ ਅਤੇ ਉਨ੍ਹਾਂ ਨੂੰ ਨੰਗਾ ਕਰਨਾ ਉਸਦੀ ਸਿਰਜਣਾਤਮਕ ਵਿਧੀ ਦਾ ਮੁੱਖ ਲੱਛਣ ਹੈ।"[58]

ਸੋ ਯਥਾਰਥਵਾਦੀ ਸਾਹਿਤ ਕਲਿਆਣਕਾਰੀ ਹੁੰਦਾ ਹੈ। ਜੋ ਸਾਹਿਤਕਾਰ ਯਥਾਰਥ ਦੇ ਜਿੰਨਾ ਨੇੜੇ ਹੋਵੇਗਾ ਉਨਾ ਹੀ ਵਧੀਆ ਉਸਦੀ ਰਚਨਾ ਹੋਵੇਗੀ ਤੇ ਯਥਾਰਥਵਾਦੀ ਤਸਵੀਰ ਰੂਪਮਾਨ ਕਰੇਗੀ। ਮਿੱਤਰ ਸੈਨ ਮੀਤ ਅਜਿਹਾ ਹੀ ਨਾਵਲਕਾਰ ਹੈ ਜਿਸਨੇ ਆਪਣੇ ਅਨੁਭਵ ਰਾਹੀਂ ਅਜੋਕੇ ਸਿਸਟਮ ਦੇ ਪ੍ਰਬੰਧ ਨੂੰ ਸੁਧਾਰਨ ਤਹਿਤ ਆਪਣੇ ਨਾਵਲਾਂ ਦੇ ਵਿਸ਼ੇ ਚੁਣੇ ਹਨ। ਜਿਨ੍ਹਾਂ ਨੂੰ ਸਾਰਥਿਕ ਬਣਾਉਣ ਲਈ ਅਜੋਕੇ ਸਮੇਂ ਵਿਚ ਚਲਦੀਆਂ ਭ੍ਰਿਸ਼ਟ ਨੀਤੀਆਂ ਤੋਂ ਪਾਠਕ ਵਰਗ ਨੂੰ ਸੁਚੇਤ ਕਰਨ ਦਾ ਯਤਨ ਕੀਤਾ ਹੈ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਨਾਵਲਕਾਰ ਮਿੱਤਰ ਸੈਨ ਮੀਤ ਨੇ ਪੰਜਾਬੀ ਨਾਵਲ ਦੇ ਮੁੱਢਲੇ ਨਾਵਲਕਾਰ ਭਾਈ ਵੀਰ ਸਿੰਘ ਤੇ ਉਸਦੇ ਸਮਕਾਲੀ ਨਾਵਲਕਾਰਾਂ ਦੀ ਧਾਰਮਿਕ ਸੁਧਾਰਵਾਦ ਵਾਲੀ ਵਿਚਾਰਧਾਰਾ ਤਹਿਤ ਸਮੁੱਚੇ ਨਾਵਲਾਂ ਵਿਚ ਧਰਮ ਦੇ ਖੇਤਰ ਵਿਚ ਆ ਰਹੀਆਂ ਜਾਂ ਆ ਚੁੱਕੀਆਂ ਬੁਰਾਈਆਂ ਨੂੰ ਖ਼ਤਮ ਕਰਨ ਦੇ ਨਾਲ-ਨਾਲ ਨਾਨਕ ਸਿੰਘ ਦੀ ਸਮਾਜ ਸੁਧਾਰਵਾਦ ਤੇ ਮਾਨਵਵਾਦੀ ਵਿਚਾਰਧਾਰਾ ਨੂੰ ਅਪਣਾਉਂਦੇ ਆਪਣੇ ਨਾਵਲਾਂ ਰਾਹੀਂ ਸਮੁੱਚੇ ਸਿਸਟਮ ਵਿਚ ਸੁਧਾਰ ਲਿਆਉਣ ਲਈ ਸਫ਼ਲ ਉਪਰਾਲਾ ਕੀਤਾ ਹੈ। ਇਸੇ ਤਰ੍ਹਾਂ ਪ੍ਰਗਤੀਵਾਦੀ ਵਿਚਾਰਧਾਰਾ ਜੋ ਸੰਸਾਰ ਦੀਆਂ ਵਿਸ਼ੇਸ਼ ਪਰਿਸਥਿਤੀਆਂ ਵਿਚੋਂ ਉਪਜੀ, ਨੂੰ ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ ਅਤੇ ਸੁਰਿੰਦਰ ਸਿੰਘ ਨਰੂਲਾ ਆਦਿ ਪ੍ਰਮੁੱਖ ਨਾਵਲਕਾਰਾਂ ਨੇ ਇਸ ਲਹਿਰ ਤੇ ਵਿਚਾਰਧਾਰਾ ਦੇ ਪ੍ਰਭਾਵ ਨੂੰ ਕਬੂਲਿਆ ਜਿਸਦਾ ਪ੍ਰਭਾਵ ਮੀਤ ਦੇ ਵੱਖ-ਵੱਖ ਨਾਵਲਾਂ ਵਿਚ ਵੱਖ-ਵੱਲ ਰੂਪਾਂ ਰਾਹੀਂ ਰੂਪਮਾਨ ਹੁੰਦਾ ਹੈ। ਜਦੋਂ ਮੀਤ ਦੀ ਯਥਾਰਥਵਾਦੀ ਵਿਚਾਰਧਾਰਾ ਨੂੰ ਵਿਚਾਰਦੇ ਹਾਂ ਤਾਂ ਗੁਰਦਿਆਲ ਸਿੰਘ, ਦਲੀਪ ਕੌਰ ਟਿਵਾਣਾ, ਅੰਮ੍ਰਿਤਾ ਪ੍ਰੀਤਮ ਤੇ ਕਰਮਜੀਤ ਕੁੱਸਾ ਵਰਗੇ ਪ੍ਰਮੁੱਖ ਨਾਵਲਕਾਰਾਂ ਦਾ ਜ਼ਿਕਰ ਕਰਨਾ ਬਣਦਾ ਹੈ ਜਿਨ੍ਹਾਂ ਰਾਹੀਂ ਮੀਤ ਦੀ ਯਥਾਰਥਵਾਦੀ ਵਿਚਾਰਧਾਰਾ ਨੂੰ ਸਮਝਿਆ ਜਾ ਸਕਦਾ ਹੈ।

ਵਿਚਾਰਧਾਰਾ ਦੇ ਤਹਿਤ ਮਿੱਤਰ ਸੈਨ ਮੀਤ ਦੇ ਨਾਵਲਾਂ ਨੂੰ ਵਿਚਾਰਦਿਆਂ ਕਿਹਾ ਜਾ ਸਕਦਾ ਹੈ ਕਿ ਉਸ ਦੇ ਸਮੁੱਚੇ ਨਾਵਲਾਂ ਦੀ ਵਿਚਾਰਧਾਰਾ ਵੱਖਰੀਆਂ-ਵੱਖਰੀਆਂ ਸੰਸਥਾਵਾਂ ਤਹਿਤ ਮਾਨਵਵਾਦੀ, ਯਥਾਰਥਵਾਦੀ, ਸਮਾਜਵਾਦੀ, ਪ੍ਰਗਤੀਵਾਦੀ ਹੋਣ ਦੇ ਬਾਵਜੂਦ ਘਟਨਾਵਾਂ ਤੇ ਪ੍ਰਸਥਿਤੀਆਂ ਦੇ ਅਨੁਸਾਰ ਉਸ ਦੀ ਵਿਚਾਰਧਾਰਾ ਮਾਰਕਸਵਾਦੀ ਨਜ਼ਰ ਆਉਂਦੀ ਹੈ। ਜੇਕਰ ਸਮੁੱਚੇ ਸਾਹਿਤ ਦੇ ਸੰਦਰਭ ਵਿਚ ਦੇਖਿਆ ਜਾਵੇ ਤਾਂ ਮਨੁੱਖੀ ਜ਼ਿੰਦਗੀ ਦਾ ਮੂਲ ਆਧਾਰ ਰੂਹ, ਆਤਮਾ, ਮਨੋਵਿਗਿਆਨ, ਪਦਾਰਥਵਾਦ ਨੂੰ ਮੰਨਿਆ ਜਾਂਦਾ ਹੈ ਪਰੰਤੂ ਆਧੁਨਿਕ ਸਾਹਿਤ ਵਿਚ ਉਪਰੋਕਤ ਚਾਰੇ ਪੱਖਾਂ ਦਾ ਤਾਲਮੇਲ ਸੰਪੂਰਨਤਾ ਸਹਿਤ ਦ੍ਰਿਸ਼ਟਮਾਨ ਨਹੀਂ ਹੁੰਦਾ। ਸਿਰਫ ਮਨੋਵਿਗਿਆਨ ਤੇ ਪਦਾਰਥਵਾਦ ਦੀ ਹੋਂਦ ਤੱਕ ਹੀ ਸੀਮਤ ਹੈ। ਇਸ ਦੇ ਪ੍ਰਸੰਗ ਵਿਚ ਮਿੱਤਰ ਸੈਨ ਮੀਤ ਦੀ ਵਿਚਾਰਧਾਰਾ ਨੂੰ ਪਰਖਿਆ ਜਾ ਸਕਦਾ ਹੈ ਕਿ ਲੇਖਕ ਨਿਰੋਲ ਮਾਰਕਸਵਾਦੀ ਵਿਚਾਰਧਾਰਾ ਅਪਣਾਉਂਦਾ ਹੋਇਆ ਮਨੋਵਿਗਿਆਨ ਤੇ ਪਦਾਰਥਵਾਦ ਤੱਕ ਹੀ ਸੀਮਤ ਰਹਿੰਦਾ ਹੈ। ਉਸ ਦੇ ਸਮੁੱਚੇ ਨਾਵਲਾਂ ਵਿਚ ਦਰਸ਼ਨ, ਧਰਮ, ਸਭਿਆਚਾਰ ਸੰਬੰਧੀ ਲਗਾਤਾਰ ਚੁੱਪ ਛਾਈ ਰਹਿੰਦੀ ਹੈ।

ਉਕਤ ਹੋਈ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ 'ਤਫ਼ਤੀਸ਼', 'ਕਟਹਿਰਾ' ਨਾਵਲਾਂ ਰਾਹੀਂ ਜਿਥੇ ਨਾਵਲਕਾਰ ਦੀ ਵਿਚਾਰਧਾਰਾ ਯਥਾਰਥਵਾਦੀ ਵਿਅੰਗਾਤਮਕ ਨਜ਼ਰ

ਆਉਂਦੀ ਹੈ, ਉਥੇ 'ਕੌਰਵ-ਸਭਾ' ਅਤੇ 'ਸੁਧਾਰ-ਘਰ' ਨਾਵਲਾਂ ਰਾਹੀਂ ਅਜੋਕੇ ਸਮੇਂ ਵਿਚ ਲੋਕਤੰਤਰੀ ਸੰਸਥਾਵਾਂ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਇਕ ਸਮਾਜਿਕ ਬੁਰਾਈ ਦੀ ਤਰ੍ਹਾਂ ਰੂਪਮਾਨ ਕਰਦਾ ਹੈ ਜਿਸ ਨਾਲ ਨਾਵਲਕਾਰ ਦੀ ਪਰਿਪੱਕ ਵਿਚਾਰਧਾਰਾ ਆਲੋਚਨਾਤਮਕ ਯਥਾਰਥਵਾਦੀ ਹੁੰਦੀ ਹੋਈ ਮਾਰਕਸਵਾਦੀ ਸਾਕਾਰ ਹੁੰਦੀ ਹੈ। ਜਿਸ ਤਹਿਤ ਸਮੁੱਚੇ ਨਾਵਲਾਂ ਦੀ ਵਿਚਾਰਧਾਰਾ ਵਰਤਮਾਨ ਪ੍ਰਬੰਧ ਦੀਆਂ ਕੁਰੀਤੀਆਂ ਨੂੰ ਨਕਾਰਨ ਅਤੇ ਸੁਚੱਜੇ ਪ੍ਰਬੰਧ ਦੀ ਸਿਰਜਣਾ ਕਰਨ ਵਾਲੀ ਰਹੀ ਹੈ।

## ਹਵਾਲੇ ਤੇ ਟਿੱਪਣੀਆਂ

1. ਡਾ. ਇੰਦਰਪ੍ਰੀਤ ਕੌਰ, **ਪੰਜਾਬੀ ਨਾਵਲ ਦਾ ਵਿਚਾਰਧਾਰਾਈ ਅਧਿਐਨ**, ਪੰਨਾ 12
2. **Encyclopaedia Britannica**, Vol. 6, p. 241
3. ਗੁਰਚਰਨ ਸਿੰਘ ਅਰਸ਼ੀ, **ਪੰਜਾਬੀ ਸਾਹਿਤ ਦਾ ਵਿਚਾਰਧਾਰਕ ਪਰਿਪੇਖ**, ਪੰਨਾ 28
4. ਡਾ. ਗੁਰਭਗਤ ਸਿੰਘ, **ਪੰਜਾਬੀ ਸਾਹਿਤ ਦਾ ਵਿਚਾਰਧਾਰਕ ਪਰਿਪੇਖ**, ਪੰਨਾ 65
5. ਗੁਰਚਰਨ ਸਿੰਘ ਅਰਸ਼ੀ, **ਪੰਜਾਬੀ ਸਾਹਿਤ ਦਾ ਵਿਚਾਰਧਾਰਕ ਪਰਿਪੇਖ**, ਪੰਨਾ 32
6. ਰਵਿੰਦਰ ਸਿੰਘ ਰਵੀ, **ਵਿਰਸਾ ਤੇ ਵਰਤਮਾਨ**, ਪੰਨਾ 17
7. ਗੁਰਚਰਨ ਸਿੰਘ ਅਰਸ਼ੀ, **ਉਹੀ**, ਪੰਨਾ 199-200
8. **Encyclopaedia Britannica**, Vol. 14, p. 744-745
9. ਗੁਰਮੁਖ ਸਿੰਘ, **ਗੁਰਦਿਆਲ ਸਿੰਘ ਦੇ ਨਾਵਲ 'ਪਰਸਾ' ਦਾ ਵਿਚਾਰਧਾਰਾਈ ਅਤੇ ਬਿਰਤਾਂਤ ਸ਼ਾਸਤਰੀ ਅਧਿਐਨ**, ਅਣ ਪ੍ਰਕਾਸ਼ਿਤ ਖੋਜ ਪ੍ਰਬੰਧ, ਪੰਨਾ 66
10. ਡਾ. ਟੀ.ਆਰ. ਵਿਨੋਦ, **ਸਾਹਿਤ ਤੇ ਚਿੰਤਨ**, ਪੰਨਾ 58
11. ਕਰਮਜੀਤ ਸਿੰਘ, **ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ**, ਪੰਨਾ 32
12. ਡਾ. ਹਿਰਦੇਜੀਤ ਸਿੰਘ ਭੋਗਲ, **ਰਾਮ ਸਰੂਪ ਅਣਖੀ ਦੀ ਨਾਵਲ ਸੰਵੇਦਨਾ**, ਪੰਨਾ 117
13. ਸਤਿਨਾਮ ਸਿੰਘ ਸੰਧੂ, **ਪੰਜਾਬੀ ਗਲਪ ਸਿਰਜਣਾ ਅਤੇ ਸਮੀਖਿਆ**, ਪੰਨਾ 112
14. ਗੁਰਚਰਨ ਸਿੰਘ ਅਰਸ਼ੀ, **ਪੰਜਾਬੀ ਸਾਹਿਤ ਦਾ ਵਿਚਾਰਧਾਰਕ ਪਰਿਪੇਖ**, ਪੰਨਾ 8
15. ਪੰਜਾਬੀ ਮਾਸਿਕ, **ਅਕਸ**, ਪੰਨਾ 28
16. **ਖੋਜ ਪਤ੍ਰਿਕਾ**, ਸਾਹਿਤਵਾਦ ਅੰਕ (ਭਾਗ ਪਹਿਲਾ), ਪੰਨਾ 128
17. ਹਰਿੰਦਰ ਸਿੰਘ ਮਹਿਬੂਬ, **ਸਹਿਜੇ ਰਚਿਓ ਖਾਲਸਾ**, ਪੰਨਾ 763
18. ਰਤਨ ਸਿੰਘ ਜੱਗੀ, **ਸਾਹਿਤ ਅਧਿਐਨ ਵਿਧੀਆਂ**, ਪੰਨਾ 57
19. ਮਿੱਤਰ ਸੈਨ ਮੀਤ, **ਤਫ਼ਤੀਸ਼**, ਪੰਨਾ 331
20. **ਉਹੀ**, ਪੰਨਾ 352
21. ਖੋਜ ਪਤ੍ਰਿਕਾ, **ਸਾਹਿਤਵਾਦ ਅੰਕ** (ਭਾਗ ਪਹਿਲਾ), ਪੰਨਾ 127
22. ਮਿੱਤਰ ਸੈਨ ਮੀਤ, **ਕੌਰਵ-ਸਭਾ**, ਪੰਨਾ 342
23. ਉਹੀ, **ਸੁਧਾਰ-ਘਰ**, ਪੰਨਾ 206
24. ਐੱਮ.ਖਰਾਪਚੈਂਕੋ, **ਲੇਖਕ ਦੀ ਰਚਣਈ ਸ਼ਖ਼ਸੀਅਤ ਅਤੇ ਸਾਹਿਤ ਦਾ ਵਿਕਾਸ**, ਪੰਨਾ 7
25. ਡਾ. ਰਤਨ ਸਿੰਘ ਜੱਗੀ (ਸੰਪਾ.), **ਖੋਜ ਪਤ੍ਰਿਕਾ** (ਅੰਕ 32), ਪੰਨਾ 19
26. ਉਧਰਿਤ ਡਾ. ਦਵਾਰਕਾ ਪ੍ਰਸ਼ਾਦ ਸੀਤਲ, **ਪ੍ਰਗਤੀਵਾਦੀ ਹਿੰਦੀ ਸਾਹਿਤਯ ਮੇਂ ਸੰਵਾਦ**, ਪੰਨਾ 92
27. ਮਿੱਤਰ ਸੈਨ ਮੀਤ, **ਅੱਗ ਦੇ ਬੀਜ**, ਪੰਨਾ 1
28. **ਉਹੀ**, ਪੰਨਾ 1
29. **ਉਹੀ**, ਪੰਨਾ 27
30. ਸੁਖਦੇਵ ਸਿੰਘ ਖਾਹਰਾ, **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 8
31. ਮਿੱਤਰ ਸੈਨ ਮੀਤ, **ਅੱਗ ਦੇ ਬੀਜ**, ਪੰਨਾ 96

32. **ਉਹੀ**, ਪੰਨਾ 1
33. ਮਿੱਤਰ ਸੈਨ ਮੀਤ, **ਕਾਫ਼ਲਾ**, ਪੰਨੇ 116–117
34. ਸੁਖਦੇਵ ਸਿੰਘ ਖਾਹਰਾ (ਸੰਪਾ), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 10
35. ਉਹੀ, **ਕੌਰਵ-ਸਭਾ ਦਾ ਆਲੋਚਨਾਤਮਕ ਵਿਸ਼ਲੇਸ਼ਨ**, ਪੰਨਾ 135
36. ਮਿੱਤਰ ਸੈਨ ਮੀਤ, **ਕਾਫ਼ਲਾ**, ਪੰਨਾ 180
37. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 7
38. ਨਿਰੰਜਨ ਤਸਨੀਮ, **ਪੰਜਾਬੀ ਨਾਵਲ ਦਾ ਸਰਵੇਖਣ ਤੇ ਮੁਲਾਂਕਣ**, ਪੰਨਾ 94
39. ਡਾ. ਸੁਭਾਗ ਸੋਹੀ, **ਪੰਜਾਬੀ ਨਾਵਲ ਵਿਚ ਯਥਾਰਥ ਚਿਤਰਣ**, ਪੰਨਾ 5
40. ਸੁਚਕੋਵ ਬੋਰਿਸ, **ਯਥਾਰਥਵਾਦੀ ਸਾਹਿਤ ਦਾ ਇਤਿਹਾਸ** (ਅਨੁ: ਕਰਮਜੀਤ ਸਿੰਘ), ਪੰਨਾ 388
41. ਮਿੱਤਰ ਸੈਨ ਮੀਤ, **ਤਫ਼ਤੀਸ਼**, ਪੰਨਾ 11
42. ਰਘਬੀਰ ਸਿੰਘ, **ਯਥਾਰਥੀ**, ਪੰਨਾ 21
43. ਮਿੱਤਰ ਸੈਨ ਮੀਤ, **ਤਫ਼ਤੀਸ਼**, ਪੰਨਾ 27
44. **ਉਹੀ**, ਪੰਨਾ 38
45. ਉਹੀ, **ਸੁਧਾਰ-ਘਰ**, ਪੰਨਾ 31
46. ਟੈਰੀ ਈਗਲਟਨ, **ਮਾਰਕਸਵਾਦੀ ਸਾਹਿਤਕ ਆਲੋਚਨਾ**, ਪੰਨਾ 13
47. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 146
48. ਮਿੱਤਰ ਸੈਨ ਮੀਤ, **ਕਟਹਿਰਾ**, ਪੰਨਾ 178
49. ਡਾ. ਰਤਨ ਸਿੰਘ ਜੱਗੀ (ਸੰਪਾ.), **ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ**, ਪੰਨਾ 668
50. Humanism is the Attitude of mind which attaches primary importance to man and to his faculties, affairs, temporal aspirations and well being. **Encyclopaedia Britannica**, Vol. 11, p. 825.
51. ਮਿੱਤਰ ਸੈਨ ਮੀਤ, **ਕੌਰਵ-ਸਭਾ**, ਪੰਨਾ 239
52. ਉਹੀ, **ਸੁਧਾਰ-ਘਰ**, ਪੰਨਾ 243
53. **ਉਹੀ**, ਪੰਨਾ 242
54. ਉਹੀ, **ਕੌਰਵ-ਸਭਾ**, ਪੰਨਾ 62
55. ਰੈਲਫ਼ ਫ਼ਾੱਕਸ, **ਨਾਵਲ ਅਤੇ ਲੋਕ ਜੀਵਨ**, ਪੰਨਾ 95
56. ਕਿਰਪਾਲ ਸਿੰਘ ਕਸੇਲ, **ਪੰਜਾਬੀ ਸਾਹਿਤ ਦਾ ਇਤਿਹਾਸ**, ਪੰਨਾ 34
57. ਡਾ. ਟੀ.ਆਰ. ਵਿਨੋਦ, **ਪੰਜਾਬੀ ਨਾਵਲ ਦਾ ਅਧਿਐਨ**, ਪੰਨਾ 16
58. ਰਘਬੀਰ ਸਿੰਘ ਜੱਗੀ, **ਯਥਾਰਥੀ**, ਪੰਨਾ 21

# ਮਿੱਤਰ ਸੈਨ ਮੀਤ ਦੇ ਨਾਵਲ : ਕਲਾਤਮਕ ਜੁਗਤਾਂ ਦੀਆਂ ਵਿਲੱਖਣਤਾਵਾਂ

ਮਿੱਤਰ ਸੈਨ ਮੀਤ ਦੇ ਨਾਵਲ ਜਗਤ ਦੇ ਵਿਸ਼ਿਆਂ ਨੂੰ ਨਿਭਾਉਣ ਲਈ ਵਰਤੀਆਂ ਗਈਆਂ ਕਲਾਮਈ ਜੁਗਤਾਂ ਬਾਰੇ ਵਿਚਾਰਨ ਤੋਂ ਪਹਿਲਾਂ ਨਾਵਲ ਅਤੇ ਨਾਵਲੀ-ਜੁਗਤਾਂ ਦੀ ਸੰਖੇਪ ਵਿਚ ਵਿਚਾਰ ਚਰਚਾ ਕਰਨੀ ਜ਼ਰੂਰੀ ਹੈ ਕਿਉਂਕਿ ਕਿਸੇ ਰਚਨਾ ਦਾ ਸਿਰਜਨ ਉਸ ਰਚਨਾ ਵਿਚ ਵਰਤੀਆਂ ਕਲਾਮਈ ਜੁਗਤਾਂ ਰਾਹੀਂ ਹੀ ਨੇਪਰੇ ਚੜ੍ਹਦਾ ਹੈ। ਇਸ ਲਈ ਨਾਵਲ ਅਤੇ ਨਾਵਲੀ ਜੁਗਤਾਂ ਦਾ ਅਧਿਐਨ ਕਰਦਿਆਂ ਹੀ ਅਸੀਂ ਉਸਦੀਆਂ ਕਲਾਮਈ ਜੁਗਤਾਂ ਬਾਰੇ ਆਪਣੇ ਸਪੱਸ਼ਟੀਕਰਨ ਨੂੰ ਸਾਰਥਕ ਬਣਾ ਸਕਦੇ ਹਾਂ। ਨਾਵਲ ਆਧੁਨਿਕ ਬਿਰਤਾਂਤ ਦੀ ਯਥਾਰਥਵਾਦੀ ਵਿਧਾ ਹੈ। ਇਸੇ ਸੰਬੰਧ ਵਿਚ ਡਾ. ਰਾਹੀ ਨੇ ਕਿਹਾ ਹੈ, "ਵਿਧਾ ਦੇ ਜ਼ਾਵੀਏ ਤੋਂ ਨਾਵਲ ਇਕ ਲੰਮੀ ਗੱਦ ਕਥਾ ਦੇ ਰੂਪ ਵਿਚ ਯਥਾਰਥ ਦੇ ਚਿਤ੍ਰਣ ਨਾਲ ਸੰਬੰਧਿਤ ਸੰਭਾਵਨਾਵਾਂ ਵਾਲਾ ਰੂਪ ਹੁੰਦਾ ਹੈ।...ਕਲਪਨਾ ਦੀ ਰਚਨਾ ਹੋਣ ਕਰਕੇ ਸਾਹਿਤ ਦੇ ਹੋਰ ਤਮਾਮ ਰੂਪਾਂ ਵਾਂਗ ਨਾਵਲ ਵੀ ਇਕ ਗਾਲਪਨਿਕ ਵਸਤੂ ਹੈ। ਪਰ ਵਾਸਤਵਿਕ ਹਵਾਲਿਆਂ ਦੀ ਕੰਗਰੋੜ ਕਰਕੇ ਯਥਾਰਥ ਹੋਣ ਦਾ ਜੋ ਪ੍ਰਭਾਵ ਨਾਵਲ ਤੋਂ ਮਿਲਦਾ ਹੈ। ਸਾਹਿਤ ਦੇ ਕਿਸੇ ਹੋਰ ਰੂਪ ਤੋਂ ਨਹੀਂ ਮਿਲਦਾ ਹੈ। ਸੁਭਾਵਕ ਹੀ ਹੁਣ ਤੱਕ ਉਪਜੇ ਸਾਹਿਤ ਰੂਪਾਂ ਵਿਚੋਂ ਨਾਵਲ ਨੂੰ ਸਭ ਤੋਂ ਵੱਧ ਯਥਾਰਥਕ ਰੂਪ ਮੰਨਿਆ ਗਿਆ ਹੈ।"[1]

ਉਕਤ ਹਵਾਲੇ ਅਨੁਸਾਰ ਨਾਵਲੀ ਜਗਤ 'ਵਸਤੂ ਜਗਤ' ਨਹੀਂ ਹੁੰਦਾ। ਵਸਤੂ ਜਗਤ ਵਰਗਾ ਹੁੰਦਾ ਹੈ। ਹੋਰ ਸਾਹਿਤਕਾਰਾਂ ਵਾਂਗ ਨਾਵਲਕਾਰ ਵੀ ਵਸਤੂ ਜਗਤ ਦੇ ਅਨੁਭਵ ਤੇ ਆਧਾਰਿਤ ਕਲਪਨਾ ਨਾਲ ਹੀ ਨਾਵਲੀ ਜਗਤ ਦੀ ਸਿਰਜਨਾ ਕਰਦਾ ਹੈ।

"ਵਸਤੂ ਜਗਤ ਵਿਚ ਵੀ, ਜੇ ਗਹੁ ਨਾਲ ਵੇਖੀਏ ਤਾਂ ਵਾਸਤਵਿਕਤਾ ਅਤੇ ਯਥਾਰਥ ਇਕੋ ਚੀਜ਼ ਨਹੀਂ। ਵਾਸਤਵਿਕਤਾ ਤਾਂ ਕੇਵਲ ਦ੍ਰਿਸ਼ਟ ਸਰੀਰਕ ਕਰਮ ਤੱਕ ਸੀਮਤ ਹੋ ਕੇ ਰਹਿ ਜਾਂਦੀ ਹੈ। ਪਰ ਯਥਾਰਥ ਨਾਲ ਭਾਵਨਾ, ਚਿੰਤਨ ਅਤੇ ਲਕਸ਼ ਜੁੜੇ ਹੁੰਦੇ ਹਨ, ਜੋ ਅਦ੍ਰਿਸ਼ਟ ਹੁੰਦੇ ਹਨ। ਵਾਸਤਵਿਕਤਾ, ਯਥਾਰਥ ਵਿਚ ਉਦੋਂ ਪਲਟਦੀ ਹੈ ਜਦੋਂ ਇਸ ਨਾਲ ਕਲਪਨਾ ਤੇ ਅਨੁਭਵ ਜੁੜ ਜਾਂਦੇ ਹਨ।"[2]

ਨਾਵਲ ਦਾ ਤਕਨੀਕੀ ਦ੍ਰਿਸ਼ਟੀ ਤੋਂ ਵਿਕਾਸ ਸਾਹਿਤਕ ਖੇਤਰ ਵਿਚ ਯਥਾਰਥ ਦੀ ਪ੍ਰਵਿਰਤੀ ਦੇ ਪ੍ਰਵੇਸ਼ ਨਾਲ ਸੰਬੰਧਿਤ ਮੰਨਿਆ ਜਾ ਸਕਦਾ ਹੈ ਕਿਉਂਕਿ ਇਹ ਸਾਧਾਰਨ ਮਨੁੱਖ ਦੇ ਨਿਤਾ-ਪ੍ਰਤੀ ਦੇ ਜੀਵਨ ਅਨੁਭਵ ਅਤੇ ਯਥਾਰਥ ਨੂੰ ਸਿਰਜਨ ਦਾ ਮਾਡਲ ਬਣਾਉਂਦਾ ਹੈ। ਡਾ. ਹਰਿਭਜਨ ਅਨੁਸਾਰ, "ਨਾਵਲ ਬਾਕੀ ਦੇ ਸਾਰੇ ਸਾਹਿਤ ਰੂਪਾਂ ਨਾਲੋਂ ਵਿਲੱਖਣ ਹੈ। ਇਹ ਇਕ ਤਰ੍ਹਾਂ ਦਾ ਮਾਡਲ ਹੈ, ਜੋ ਸਮਾਜ ਨੂੰ ਸਮਝਣ ਵਿਚ ਸਹਾਈ ਹੁੰਦਾ ਹੈ। ਇਹ ਇਕ ਐਸਾ ਪ੍ਰਵਚਨ ਹੈ, ਜਿਸ ਰਾਹੀਂ ਕੱਲਾ-ਕਾਰਾ ਵਿਅਕਤੀ ਹੀ ਨਹੀਂ,

ਸਗੋਂ ਸਮੁੱਚਾ ਸੰਸਾਰ ਆਪਣੇ ਆਪ ਜ਼ੁਬਾਨ ਦੇਂਦਾ ਹੈ। ਇਹ ਐਸਾ ਕਲਾ ਰੂਪ ਹੈ ਜਿਸ ਵਿਚ ਚਿਹਨ ਵਿਗਿਆਨਕ ਪ੍ਰਕਿਰਿਆ ਪੂਰੇ ਉਭਾਰ ਤੇ ਹੁੰਦੀ ਹੈ। ਇਸ ਵਿਚ ਇਕ ਪੂਰਾ ਸੰਸਾਰ ਪੇਸ਼ ਹੁੰਦਾ ਹੈ ਅਤੇ ਆਪਣੇ ਅਰਥ ਸੰਚਾਰਦਾ ਹੈ।"[3]

ਸੋ ਨਾਵਲਕਾਰ ਨਾਵਲ ਦੀ ਰਚਨਾ ਵਸਤੂ ਦੀ ਦੇਣ, ਵਿਉਂਤਬੰਦੀ ਅਤੇ ਪੇਸ਼ਕਾਰੀ ਕਰਨ ਸਮੇਂ ਇਸ ਗੱਲ ਤੋਂ ਵਧੇਰੇ ਸੁਚੇਤ ਹੁੰਦਾ ਹੈ ਕਿ ਉਸਦਾ ਸਿਰਜਿਆ ਜਗਤ ਵਸਤੂ ਜਗਤ ਵਰਗਾ ਹੀ ਹੋਵੇ। ਨਾਵਲ ਦੀ ਵੱਖਰਤਾ ਹੀ ਉਸਨੂੰ ਹੋਰ ਸਾਹਿਤ ਰੂਪਾਂ ਨਾਲੋਂ ਨਿਖੇੜਦੀ ਹੈ। ਈ.ਐਮ.ਫਾਰਸਟਰ ਅਨੁਸਾਰ, "ਨਾਵਲ ਨੂੰ ਹੋਰਨਾਂ ਕਲਾਵਾਂ ਨਾਲੋਂ ਨਿਖੇੜਨ ਵਾਲਾ ਪ੍ਰਮੁੱਖ ਲੱਛਣ ਇਸਦੀ ਗੁਪਤ ਜੀਵਨ ਨੂੰ ਦ੍ਰਿਸ਼ਟਮਾਨ ਕਰ ਦੇਣ ਦੀ ਸ਼ਕਤੀ ਹੈ।"[4]

ਹਰੇਕ ਨਾਵਲਕਾਰ ਆਪਣੀ ਕਲਪਨਾ ਸ਼ਕਤੀ ਰਾਹੀਂ ਦਿਸਦੇ ਸੰਸਾਰ ਨੂੰ ਆਪਣੀ ਰਚਨਾ ਵਿਚ ਸਿਰਜਤ ਕਰਦਾ ਹੈ। ਉਸਨੂੰ ਜੀਵਨ ਦਾ ਜਿੰਨਾ ਗਹਿਰ ਗੰਭੀਰ ਅਨੁਭਵ ਹੁੰਦਾ ਹੈ, ਉਨਾ ਹੀ ਆਪਣੀ ਸਿਰਜਨ ਪ੍ਰਕਿਰਿਆ ਨੂੰ ਸਫ਼ਲਤਾ ਨਾਲ ਨਿਭਾਅ ਸਕਦਾ ਹੈ।

ਨਾਵਲੀ ਜੁਗਤਾਂ ਦਾ ਬਿਰਤਾਂਤ ਨਾਲ ਅਨਿੱਖੜਵਾਂ ਸੰਬੰਧ ਹੋਣ ਕਰਕੇ ਇਸ ਬਾਰੇ ਸੰਖੇਪ ਜਾਣਕਾਰੀ ਜ਼ਰੂਰੀ ਹੈ।

"ਬਿਰਤਾਂਤ ਦੇ ਸਿਧਾਂਤ ਨੂੰ ਹੀ ਬਿਰਤਾਂਤ ਸ਼ਾਸਤਰ ਕਿਹਾ ਜਾਂਦਾ ਹੈ। ਇਹ ਸਾਹਿਤ ਸਿਧਾਂਤ ਅਤੇ ਸਾਹਿਤ ਅਧਿਐਨ ਦੀ ਇਕ ਅਹਿਮ ਅਤੇ ਸਰਗਰਮ ਵੰਨਗੀ ਵਜੋਂ ਪ੍ਰਵਾਨ ਚੜ੍ਹੀ ਵਿਧੀ ਹੈ। ਇਸ ਵਿਚ ਬਿਰਤਾਂਤਕ ਸੰਰਚਨਾ, ਕਥਾਨਕ-ਬੁਣਤੀ, ਵੱਖ-ਵੱਖ ਕਿਸਮ ਦੇ ਬਿਰਤਾਂਤਕਾਰਾਂ, ਬਿਰਤਾਂਤਕ ਜੁਗਤਾਂ ਦੇ ਆਧਾਰ ਤੇ ਬਿਰਤਾਂਤ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਹ ਬਿਰਤਾਂਤ ਦਾ ਕਾਵਿ ਸ਼ਾਸਤਰ ਹੈ ਜਿਸ ਰਾਹੀਂ ਬਿਰਤਾਂਤ ਵਿਚਲੇ ਤੱਤਾਂ ਨੂੰ ਸਮਝਣ ਦੇ ਨਾਲ-ਨਾਲ ਇਹ ਵੀ ਵੇਖਿਆ ਜਾਂਦਾ ਹੈ ਕਿ ਕੋਈ ਵਿਸ਼ੇਸ਼ ਬਿਰਤਾਂਤ ਕਿਸੇ ਖ਼ਾਸ ਪ੍ਰਭਾਵ ਪਾਉਣ ਦੇ ਸਮਰੱਥ ਹੁੰਦਾ ਹੈ।"[5]

ਬਿਰਤਾਂਤਕ ਪ੍ਰਵਚਨ ਸਿਰਜਨ ਮਨੁੱਖ ਦਾ ਕਦੀਮੀ ਕਾਰਜ ਹੈ। ਵਿਸ਼ਵ ਦੇ ਹਰ ਯੁੱਗ, ਹਰ ਖਿੱਤੇ ਅਤੇ ਹਰ ਸਾਹਿਤ ਪਰੰਪਰਾ ਵਿਚ ਬਿਰਤਾਂਤ ਰਚਨਾਵਾਂ ਮਿਲਦੀਆਂ ਹਨ। ਮੂਲ ਰੂਪ ਵਿਚ ਬਿਰਤਾਂਤ ਮਨੁੱਖ ਦੇ ਸੰਚਾਰ ਦੀ ਇਕ ਵਿਧੀ ਹੈ। ਡਾ. ਧਨਵੰਤ ਕੌਰ ਦਾ ਵਿਚਾਰ ਹੈ ਕਿ "ਬਿਰਤਾਂਤ ਮਨੁੱਖ ਦੀ ਮੂਲ ਸੰਚਾਰ ਬਿਰਤੀ ਹੈ। ਮਨੁੱਖ ਬਿਰਤਾਂਤ ਵਿਚ ਸੋਚਦਾ ਹੈ ਅਤੇ ਬਿਰਤਾਂਤ ਰਾਹੀਂ ਇਸਦਾ ਪ੍ਰਗਟਾਉ ਕਰਦਾ ਹੈ।"[6]

ਡਾ. ਜਗਬੀਰ ਸਿੰਘ ਅਨੁਸਾਰ, "ਬਿਰਤਾਂਤ ਮੂਲ ਰੂਪ ਵਿਚ ਪਾਤਰ, ਘਟਨਾ, ਸਥਿਤੀ ਅਤੇ ਮਾਹੌਲ ਦੇ ਮਾਧਿਅਮ ਰਾਹੀਂ ਕਥਾ ਦੇ ਪ੍ਰਬੰਧ ਉਸਾਰਨ ਦੀ ਜੁਗਤ ਹੈ।"[7]

ਇਸ ਟਿੱਪਣੀ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਜਦੋਂ ਅਸੀਂ ਬਿਰਤਾਂਤ ਨੂੰ ਸਾਹਿਤ ਨਾਲ ਜੋੜ ਕੇ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਾਧਾਰਨ ਅਰਥਾਂ ਵਿਚ ਪਾਤਰ, ਘਟਨਾ, ਸਥਿਤੀ ਅਤੇ ਮਾਹੌਲ ਦੇ ਆਧਾਰ ਤੇ ਉਸਰੇ ਕਥਾ-ਪ੍ਰਬੰਧ ਨੂੰ ਬਿਰਤਾਂਤ ਕਿਹਾ ਜਾਂਦਾ ਹੈ। ਬਿਰਤਾਂਤਕਾਰ ਆਪਣੇ ਆਲੇ-ਦੁਆਲੇ ਵਿਚੋਂ ਕੁਝ ਘਟਨਾਵਾਂ ਚੁਣਦਾ ਹੋਇਆ ਉਨ੍ਹਾਂ ਨੂੰ ਇਕ ਤਰਤੀਬ ਵਿਚ ਕਿਸੇ ਖ਼ਾਸ ਸਮੇਂ ਅਤੇ ਸਥਾਨ ਦੇ ਸੰਦਰਭ ਵਿਚ ਨਿਵੇਕਲੇ ਦ੍ਰਿਸ਼ਟੀਕੋਣ ਰਾਹੀਂ ਪੇਸ਼ ਕਰਦਾ ਹੈ।

ਡਾ. ਟੀ.ਆਰ. ਵਿਨੋਦ ਅਨੁਸਾਰ, "ਜੁਗਤਾਂ, ਤਰਕੀਬਾਂ-ਨਾਵਲ ਦੀ ਰਚਨਾ-ਵਸਤੂ ਨੂੰ ਪੇਸ਼ ਕਰਨ ਦੇ ਢੰਗ-ਤਰੀਕੇ ਨਾਵਲ ਵਿਚ ਨਾਵਲੀ ਵਸਤੂ ਦੀ ਪੇਸ਼ਕਾਰੀ ਦੇ ਅਣਗਿਣਤ ਢੰਗ-ਤਰੀਕੇ ਹੋ ਸਕਦੇ ਹਨ। ਇਹ ਢੰਗ-ਤਰੀਕੇ ਜੁਗਤਾਂ ਅਖਵਾਉਂਦੇ ਹਨ। ਜੁਗਤਾਂ ਸੁਚੇਤ ਵੀ ਹੋ ਸਕਦੀਆਂ ਹਨ, ਅਚੇਤ ਵੀ। ਹਰੇਕ ਨਾਵਲ ਦੀਆਂ ਜੁਗਤਾਂ ਪਿਛੋਂ ਨਾਵਲਕਾਰ ਦੀ ਰਚਨਾ-ਦ੍ਰਿਸ਼ਟੀ ਕੰਮ ਕਰ ਰਹੀ ਹੁੰਦੀ ਹੈ। ਜੋ ਰਚਨਾ-ਵਸਤੂ ਦਾ ਸੁਭਾਵ ਨਿਸ਼ਚਿਤ ਕਰਦੀ ਹੈ। ਸੋ ਕਿਸੇ ਨਾਵਲ ਵਿਚ ਵਰਤੀਆਂ ਜੁਗਤਾਂ ਦੇ ਵਿਸ਼ਲੇਸ਼ਣ ਰਾਹੀਂ ਨਾਵਲਕਾਰ ਦੀ ਰਚਨਾ-ਦ੍ਰਿਸ਼ਟੀ ਤੱਕ ਪਹੁੰਚਿਆ ਜਾ ਸਕਦਾ ਹੈ। ਇਹ ਜੁਗਤਾਂ ਨਾਵਲੀ ਵਸਤੂ ਨੂੰ ਕਲਾਮਈ ਰੂਪ ਪ੍ਰਦਾਨ ਕਰਦੀਆਂ ਹਨ।...ਨਾਵਲੀ-ਵਸਤੂ ਦੇ ਪ੍ਰਗਟਾਉ, ਲਟਕਾਉ, ਸੁਝਾਉ, ਸੁਲਝਾਉ, ਉਲਝਾਉ ਆਦਿ ਦੇ ਮਨੋਰਥਾਂ ਦੀ ਸਿੱਧੀ ਲਈ ਨਾਵਲਕਾਰ ਬਿਰਤਾਂਤ ਅਤੇ ਵਰਤਣ ਦੀਆਂ ਜੋ ਜੁਗਤਾਂ ਵਰਤਦਾ ਹੈ, ਉਨ੍ਹਾਂ ਵਿਚੋਂ ਲਟਕਾਉ, ਉਹਲਾ, ਗਲਤ ਫਹਿਮੀ, ਸਾਜ਼ਸ਼, ਵਿਆਖਿਆ, ਵਰਨਣ, ਵਿਸ਼ਲੇਸ਼ਣ, ਮਨੋਲਾਪ, ਵਾਰਤਾਲਾਪ, ਵਿਗੋਪਨ, ਮੌਕਾ-ਮੇਲ, ਅਜਨਬੀਕਰਨ, ਭੇਸ-ਬਦਲੀ, ਭਾਸ਼ਣੀ ਕਲਾ ਆਦਿ ਦੀਆਂ ਜੁਗਤਾਂ ਤਾਂ ਆਮ ਵਰਤੀਆਂ ਜਾਂਦੀਆਂ ਹਨ।"[8]

ਨਾਵਲੀ ਰੂਪ-ਰਚਨਾ ਦਾ ਅਧਿਐਨ ਵਿਸ਼ਲੇਸ਼ਣ ਇਹਨਾਂ ਜੁਗਤਾਂ ਦੀ ਪ੍ਰਕਿਰਤੀ, ਪ੍ਰਕਾਰਜ ਅਤੇ ਪ੍ਰਯੋਜਨ ਦੀ ਪਛਾਣ ਨਾਲ ਸੰਬੰਧਿਤ ਹੈ। ਨਾਵਲੀ ਬਿਰਤਾਂਤ ਦੀਆਂ ਜੁਗਤਾਂ ਨਾਵਲਕਾਰ ਦੇ ਵਿਆਪਕ, ਸੰਘਣੇ ਅਤੇ ਡੂੰਘੇ ਜੀਵਨ ਅਨੁਭਵ ਦੇ ਨਾਲ-ਨਾਲ ਜੀਵਨ ਪ੍ਰਤੀ ਉਸਦੇ ਕਲਾਮਈ ਦ੍ਰਿਸ਼ਟੀਕੋਣ ਤੇ ਵੀ ਨਿਰਭਰ ਹਨ। ਇਸ ਤਰ੍ਹਾਂ ਨਾਵਲ ਅਨੁਭਵ, ਕਲਾਤਮਕ ਜੁਗਤਾਂ ਅਤੇ ਦ੍ਰਿਸ਼ਟੀਕੋਣ ਦਾ ਇਕ ਸਾਰ ਪ੍ਰਬੰਧ ਹੋ ਨਿਬੜਦਾ ਹੈ ਕਿਉਂਕਿ :

"ਹਰ ਰਚਨਾਕਾਰ ਨੇ ਆਪਣੇ ਅਨੁਭਵ ਨੂੰ ਇਕ ਸੰਦਰਭ ਵਿਚ ਪੇਸ਼ ਕਰਨਾ ਹੈ। ਸੰਦਰਭ ਵਿਚ ਆਪਣੇ ਅਨੁਭਵ ਨੂੰ ਫੈਲਾਉਣਾ ਗਲਪੀ ਜੁਗਤਾਂ ਰਾਹੀਂ ਹੀ ਸੰਭਵ ਹੁੰਦਾ ਹੈ। ਗਲਪੀ ਜੁਗਤਾਂ ਦੀ ਵਿਭਿੰਨਤਾ ਹੀ ਰਚਨਾ ਅੰਦਰ ਵਿਲੱਖਣਤਾ ਪੈਦਾ ਕਰਦੀ ਹੈ। ਜਾਣੀ-ਪਛਾਣੀ ਕਥਾ ਨੂੰ ਨਵਾਂ ਰੂਪ ਤਾਂ ਹੀ ਦਿੱਤਾ ਜਾ ਸਕਦਾ ਹੈ ਜੇਕਰ ਸਾਹਿਤਕਾਰ ਪਾਸ ਗਲਪੀ ਜੁਗਤਾਂ ਸਿਰਜਨ ਦੀ ਸ਼ਕਤੀ ਹੈ।"[9]

ਸੋ ਕਿਸੇ ਵੀ ਰਚਨਾਕਾਰ ਦੀ ਰਚਨਾ ਦੀ ਪ੍ਰਮਾਣਕਤਾ ਉਸ ਵੱਲੋਂ ਆਪਣੇ ਵਿਸ਼ੇ ਨੂੰ ਨਿਭਾਉਣ ਲਈ ਵਰਤੀਆਂ ਗਈਆਂ ਕਲਾਤਮਕ ਜੁਗਤਾਂ ਵਿਚ ਹੁੰਦੀ ਹੈ। ਇਹ ਜੁਗਤਾਂ ਹੀ ਉਸਦੀ ਕਲਾਤਮਕ ਨਿਪੁੰਨਤਾ ਦਾ ਪ੍ਰਤੀਕ ਬਣਦੀਆਂ ਹਨ।

ਡਾ. ਜਸਪਾਲ ਕੌਰ ਅਨੁਸਾਰ, "ਆਧੁਨਿਕ ਮਾਨਵੀ ਚਿੰਤਨ ਅਤੇ ਚੇਤਨਾ ਦੇ ਅੰਤਰਗਤ ਨਾਵਲ ਰੂਪਾਕਾਰਾਂ ਦੀ ਪ੍ਰਾਸੰਗਕਤਾ ਬੜੀ ਅਰਥ ਭਰਪੂਰ ਹੈ। ਨਾਵਲ ਹੀ ਇਕ ਅਜਿਹਾ ਸਮਰੱਥ ਸਾਹਿਤ-ਰੂਪਾਕਾਰ ਹੈ ਜੋ ਜ਼ਿੰਦਗੀ ਦੀ ਵੰਨਗੀ, ਇਸ ਦੇ ਅੰਤਰ-ਵਿਰੋਧਾਂ ਅਤੇ ਯਥਾਰਥ ਦੀਆਂ ਜਟਿਲ ਵਿੰਗੀਆਂ ਟੇਢੀਆਂ ਪਰਤਾਂ ਦੀ ਤਹਿ ਤੱਕ ਪਹੁੰਚਣ ਦੀ ਚੇਸ਼ਟਾ ਕਰਦਾ ਹੈ। ਕਾਲ ਦੇ ਪ੍ਰਵਾਹਮਾਨ ਪਸਾਰੇ ਵਿਚ ਮਨੁੱਖੀ ਜੀਵਨ ਜੋ ਕਰਵੱਟਾਂ ਬਦਲਦਾ ਹੈ ਅਤੇ ਜਿਸ ਅੰਤਰ ਪੀੜਾ ਤੇ ਟੁੱਟ-ਭੱਜ ਨੂੰ ਮਨੁੱਖ ਮਨ-ਤਨ ਉਪਰ ਭੋਗਦਾ ਹੈ, ਉਹ ਸਭ ਵਰਤਾਰੇ ਦਾ ਸਮੱਗਰ ਬਿੰਬ ਗਲਪ ਦੇ ਮਾਧਿਅਮ ਰਾਹੀਂ ਹੀ ਪ੍ਰਗਟ ਹੋ ਸਕਿਆ ਹੈ। ਇਹ ਹੀ ਕਾਰਨ ਹੈ ਕਿ ਨਾਵਲ ਵਿਚ ਮਾਨਵੀ ਯਥਾਰਥ ਇਕੋ ਵੇਲੇ ਅਤੀਤ, ਵਰਤਮਾਨ

ਅਤੇ ਭਵਿੱਖ ਦੇ ਬਿੰਦੂਆਂ ਉਪਰ ਫੈਲਦਾ ਹੈ। ਇਕ ਚੇਤੰਨ ਨਾਵਲਕਾਰ ਆਪਣੀ ਕਰਤਾਰੀ ਯੋਗਤਾ ਨਾਲ ਯਥਾਰਥ ਦੇ ਵਿਭਿੰਨ ਪ੍ਰਸੰਗਾਂ ਨੂੰ ਇਸ ਤਰ੍ਹਾਂ ਗਲਪ ਦੇ ਮਾਧਿਅਮ ਰਾਹੀਂ ਪ੍ਰਸਤੁਤ ਕਰਦਾ ਹੈ ਕਿ ਨਾਵਲ ਦੇ ਗਲਪ ਬਿੰਬ ਵਿਚੋਂ ਜ਼ਿੰਦਗੀ ਦੇ ਪ੍ਰਮਾਣਕ ਨਕਸ਼ ਪ੍ਰਾਪਤ ਹੋ ਜਾਂਦੇ ਹਨ। ਨਾਵਲ ਸਾਹਿਤ ਰੂਪਾਕਾਰ ਦੀ ਸਮਰੱਥਾ ਇਹ ਹੈ ਕਿ ਇਸ ਵਿਚ ਜੀਵਨ ਦਾ ਗਤੀਸ਼ੀਲ ਬਿੰਬ ਉਸਾਰਿਆ ਜਾ ਸਕਦਾ ਹੈ। ਇਕ ਦੀਰਘ ਦ੍ਰਿਸ਼ਟੀ ਵਾਲਾ ਨਾਵਲਕਾਰ ਗਲਪ ਦੇ ਮਾਧਿਅਮ ਰਾਹੀਂ ਉਹਨਾਂ ਸਥਿਤੀਆਂ/ਪਰਸਥਿਤੀਆਂ ਦਾ ਵਿਵੇਕ ਉਸਾਰਦਾ ਹੈ, ਜਿਨ੍ਹਾਂ ਦੇ ਪਰਿਪੇਖ ਵਿਚ ਮਨੁੱਖੀ ਹੋਂਦ ਸੰਕਟਗ੍ਰਸਤ ਬਣਦੀ ਹੈ।...ਨਾਵਲਕਾਰ ਦੀ ਸ਼ਕਤੀ ਹੀ ਇਸ ਹੱਥ ਵਿਚ ਹੈ ਕਿ ਉਹ ਜ਼ਿੰਦਗੀ ਦਾ ਫੈਲਾਓ ਅਤੇ ਜ਼ਿੰਦਗੀ ਦੀ ਡੂੰਘ ਨੂੰ ਇਕ ਦੂਜੇ ਦੀ ਪਿੱਠ ਭੂਮੀ ਵਿਚ ਪ੍ਰਸਤੁਤ ਕਰਦਾ ਹੈ।”[10]

ਉਪਰੋਕਤ ਟਿੱਪਣੀ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਉਸੇ ਸਾਹਿਤਕਾਰ ਦੀਆਂ ਰਚਨਾਵਾਂ ਹੀ ਲੋਕ ਮਨ ਨੂੰ ਟੁੰਬਦੀਆਂ ਹਨ ਜੋ ਵਾਸਤਵਿਕਤਾ ਨੂੰ ਗਲਪ ਦੇ ਮਾਧਿਅਮ ਰਾਹੀਂ ਕਲਾਤਮਕ ਜੁਗਤਾਂ ਦੀ ਵਰਤੋਂ ਕਰਕੇ ਪਾਠਕਾਂ ਦਾ ਮਾਰਗ-ਦਰਸ਼ਨ ਕਰਦਾ ਹੋਵੇ। ਜੋ ਰਚਨਾਕਾਰ ਜ਼ਿੰਦਗੀ ਦੇ ਯਥਾਰਥ ਨੂੰ ਆਪਣੀ ਕਲਾਤਮਕ ਸਮਰੱਥਾ ਰਾਹੀਂ ਪੇਸ਼ ਕਰਦਾ ਹੈ ਉਸੇ ਦੀ ਰਚਨਾ ਹੀ ਪ੍ਰਵਾਨਯੋਗ ਹੁੰਦੀ ਹੈ।

ਮਿੱਤਰ ਸੈਨ ਮੀਤ ਦੁਆਰਾ ਵਰਤੀਆਂ ਗਈਆਂ ਕਲਾਮਈ ਜੁਗਤਾਂ ਉਸਦੀ ਕਲਾਤਮਕ ਸਮਰੱਥਾ ਅਤੇ ਉਸਦੇ ਨਾਵਲ ਜਗਤ ਦੀਆਂ ਕਲਾਤਮਕ ਵਿਸ਼ੇਸ਼ਤਾਈਆਂ ਬਾਰੇ ਚਰਚਾ ਕਰਦਿਆਂ ਅਸੀਂ ਉਪਰੋਕਤ ਚਰਚਾ ਵਿਚ ਸੁਝਾਈਆਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਵੀ ਦੇਖਾਂਗੇ ਕਿ ਨਾਵਲਕਾਰ ਆਪਣੇ ਨਾਵਲਾਂ ਵਿਚ ਆਪਣੇ ਅਨੁਭਵ ਅਤੇ ਲੋਕ ਜੀਵਨ ਨੂੰ ਕਿੰਨਾਂ ਵਿਸ਼ੇਸ਼ ਜੁਗਤਾਂ ਰਾਹੀਂ, ਕਿਸ ਹੱਦ ਤੱਕ, ਕਿਸ ਰੂਪ ਵਿਚ, ਕਿਸ ਕਾਬਲੀਅਤ ਨਾਲ ਕਿੰਨਾ ਕੁ ਪੇਸ਼ ਕਰ ਸਕਿਆ ਹੈ। ਇਹਨਾਂ ਤੱਥਾਂ ਦੇ ਨਾਲ-ਨਾਲ ਇਹ ਵੀ ਵਿਚਾਰਨ ਦੀ ਕੋਸ਼ਿਸ਼ ਕਰਾਂਗੇ ਕਿ ਨਾਵਲਕਾਰ ਆਪਣੇ ਵੱਲੋਂ ਚੁਣੇ ਗਏ ਵਿਸ਼ਿਆਂ ਨੂੰ ਕਿਸ ਤਰ੍ਹਾਂ ਦੀਆਂ ਜੁਗਤਾਂ ਰਾਹੀਂ ਰੂਪਮਾਨ ਕਰਦਾ ਹੈ ਜੋ ਸਮੁੱਚੇ ਰੂਪ ਵਿਚ ਉਸਦੀ ਕਲਾਤਮਕ ਸਮਰੱਥਾ ਦਾ ਪ੍ਰਤੀਕ ਬਣਦੀਆਂ ਹਨ।

ਸਮਕਾਲੀ ਪੰਜਾਬੀ ਗਲਪ ਦੇ ਖੇਤਰ ਵਿਚ ਮਿੱਤਰ ਸੈਨ ਮੀਤ ਇਕ ਚਰਚਿਤ ਨਾਵਲਕਾਰ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਉਸਨੇ ਆਪਣੇ ਮੁੱਢਲੇ ਨਾਵਲਾਂ ‘ਅੱਗ ਦੇ ਬੀਜ’ ਅਤੇ ‘ਕਾਫ਼ਲਾ’ ਵਿਚ ਪੇਂਡੂ ਜੀਵਨ ਨਾਲ ਸੰਬੰਧਿਤ ਭੂਮੀਪਤੀਆਂ ਅਤੇ ਭੂਮੀਹੀਣ ਅਤੇ ਉਸ ਸਮੇਂ ਦੀਆਂ ਜੋ ਅੱਜ ਵੀ ਪ੍ਰਚੱਲਿਤ ਹਨ ਰਿਸ਼ਵਤਖੋਰੀ, ਬੇਰੁਜ਼ਗਾਰੀ, ਲਿਆਕਤ ਅਨੁਸਾਰ ਨੌਕਰੀ ਨਾ ਮਿਲਣ ਵਰਗੀਆਂ ਸਮੱਸਿਆਵਾਂ ਨੂੰ ਨਕਸਵਾਦੀ ਲਹਿਰ ਦੇ ਪ੍ਰਭਾਵ ਅਧੀਨ ਵੱਖ-ਵੱਖ ਕਲਾਤਮਕ ਜੁਗਤਾਂ ਰਾਹੀਂ ਰੂਪਮਾਨ ਕੀਤਾ ਹੈ, ਜਦਕਿ ਨਾਵਲਕਾਰ ਨੇ ਆਪਣੇ ਪਿਛਲੇ ਨਾਵਲ ਆਪਣੇ ਪੇਸ਼ੇ (ਕਾਨੂੰਨ) ਨਾਲ ਸੰਬੰਧਿਤ ਅਸਲੋਂ ਨਿਵੇਕਲੇ ਤੇ ਗਹਿਰੇ ਅਨੁਭਵ ਰਾਹੀਂ ਤਫ਼ਤੀਸ਼, ਕਟਹਿਰਾ, ਕੌਰਵ-ਸਭਾ ਅਤੇ ਸੁਧਾਰ-ਘਰ ਦੀ ਰਚਨਾ ਕੀਤੀ ਹੈ। ਸਰਸਰੀ ਝਾਤ ਮਾਰਿਆਂ ਨਾਵਲਕਾਰ ਦਾ ਸਮੁੱਚਾ ਨਾਵਲ ਜਗਤ ਕਾਨੂੰਨ ਦੀ ਗੱਲ ਕਰਦਾ ਨਜ਼ਰ ਆਉਂਦਾ ਹੈ ਪਰ ਹਰ ਨਾਵਲ ਵਿਸ਼ੇ ਪੱਖੋਂ ਨਿਵੇਕਲੀ ਸੁਰ ਦਾ ਧਾਰਨੀ ਹੋਣ ਦੇ ਨਾਲ-ਨਾਲ ਨਿਵੇਕਲੇ ਵਿਸ਼ਿਆਂ ਦੇ ਨਿਭਾਅ ਲਈ ਨਿਵੇਕਲੀ ਰਚਨਾ ਵਿਧੀ

ਅਪਣਾਉਂਦਾ ਹੋਇਆ ਆਪਣੀ ਰਚਨਾ ਉਸਾਰੀ ਸਮੇਂ ਨਵੀਆਂ-ਨਵੀਆਂ ਤਕਨੀਕਾਂ ਵਰਤਣ ਵੱਲ ਰੁਚਿਤ ਰਿਹਾ ਹੈ। ਉਸਨੇ ਆਪਣੇ ਅਨੁਭਵ ਦੀ ਪੇਸ਼ਕਸ ਵੱਖ-ਵੱਖ ਜੁਗਤਾਂ ਦੀ ਵਰਤੋਂ ਦੁਆਰਾ ਕੀਤੀ ਹੈ। ਇਹ ਜੁਗਤਾਂ ਹੀ ਉਸਦੀ ਰਚਨਾ ਵਿਧੀ ਦਾ ਆਧਾਰ ਬਣਦੀਆਂ ਹਨ।

ਇਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਮੀਤ ਦੀ ਦੂਸਰੇ ਨਾਵਲਕਾਰਾਂ ਨਾਲੋਂ ਵੱਖਰੀ ਤੇ ਵਿਲੱਖਣ ਜੁਗਤ ਉਸਦੇ ਸਮੁੱਚੇ ਨਾਵਲ ਜਗਤ ਦੇ ਇਕੋ ਬਣਤਰ ਤੇ ਆਧਾਰਿਤ ਹੋਣ ਦੇ ਬਾਵਜੂਦ ਵੀ ਹਰੇਕ ਨਾਵਲ ਦੇ ਵੱਖ-ਵੱਖ ਪਾਸਾਰ ਆਪਣੀ ਵੱਖਰੀ ਹੋਂਦ ਰੱਖਦੇ ਹੋਏ ਵੀ ਇਕ ਬਿੰਦੂ ਤੇ ਕੇਂਦਰਿਤ ਹਨ।

## (ੳ) ਮਿੱਤਰ ਸੈਨ ਮੀਤ ਦੇ ਨਾਵਲ ਜਗਤ ਦੇ ਵਿਸ਼ੈ-ਵਸਤੂ ਦੇ ਖੇਤਰ ਦੀ ਵਿਸ਼ਾਲਤਾ

ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਵਰਤੀਆਂ ਗਈਆਂ ਕਲਾਤਮਕ ਜੁਗਤਾਂ ਦੀ ਪਰਖ ਕਰਦੇ ਹੋਏ ਸਭ ਤੋਂ ਪਹਿਲਾਂ ਉਸਦੇ ਨਾਵਲਾਂ ਦੇ ਵਿਸ਼ੇ ਪੱਖ ਬਾਰੇ ਚਰਚਾ ਕਰਨੀ ਬਣਦੀ ਹੈ ਕਿਉਂਕਿ ਉਸਨੇ ਆਪਣੇ ਨਾਵਲਾਂ ਦੇ ਵਿਸ਼ੇ ਨਿਵੇਕਲੇ ਚੁਣੇ ਹਨ। ਵਿਸ਼ੇ ਦੀ ਚੋਣ ਪੱਖੋਂ ਵੀ ਉਹ ਪਰੰਪਰਾਗਤ ਨਾਵਲਾਂ ਨਾਲੋਂ ਥੋੜ੍ਹੀ ਵਿੱਥ ਤੇ ਖੜ੍ਹਦਾ ਹੈ ਤੇ ਉਹ ਆਪਣੇ ਵਿਸ਼ੇ ਨੂੰ ਵੱਖਰੀ ਹੀ ਨੁਹਾਰ ਬਖਸ਼ਦਾ ਹੈ। ਬੇਸ਼ੱਕ ਨਾਵਲਕਾਰ ਦੀ ਕਲਾਤਮਕ ਸੂਝ ਉਸਦੀ ਪਾਤਰ ਉਸਾਰੀ, ਕਥਾਨਕ, ਭਾਸ਼ਾ ਤੇ ਸਿਰਲੇਖ ਤੋਂ ਪਤਾ ਲਗਦੀ ਹੈ ਪਰੰਤੂ ਵਿਸ਼ੇ ਦਾ ਆਪਣਾ ਵਿਸ਼ੇਸ਼ ਸਥਾਨ ਹੈ। ਵਿਸ਼ੇ ਦੀ ਮਹੱਤਤਾ ਬਾਰੇ ਪ੍ਰਸਿੱਧ ਆਲੋਚਕ Ayn Rand ਦਾ ਵਿਚਾਰ ਹੈ :

"Since a novel is a re-creation of reality, its theme has to be dramatised i.e. presented in terms of action. Life is a process of action. The entire content of man is consciousness thought, knowledge, ideas, values has only one ultimate form of expression in his action, and only one ultimate purpose to guide his action. Since the theme of novel is an idea about of pertaining to human existence it is in terms in of its effects on or expression in human action that the idea has to be presented."[11]

ਸੋ ਨਾਵਲ ਦਾ ਮਹੱਤਵਪੂਰਨ ਤੱਤ ਵਿਸ਼ਾ ਹੈ, ਜਿਸ ਰਾਹੀਂ ਨਾਵਲਕਾਰ ਸਮੇਂ ਦੇ ਸੱਚ ਨੂੰ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਮਿੱਤਰ ਸੈਨ ਮੀਤ ਨੇ ਆਪਣੇ ਕਾਲਜ ਦੀ ਪੜ੍ਹਾਈ ਦੌਰਾਨ ਚਲ ਰਹੀ ਨਕਸਲਵਾਦੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਆਪਣਾ ਪਹਿਲਾ ਨਾਵਲ ‘ਅੱਗ ਦੇ ਬੀਜ’ ਲਿਖਿਆ ਜਿਸਦਾ ਵਿਸ਼ਾ ਕਿਰਸਾਨੀ ਜੀਵਨ ਦੀਆਂ ਸਮੱਸਿਆਵਾਂ ਅਤੇ ਬੇਰੁਜ਼ਗਾਰੀ ਨੂੰ ਬਿਆਨ ਕਰਨ ਦੇ ਨਾਲ-ਨਾਲ ਮੱਧ-ਸ਼੍ਰੇਣਿਕ ਨੌਜਵਾਨ ਪਾਤਰਾਂ ਦੀ ਵਿਵਸਥਾ ਪ੍ਰਤੀ ਵਿਅਕਤੀਵਾਦੀ ਉਪਭਾਵਕ ਵਿਦਰੋਹ ਦੇ ਰਾਹੀਂ ਵਿਵਸਥਾ ਵਿਚ ਤਬਦੀਲੀ ਲਿਆਉਣਾ ਸੀ। ਇਹ ਨਾਵਲ ਰੁਮਾਂਟਿਕ ਪ੍ਰਗਤੀਵਾਦੀ ਵਿਚਾਰਧਾਰਾ ਅਧੀਨ

ਆਉਂਦਾ ਹੈ, ਜਿਸਦੀ ਜੁਗਤ ਸੰਤ ਸਿੰਘ ਸੇਖੋਂ ਦੇ 'ਲਹੂ ਮਿੱਟੀ' ਨਾਵਲ ਦੇ ਵਿਸ਼ੇ ਨਾਲ ਮਿਲਦੀ ਹੈ। ਨਿਮਨ ਕਿਸਾਨ ਦੀ ਤ੍ਰਾਸਦੀ ਥੋੜ੍ਹੀ ਜ਼ਮੀਨ ਵਿਚੋਂ ਖਰਚ ਕੱਢ ਕੇ ਬੱਚਿਆਂ ਨੂੰ ਪੜ੍ਹਾਉਣਾ, ਨੌਕਰੀ ਲਈ ਥੋੜ੍ਹੀ ਰਹਿੰਦੀ ਜ਼ਮੀਨ ਵੀ ਵੇਚਣ ਦੀ ਮਜ਼ਬੂਰੀ ਰਾਹੀਂ ਜੱਟ ਦਾ ਆਪਣੀ ਜ਼ਮੀਨ ਨਾਲ ਭਾਵੁਕ ਮੋਹ ਨੂੰ ਰੂਪਮਾਨ ਕਰਨ ਦੇ ਨਾਲ-ਨਾਲ ਅਮੀਰ ਸ਼੍ਰੇਣੀ ਦੀ ਰਾਜਸੀ ਪਹੁੰਚ ਆਦਿ ਭਿੰਨ-ਭਿੰਨ ਥੀਮਿਕ ਪਾਸਾਰਾਂ ਨੂੰ ਪੇਸ਼ ਕਰਨ ਵਾਲਾ ਨਾਵਲਕਾਰ ਦਾ ਪਹਿਲਾ ਨਾਵਲ ਹੈ।

ਮਿੱਤਰ ਸੈਨ ਮੀਤ ਦਾ ਦੂਸਰਾ ਨਾਵਲ 'ਕਾਫ਼ਲਾ' ਦਾ ਵਿਸ਼ਾ ਵੀ ਭਾਵੇਂ ਨਕਸਲਵਾਦੀ ਲਹਿਰ ਦੇ ਪ੍ਰਭਾਵ ਦੀ ਉਪਜ ਹੈ ਪਰੰਤੂ ਇਹ 'ਅੱਗ ਦੇ ਬੀਜ' ਨਾਵਲ ਤੋਂ ਅਗਲੇਰੇ ਪੜਾਅ ਦੀ ਰਚਨਾ ਹੈ। ਇਸ ਵਿਚ ਅੱਗ ਦੇ ਬੀਜ ਧੁਖਦੇ ਹੋਏ ਭਾਂਬੜ ਬਣਨ ਦੀ ਸਮਰੱਥਾ ਰੱਖਦੇ ਹਨ। ਭੂਮੀਹੀਣ ਵਰਗ ਭੂਮੀਪਤੀਆਂ ਦੇ ਖਿਲਾਫ਼ ਗੁੱਸਾ ਜ਼ਾਹਿਰ ਕਰਨ ਲਈ ਇਕ ਕਾਫ਼ਲੇ ਦੇ ਰੂਪ ਵਿਚ ਤੁਰਦੇ ਹਨ। ਇਸਦੀ ਬਿਰਤਾਂਤ ਗਤੀ 'ਅੱਗ ਦੇ ਬੀਜ' ਦੇ ਮੁਕਾਬਲੇ ਇਕੋ ਵੇਲੇ ਇਕਾਲਕਤਾ ਤੇ ਬਹੁਕਾਲਕਤਾ ਦੀਆਂ ਦਿਸ਼ਾਵਾਂ ਵਿਚ ਫੈਲੀ ਹੋਣ ਕਰਕੇ ਨਾਵਲੀ ਚਰਿੱਤਰ ਦੀ ਧਾਰਨੀ ਹੈ। ਇਸ ਨਾਵਲ ਵਿਚੋਂ ਸਮਕਾਲੀ ਯਥਾਰਥ ਦੇ ਅਨੁਕੂਲ ਸਮਾਜਿਕ, ਰਾਜਨੀਤਿਕ ਤੇ ਆਰਥਿਕ ਰਿਸ਼ਤਿਆਂ ਵਿਚ ਆ ਰਹੀ ਤਬਦੀਲੀ ਨੂੰ ਰੂਪਮਾਨ ਕਰਦਾ ਹੋਇਆ ਨਾਵਲਕਾਰ ਆਪਣੀ ਅਰਧ ਚੇਤਨਾ ਰਾਹੀਂ ਪਛੜੇ ਪੇਂਡੂ ਸਮਾਜ ਦਾ ਚਿੱਤਰ ਉਭਾਰਦਾ ਹੈ। ਆਪਣੇ ਮੁੱਢਲੇ ਨਾਵਲਾਂ ਬਾਰੇ ਨਾਵਲਕਾਰ ਖ਼ੁਦ ਇਹ ਕਹਿੰਦਾ ਹੈ, "ਜਿਵੇਂ ਪਹਿਲਾਂ ਨਕਸਲੀਆਂ ਨੇ ਬਿਨਾਂ ਲੋਕ-ਲਹਿਰ ਤਿਆਰ ਕਰੇ ਹਥਿਆਰ ਚੁੱਕ ਲਏ ਸਨ ਅਤੇ ਸੋਚਿਆ ਸੀ ਕਿ ਇਨਕਲਾਬ ਆਪੇ ਬੰਦੂਕ ਦੀ ਨਾਲੀ ਵਿਚੋਂ ਨਿਕਲ ਆਏਗਾ, ਉਸੇ ਤਰ੍ਹਾਂ ਦੀ ਕੱਚ-ਘੜ ਸੋਚ ਮੇਰੀ ਸੀ। ਉਸ ਸਮੇਂ ਦੇ ਮੇਰੇ ਪਾਤਰ ਵੀ ਝਟਪਟ ਇਨਕਲਾਬੀ ਬਣ ਜਾਂਦੇ ਸਨ।"[12]

ਬੇਸ਼ੱਕ ਨਾਵਲਕਾਰ ਆਪਣੇ ਮੁੱਢਲੇ ਨਾਵਲਾਂ ਵਿਚ ਪੇਸ਼ ਹੋਈ ਆਪਣੀ ਵਿਚਾਰਧਾਰਾ ਅਤੇ ਪਾਤਰਾਂ ਨੂੰ ਕੱਚ-ਘੜ ਕਹਿੰਦਾ ਹੈ ਪਰੰਤੂ ਉਸਦੇ 'ਅੱਗ ਦੇ ਬੀਜ' ਨਾਵਲ ਦਾ ਵਿਸ਼ਾ ਸਰਮਾਏਦਾਰੀ ਦੇ ਧੱਕੜ ਅਤੇ ਅਮਾਨਵੀ ਵਤੀਰੇ ਖਿਲਾਫ਼ ਨੌਜਵਾਨ ਪੀੜ੍ਹੀ ਦੇ ਸੀਨਿਆਂ ਵਿਚ ਬਗਾਵਤ ਦੇ ਬੀਜ ਬੀਜਣ ਵਿਚ ਸਫ਼ਲ ਰਹਿੰਦਾ ਹੈ। ਕਿਉਂਕਿ ਕਰਤਾਰ ਵਰਗੇ ਪਾਤਰਾਂ ਨੂੰ ਆਪਣੀ ਲਿਆਕਤ ਦੇ ਕਾਰਨ ਵੀ ਬੇਰੁਜ਼ਗਾਰ ਰਹਿਣਾ ਪੈਂਦਾ ਹੈ, ਉਹਨਾਂ ਦੀ ਰਾਜਨੀਤਿਕ ਅਤੇ ਪੈਸੇ ਦੀ ਪਹੁੰਚ ਨਾ ਹੋਣ ਦੇ ਬਰਾਬਰ ਹੈ। ਜਿਸ ਕਾਰਨ ਉਹਨਾਂ ਦੇ ਮਨਾਂ ਵਿਚ ਵਿਦਰੋਹ ਦੀ ਭਾਵਨਾ ਅੱਗ ਬਣਕੇ ਬਲਦੀ ਹੈ।

ਇਸੇ ਤਰ੍ਹਾਂ ਹੀ 'ਕਾਫ਼ਲਾ' ਨਾਵਲ ਜਗੀਰਦਾਰੀ ਅਰਥ-ਪ੍ਰਬੰਧ ਦੇ ਲੁਕਵੇਂ ਯਥਾਰਥ ਨੂੰ ਪਾਠਕਾਂ ਸਾਹਮਣੇ ਸਾਕਾਰ ਕਰਦਾ ਹੋਇਆ ਜਾਗੀਰਦਾਰੀ ਅਰਥ-ਪ੍ਰਬੰਧ ਦੇ ਲੁਕਵੇਂ ਯਥਾਰਥ ਨੂੰ ਪਾਠਕਾਂ ਸਾਹਮਣੇ ਸਾਕਾਰ ਕਰਦਾ ਹੋਇਆ ਜਗੀਰਦਾਰ ਪ੍ਰਬੰਧ ਦੀਆਂ ਧੱਕੇਸ਼ਾਹੀਆਂ ਅਤੇ ਦਲਿਤਾਂ ਤੇ ਗਰੀਬਾਂ ਦੀਆਂ ਬਹੂ ਬੇਟੀਆਂ ਦੇ ਹੁੰਦੇ ਮਾਨਸਿਕ ਤੇ ਸਰੀਰਕ ਸ਼ੋਸ਼ਣ ਨੂੰ ਬਿਆਨ ਕਰਦਾ ਹੈ। ਜਿਸਦੇ ਖਿਲਾਫ਼ ਇਸ ਤ੍ਰਾਸਦਿਕ ਹੋਣੀ ਨੂੰ ਹੰਢਾਉਣ ਵਾਲੇ ਲੋਕਾਂ ਦੇ ਦਿਲਾਂ ਵਿਚ ਵਿਦਰੋਹ ਪੈਦਾ ਕਰਨਾ ਜ਼ਰੂਰੀ ਹੋ ਜਾਂਦਾ ਹੈ, ਜੋ ਨਾਵਲਕਾਰ ਦੀ ਬਗਾਵਤੀ ਸੁਰ ਨੂੰ ਦਰਸਾਉਂਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ "ਨਾਵਲਕਾਰ ਦੇ ਦੋਹਾਂ ਨਾਵਲਾਂ ਵਿਚ ਸਾਧਾਰਨ ਬੰਦੇ ਦੀ ਜੱਦੋ-ਜਹਿਦ ਦੀ ਬਿਰਤਾਂਤਕਾਰੀ ਕੀਤੀ ਗਈ ਹੈ। ਉਹ ਜਾਗੀਰਦਾਰੀ ਪ੍ਰਬੰਧ ਦੀਆਂ ਲੋਕ-ਮਾਰੂ ਨੀਤੀਆਂ ਤੋਂ ਚੇਤੰਨ ਹੈ। ਇਸੇ ਲਈ ਉਹ ਆਮ ਬੰਦੇ ਦੇ ਹੱਕ ਵਿਚ ਖੜ੍ਹਦਾ ਹੈ। 'ਅੱਗ ਦੇ ਬੀਜ' ਅਤੇ 'ਕਾਫ਼ਲਾ' ਨਾਵਲਾਂ ਵਿਚੋਂ ਲੋਕ ਸੰਘਰਸ਼ ਦੀਆਂ ਧੁਨਾਂ ਸੁਣਾਈ ਦਿੰਦੀਆਂ ਹਨ। ਪਰ ਕਿਸੇ ਜਥੇਬੰਦਕ ਅਗਵਾਈ ਤੋਂ ਬਿਨਾਂ ਇਕੱਲੇ-ਇਕੱਲੇ ਵਿਅਕਤੀ ਦਾ ਹਾਰਨਾ ਤੈਅ ਹੈ। ਇਹੋ ਇਹਨਾਂ ਨਾਵਲਾਂ ਦਾ ਗਲਪੀ ਵਿਵੇਕ ਹੈ।"[13]

ਸੋ ਮੀਤ ਦੇ ਮੁੱਢਲੇ ਨਾਵਲ ਦੂਜੇ ਨਾਵਲਕਾਰਾਂ ਵਾਂਗ ਹੀ ਸੁਧਾਰਵਾਦੀ, ਪ੍ਰਗਤੀਵਾਦੀ ਪਰੰਪਰਾ ਨੂੰ ਪੇਸ਼ ਕਰਨ ਤੇ ਗਹਿਰਾਈ ਪ੍ਰਦਾਨ ਕਰਨ ਵਾਲੇ ਹਨ।

ਮਿੱਤਰ ਸੈਨ ਮੀਤ ਦੇ ਤੀਸਰੇ ਨਾਵਲ 'ਤਫ਼ਤੀਸ਼' ਦੇ ਛਪਣ ਨਾਲ ਪੰਜਾਬੀ ਨਾਵਲ ਵਿਚ ਮੀਤ ਦਾ ਬਤੌਰ ਨਾਵਲਕਾਰ ਜ਼ਿਕਰ ਨਹੀਂ ਹੋਇਆ ਬਲਕਿ ਉਸਦੀ ਗਿਣਤੀ ਪੰਜਾਬੀ ਦੇ ਚੋਟੀ ਦੇ ਨਾਵਲਕਾਰਾਂ ਵਿਚ ਹੋਣ ਲਗਦੀ ਹੈ। ਜਿਸ ਤੋਂ ਮਗਰੋਂ ਪੇਸ਼ੇ ਦੇ ਤੌਰ ਤੇ ਉਸਦੀ ਸਾਹਿਤ ਸੰਵੇਦਨਾ ਨੂੰ ਕਾਨੂੰਨ ਵਿਚਲੀਆਂ ਅਜਿਹੀਆਂ ਪਰਸਥਿਤੀਆਂ ਨੇ ਪ੍ਰਭਾਵਿਤ ਕੀਤਾ ਕਿ ਉਸਨੇ ਆਪਣੇ ਲੜੀਵਾਰ ਨਾਵਲਾਂ ਕਟਹਿਰਾ, ਕੌਰਵ-ਸਭਾ ਅਤੇ ਸੁਧਾਰ-ਘਰ ਦੇ ਮੁੱਖ ਵਿਸ਼ੇ ਕਾਨੂੰਨ ਨੂੰ ਸੁਧਾਰਨ ਵਾਲੇ ਹੀ ਚੁਣੇ।

ਨਿਆਂ-ਪ੍ਰਣਾਲੀ ਦੀ ਗੱਲ ਬੇਸ਼ੱਕ ਨਾਵਲ ਦੇ ਮੁੱਢ ਤੋਂ ਹੀ ਚਲਦੀ ਆਈ ਹੈ। ਪੰਜਾਬੀ ਨਾਵਲ ਵਿਚ ਕੁਝ ਮਹੱਤਵਪੂਰਨ ਨਾਵਲਾਂ ਵਿਚ ਕਾਨੂੰਨ ਦੀ ਗੱਲ ਅਵੱਸ਼ ਹੋਈ ਹੈ ਪਰ ਕਾਨੂੰਨ ਨੂੰ ਵਿਸਥਾਰ ਨਾਲ ਫਰੋਲਣ ਅਤੇ ਉਸ ਵਿਚ ਆ ਚੁੱਕੀਆਂ ਤਰੁੱਟੀਆਂ ਨੂੰ ਉਭਾਰਨ ਦਾ ਉਪਰਾਲਾ ਮਿੱਤਰ ਸੈਨ ਮੀਤ ਨੇ ਹੀ ਕੀਤਾ ਹੈ। ਉਸਦੇ ਕਾਨੂੰਨ ਵਿਸ਼ੇ ਨਾਲ ਸੰਬੰਧਿਤ ਨਾਵਲਾਂ ਬਾਰੇ ਡਾ.ਟੀ.ਆਰ.ਵਿਨੋਦ ਨੇ ਕਿਹਾ ਹੈ, "ਮਿੱਤਰ ਸੈਨ ਮੀਤ ਦੇ ਪ੍ਰਕਾਸ਼ਿਤ ਹੋ ਚੁੱਕੇ ਨਾਵਲਾਂ ਵਿਚਲੀ ਰਚਨਾ-ਵਸਤੂ ਨਵੀਂ ਕਿਸਮ ਦੀ ਰਚਨਾ ਵਿਧੀ ਰਾਹੀਂ ਜਿਸ ਨਰੋਏ ਨਜ਼ਰੀਏ ਤੋਂ ਪੇਸ਼ ਹੋਈ ਹੈ, ਉਸਦੇ ਨਾਲ 1990 ਤੋਂ ਬਾਅਦ ਦੀ ਪੰਜਾਬੀ ਨਾਵਲ ਕਲਾ ਵਿਚ ਉਸੇ ਤਰ੍ਹਾਂ ਦਾ ਅਨੂਠਾ ਪ੍ਰਤੀਕਰਮ ਹੋਇਆ ਹੈ, ਜਿਸ ਤਰ੍ਹਾਂ ਦਾ ਗੁਰਦਿਆਲ ਸਿੰਘ ਦੇ ਪਹਿਲੇ ਦੋ ਨਾਵਲਾਂ 'ਮੜ੍ਹੀ ਦਾ ਦੀਵਾ' ਅਤੇ 'ਅਣਹੋਏ' ਨਾਲ ਹੋਇਆ ਸੀ।"[14]

ਸੋ ਮਿੱਤਰ ਸੈਨ ਮੀਤ ਦੀ ਵਿਲੱਖਣਤਾ 'ਤਫ਼ਤੀਸ਼' ਅਤੇ ਇਸਤੋਂ ਮਗਰਲੇ ਨਾਵਲਾਂ ਨਾਲ ਹੋਈ ਹੈ। ਜਿਥੇ ਗੁਰਦਿਆਲ ਸਿੰਘ ਵਰਗੇ ਨਾਵਲਕਾਰ ਨੇ ਦਬੇ-ਕੁਚਲੇ ਹੇਠਲੀ ਸ਼੍ਰੇਣੀ ਦੇ ਯਥਾਰਥ ਨੂੰ ਬਾਰੀਕੀ ਨਾਲ ਪੇਸ਼ ਕੀਤਾ ਹੈ ਉਥੇ ਮੀਤ ਨੇ ਆਪਣੇ ਪੇਸ਼ੇ ਦੇ ਅਨੁਭਵ ਰਾਹੀਂ ਪੁਲਿਸ ਪ੍ਰਬੰਧ ਦੀਆਂ ਖ਼ਾਮੀਆਂ, ਕਚਹਿਰੀਆਂ ਵਿਚ ਜੱਜਾਂ, ਵਕੀਲਾਂ, ਗਵਾਹਾਂ ਦੇ ਯਥਾਰਥ ਨੂੰ ਬੇਕਿਰਕੀ ਨਾਲ ਰੂਪਮਾਨ ਕਰਕੇ ਆਪਣੀ ਵਿਸ਼ੇਸ਼ ਥਾਂ ਬਣਾਈ ਹੈ। 'ਤਫ਼ਤੀਸ਼' ਨਾਵਲ ਪੰਜਾਬੀ ਨਾਵਲਾਂ ਦੀਆਂ ਪ੍ਰਚੱਲਿਤ ਜੁਗਤਾਂ ਤੋਂ ਬਿਲਕੁਲ ਹੀ ਹਟ ਕੇ ਲਿਖਿਆ ਨਾਵਲ ਹੈ। ਪਹਿਲੀ ਵੱਖਰਤਾ ਇਸਦੇ ਵਿਸ਼ੇ ਵਿਚ ਹੀ ਹੈ ਜਿਸਨੂੰ ਅੱਜ ਤੱਕ ਇੰਨੇ ਵਿਸਥਾਰ ਤੇ ਬਾਰੀਕੀ ਨਾਲ ਨਾ ਕਿਸੇ ਨੇ ਚੁਣਿਆ ਹੈ ਤੇ ਨਾ ਹੀ ਨਿਭਾਇਆ ਹੈ। ਨਾਵਲਕਾਰ ਆਪਣੇ ਇਸ ਨਾਵਲ ਬਾਰੇ ਇਹ ਕਹਿੰਦਾ ਹੈ :

"ਇਸ ਨਾਵਲ ਵਿਚ ਮੈਂ ਸੈਂਕੜੇ ਤਰ੍ਹਾਂ ਦੇ ਮਸਲੇ ਉਭਾਰਨ ਦਾ ਯਤਨ ਕੀਤਾ ਹੈ। ਆਲੋਚਕਾਂ ਨੇ ਹਾਲੇ ਇਸਨੂੰ ਤਕਨੀਕੀ ਪੱਖ ਤੋਂ ਹੀ ਜ਼ਿਆਦਾ ਪਰਖਿਆ ਹੈ। ਵਿਸ਼ੇ ਪੱਖੋਂ

ਵੀ ਹਾਲੇ ਇਸ ਨੂੰ ਰਵਾਇਤੀ ਸਮਾਜਿਕ ਦ੍ਰਿਸ਼ਟੀਕੋਣ ਤੋਂ ਹੀ ਪਰਖਿਆ ਗਿਆ ਹੈ। ਮੈਂ ਨਿਆਂ-ਪ੍ਰਬੰਧ, ਕਾਨੂੰਨ ਵਿਗਿਆਨ, ਜ਼ੁਰਮ-ਵਿਗਿਆਨ ਅਤੇ ਪੰਜਾਬ ਦੀ ਅਜੋਕੀ ਸਥਿਤੀ ਦੇ ਇਕ ਅਹਿਮ ਪਹਿਲੂ (ਪੁਲਿਸ) ਨੂੰ ਵਿਸਥਾਰ ਸਹਿਤ ਚਿਤਰਿਆ ਹੈ।"[15]

ਇਸ ਨਾਵਲ ਦੀ ਤਕਨੀਕ ਬਾਰੇ ਨਾਵਲਕਾਰ ਇਸ ਤਰ੍ਹਾਂ ਕਹਿੰਦਾ ਹੈ :

"ਮੇਰੇ ਜ਼ਿਹਨ ਵਿਚ ਵਿਸ਼ਾ ਸੀ। ਵਿਸ਼ਾ ਇੰਨਾ ਵਿਸ਼ਾਲ ਸੀ ਕਿ ਨਾਵਲ ਦੀ ਕੋਈ ਵੀ ਪਰੰਪਰਾਗਤ ਵਿਧੀ ਉਸਨੂੰ ਪ੍ਰਗਟਾ ਨਹੀਂ ਸੀ ਸਕਦੀ। ਤਕਨੀਕ ਨੇ ਆਪਣਾ ਰਾਹ ਆਪ ਬਣਾਇਆ ਹੈ। ਸੁਚੇਤ ਹੋ ਕੇ ਮੈਂ ਕਿਸੇ ਤਕਨੀਕ ਦੀ ਕਾਢ ਨਹੀਂ ਕੱਢੀ।"[16]

ਸੋ ਨਾਵਲਕਾਰ ਦੀ ਟਿੱਪਣੀ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ 'ਤਫ਼ਤੀਸ਼' ਨਾਵਲ ਦਾ ਮੁੱਖ ਵਿਸ਼ਾ ਪੁਲਿਸ ਪ੍ਰਬੰਧ ਦੀਆਂ ਕਮੀਆਂ ਨੂੰ ਦਰਸਾਉਣ ਦੇ ਨਾਲ-ਨਾਲ ਜ਼ਿੰਦਗੀ ਦੇ ਅਨੇਕਾਂ ਪੱਖਾਂ ਨੂੰ ਵੀ ਰੂਪਮਾਨ ਕਰਦਾ ਹੈ। ਤਫ਼ਤੀਸ਼ ਕਰਨ ਵਾਲੇ ਹਰ ਪੁਲਿਸ ਕਰਮਚਾਰੀ ਦਾ ਜੀਵਨ ਇਕੋ ਘਟਨਾ ਨਾਲ ਜੁੜ ਕੇ ਹਰੇਕ ਵਿਅਕਤੀ ਦੇ ਕਿਸੇ ਨਾ ਕਿਸੇ ਸੰਸਥਾ ਨਾਲ ਜੁੜੇ ਹੋਣ ਦੀ ਤਫ਼ਤੀਸ਼ ਕਰਦਾ ਹੋਇਆ ਅਨੇਕਾਂ ਸੰਸਥਾਵਾਂ ਦਾ ਅੰਦਰੂਨੀ ਵੇਰਵਾ ਦਿੰਦਾ ਹੈ।

ਮਿੱਤਰ ਸੈਨ ਮੀਤ ਨੇ ਆਪਣੇ ਨਿਵੇਕਲੇ ਵਿਸ਼ੇ ਦੀ ਵਿਸ਼ਾਲਤਾ ਨੂੰ ਦਰਸਾਉਣ ਲਈ ਆਪਣੀਆਂ ਵਿਧੀਆਂ ਦੀ ਸਿਰਜਨਾ ਕੀਤੀ ਹੈ। ਇਕ ਮਾਸੂਮ ਬੱਚੇ ਬੰਟੀ ਦੇ ਅਗਵਾ ਹੋਣ ਤੋਂ ਸ਼ੁਰੂ ਹੋ ਕੇ ਕਹਾਣੀ ਪੁਲਿਸ ਸਭਿਆਚਾਰ ਦੀ ਬੇਕਿਰਕੀ ਨਾਲ ਜੋ ਤਸਵੀਰ ਇਕ-ਇਕ ਮੁਹੱਲੇ ਵਿਚ ਤਫ਼ਤੀਸ਼ ਕਰਦੀ ਹੈ, ਨੂੰ ਰੂਪਮਾਨ ਕੀਤਾ ਹੈ। ਉਹ ਆਪਣੇ ਆਪ ਵਿਚ ਮਿਸਾਲ ਹੈ। ਜਿਵੇਂ ਮਾਡਲ ਟਾਊਨ ਵਿਚ ਰਹਿੰਦੇ ਲੋਕਾਂ ਦੀਆਂ ਕੋਠੀਆਂ ਵਿਚ ਰਹਿਣ ਵਾਲੇ ਲੋਕਾਂ ਦੇ ਕਿੱਤਿਆਂ ਅਤੇ ਪਿਛੋਕੜਾਂ ਬਾਰੇ ਛੋਟੀਆਂ-ਛੋਟੀਆਂ ਕਹਾਣੀਆਂ ਬਿਆਨ ਕਰਨ ਤੇ ਕਥਾਨਕ ਅੱਗੇ ਤੁਰਦਾ ਹੈ।

ਇੰਦਰ ਸਿੰਘ ਖਾਮੋਸ਼ ਅਨੁਸਾਰ, "ਵਿਸ਼ੇ, ਵਿਸਥਾਰ, ਵਿਸ਼ਲੇਸ਼ਣ ਅਤੇ ਪੁਲਿਸ ਕਿਰਦਾਰ ਸੰਬੰਧੀ ਜਾਣਕਾਰੀ ਪੱਖੋਂ ਇਹ ਨਾਵਲ ਪੰਜਾਬੀ ਸਾਹਿਤ ਵਿਚ ਆਪਣੀ ਕਿਸਮ ਦਾ ਪਹਿਲਾ ਨਾਵਲ ਹੈ। ਵਿਸ਼ੇ ਉਪਰ ਨਾਵਲਕਾਰ ਦੀ ਕੇਵਲ ਪਕੜ ਹੀ ਮਜ਼ਬੂਤ ਨਹੀਂ ਸਗੋਂ ਇਸ ਨੂੰ ਕਲਾਤਮਕ ਢੰਗ ਨਾਲ ਪੇਸ਼ ਕਰਨ ਵਿਚ ਵੀ ਉਸਨੇ ਕਮਾਲ ਦੀ ਮੁਹਾਰਤ ਦਾ ਸਬੂਤ ਦਿੱਤਾ ਹੈ। ਵੱਡ ਅਕਾਰੇ ਇਸ ਯਥਾਰਥਵਾਦੀ ਨਾਵਲ ਵਿਚ ਪਿਆਰ ਨਾਲ ਸੰਬੰਧਿਤ ਇਕ ਵੀ ਘਟਨਾ ਨਾ ਹੋਣ ਦੇ ਬਾਵਜੂਦ ਨਾਵਲ ਦੀ ਰੌਚਿਕਤਾ ਹਰ ਕਾਂਡ ਨਾਲ ਵਧਦੀ ਚਲੀ ਜਾਂਦੀ ਹੈ। ਜਿਥੇ ਇਹ ਨਾਵਲ ਹਰ ਕਾਂਡ ਨਾਲ ਪਾਠਕ ਨੂੰ ਇਕ ਅਨੂਠੇ ਵਿਸ਼ੇ ਬਾਰੇ ਨਵੀਂ ਜਾਣਕਾਰੀ ਦੇ ਕੇ ਉਸਦੀ ਚੇਤਨਾ ਨੂੰ ਜਗਾਉਣ ਦਾ ਕਲਾਮਈ ਯਤਨ ਕਰਦਾ ਹੈ ਉਥੇ ਉਹ ਹਰ ਕਦਮ ਤੇ ਆਪਣੇ ਆਸ਼ੇ ਅਤੇ ਉਦੇਸ਼ ਨੂੰ ਰੂਪਮਾਨ ਕਰਦਾ ਹੋਇਆ ਪੁਲਿਸ ਪ੍ਰਸ਼ਾਸਨ ਦੀ ਅਜੋਕੀ ਕਾਰਗੁਜ਼ਾਰੀ ਰਾਹੀਂ ਵਰਤਮਾਨ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਢਾਂਚੇ ਦੀਆਂ ਜਰਜਰੀਆਂ ਚੂਲਾਂ ਨੂੰ ਹਿਲਾਉਂਦਾ ਤੁਰਿਆ ਜਾਂਦਾ ਹੈ।"[17]

ਸੋ ਨਾਵਲਕਾਰ ਨੇ ਇਕ ਚੁਣੌਤੀ ਭਰਪੂਰ ਵਿਸ਼ਾ ਚੁਣ ਕੇ ਵਰਤਮਾਨ ਸਮਾਜ ਦੀ ਯਥਾਰਥਵਾਦੀ ਤਸਵੀਰ ਪੇਸ਼ ਕੀਤੀ ਹੈ। ਨਾਵਲਕਾਰ ਦੀ ਵਿਲੱਖਣਤਾ ਵਿਸ਼ੇ ਪ੍ਰਤੀ ਇਹ ਰਹੀ ਹੈ ਕਿ ਆਪਣੇ ਨਾਵਲੀ ਬਿਰਤਾਂਤ ਦੀ ਉਸਾਰੀ ਕਰਨ ਲਈ ਕਿਸੇ ਗੁੰਝਲਦਾਰ

ਕਥਾਨਕ ਦੀ ਰਚਨਾ ਕਰਨ ਦੀ ਬਜਾਇ ਸਿੱਧੀ ਸਰਲ ਛੋਟੀ ਜਿਹੀ ਕਥਾਨਕ ਯੋਜਨਾ ਰਾਹੀਂ ਸਮੁੱਚੀ ਕਥਾ ਨੂੰ ਪ੍ਰਸਤੁਤ ਕੀਤਾ ਹੈ। ਨਾਵਲ ਦਾ ਆਰੰਭ ਬੱਚੇ ਬੰਟੀ ਦੇ ਅਗਵਾ ਹੋਣ ਤੋਂ ਸ਼ੁਰੂ ਹੋ ਕੇ ਪੁਲਿਸ-ਪ੍ਰਬੰਧ ਦੁਆਰਾ ਉਸ ਦੀ ਤਲਾਸ਼ ਰਾਹੀਂ ਅਨੇਕਾਂ ਸਮਾਜਿਕ, ਆਰਥਿਕ ਤੇ ਸਭਿਆਚਾਰਕ ਪਰਤਾਂ ਦੀ ਘੋਖ ਕਰਦਾ ਅੰਤ ਤੇ ਦੋ ਨਿਰਦੋਸ਼ (ਪਾਲੇ ਤੇ ਮੀਤੇ) ਵਿਅਕਤੀਆਂ ਨੂੰ ਕਾਤਲ ਐਲਾਨ ਕਰਕੇ ਜੱਜ ਦੇ ਸਾਹਮਣੇ ਪੇਸ਼ ਕਰਕੇ ਵਿਅੰਗਮਈ ਢੰਗ ਨਾਲ ਸਮਾਪਤ ਹੋ ਜਾਂਦਾ ਹੈ।

ਮਿੱਤਰ ਸੈਨ ਮੀਤ ਨੇ ਨਿਆਂਪਾਲਿਕਾ ਦੇ ਹੇਠਾਂ ਤੋਂ ਲੈ ਕੇ ਉਪਰਲੇ ਪੱਧਰ ਤੇ ਵੱਖ-ਵੱਖ ਮੁਲਾਜ਼ਮਾਂ ਜਿਵੇਂ ਅਹਿਲਮੱਦ, ਸਟੈਨੋ, ਰੀਡਰ, ਹੌਲਦਾਰ, ਐਸ.ਐਸ.ਪੀ., ਡੀ.ਐਸ.ਪੀ., ਵਕੀਲ, ਜੱਜ ਇਥੋਂ ਤੱਕ ਕਿ ਮੁੱਖ ਮੰਤਰੀ ਆਦਿ ਦੀ ਕਾਰਗੁਜ਼ਾਰੀ ਦੇ ਭਿੰਨ-ਭਿੰਨ ਪਹਿਲੂਆਂ ਨੂੰ ਕਲਾਕਾਰ ਦੀ ਸੂਝ ਨਾਲ ਚਿਤਰਿਆ ਹੈ ਜੋ ਉਸਦੀ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ। 'ਤਫ਼ਤੀਸ਼' ਨਾਵਲ ਦੌਰਾਨ ਤਫ਼ਤੀਸ਼ੀਆਂ ਦੇ ਕਾਰਨਾਮਿਆਂ ਤੋਂ ਲੈ ਕੇ 'ਕਟਹਿਰਾ' ਨਾਵਲ ਵਿਚ ਅਦਾਲਤ ਦੇ ਸਮੁੱਚੇ ਅਮਲੇ ਜਿਵੇਂ ਵਕੀਲ, ਜੱਜ, ਗਵਾਹ ਅਤੇ ਪ੍ਰਸ਼ਾਸਨ ਦੇ ਵੱਖ-ਵੱਖ ਅੰਗ, ਰਾਜਨੀਤੀਵਾਨਾਂ ਆਦਿ ਦੇ ਸਮੁੱਚੇ ਅਮਲੇ ਤੇ ਇਨ੍ਹਾਂ ਪਿੱਛੇ ਕਾਰਜਸ਼ੀਲ ਸ਼ਕਤੀਆਂ ਦੀ ਪਰਤ-ਦਰ-ਪਰਤ ਅਸਲੀਅਤ ਉਘਾੜਦਾ ਹੋਇਆ ਨਾਵਲਕਾਰ ਭਾਰਤੀ ਨਿਆਂ-ਪ੍ਰਣਾਲੀ ਦਾ ਮਹਾਂਚਿੱਤਰ ਪਾਠਕਾਂ ਸਾਹਮਣੇ ਉਜਾਗਰ ਕਰਦਾ ਹੈ।

'ਕਟਹਿਰਾ' ਨਾਵਲ ਦੀ ਕਹਾਣੀ ਦੀ ਮੁੱਖ ਪਰਤ ਬੰਟੀ ਕਤਲ ਕੇਸ ਵਿਚ ਫੜੇ ਗਏ ਦੋ ਨਿਰਦੋਸ਼ਾਂ ਪਾਲੇ ਤੇ ਮੀਤੇ ਉਪਰ ਚੱਲਣ ਵਾਲਾ ਮੁਕੱਦਮਾ ਹੈ। ਇਸ ਮੁਕੱਦਮੇ ਤਹਿਤ ਨਾਵਲਕਾਰ ਨਾਵਲ ਵਿਚ ਭਾਰਤੀ ਨਿਆਂ-ਪ੍ਰਣਾਲੀ ਨੂੰ ਕੇਂਦਰ ਵਿਚ ਰੱਖ ਕੇ ਰਾਜਨੀਤਿਕ, ਆਰਥਿਕ ਤੇ ਸਮਾਜ-ਸਭਿਆਚਾਰਕ ਪ੍ਰਬੰਧ ਦਾ ਬਹੁ-ਪਾਸਾਰੀ ਚਿੱਤਰ ਰੂਪਮਾਨ ਕਰਦਾ ਹੋਇਆ ਨਿਆਂ-ਪ੍ਰਣਾਲੀ ਦੇ ਹਰੇਕ ਅੰਗ ਦਾ ਭ੍ਰਿਸ਼ਟਾਚਾਰ ਅਤੇ ਕਾਰਜਕਾਰਨੀ ਦੇ ਦਬਾਅ ਹੇਠ ਆ ਚੁੱਕੀਆਂ ਅਨੇਕਾਂ ਲੁਕਵੀਆਂ ਪਰਤਾਂ ਨੂੰ ਆਪਣੀ ਵਿਵੇਕ ਬੁੱਧ ਅਤੇ ਅਨੁਭਵ ਰਾਹੀਂ ਮਹਿਸੂਸ ਕਰਦਾ, ਜਾਂਚਦਾ ਪਾਠਕਾਂ ਸਾਹਮਣੇ ਪ੍ਰਸਤੁਤ ਕਰਦਾ ਹੈ।

ਡਾ. ਟੀ.ਆਰ.ਵਿਨੋਦ ਅਨੁਸਾਰ, "ਨਾਵਲਕਾਰ ਨੇ ਸਾਡੀ ਨਿਆਂ-ਪ੍ਰਣਾਲੀ ਦੇ ਭਿੰਨ-ਭਿੰਨ ਪੱਖਾਂ ਦੀਆਂ ਬਾਰੀਕੀਆਂ ਨੂੰ ਇਕ ਕਲਾਕਾਰ ਦੀ ਸੂਝ ਨਾਲ ਜਿਵੇਂ ਇਸ ਨਾਵਲ ਵਿਚ ਪੇਸ਼ ਕੀਤਾ ਹੈ, ਉਹ ਨਿਰਸੰਦੇਹ ਵੱਡੀ ਪ੍ਰਾਪਤੀ ਹੈ। ਇਕ ਪਾਸਿਉਂ ਇਹ ਪੇਸ਼ਕਾਰੀ ਮੱਧਵਰਗੀ ਆਦਰਸ਼ਵਾਦ ਤੋਂ ਮੁਕਤ ਹੈ। ਦੂਜੇ ਪਾਸਿਉਂ ਇਹ ਨਿਰਾਸ਼ਾਵਾਦ ਤੋਂ ਵੀ ਸੁਰਖ਼ਰੂ ਹੈ। ਬੰਟੀ ਦਾ ਕਤਲ ਮਨੁੱਖਤਾ ਦੇ ਭਵਿੱਖ ਦਾ ਕਤਲ ਹੈ ਪਰੰਤੂ ਕਾਤਲ ਖ਼ੁਦ ਹੀ ਨਿਆਂਇਕ ਵੀ ਹੈ ਜਿਸਦਾ ਅਹਿਸਾਸ ਨਾਵਲਕਾਰ ਮਸ਼ਕਰੀ ਦੀ ਵਿਧਾ ਰਾਹੀਂ ਕਰਵਾਉਂਦਾ ਹੈ।"[18]

ਨਾਵਲਕਾਰ ਨੇ ਆਪਣੀ ਕਲਾਤਮਕ ਸੂਝ ਰਾਹੀਂ ਇਹ ਦਰਸਾਇਆ ਹੈ ਕਿ ਸਮਾਜ ਵਿਚੋਂ ਅਨੁਸ਼ਾਸਨ ਦਾ ਨਾਮੋ ਨਿਸ਼ਾਨ ਮਿਟ ਗਿਆ ਹੈ। ਸਾਡੇ ਰਾਜਨੀਤਿਕ ਅਤੇ ਪ੍ਰਬੰਧਕੀ ਸ਼ਕਤੀ ਦੇ ਥੰਮ ਖੁਰ ਰਹੇ ਹਨ। ਰਿਸ਼ਵਤ ਲੈਣ ਵਾਲੇ ਅਤੇ ਨਿਆਂ ਕਰਨ ਕਰਵਾਉਣ ਵਾਲੀ ਧਿਰ ਸਿਆਸਤ ਅਤੇ ਸਰਕਾਰੀ ਅਫ਼ਸਰ ਉਪਰੋਂ ਦਿੱਸਣ ਵਿਚ ਈਮਾਨਦਾਰ ਅਤੇ ਇੱਜ਼ਤਦਾਰ ਹਨ ਪਰੰਤੂ ਅੰਦਰੋ ਅੰਦਰੀ ਸਮਾਜ ਨੂੰ ਖੋਰਾ ਲਾ ਰਹੇ ਹਨ, ਜਿਸ ਬਾਰੇ ਪਿਆਰੇ

ਲਾਲ ਸੋਚਦਾ ਹੈ :

"ਪਿਆਰੇ ਲਾਲ ਨੂੰ ਘਬਰਾਹਟ ਨਾਲੋਂ ਵੱਧ ਮਾਨਸਿਕ ਪੀੜਾ ਸੀ। ਇਹ ਪੀੜਾ ਇਸ ਲਈ ਸੀ ਕਿ ਨਿਆਂਪਾਲਿਕਾ ਦਾ ਜਿਹੜਾ ਸਰੂਪ ਉਸਨੇ ਆਪਣੇ ਜ਼ਿਹਨ ਵਿਚ ਚਿੱਤਰ ਰੱਖਿਆ ਸੀ, ਇਸ ਫੈਸਲੇ ਨਾਲ ਉਸਦਾ ਹੁਲੀਆ ਹੀ ਵਿਗੜ ਗਿਆ। ਭਾਰਤੀ ਨਿਆਂਪਾਲਿਕਾ ਦੀ ਆਜ਼ਾਦੀ, ਨਿਡਰਤਾ ਅਤੇ ਨਿਰਪੱਖਤਾ ਤੇ ਉਸਨੂੰ ਸ਼ੱਕ ਹੋਣ ਲੱਗਾ ਸੀ। ਕੀ ਇਸੇ ਦਾ ਨਾਂ ਇਨਸਾਫ਼ ਹੈ ? ਇਸ ਤਰ੍ਹਾਂ ਦੇ ਸੈਂਕੜੇ ਪ੍ਰਸ਼ਨ ਉਸਦੇ ਜ਼ਿਹਨ ਵਿਚ ਉੱਠ ਖੜੋਤੇ ਸਨ।"[19]

ਸੋ ਨਾਵਲਕਾਰ ਨੇ ਭਾਰਤੀ ਨਿਆਂ-ਪ੍ਰਣਾਲੀ ਕੋਲੋਂ ਇਨਸਾਫ਼ ਲੈਣ ਦੀ ਉਮੀਦ ਨੂੰ ਖਤਮ ਹੁੰਦਿਆਂ ਦਿਖਾਇਆ ਹੈ ਕਿਉਂਕਿ ਜਦ ਇਨਸਾਫ਼ ਦੇਣ ਵਾਲੀ ਸੰਸਥਾ ਹੀ ਭ੍ਰਿਸ਼ਟ ਹੋ ਚੁੱਕੀ ਹੈ ਤਾਂ ਇਨਸਾਫ਼ ਕੌਣ ਦੇ ਸਕਦਾ ਹੈ। ਨਾਵਲਕਾਰ ਦੀ ਵੱਡੀ ਪ੍ਰਾਪਤੀ ਇਹ ਰਹੀ ਹੈ ਕਿ ਜਿੱਥੇ ਪਾਠਕਾਂ ਨੂੰ ਜਾਗਰੂਕ ਕੀਤਾ ਉਥੇ ਉਸਨੇ ਆਪਣੇ ਨਾਵਲਾਂ ਵਿਚ ਅਗਾਂਹਵਧੂ ਵਿਚਾਰਾਂ ਵਾਲੀ ਲੋਕ ਸੰਘਰਸ਼ ਸੰਮਤੀ ਦਾ ਉਥਾਨ ਵੀ ਕੀਤਾ ਹੈ। ਜਿਸ ਦੁਆਰਾ ਆਮ ਲੋਕਾਂ ਅਤੇ ਇਨਸਾਫ਼ ਲੈਣ ਵਾਲਿਆਂ ਨੂੰ ਵਿਸ਼ਵਾਸ ਕਰਵਾਇਆ ਹੈ ਕਿ ਅਜਿਹੀ ਸੰਮਤੀ ਵਿਚ ਪੜ੍ਹੇ-ਲਿਖੇ ਪਿਆਰੇ ਲਾਲ ਅਤੇ ਗੁਰਮੀਤ ਵਰਗੇ ਤਜਰਬੇਕਾਰ ਵਕੀਲਾਂ ਦੀ ਸਹਾਇਤਾ ਨਾਲ ਕਾਨੂੰਨ ਨੂੰ ਭ੍ਰਿਸ਼ਟਾਚਾਰੀ ਦੀ ਚੁੰਗਲ ਵਿਚੋਂ ਕੱਢਿਆ ਜਾ ਸਕਦਾ ਹੈ। ਨਾਵਲਕਾਰ ਨੇ ਆਪਣੇ ਅਨੁਭਵ ਰਾਹੀਂ ਭ੍ਰਿਸ਼ਟਾਚਾਰ ਪੈਦਾ ਕਿਵੇਂ ਹੁੰਦਾ ਹੈ ਤੇ ਕਿਵੇਂ ਵੱਡੀ ਤੋਂ ਛੋਟੀ ਪਦਵੀ ਤੱਕ ਪਹੁੰਚਦਾ ਹੈ, ਇਸਨੂੰ ਰੋਕਿਆ ਕਿਵੇਂ ਜਾ ਸਕਦਾ ਹੈ, ਆਦਿ ਤੱਥਾਂ ਨੂੰ ਵਿਸਥਾਰਮਈ ਰੂਪ ਵਿਚ ਪੇਸ਼ ਕੀਤਾ ਹੈ ਜੋ ਉਸਦੀ ਪ੍ਰਾਪਤੀ ਹੈ।

'ਤਫ਼ਤੀਸ਼' ਅਤੇ 'ਕਟਹਿਰਾ' ਨਾਵਲ ਰਾਹੀਂ ਚਰਚਾ ਵਿਚ ਆਏ ਨਾਵਲਕਾਰ ਨੇ ਲੰਬੇ ਸਮੇਂ ਤੱਕ ਚੁੱਪ ਰਹਿਣ ਤੋਂ ਬਾਅਦ ਨਿਵੇਕਲੀ ਨੁਹਾਰ ਵਾਲਾ 'ਕੌਰਵ-ਸਭਾ' ਨਾਵਲ ਜੋ ਤਫ਼ਤੀਸ਼ ਤੋਂ ਲੈ ਕੇ ਫੈਸਲਾ ਹੋਣ ਤੱਕ ਦੇ ਵੇਰਵੇ ਨੂੰ ਆਪਣਾ ਵਸਤੂ ਬਣਾ ਕੇ ਰੂਪਮਾਨ ਕਰਦਾ ਹੈ। ਸਰਸਰੀ ਨਜ਼ਰ ਮਾਰਿਆਂ 'ਕੌਰਵ-ਸਭਾ' ਦਾ ਵਿਸ਼ਾ ਭਾਵੇਂ ਪਹਿਲਾਂ ਵਾਲਾ ਹੀ ਪ੍ਰਤੀਤ ਹੁੰਦਾ ਹੈ ਪਰ ਗਹਿਰਾਈ ਇੰਨੀ ਜ਼ਿਆਦਾ ਹੈ ਕਿ ਪੁਲਿਸ ਪ੍ਰਬੰਧ (ਤਫ਼ਤੀਸ਼) ਨਿਆਂ-ਪ੍ਰਬੰਧ (ਕਟਹਿਰਾ) ਦੇ ਕੁਰੱਪਟ ਹੋਣ ਨੂੰ ਰੂਪਮਾਨ ਹੀ ਨਹੀਂ ਕਰਦਾ ਸਗੋਂ ਸਮੁੱਚੇ ਰਾਜਸੀ ਢਾਂਚੇ ਦੇ ਪ੍ਰਸੰਗ ਵਿਚ ਨਿਆਂਪਾਲਿਕਾ, ਵਿਧਾਨਪਾਲਿਕਾ ਤੇ ਕਾਰਜਪਾਲਿਕਾ ਨੂੰ ਵਿਸਥਾਰ ਨਾਲ ਚਿਤਰਦਾ ਹੋਇਆ ਸਮਾਜ ਦੇ ਸਮੁੱਚੇ ਢਾਂਚੇ ਦਾ ਕਰੂਰ ਯਥਾਰਥ ਵਿਅੰਗਾਤਮਕ ਰੂਪ ਵਿਚ ਪੇਸ਼ ਕਰਦਾ ਹੈ। 'ਕੌਰਵ-ਸਭਾ' ਨਾਵਲ ਦੇ ਵਿਸ਼ੇ ਦੇ ਪਾਸਾਰ ਨੂੰ ਵਿਸਥਾਰ ਨਾਲ ਚਿਤਰਨ ਲਈ ਮਾਇਆ ਨਗਰ ਦੇ ਲੋਕਾਂ ਦੀ ਜ਼ਿੰਦਗੀ ਜਿਉਣ ਲਈ ਬਣਿਆ ਸਮੁੱਚਾ ਸਮਾਜਿਕ ਢਾਂਚਾ ਜਿਸ ਵਿਚ ਪੁਲਿਸ ਪ੍ਰਸ਼ਾਸਨ, ਨਿਆਂ ਪ੍ਰਬੰਧ, ਸਿਹਤ ਵਿਭਾਗ, ਧਾਰਮਿਕ ਸੰਸਥਾਵਾਂ ਪਰਵਾਸੀ ਮਜ਼ਦੂਰ ਦੀ ਭਰਮਾਰ ਆਦਿ ਵਿਸ਼ਿਆਂ ਨੂੰ ਯਥਾਰਥ ਗਲਪ-ਚਿੱਤਰ ਵਿਚ ਪੇਸ਼ ਕੀਤਾ ਹੈ।

ਨਾਵਲ ਦੀ ਮੂਲ ਕਹਾਣੀ ਵੇਦ ਦੇ ਘਰ ਉਸਦੇ ਭਰਾ ਮੋਹਨ ਦੇ ਮੁੰਡਿਆਂ ਵਲੋਂ ਭਈਆਂ ਨੂੰ ਰਿਸ਼ਵਤ ਦੇ ਕੇ ਡਾਕਾ ਮਰਵਾਉਣ ਤੋਂ ਸ਼ੁਰੂ ਹੁੰਦੀ ਹੈ। ਇਸ ਸਾਜ਼ਿਸ਼ ਦੌਰਾਨ ਵੇਦ ਤੇ ਉਸਦੀ ਪਤਨੀ ਦੇ ਸੱਟਾਂ ਲਗਦੀਆਂ ਹਨ। ਉਹਨਾਂ ਦੇ ਬੇਟੇ ਕਮਲ ਦਾ ਕਤਲ ਹੁੰਦਾ ਹੈ

ਤੇ ਬੇਟੀ ਨੇਹਾ ਦਾ ਬਲਾਤਕਾਰ ਹੁੰਦਾ ਹੈ। ਇਸ ਘਟਨਾ ਦੌਰਾਨ ਹੀ ਸਾਰਾ ਪ੍ਰਸ਼ਾਸਨ ਹਰਕਤ ਵਿਚ ਆਉਂਦਾ ਹੈ। ਜਿਵੇਂ ਹਸਪਤਾਲ, ਪੁਲਿਸ, ਨਿਆਂ-ਪ੍ਰਬੰਧ, ਸਿਆਸਤ ਜੋ ਦੋਸ਼ੀਆਂ ਨੂੰ ਬਰੀ ਕਰਵਾਉਣ ਦੇ ਹੱਕ ਵਿਚ ਹੈ, ਪੂੰਜੀਪਤੀ ਵਪਾਰੀਆਂ ਆਦਿ ਰਾਹੀਂ ਨਾਵਲਕਾਰ ਇਸੇ ਘਟਨਾ ਨੂੰ ਆਧਾਰ ਬਣਾ ਕੇ ਸਮਾਜ ਵਿਚ ਫੈਲੇ ਭ੍ਰਿਸ਼ਟਾਚਾਰ ਦਾ ਯਥਾਰਥ ਪਾਠਕਾਂ ਸਾਹਮਣੇ ਦ੍ਰਿਸ਼ਟਮਾਨ ਕਰਦਾ ਹੈ। ਇਸ ਨਾਵਲ ਬਾਰੇ ਸਤਿੰਦਰ ਸਿੰਘ ਨੂਰ ਦੇ ਵਿਚਾਰ ਹਨ :

" 'ਕੌਰਵ-ਸਭਾ' ਨਾਵਲ ਵਿਚ ਮੀਤ ਨੇ ਇਹ ਦਿਖਾਇਆ ਹੈ ਕਿ ਕੁਰਪਟ ਪ੍ਰਬੰਧ ਵਿਸਤ੍ਰਿਤ ਹੁੰਦਾ ਜਾਂਦਾ ਹੈ, ਜਿਸ ਵਿਚ ਘਾਤਕ ਹਮਲਾ ਇਕ ਪਰਿਵਾਰ ਉਤੇ ਹੀ ਨਹੀਂ, ਬਲਾਤਕਾਰ ਨੇਹਾ ਦਾ ਹੀ ਨਹੀਂ, ਕਤਲ ਕਮਲ ਦਾ ਨਹੀਂ, ਬਲਾਤਕਾਰ ਸਾਰੀਆਂ ਸਮਾਜਿਕ ਕਦਰਾਂ ਕੀਮਤਾਂ ਦਾ ਹੋ ਚੁੱਕਾ ਹੈ। ਕਤਲ ਸਾਰੇ ਮਨੁੱਖੀ ਰਿਸ਼ਤਿਆਂ ਦਾ ਹੋ ਚੁੱਕਾ ਹੈ। ਜੋ ਇਸ ਪ੍ਰਬੰਧ ਇਸ ਵਿਗਾੜ ਦੇ ਸ਼ਿਕਾਰ ਹੋਏ ਮਨੁੱਖ ਦੀ ਦੇਖਭਾਲ ਲਈ ਅੱਗੇ ਵੀ ਆਉਂਦੇ ਹਨ, ਉਹਨਾਂ ਘਾਤਕ ਬੰਦਿਆਂ ਦੇ ਸਾਹਵੇਂ ਸਮਰੱਥਾ ਨਹੀਂ। ਇਉਂ ਕਹਾਣੀ ਇਕ ਪਰਿਵਾਰ ਦੀ ਤਰਾਸਦੀ ਹੀ ਨਹੀਂ ਰਹਿੰਦੀ, ਸਗੋਂ ਪ੍ਰਤੀਕਾਤਮਕ ਤੌਰ ਤੇ ਸਮੁੱਚੇ ਭਾਰਤੀ ਸਿਸਟਮ ਦੀ ਬਣ ਜਾਂਦੀ ਹੈ। ਯਥਾਰਥ ਦੀਆਂ ਡੂੰਘਾਈਆਂ, ਤਹਿਆਂ ਤੇ ਗੁੰਝਲਾਂ ਜਿਹੜੀਆਂ ਕਿਸੇ ਵੀ ਰਾਜਸੀ ਜਾਂ ਸਮਾਜਿਕ ਵਿਚਾਰਧਾਰਾ ਤੋਂ ਸੁਲਝ ਨਹੀਂ ਰਹੀਆਂ।"[20]

ਉਪਰੋਕਤ ਵੇਰਵੇ ਤੋਂ ਸਪੱਸ਼ਟ ਹੈ ਕਿ ਮੀਤ ਇਸ ਤਰਾਸਦਿਕ ਸਮੱਸਿਆ ਦੇ ਅਵਚੇਤਨ ਨੂੰ ਤਲਾਸ਼ਣਾ ਚਾਹੁੰਦਾ ਹੈ। ਨਾਵਲਕਾਰ ਆਪਣੇ ਅਨੁਭਵ ਰਾਹੀਂ ਕੇਵਲ ਕਾਨੂੰਨ ਪ੍ਰਬੰਧ ਦੀਆਂ ਵਿਧੀਆਂ ਅਤੇ ਕਾਨੂੰਨ ਪ੍ਰਬੰਧ ਦੀਆਂ ਅੰਦਰਲੀਆਂ ਕਮਜ਼ੋਰੀਆਂ ਨੂੰ ਹੀ ਸਾਹਮਣੇ ਨਹੀਂ ਲਿਆਉਂਦਾ ਸਗੋਂ ਵਰਤਮਾਨ ਸਮਾਜ ਦੀ ਅਜੋਕੀ ਸਥਿਤੀ ਸਾਡੇ ਸਾਹਮਣੇ ਰੂਪਮਾਨ ਕਰਦਾ ਹੈ, ਚਾਹੇ ਉਹ ਰਿਸ਼ਤੇ-ਨਾਤੇ ਹੋਣ, ਪੈਸੇ ਕਮਾਉਣ ਜਾਂ ਸਮਾਜ ਵਿਚ ਨਾਮ ਕਮਾਉਣ ਦੀ ਚਰਚਾ, ਚਾਹੇ ਧਾਰਮਿਕ ਤੇ ਸਿਹਤ ਵਿਭਾਗ ਦੇ ਕਰਮਚਾਰੀ ਜਾਂ ਨਿਆਂ ਦੇਣ ਵਾਲੇ ਜੱਜ ਵਕੀਲ ਗੱਲ ਕੀ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਦ੍ਰਿਸ਼ਟਮਾਨ ਕਰਦਾ ਨਾਵਲਕਾਰ ਆਪਣੇ ਬਿਰਤਾਂਤ ਨੂੰ ਸੰਘਣਾ ਕਰਦਾ ਹੈ, ਜਿਸਨੂੰ ਡਾ. ਜਗਬੀਰ ਸਿੰਘ ਇਸ ਤਰ੍ਹਾਂ ਬਿਆਨ ਕਰਦੇ ਹਨ :

"ਮੌਜੂਦਾ ਨਿਆਂ-ਪ੍ਰਣਾਲੀ ਨੂੰ ਕੇਂਦਰ ਵਿਚ ਰੱਖ ਕੇ ਸਿਰਜਿਆ ਗਿਆ ਇਹ ਨਾਵਲ ਆਲੋਚਨਾਤਮਕ ਯਥਾਰਥਵਾਦ ਦੀ ਪ੍ਰਮਾਣਿਕ ਵਿਧੀ ਅਤੇ ਨਾਇਕ-ਵਿਹੂਣੇ ਦਸਤਾਵੇਜੀ ਬਿਰਤਾਂਤ ਰਾਹੀਂ, ਪੰਜਾਬ ਦੀ ਵਰਤਮਾਨ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਵਿਵਸਥਾ ਦਾ ਭਰਵਾਂ ਬਿੰਬ ਉਸਾਰਦਾ ਹੈ। ਇਸਦੀ ਬਿਰਤਾਂਤ ਸ਼ੈਲੀ ਘਟਨਾਵਾਂ ਅਤੇ ਸਥਿਤੀਆਂ ਦਾ ਵਿਸਤ੍ਰਿਤ ਵੇਰਵਾ ਪੇਸ਼ ਕਰਦੀ ਹੋਈ ਯਥਾਰਥ ਦੀ ਵਰਤਮਾਨ ਹਕੀਕਤ ਨੂੰ ਮੂਰਤੀਮਾਨ ਕਰਨ ਵੱਲ ਰੁਚਿਤ ਹੁੰਦੀ ਹੈ। ਇਕ ਤਰ੍ਹਾਂ ਨਾਲ ਯਥਾਰਥ ਦੀ ਵਰਤਮਾਨ ਹਕੀਕਤ ਕੌਰਵ ਸਭਾ ਨਾਵਲ ਦਾ ਉਹ ਪ੍ਰਸੰਗ ਹੈ ਜੋ ਇਸਦੇ ਆਰ-ਪਾਰ ਫੈਲਿਆ ਹੋਇਆ ਹੈ ਅਤੇ ਜਿਸਦੇ ਮਾਧਿਅਮ ਰਾਹੀਂ ਇਹ ਨਾਵਲ ਅਰਥ-ਸਾਰਥਕਤਾ ਗ੍ਰਹਿਣ ਕਰਦਾ ਹੈ।"[21]

ਸੋ ਨਾਵਲਕਾਰ ਨੇ ਇਸ ਨਾਵਲ ਰਾਹੀਂ ਜਿਥੇ ਆਪਣੇ ਅਨੁਭਵ, ਸੂਝ, ਸਿਆਣਪ ਅਤੇ ਸਮਝ ਦਾ ਸਬੂਤ ਦਿੱਤਾ ਹੈ ਉਥੇ ਇਹ ਸਮਾਜ ਦੇ ਕੋਝ ਨੂੰ ਨੰਗਾ ਕਰਦਾ ਹੋਇਆ

ਇਹ ਵੀ ਦਰਸਾਉਣ ਵਿਚ ਕਾਮਯਾਬ ਰਿਹਾ ਹੈ ਕਿ ਜਿਸ ਤਰ੍ਹਾਂ ਸਾਡੇ ਸਮਾਜ ਨੂੰ ਭ੍ਰਿਸ਼ਟਾਚਾਰ ਨਿਗਲ ਰਿਹਾ ਹੈ ਉਸ ਤਰ੍ਹਾਂ ਇਥੇ ਕੌਰਵਾਂ ਦਾ ਹੀ ਰਾਜ ਰਹੇਗਾ, ਪਾਂਡਵ ਆਪਣੇ ਰਾਜ ਦੀ ਉਤਪਤੀ ਬਾਰੇ ਸੋਚ ਵੀ ਨਹੀਂ ਸਕਦੇ।

'ਸੁਧਾਰ-ਘਰ' ਨਾਵਲ ਤਫ਼ਤੀਸ਼ ਅਤੇ ਕਟਹਿਰਾ ਦਾ ਤੀਜਾ ਭਾਗ ਵੀ ਹੈ ਤੇ ਆਪਣੇ ਆਪ ਵਿਚ ਸੁਤੰਤਰ ਤੇ ਪੂਰਾ ਨਾਵਲ ਵੀ ਹੈ। ਇਸਦਾ ਮੁੱਖ ਵਿਸ਼ਾ 'ਜੇਲ-ਪ੍ਰਬੰਧ' ਦੀ ਕਾਰਗੁਜ਼ਾਰੀ ਨੂੰ ਪੇਸ਼ ਕਰਨਾ ਹੈ। ਪਰੰਤੂ ਪਾਲੇ ਤੇ ਮੀਤੇ ਦੇ ਜੇਲ੍ਹ ਜਾਣ ਦੀ ਯਾਤਰਾ ਤੋਂ ਸ਼ੁਰੂ ਹੋ ਕੇ ਫਾਂਸੀ ਲੱਗਣ ਤੱਕ ਦੀ ਪ੍ਰਕਿਰਿਆ ਰਾਹੀਂ ਨਾਵਲਕਾਰ ਅੰਧਾ-ਧੁੰਦ ਚਲ ਰਹੇ ਅਜੋਕੇ ਪ੍ਰਸ਼ਾਸਨ ਦੀਆਂ ਬਾਰੀਕੀਆਂ ਨੂੰ ਅਨੇਕਾਂ ਪਾਤਰਾਂ ਦੇ ਜੀਵਨ ਅਤੇ ਵਿਭਿੰਨ ਵਰਗ ਦੇ ਵਿਭਿੰਨ ਕਿੱਤਿਆਂ ਨੂੰ ਆਪਣੀ ਕਲਮ ਦੁਆਰਾ ਉਲੀਕਦਾ ਹੋਇਆ ਆਪਣੇ ਪਹਿਲੇ ਨਾਵਲਾਂ ਵਿਚ ਨਾ ਲਏ ਜਾਣ ਵਾਲੇ ਵਿਸ਼ਿਆਂ ਨੂੰ ਰੂਪਮਾਨ ਕਰਦਾ ਹੈ। ਨਾਵਲਕਾਰ ਇਸ ਨਾਵਲ ਰਾਹੀਂ ਇਹ ਦਰਸਾਉਂਦਾ ਹੈ ਕਿ ਹਰੇਕ ਦੀ ਦਿਲੀ ਇੱਛਾ ਇਹ ਹੁੰਦੀ ਹੈ ਕਿ ਜੇਕਰ ਉਸਨੇ ਜ਼ੁਰਮ ਕੀਤਾ ਹੈ ਉਸਦੀ ਸਜ਼ਾ ਕੱਟਣ ਤੋਂ ਬਾਅਦ ਉਸਨੂੰ ਸਾਧਾਰਨ ਨਾਗਰਿਕ ਵਾਂਗ ਜ਼ਿੰਦਗੀ ਜਿਉਣ ਦਾ ਹੱਕ ਹੋਣਾ ਚਾਹੀਦਾ ਹੈ ਪਰੰਤੂ ਜੇਲ੍ਹ ਵਿਚ ਵੀ ਅਤੇ ਜੇਲ੍ਹ ਕੱਟਣ ਤੋਂ ਬਾਅਦ ਵੀ ਕੈਦੀਆਂ ਨਾਲ ਹੁੰਦਾ ਇਸਦੇ ਉਲਟ ਹੈ। ਜਿਸ ਤਰ੍ਹਾਂ ਨਿਕੋ ਤੇ ਬੀਰੋ ਦੇ ਮੱਥੇ ਤੇ 'ਚੋਰਨੀ' ਅਤੇ 'ਜੇਬ-ਕਤਰੀ' ਸ਼ਬਦ ਲਿਖ ਦਿੱਤਾ ਜਾਂਦਾ ਹੈ ਜੋ ਸਾਰੀ ਉਮਰ ਨਹੀਂ ਮਿਟਦਾ। ਇਹ ਕਿਥੋਂ ਦਾ 'ਸੁਧਾਰ-ਘਰ' ਹੈ। ਇਸ ਤਰ੍ਹਾਂ ਕਰੀਮੂ ਨੂੰ ਤਾਏ ਨਾਲ ਮਿਲਕੇ ਭੁੱਕੀ ਵੇਚਣ ਦੇ ਕੇਸ ਵਿਚ ਸਜ਼ਾ ਹੋਈ ਜਿਸਨੂੰ ਕੈਦ ਦੇ ਨਾਲ ਸਰੀਰਕ ਤੇ ਮਾਨਸਿਕ ਕਸ਼ਟ ਵੀ ਦਿੱਤੇ ਗਏ। ਜਿਵੇਂ :

"ਜੇ ਮੈਨੂੰ ਪੁਲਿਸ ਝੂਠੇ ਮੁਕੱਦਮੇ ਵਿਚ ਨਾ ਫਸਾਉਂਦੀ, ਜੇ ਪੁਲਿਸ ਮੈਨੂੰ ਅੰਨਾ ਨਾ ਕਰਦੀ ਮੈਂ ਵੀ ਜਗਤ-ਪ੍ਰਸਿੱਧ ਖਿਡਾਰੀ ਹੁੰਦਾ, ਖੁਸ਼ੀਆਂ ਭਰੀ ਜ਼ਿੰਦਗੀ ਜਿਉਂ ਰਿਹਾ ਹੁੰਦਾ।"[22]

ਇਸ ਤਰ੍ਹਾਂ ਬੂਆ ਨਾਂ ਦੇ ਪਾਤਰ ਦੀ ਕਹਾਣੀ ਵੀ ਇਹੀ ਬਿਆਨ ਕਰਦੀ ਹੈ ਕਿ ਉਸਨੂੰ ਅਮੀਰਾਂ ਦੇ ਕਾਕੇ ਨੇ ਆਪਣੇ ਮੈਡਲ ਖੋਹੇ ਜਾਣ ਦੇ ਡਰੋਂ ਝੂਠੇ ਚੋਰੀ ਦੇ ਕੇਸ ਵਿਚ ਫਸਾ ਕੇ ਜੇਲ੍ਹ ਜਾਣ ਲਈ ਮਜ਼ਬੂਰ ਕੀਤਾ ਕਿਉਂਕਿ ਉਹ ਬਾਜੀਗਰਾਂ ਦਾ ਮੁੰਡਾ ਸੀ ਜੋ ਬਚਪਨ ਤੋਂ ਲਚਕੀਲਾ ਸਰੀਰ ਦਾ ਮਾਲਕ ਹੋਣ ਕਰਕੇ ਜਿਲ੍ਹਾ ਰਾਏਪੁਰ ਦੀਆਂ ਖੇਡਾਂ ਵਿਚ ਹਮੇਸ਼ਾ ਜੇਤੂ ਰਹਿੰਦਾ ਸੀ। ਉਸਦੇ ਜੀਵਨ ਰਾਹੀਂ ਨਾਵਲਕਾਰ ਜੇਲ੍ਹ ਦੇ ਕਾਨੂੰਨਾਂ ਦੀ ਗੱਲ ਇਸ ਤਰ੍ਹਾਂ ਕਰਦਾ ਹੈ :

"ਮੇਰੀ ਫੁਰਤੀ ਦੇਖ ਕੇ ਖੇਡ ਮੰਤਰੀ ਨੇ ਮੈਨੂੰ ਪੁਲਿਸ 'ਚ ਭਰਤੀ ਕਰਨ ਦਾ ਵਾਅਦਾ ਕੀਤਾ ਸੀ। ਜੇ ਪੁਲਿਸ ਨੇ ਮੇਰਾ ਰਿਕਾਰਡ ਖਰਾਬ ਨਾ ਕੀਤਾ ਹੁੰਦਾ, ਅੱਜ ਮੈਂ ਵੀ ਪੁਲਿਸ ਅਫ਼ਸਰ ਹੁੰਦਾ।"[23]

ਸੋ ਉਕਤ ਵੇਰਵੇ ਕੇਵਲ ਜੇਲ੍ਹ ਦੇ ਕੈਦੀਆਂ ਦੀ ਜ਼ਿੰਦਗੀ ਦੀ ਦਾਸਤਾਨ ਨੂੰ ਹੀ ਬਿਆਨ ਨਹੀਂ ਕਰਦੇ ਸਗੋਂ ਇਹ ਵੱਖ-ਵੱਖ ਵਰਗਾਂ ਨਾਲ ਸੰਬੰਧ ਰੱਖਣ ਵਾਲੇ ਲੋਕਾਂ ਦੇ ਵੱਖ-ਵੱਖ ਕਿੱਤਿਆਂ ਨੂੰ ਰੂਪਮਾਨ ਕਰਦੇ ਹੋਏ ਵਿਗੜ ਚੁੱਕੇ ਸਮਾਜ ਦਾ ਵਿਸਤ੍ਰਿਤ ਵੇਰਵਾ ਦਿੰਦਾ ਹੈ :

"ਇਸ ਬਾਰ ਪਸ਼ਮੀਨੇ ਸ਼ਾਲ ਅਤੇ ਗਲੀਚੇ ਬੁਨਣ ਵਾਲੇ ਯੂਨਿਟ ਦੇ ਕੈਦੀ ਵੀ ਭੜਾਸ

ਕੱਢ ਰਹੇ ਹਨ। ਦਿਨ-ਰਾਤ ਮਿਹਨਤ ਕਰਕੇ ਮਸਾਂ ਉਹ ਕੋਈ ਸ਼ਾਲ, ਗਲੀਚਾ ਤਿਆਰ ਕਰਦੇ ਹਨ। ਆਸ ਕਰਦੇ ਹਨ, ਕੋਈ ਕਲਾ ਦਾ ਕਦਰਦਾਨ ਆਏਗਾ ਅਤੇ ਉਨ੍ਹਾਂ ਦੀ ਕਲਾ ਦਾ ਮੁੱਲ ਪਾਵੇਗਾ। ਪਹਿਲੇ ਸੁਪਰਡੈਂਟ ਸਮੇਂ ਉਨ੍ਹਾਂ ਨੂੰ ਚੰਗੀ ਕਮਾਈ ਹੁੰਦੀ ਸੀ। ਕਦਰਦਾਨ ਦੀ ਥਾਂ ਹੁਣ ਯੂਨਿਟ ਵਿਚ ਸੁਪਰਡੈਂਟ ਆਪ ਆ ਧਮਕਦਾ ਹੈ। ਕਲਾ ਕਿਰਤ ਨੂੰ, ਕਿਸੇ ਯਾਰ-ਬੇਲੀ ਨੂੰ ਤੋਹਫ਼ਾ ਦੇਣ ਲਈ ਲੈ ਜਾਂਦਾ ਹੈ।"[24]

ਨਾਵਲਕਾਰ ਦੀ ਵੱਖਰਤਾ ਉਕਤ ਵੇਰਵੇ ਰਾਹੀਂ ਇਹੀ ਦਿਖਾਈ ਦਿੰਦੀ ਹੈ ਕਿ ਉਸਨੇ ਇਕ ਵਿਸ਼ੇ ਤੇ ਕੇਂਦਰਿਤ ਰਹਿ ਕੇ ਵੱਖਰੇ-ਵੱਖਰੇ ਥੀਮਕ ਪਾਸਾਰਾਂ ਰਾਹੀਂ ਸਮੁੱਚੇ ਗਲਤਾਨ ਹੋ ਚੁੱਕੇ ਸਮਾਜਿਕ ਢਾਂਚੇ ਨੂੰ ਰੂਪਮਾਨ ਕੀਤਾ ਹੈ ਜਿਸ ਵਿਚ ਨੈਤਿਕਤਾ, ਮਾਨਸਿਕ ਤਬਦੀਲੀ, ਮਾਨਵੀ ਹੱਕਾਂ ਅਤੇ ਜੀਵਨ ਦੇ ਬੁਨਿਆਦੀ ਮੁੱਲਾਂ ਨਾਲ ਖਿਲਵਾੜ ਹੁੰਦਾ ਦਿਖਾਇਆ ਹੈ। ਉਸਨੇ ਸਮੁੱਚੀ ਵਿਵਸਥਾ ਦਾ ਵੱਡੇ ਤੋਂ ਵੱਡਾ ਅਤੇ ਛੋਟੇ ਤੋਂ ਛੋਟਾ ਰੂਪ ਪੇਸ਼ ਕੀਤਾ ਹੈ, ਜਿਸ ਵਿਚ ਛੋਟਾ ਰੂਪ ਜ਼ਿਆਦਾ ਡਰਾਵਣਾ ਹੈ ਜਿਹੜਾ ਮਨੁੱਖ ਦੀ ਗਿਰਾਵਟ ਦੀ ਸਿਖਰ ਆਖਿਆ ਜਾ ਸਕਦਾ ਹੈ।

ਸੋ ਮੀਤ ਨੇ ਆਪਣੇ ਅਨੁਭਵ ਰਾਹੀਂ ਸਿਰਫ਼ ਵਿਅਕਤੀਗਤ ਪੀੜਾ ਨੂੰ ਨਹੀਂ ਚਿਤਰਿਆ ਸਗੋਂ ਉਹਨਾਂ ਦੇ ਮਾਧਿਅਮ ਰਾਹੀਂ ਸਮੁੱਚੇ ਸਿਸਟਮ ਦੀ ਭ੍ਰਿਸ਼ਟਾਚਾਰਿਕ ਸਥਿਤੀ ਨੂੰ ਚਿਤਾਰਦਾ ਹੋਇਆ ਆਪਣੀ ਚੇਤਨਾ ਅਤੇ ਸੰਵੇਦਨਾ ਨੂੰ ਨਿਰੋਲ ਨਾਅਰੇ ਵਜੋਂ ਵਿਅਕਤ ਨਹੀਂ ਕਰਦਾ ਸਗੋਂ ਨਿੱਜੀ ਜੀਵਨ ਅਨੁਭਵ ਦੇ ਹਵਾਲੇ ਨਾਲ ਸਿਸਟਮ ਦੇ ਹਰ ਪੱਖ ਦੀ ਹਕੀਕਤ ਨੂੰ ਫਰੋਲਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਨਾਵਲਕਾਰ ਆਪਣੇ ਨਿਵੇਕਲੇ ਚੁਣੇ ਨਾਵਲਾਂ ਦੇ ਵਿਸ਼ਿਆਂ ਦੀ ਵਿਭਿੰਨਤਾ ਰਾਹੀਂ ਸਮਾਜ ਨੂੰ ਬਦਲਣਾ ਚਾਹੁੰਦਾ ਹੈ। ਉਸਨੇ ਆਪਣੇ ਚੁਣੇ ਵਿਸ਼ੇ ਕਾਨੂੰਨ ਦੀ ਦੁਨੀਆਂ ਵਿਚ ਰਹਿ ਕੇ ਮਾਨਵਤਾ ਦੇ ਵਰਤਮਾਨ ਨੂੰ ਦੇਖਦਾ ਹੋਇਆ ਇਸਦੇ ਭਵਿੱਖ ਪ੍ਰਤੀ ਫ਼ਿਕਰਮੰਦ ਹੈ, ਪਰ ਨਿਰਾਸ਼ ਨਹੀਂ। ਪਾਠਕ ਵਰਗ ਨੂੰ ਸੁਚੇਤ ਕਰਦਾ ਹੋਇਆ ਨਾਵਲਕਾਰ ਲਤਾੜੇ ਜਾਣ ਵਾਲੇ ਵਰਗ ਦੇ ਸੰਘਰਸ਼ ਨੂੰ ਬਹੁਤ ਹੀ ਭਾਵੁਕ ਹੋ ਕੇ ਬਿਆਨ ਕਰਦਾ ਹੈ ਕਿਉਂਕਿ ਉਸਦਾ ਮਨ ਇਸ ਧਰਤੀ ਉਤੇ ਹੋ ਰਹੀ ਬੇਇਨਸਾਫ਼ੀ ਦੇ ਹਨੇਰ ਨੂੰ ਹੋਰ ਜ਼ਿਆਦਾ ਬਰਦਾਸ਼ਤ ਨਹੀਂ ਕਰ ਸਕਦਾ। ਜਿਸ ਕਰਕੇ ਅਨੇਕਾਂ ਵਿਸ਼ਿਆਂ ਰਾਹੀਂ ਉਹ ਰਾਜ ਸੱਤਾ ਦੇ ਥੰਮਾਂ ਨੂੰ ਲੱਗੇ ਸਿਉਂਕ ਵਰਗੇ ਉਚੀਆਂ ਪਦਵੀਆਂ ਉਤੇ ਬਿਰਾਜਮਾਨ ਸਫ਼ੈਦ ਪੋਸ਼ਾਂ ਦੀਆਂ ਕਾਲੀਆਂ ਕਰਤੂਤਾਂ ਦਾ ਪਾਜ ਬੜੀ ਬੇਰਹਿਮੀ ਨਾਲ ਖੋਲ੍ਹਦਾ ਹੈ।

## (ਅ) ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਪਾਤਰਾਂ ਦੀ ਅੰਦਰੂਨੀ ਅਤੇ ਬਾਹਰੀ ਸ਼ਖ਼ਸੀਅਤ ਦੇ ਵਿਭਿੰਨ ਪੱਖ ਅਤੇ ਵਿਲੱਖਣਤਾਵਾਂ

ਨਾਵਲ ਵਿਚ ਸਭ ਤੋਂ ਵੱਡਾ ਗੁਣ ਪਾਤਰਾਂ ਦੀ ਪੇਸ਼ਕਾਰੀ ਦਾ ਹੁੰਦਾ ਹੈ। ਪਾਤਰਾਂ ਰਾਹੀਂ ਹੀ ਨਾਵਲ ਦਾ ਵਿਸ਼ਾ ਅਤੇ ਘਟਨਾਵਾਂ ਅੱਗੇ ਚਲਦੀਆਂ ਹਨ। ਇਸ ਲਈ ਪਾਤਰ ਯਥਾਰਥ ਨੂੰ ਬਿਆਨ ਕਰਨ ਵਾਲੇ ਹੋਣੇ ਚਾਹੀਦੇ ਹਨ। ਨਾਵਲ ਭਾਵੇਂ ਸਮਾਜਿਕ ਹੋਵੇ, ਧਾਰਮਿਕ ਜਾਂ ਇਤਿਹਾਸਿਕ ਹੋਵੇ, ਪਾਤਰ ਵਿਸ਼ੇ ਅਤੇ ਘਟਨਾਵਾਂ ਅਨੁਸਾਰ ਹੀ ਹੋਣੇ ਚਾਹੀਦੇ

ਹਨ ਕਿਉਂਕਿ ਨਾਵਲ ਵਿਚ ਪਾਤਰਾਂ ਦਾ ਮਹੱਤਵਪੂਰਨ ਸਥਾਨ ਹੁੰਦਾ ਹੈ। ਡਾ. ਟੀ.ਆਰ.ਵਿਨੋਦ ਅਨੁਸਾਰ, "ਪਾਤਰ ਚਿਤ੍ਰਣ, ਚਰਿਤਰ ਚਿਤ੍ਰਣ, ਪਾਤਰ ਉਸਾਰੀ - ਪਾਤਰ ਚਿਤ੍ਰਣ ਤੋਂ ਮੁਰਾਦ ਪਾਤਰਾਂ ਦੀ ਸ਼ਖ਼ਸੀਅਤ ਦੀ ਨਾਵਲੀ ਪੇਸ਼ਕਾਰੀ ਹੈ। ਨਾਵਲ ਦੇ ਪਾਤਰਾਂ ਦੇ ਚਿਤ੍ਰਣ ਦੀ ਨਾਵਲੀ ਵਿਧੀ ਵਿਅਕਤੀਕਰਨ ਦੀ ਵਿਧੀ ਹੈ ਅਰਥਾਤ ਨਾਵਲ ਦਾ ਹਰੇਕ ਪਾਤਰ ਸਥੂਲ ਅਤੇ ਵਿਸ਼ੇਸ਼ ਰੂਪ ਵਿਚ ਪੇਸ਼ ਕਰਨਾ ਹੁੰਦਾ ਹੈ। ਇਸ ਲਈ ਨਾਵਲ ਵਿਚ ਪਾਤਰਾਂ ਦੇ ਸੁਭਾਅ ਦੀ ਜਾਣਕਾਰੀ ਦੇ ਦੇਣਾ ਹੀ ਕਾਫ਼ੀ ਨਹੀਂ ਹੁੰਦਾ, ਉਸ ਦਾ ਠੋਸ ਬਿੰਬ-ਚਿਤਰ ਉਭਾਰਨਾ ਹੁੰਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਨਾਵਲਕਾਰ ਪਾਤਰਾਂ ਨੂੰ ਲੰਮੇ ਅਰਸੇ ਵਿਚ ਫੈਲੀਆਂ ਸਥਿਤੀਆਂ ਵਿਚੋਂ ਦੀ ਲੰਘਾਉਂਦਾ ਹੈ। ਇਨ੍ਹਾਂ ਸਥਿਤੀਆਂ ਵਿਚੋਂ ਲੰਘਦੇ ਪਾਤਰਾਂ ਦੇ ਪਰਸਪਰ ਸੰਬੰਧ, ਉਨ੍ਹਾਂ ਦੇ ਕਾਰਜ, ਉਨ੍ਹਾਂ ਦਾ ਵਿਹਾਰ, ਉਨ੍ਹਾਂ ਦਾ ਪਰਿਵੇਸ਼ ਆਦਿ ਜੋ ਕੁਝ ਵੀ ਨਾਵਲ ਵਿਚ ਚਿਤਰਿਆ ਜਾਂਦਾ ਹੈ, ਉਹ ਸਭ ਪਾਤਰਾਂ ਦੇ ਸੁਭਾਅ ਦਾ ਸੰਕੇਤਕ ਹੋ ਨਿਬੜਦਾ ਹੈ।"[25]

ਪਾਤਰਾਂ ਦੇ ਅੰਦਰੂਨੀ ਅਤੇ ਬਾਹਰੀ ਪੱਖਾਂ ਦਾ ਚਿਤਰਨ ਕਰਨਾ ਸਾਹਿਤਕਾਰ ਦੇ ਹੱਥ ਹੁੰਦਾ ਹੈ ਕਿ ਸਾਹਿਤਕਾਰ ਆਪਣੇ ਨਿੱਜੀ ਅਨੁਭਵ, ਬੁੱਧੀ ਅਤੇ ਉਦੇਸ਼ ਦੀ ਪ੍ਰਾਪਤੀ ਲਈ ਪਾਤਰਾਂ ਦੇ ਕਾਰਜਾਂ, ਉਹਨਾਂ ਦੇ ਆਪਸੀ ਵਾਰਤਾਲਾਪਾਂ ਸੰਬੰਧੀ ਉਹਨਾਂ ਨੂੰ ਹਰੇਕ ਪੱਖ ਤੋਂ ਦ੍ਰਿਸ਼ਟਮਾਨ ਕਰਦਾ ਹੈ। 'ਅੱਗ ਦੇ ਬੀਜ' ਨਾਵਲ ਦਾ ਕੇਂਦਰੀ ਪਾਤਰ ਕਰਤਾਰ ਐਮ.ਏ. ਪਾਸ ਲਿਆਕਤ ਰੱਖਣ ਦੇ ਬਾਵਜੂਦ ਵੀ ਨੌਕਰੀ ਨਹੀਂ ਪ੍ਰਾਪਤ ਕਰ ਸਕਦਾ। ਉਹ ਸਰਦਾਰ ਦੀ ਕੋਠੀ ਬੈਠਾ ਆਪਣੇ ਬਾਰੇ ਸੋਚਦਾ ਹੈ।

"ਕੀ ਕਦੇ ਮੈਂ ਵੀ ਅਜਿਹੀਆਂ ਕੋਠੀਆਂ ਤੱਕ ਪਹੁੰਚ ਸਕਾਂਗਾ।" ਕਰਤਾਰ ਨੇ ਆਪਣੀ ਸ਼ਾਨੋ ਸ਼ੌਕਤ ਨੂੰ ਵੇਖ ਕੇ ਆਪਣੇ ਤੇ ਸਵਾਲ ਕੀਤਾ। ... ਨਾ ਪਿਉ ਨਾ ਦਾਦਾ ਤੇ ਹੁਣ ਉਹ ਕੋਠੀਆਂ ਵਿਚ ਰਹੇਗਾ। ਉਸਨੇ ਫੇਰ ਸੋਚਿਆ। ਜਰੂਰੀ ਤੇ ਨਹੀਂ ਕੋਈ ਪਿਉ ਦਾਦਿਆਂ ਦੀਆਂ ਲੀਹਾਂ ਤੇ ਚਲੇ ! ਸਰਦਾਰ ਕਿੰਨਾ ਬਦਲ ਗਿਆ ਹੈ। ਇਹਦੇ ਪਿਓ ਦਾਦੇ ਕਿਹੜੇ ਮਹਿਲਾਂ 'ਚ ਪਲੇ ਸਨ। ਸਾਰੀ ਉਮਰ ਬੁੱਢੀਆਂ ਠੇਰੀਆਂ ਦੀ ਮਕਾਨਾਂ ਨੂੰ ਲਿੰਪਦਿਆਂ ਪੋਚਦਿਆਂ ਹੀ ਲੰਘੀ ਸੀ।। ਅੰਦਰਲੇ ਕਰਤਾਰ ਨੇ ਜਵਾਬ ਦਿੱਤਾ।"[26]

ਉਪਰੋਕਤ ਵਾਰਤਾਲਾਪ ਰਾਹੀਂ ਨਾਵਲਕਾਰ ਨੇ ਕੇਵਲ ਕਰਤਾਰ ਦੇ ਅੰਦਰੂਨੀ ਪੱਖ ਦੀ ਜਾਂ ਉਸਦੀ ਸੋਚ ਦਾ ਹੀ ਪ੍ਰਗਟਾਵਾ ਨਹੀਂ ਕੀਤਾ ਸਗੋਂ ਸਰਦਾਰ ਦੇ ਪਿਛੋਕੜ ਨੂੰ ਵੀ ਸਹਿਜਤਾ ਨਾਲ ਬਿਆਨ ਕੀਤਾ ਹੈ ਕਿ ਸਰਦਾਰ ਦਾ ਪਿਛੋਕੜ ਪਹਿਲਾਂ ਕੀ ਸੀ।

ਡਾ. ਰਤਨ ਸਿੰਘ ਜੱਗੀ ਅਨੁਸਾਰ, "ਇਕਸਾਰ ਪਾਤਰ ਦਾ ਸੁਭਾਅ ਪਲਾਟ ਦੇ ਅਨੁਕੂਲ ਨਹੀਂ ਚਲਦਾ ਸਗੋਂ ਕਹਾਣੀ ਦੇ ਉੱਤਮ ਚੜ੍ਹਾ, ਕਹਾਣੀ ਦੇ ਵੱਖ-ਵੱਖ ਮੋੜ ਜਾਂ ਸਮੱਸਿਆਵਾਂ ਦੇ ਵੱਖ-ਵੱਖ ਹੋਣ ਤੇ ਵੀ ਇਕਸਾਰ ਪਾਤਰ ਆਪਣੇ ਚਿੰਤਨ ਅਤੇ ਸੁਭਾਅ ਵਿਚ ਇਕਸਾਰ ਰਹਿੰਦਾ ਹੈ। ਅਜਿਹੇ ਪਾਤਰ ਜਾਂ ਤਾਂ ਲੇਖਕ ਦੇ ਆਦਰਸ਼ ਪਾਤਰ ਹੁੰਦੇ ਹਨ ਜਾਂ ਕਿਸੇ ਵਿਸ਼ੇਸ਼ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਦੇ ਹਨ।"[27]

ਨੌਕਰੀ ਪ੍ਰਾਪਤ ਕਰਨ ਬਾਰੇ ਸੋਚਦਿਆਂ-ਸੋਚਦਿਆਂ ਕਰਤਾਰ ਦੇ ਮਨ ਵਿਚ ਸਰਦਾਰ ਪ੍ਰਤੀ ਉਬਾਲੇ ਉਠਣ ਲਗਦੇ ਹਨ :

"ਥੋਨੂੰ ਕੀ ਪਤਾ" ਇਕ ਵਾਰ ਉਸਦਾ ਦਿਲ ਕੀਤਾ ਉਹ ਵਿਚਕਾਰ ਬੈਠੇ ਸਰਦਾਰ

ਦੀ ਦਾੜ੍ਹੀ ਨੂੰ ਹੱਥ ਪਾ ਕੇ ਪੁੱਛੇ। ਉਨ੍ਹਾਂ ਕੋਠੀਆਂ ਵਿਚ ਪਲਦਿਆਂ ਗੋਗੜਾਂ ਵਾਲਿਆਂ ਨੂੰ ਕੀ ਪਤਾ ਕਿੰਨ੍ਹੀ ਹਾਲੀਂ ਉਸਨੇ ਇਹ ਡਿਗਰੀ ਹਾਸਲ ਕੀਤੀ ਸੀ। ਕਿੰਨਾਂ ਹਾਲੀਂ ਭੁਖਿਆਂ ਰਹਿ ਕੇ ਆਪਣੀ ਜਾਨ ਗਾਲੀ ਸੀ। ਪਰ ਉਹ ਕੁਝ ਨਾ ਆਖ ਸਕਿਆ। ਖਬਰੇ ਇਸ ਲਈ ਕਿ ਉਸਨੂੰ ਨੌਕਰੀ ਦੀ ਮਾੜੀ ਮੋਟੀ ਆਸ ਹੈ ਸੀ।"[28]

ਉਪਰੋਕਤ ਵੇਰਵਾ ਜਿਥੇ ਕਰਤਾਰ ਦੇ ਅੰਦਰੂਨੀ ਪੱਖ ਨੂੰ ਦ੍ਰਿਸ਼ਟਮਾਨ ਕਰਦਾ ਹੈ ਉਥੇ ਸਮੁੱਚੀ ਮਾਨਵਤਾ ਨੂੰ ਵੀ ਦਰਸਾਉਂਦਾ ਹੈ ਕਿ ਹਰੇਕ ਮਨੁੱਖ ਨੂੰ ਨਾ ਚਾਹੁੰਦੇ ਹੋਇਆਂ ਵੀ ਆਪਣੇ ਆਪੇ ਨੂੰ ਮਾਰਨਾ ਪੈਂਦਾ ਹੈ ਕਿਉਂਕਿ ਉਸਦੀ ਅੰਤਰ ਆਤਮਾ ਆਪਣੇ ਬਾਹਰਲੇ ਵਾਤਾਵਰਨ ਨੂੰ ਤਰਜੀਹ ਦਿੰਦੀ ਹੈ ਜਿਸਨੂੰ ਨਾ ਚਾਹੁੰਦੇ ਹੋਏ ਵੀ ਕਰਨਾ ਪੈਂਦਾ ਹੈ। ਸੋ ਕਰਤਾਰ ਪਾਤਰ ਵੀ ਇਸ ਵੇਰਵੇ ਦੀ ਹਾਮੀ ਭਰਦਾ ਹੈ। ਉਸਨੂੰ ਸਰਦਾਰ ਤੇ ਗੁੱਸਾ ਬਹੁਤ ਆਉਂਦਾ ਹੈ ਪਰੰਤੂ ਨੌਕਰੀ ਮਿਲ ਜਾਣ ਦੀ ਆਸ ਕਾਰਨ ਉਹ ਸਰਦਾਰ ਨੂੰ ਕੁਝ ਵੀ ਨਹੀਂ ਕਹਿ ਸਕਦਾ।

"ਕਰਤਾਰ ਸੁਸਤ ਚਾਲੇ ਤੁਰਿਆ ਜਾ ਰਿਹਾ ਸੀ। ਇਕ ਪਾਸੇ ਦਿਲ ਕਟੂੰ-ਕਟੂੰ ਪਿਆ ਕਰਦਾ ਸੀ ਤੇ ਦੂਜੇ ਪਾਸੇ ਦਿਮਾਗ ਵਿਚ ਹਥੌੜੇ ਜਿਹੇ ਵੱਜਣ ਲੱਗ ਪਏ ਸਨ। ਪਿਆਸ ਨਾਲ ਗਲਾ ਸੁੱਕ ਗਿਆ ਸੀ। ਕਈ ਵਾਰ ਕਿਸੇ ਘਰੋਂ ਪਾਣੀ ਦਾ ਗਿਲਾਸ ਪੀਣ ਲਈ ਉਹਦੇ ਕਦਮ ਚੁੱਕੇ ਸਨ। "ਪਰ ਲੋਕ ਕੀ ਆਖਣਗੇ ? ਜ਼ਮੀਨ ਵੇਚਣ ਚੱਲਿਆ।, ਸੋਚ ਕੇ ਉਹਦੇ ਕਦਮ ਵਧਦੇ ਹੀ ਰਹੇ।"[29]

ਰਿਸ਼ਵਤ ਦੇਣ ਲਈ ਪੈਸੇ ਨਾ ਹੋਣ ਕਾਰਨ ਜੋ ਕਰਤਾਰ ਨੂੰ ਆਪਣੀ ਬਚਦੀ ਕਿੱਲਾ ਜ਼ਮੀਨ ਵੀ ਵੇਚਣੀ ਪੈਂਦੀ ਹੈ ਤਾਂ ਉਸਨੂੰ ਆਪਣੇ ਤੇ ਲੋਕਾਂ ਦੇ ਜੁੜੇ ਸੰਸਕਾਰ ਦਾ ਵੀ ਖਿਆਲ ਆਉਂਦਾ ਹੈ ਉਸਦੀ ਮਨੋਸਥਿਤੀ ਨੂੰ ਨਾਵਲਕਾਰ ਨੇ ਡੂੰਘੀ ਮਾਨਵੀ ਵੇਦਨਾ ਰਾਹੀਂ ਉਜਾਗਰ ਕੀਤਾ ਹੈ। ਉਕਤ ਟਿੱਪਣੀ ਦੇ ਸੰਦਰਭ ਵਿਚ ਇਹ ਕਿਹਾ ਜਾ ਸਕਦਾ ਹੈ ਕਿ "ਵਿਅਕਤੀ ਆਪਣੇ ਵਿਰਸੇ ਤੇ ਚੌਗਿਰਦੇ ਨਾਲ ਐਨਾ ਬੁਰੀ ਤਰ੍ਹਾਂ ਜੁੜਿਆ ਹੋਇਆ ਹੈ ਕਿ ਉਹ ਸੁਤੰਤਰ ਇੱਛਾ ਨਾਲ ਕੰਮ ਹੀ ਨਹੀਂ ਕਰ ਸਕਦਾ ਅਤੇ ਉਸਦਾ ਮਾਹੌਲ ਅਤੇ ਵਿਰਸਾ ਉਸਦੀ ਤਕਦੀਰ ਦੇ ਲਖਾਇਕ ਹੁੰਦੇ ਹਨ।"[30]

ਬੇਸ਼ੱਕ ਕਰਤਾਰ ਦੀ ਆਪਣੀ ਜ਼ਮੀਨ ਹੈ ਤੇ ਉਸਨੇ ਆਪਣੀ ਲੋੜ ਨੂੰ ਵੇਚਣੀ ਹੈ ਪਰੰਤੂ ਉਸਨੂੰ ਆਪਣੇ ਵਿਰਸੇ ਤੇ ਆਲੇ-ਦੁਆਲੇ ਦਾ ਖਿਆਲ ਫਿਰ ਵੀ ਬੁਰੀ ਤਰ੍ਹਾਂ ਝੰਜੋੜਦਾ ਹੈ। ਨਾਵਲਕਾਰ ਨੇ ਇਥੇ ਜ਼ਮੀਨ ਦੇ ਜੱਦੀ ਮੋਹ ਨੂੰ ਵੀ ਪ੍ਰਗਟ ਕੀਤਾ ਹੇ ਤੇ ਪੰਜਾਬੀ ਸਭਿਆਚਾਰ ਵਿਚ ਭਾਈਚਾਰੇ ਵਿਚ ਜ਼ਮੀਨ ਨਾਲ ਬਣੀ ਇੱਜ਼ਤ ਨੂੰ ਵੀ ਬਰਕਰਾਰ ਰੱਖਣ ਦਾ ਬਿੰਬ ਸਿਰਜਿਆ ਹੈ :

"ਬਿਰਤਾਂਤ ਸਿਰਜਨ ਦੀਆਂ ਅਜਿਹੀਆਂ ਵਿਧੀਆਂ ਵਿਚੋਂ ਇਕ ਹੋਰ ਵਿਧੀ 'ਅੰਤਰੀਵ ਮਨ ਬਚਨੀ' ਹੈ। ਅੰਤਰੀਵ ਮਨਬਚਨੀ ਦਾ ਭਾਵ ਹੈ ਕਿ ਆਪਣੇ ਮਨ ਦੇ ਅੰਦਰ ਝਾਕਣਾ ਅਤੇ ਆਪਣੇ ਆਪ ਨਾਲ ਗੱਲਾਂ ਕਰਨਾ। ਗਲਪਕਾਰ ਇਸ ਵਿਧੀ ਦੀ ਵਰਤੋਂ ਆਪਣੇ ਪਾਤਰਾਂ ਦੀ ਅੰਦਰਲੀ ਮਨੋਸਥਿਤੀ ਤੇ ਬਿਰਤੀ ਨੂੰ ਉਘਾੜਨ ਵਾਸਤੇ ਕਰਦਾ ਹੈ।"[31]

ਮੀਤ ਨੇ ਇਸ ਵਿਧੀ ਦੀ ਵਰਤੋਂ ਆਪਣੇ ਪਾਤਰਾਂ ਦੀ ਅੰਦਰੂਨੀ ਸੋਚ ਨੂੰ ਦਰਸਾਉਣ ਲਈ ਬੜੇ ਸੁਚੱਜੇ ਢੰਗ ਨਾਲ ਵਰਤੀ ਹੈ। ਜਿਵੇਂ :

"ਸਿਧਰਿਆ ਤੇਰੇ ਕਰਮਾਂ 'ਚ ਰਮਾਨ ਕਿਥੇ ਐ...। ਰਮਾਨ... ਲਿਖਿਆ ਹੁੰਦਾ ਚੂਹੜੇ ਦੇ ਘਰ ਕਾਹਤੋਂ ਜੰਮਦਾ...। ਰਮਾਨ ਲਿਖਿਆ ਹੁੰਦਾ ਪਿਓ ਕਾਹਤੋਂ ਮਰਦਾ ਜੰਮਦੇ ਦਾ... ਤੇ ਕਰਜ਼ਾ ਕਿਉਂ ਚੜ੍ਹਦਾ ਤੇਰੇ ਸਿਰ। ਇਥੇ ਹੀ ਨਿਕਲਣਗੇ ਤੇਰੇ ਵੀ ਪਿਓ ਦਾਦਿਆਂ ਵਾਂਗ ਪ੍ਰਾਣ। ਗਊ ਦਾ ਕੀਲਾ ਗਡਦਾ ਬਲਦੇਵ ਮੁੜ ਆਪਣੇ ਨਾਲ ਸਮਝੌਤਾ ਕਰਨ ਲੱਗਿਆ।"[32]

'ਕਾਫ਼ਲਾ' ਨਾਵਲ ਦਾ ਪਾਤਰ ਬਲਦੇਵ ਆਪਣੇ ਕਰਮਾਂ ਤੇ ਝੁਰਦਾ ਮਨ ਦੀਆਂ ਇੱਛਾਵਾਂ, ਸੰਸਕ੍ਰਿਤੀ ਅਤੇ ਪਰੰਪਰਾਗਤ ਮਾਨਤਾਵਾਂ ਵਿਚ ਵਿਚਰਦਾ ਦੁਖਾਂਤਕ ਪਾਤਰ ਹੋ ਨਿਬੜਦਾ ਹੈ ਕਿਉਂਕਿ ਉਸਨੂੰ ਆਪਣੀਆਂ ਇੱਛਾਵਾਂ ਦੀ ਪੂਰਤੀ ਹੁੰਦੀ ਨਜ਼ਰ ਨਹੀਂ ਆਉਂਦੀ ਸਗੋਂ ਆਪਣੇ ਪਿਉ-ਦਾਦੇ ਦੀਆਂ ਵਿਅਕਤਿਤਵ ਇੱਛਾਵਾਂ ਦੇ ਅਧੂਰੀਆਂ ਤੇ ਅਤ੍ਰਿਪਤ ਰਹਿ ਜਾਂਦੀਆਂ ਦਾ ਵੀ ਪਛਤਾਵਾ ਹੈ। ਪਰੰਤੂ ਇਸਦੇ ਵਿਪਰੀਤ ਕਰਤਾਰੋ ਦਾ ਪਾਤਰ ਸਰਦਾਰਾਂ ਅਤੇ ਚੌਧਰੀਆਂ ਦੇ ਖਿਲਾਫ਼ ਸੰਘਰਸ਼ ਦਾ ਸੂਚਕ ਬਣਕੇ ਉਭਰਦਾ ਹੈ। ਉਹ ਹੋਰਾਂ ਕੰਮੀਆਂ ਦੀਆਂ ਧੀਆਂ ਭੈਣਾਂ ਵਾਂਗ ਸਰਦਾਰ ਅੱਗੇ ਝੁਕਦੀ ਨਹੀਂ ਸਗੋਂ ਉਸਨੂੰ ਲਲਕਾਰਦੀ ਹੈ ਜਿਸ ਕਰਕੇ ਸਰਦਾਰ ਅੰਦਰ ਖਾਤੇ ਉਸ ਨਾਲ ਦੁਸ਼ਮਣੀ ਪਾਲ ਲੈਂਦਾ ਹੈ ਤੇ ਉਸਦੇ ਪਤੀ ਬਲਦੇਵ ਨੂੰ ਨਸ਼ੇ ਖੁਵਾ ਕੇ ਮਾਰ ਦਿੰਦਾ ਹੈ। ਹੁਣ ਕਰਤਾਰੋ ਨੂੰ ਆਪਣੀ ਇੱਜ਼ਤ ਤੇ ਆਪਣੇ ਬੱਚਿਆਂ ਦੀ ਪਰਵਰਿਸ਼ ਦਾ ਖਿਆਲ ਸਤਾਉਂਦਾ ਹੈ। ਪਿੰਡ ਦੇ ਵੈਲੀ ਉਸਨੂੰ ਤੇ ਉਸਦੀ ਧੀ ਨੂੰ ਮਾਣਨਾ ਚਾਹੁੰਦੇ ਹਨ ਪਰੰਤੂ ਉਹ ਇਹ ਸੋਚਦੀ ਹੈ :

"ਉਸਦੀ ਸੋਚ ਸਰਦਾਰ ਤੇ ਆ ਕੇ ਅਟਕ ਗਈ। ਕਿਉਂ ਨਾ ਸਰਦਾਰ ਨੂੰ ਲਾਰਾ ਲਾ ਕੇ ਰੱਖਿਆ ਜਾਵੇ। ਇਸਦੇ ਕਈ ਫਾਇਦੇ ਉਸਨੂੰ ਨਜ਼ਰ ਆ ਰਹੇ ਸਨ। ਇਕ ਦੁਸ਼ਮਣ ਦਾ ਖਾਤਮਾ, ਪੈਸਾ ਟਕਾ, ਬੰਸੋ ਦਾ ਵਿਆਹ ਤੇ ਸਭ ਤੋਂ ਵੱਧ ਜੇ ਕਿਤੇ ਉਹ ਆਪਣੇ ਬਲਦੇਵ ਦਾ ਬਦਲਾ ਲੈ ਸਕੇ।"[33]

ਇਥੇ ਨਾਵਲਕਾਰ ਮਨੋਵਿਗਿਆਨਕ ਵਿਸ਼ਲੇਸ਼ਣ ਰਾਹੀਂ ਮਨੁੱਖੀ ਮਨ ਦੀਆਂ ਧੁਰ ਡੂੰਘਾਈਆਂ ਨੂੰ ਰੂਪਮਾਨ ਕਰਦਾ ਹੈ। ਕਰਤਾਰੋ ਮਨ ਹੀ ਮਨ ਵਿਚ ਬਲਦੇਵ ਨਾਲ ਸੰਵਾਦ ਰਚਾਉਂਦੀ ਇਹ ਸੋਚਦੀ ਹੈ ਜਿਸਨੂੰ ਨਾਵਲਕਾਰ ਮਨੋਵਿਸ਼ਲੇਸ਼ਣ ਵਿਧੀ ਰਾਹੀਂ ਪਾਠਕਾਂ ਦੇ ਸਨਮੁਖ ਕਰਦਾ ਹੈ। ਇਸੇ ਪਾਤਰ ਰਾਹੀਂ ਲੇਖਕ ਆਪਣੀ ਪ੍ਰਗਤੀਵਾਦੀ ਵਿਚਾਰਧਾਰਾ ਵੀ ਰੂਪਮਾਨ ਕਰਦਾ ਹੈ :

"ਮੇਰੇ ਅੰਦਰ ਸਾਲਾਂ ਤੋਂ ਧੂਣੀ ਧੁਖ ਰਹੀ ਹੈ। ਇਸਨੂੰ ਬਲਣ ਦੀ ਲੋੜ ਹੈ। ਮੈਂ ਤੇਰੇ ਨਾਲ ਕੋਈ ਗਦਾਰੀ ਨਹੀਂ ਕਰ ਰਹੀ। ਚੰਮ ਦੇ ਰਿਸ਼ਤੇ ਕੋਈ ਰਿਸ਼ਤੇ ਨਹੀਂ, ਮਨ ਦੇ ਰਿਸ਼ਤੇ ਹੀ ਰਿਸ਼ਤੇ ਹੁੰਦੇ ਨੇ। ਮੈਨੂੰ ਬੰਸੋ ਨੂੰ ਸੁੱਖ ਸਾਂਦ ਨਾਲ ਵਿਆਹ ਲੈਣ ਦੇ, ਫੇਰ ਦੇਖੀਂ ਕੀ ਕਰਦੀ ਹਾਂ ਮੈਂ..."[34]

ਸੋ ਉਕਤ ਵੇਰਵੇ ਤੋਂ ਸਪੱਸ਼ਟ ਹੈ ਕਿ ਨਾਵਲਕਾਰ ਹਰੇਕ ਪਾਤਰ ਦਾ ਅੰਦਰੂਨੀ ਪੱਖ ਉਘਾੜਦਾ ਹੋਇਆ ਪਾਤਰਾਂ ਦੀ ਅੰਦਰੂਨੀ ਸਥਿਤੀ ਰਾਹੀਂ ਆਪਣੀ ਵਿਚਾਰਧਾਰਾ ਤੇ ਵਿਸ਼ੇ ਨੂੰ ਵੀ ਅੱਗੇ ਤੋਰਦਾ ਹੈ। ਉਪਰੋਕਤ ਵਾਰਤਾਲਾਪ ਕਰਤਾਰੋ ਦੀ ਦਲੇਰੀ ਤੇ ਲਲਕਾਰੇ ਨੂੰ

ਪ੍ਰਗਟਾਉਂਦੀ ਹੈ। ਵਿਰੋਧੀ ਧਿਰ ਭਾਵੇਂ ਤਾਕਤਵਰ ਹੈ ਪਰ ਉਹ ਆਪਣੀ ਹਿੱਕ ਦੇ ਜ਼ੋਰ ਤੇ ਪੰਜਾ ਛਿੱਕਾ ਲੈਣਾ ਚਾਹੁੰਦੀ ਹੈ :

"ਨਾਵਲਕਾਰ ਡੂੰਘੀ ਦਿਬ ਸ਼ਕਤੀ ਦਾ ਮਾਲਕ ਹੁੰਦਾ ਹੈ ਉਸਨੇ ਆਪਣੇ ਜੀਵਨ ਵਿਚੋਂ ਅਨੇਕਾਂ ਸਾਧਾਰਨ, ਅਸਾਧਾਰਨ ਅਤੇ ਅਦਭੁਤੇ ਕਿਰਦਾਰ ਵੇਖੇ ਹੁੰਦੇ ਹਨ ਅਤੇ ਆਪਣੀ ਪਾਰਦਰਸ਼ੀ ਦ੍ਰਿਸ਼ਟੀ ਦੁਆਰਾ ਉਹ ਮਨੁੱਖੀ ਸਮੱਸਿਆ ਦੇ ਅੰਤਹਿਕਰਨ ਤੱਕ ਜਾ ਪਹੁੰਚਦਾ ਹੈ। ਉਹ ਆਪਣੇ ਪਾਤਰਾਂ ਦੀ ਮਾਨਸਿਕ ਦਸ਼ਾ ਚਿਤਰ ਕੇ ਉਨ੍ਹਾਂ ਦੇ ਮਾਨਸਿਕ ਉਦਗਾਰਾਂ ਦੀ ਖੋਜ ਕਰਦਾ ਹੈ।"[35]

ਮਿੱਤਰ ਸੈਨ ਮੀਤ ਤੇ ਉਪਰੋਕਤ ਟਿੱਪਣੀ ਵਧੇਰੇ ਢੁਕਦੀ ਹੈ। ਉਹ ਪਾਤਰਾਂ ਦੇ ਮਨ ਦੀਆਂ ਪਰਤਾਂ ਨੂੰ ਪਰਤ-ਦਰ-ਪਰਤ ਇਸ ਤਰ੍ਹਾਂ ਫਰੋਲਦਾ ਹੈ ਕਿ ਪਾਠਕ ਨਾਵਲ ਪੜ੍ਹਦੇ ਦੌਰਾਨ ਇਹਨਾਂ ਨਾਲ ਨਿੱਜੀ ਪੱਧਰ ਤੇ ਜੁੜ ਜਾਂਦਾ ਹੈ ਕਿਉਂਕਿ ਨਾਵਲਕਾਰ ਨੇ ਆਪਣੇ ਗਹਿਰੇ ਅਨੁਭਵ ਰਾਹੀਂ ਕਾਨੂੰਨ ਵਿਸ਼ੇ ਨਾਲ ਸੰਬੰਧਿਤ ਪਾਤਰਾਂ ਦੀ ਸਿਰਜਨਾ ਕੀਤੀ ਹੈ। 'ਤਫ਼ਤੀਸ਼' ਨਾਵਲ ਵਿਚ ਪੁਲਿਸ ਪ੍ਰਬੰਧ ਨਾਲ ਸੰਬੰਧਿਤ ਪਾਤਰਾਂ ਨੂੰ ਪੇਸ਼ ਕੀਤਾ ਹੈ, 'ਕਟਹਿਰਾ' ਨਾਵਲ ਵਿਚ ਨਿਆਂ-ਪ੍ਰਣਾਲੀ ਨਾਲ ਸੰਬੰਧ ਰੱਖਣ ਵਾਲੇ ਪਾਤਰ ਆਉਂਦੇ ਹਨ ਜਦਕਿ 'ਕੌਰਵ-ਸਭਾ' ਨਾਵਲ ਵਿਚ ਸਮੁੱਚੀ ਵਿਵਸਥਾ ਨਾਲ ਸੰਬੰਧਿਤ ਪਾਤਰ ਦ੍ਰਿਸ਼ਟਮਾਨ ਹੁੰਦੇ ਹਨ। 'ਸੁਧਾਰ-ਘਰ' ਨਾਵਲ ਵਿਚ ਜੇਲ੍ਹ ਵਿਚ ਵੱਖ-ਵੱਖ ਵਰਗਾਂ ਨਾਲ ਸੰਬੰਧ ਰੱਖਣ ਵਾਲੇ ਕੈਦੀ ਅਤੇ ਪੁਲਿਸ ਅਫ਼ਸਰਾਂ ਦਾ ਪਾਤਰ ਚਿਤਰਨ ਹੋਇਆ ਹੈ। ਉਸਦੇ ਲੜੀਵਾਰ ਨਾਵਲਾਂ ਦੇ ਬਹੁਤੇ ਪਾਤਰ ਸਾਂਝੇ ਵੀ ਦੇਖੇ ਜਾ ਸਕਦੇ ਹਨ। 'ਤਫ਼ਤੀਸ਼' ਨਾਵਲ ਦੇ ਮੁਨਸ਼ੀ ਪਾਤਰ ਦੀ ਮਨੋਸਥਿਤੀ ਨਾਵਲਕਾਰ ਇਸ ਤਰ੍ਹਾਂ ਬਿਆਨ ਕਰਦਾ ਹੈ :

ਘੱਲ ਬਾਬਾ ਕੋਈ ਅਸਾਮੀ... ਦਸਵੇਂ ਦਸੌਂਦ ਦਾ ਪ੍ਰਸ਼ਾਦ ਚੜ੍ਹਾਓ। ਖਾਸੇ ਕੰਮ ਰੁਕੇ ਪਏ ਨੇ...।

ਸੈਫ਼ ਨਾਲੋਂ ਵੀ ਵੱਧ ਉਹਦੇ ਮਨ ਵਿਚ ਇਕ ਹੋਰ ਇੱਛਾ ਸੀ, ਜਿਸਨੂੰ ਉਹ ਪਾਪ ਸਮਝ ਕੇ ਅੰਦਰ ਦਬਾਈ ਬੈਠਾ ਸੀ। ਉਂਝ ਜੇ ਬਾਬਾ ਉਹ ਇੱਛਾ ਪੂਰੀ ਕਰ ਦੇਵੇ ਤਾਂ ਮੁਨਸ਼ੀ ਦੀ ਹੀ ਨਹੀਂ, ਸੈਂਕੜੇ ਮੁਲਾਜ਼ਮਾਂ ਦੇ ਭਾਗ ਖੁੱਲ ਜਾਣਾ ਉਹ ਸੀ ਡਿਪਟੀ ਦਾ ਇਥੋਂ ਤੁਰ ਜਾਣਾ।[36]

ਨਾਵਲਕਾਰ ਮੁਨਸ਼ੀ ਦੀ ਮਨੋਸਥਿਤੀ ਰਾਹੀਂ ਕਟਾਖਸ ਵੀ ਕਰਦਾ ਹੈ ਕਿ ਵਰਤਮਾਨ ਸਮੇਂ ਵਿਚ ਹਰੇਕ ਆਦਮੀ ਪੈਸੇ ਕਮਾਉਣ ਲਈ ਦੂਜੇ ਲਈ ਹਮੇਸ਼ਾਂ ਬੁਰਾ ਹੀ ਸੋਚਦਾ ਹੈ। ਸੋ ਨਾਵਲਕਾਰ ਪਾਤਰ ਚਿਤਰਨ ਕਰਦਾ ਹੋਇਆ ਨਾਵਲੀ ਬਿਰਤਾਂਤ ਦੀ ਉਸਾਰੀ ਲਈ ਜਿਨ੍ਹਾਂ ਘਟਨਾਵਾਂ ਨੂੰ ਪਾਤਰਾਂ ਦੀ ਸਹਾਇਤਾ ਨਾਲ ਅੱਗੇ ਤੋਰਦਾ ਹੈ ਉਹਨਾਂ ਵਿਚੋਂ ਸਭ ਤੋਂ ਮਹੱਤਵਪੂਰਨ ਮਨੋਵਿਸ਼ਲੇਸ਼ਣ ਦੀ ਜੁਗਤ ਹੈ। 'ਕਟਹਿਰਾ' ਨਾਵਲ ਦੇ ਪਾਤਰ ਪਿਆਰੇ ਲਾਲ ਵਕੀਲ ਨੂੰ ਦੇਖਿਆ ਜਾ ਸਕਦਾ ਹੈ। ਸਾਰੇ ਨਾਵਲ ਵਿਚ ਦੁਚਿੱਤੀ ਵਿਚ ਪਿਆ ਸੋਚਦਾ ਰਹਿੰਦਾ ਹੈ ਕਿਉਂਕਿ ਉਸ ਕੋਲ ਲਿਆਕਤ ਸੀ ਪਰੰਤੂ ਸਿਆਸਤ ਦੀ ਕਿਸੇ ਪਾਰਟੀ ਦਾ ਉਸਦੇ ਸਿਰ ਤੇ ਹੱਥ ਨਹੀਂ ਸੀ ਤੇ ਨਾ ਹੀ ਕੋਈ ਸਿਫ਼ਾਰਸ਼ ਸੀ। ਜੱਜ ਬਣਨ ਦੇ ਸੁਪਨੇ ਦੇਖਦਾ ਹੀ ਰਹਿ ਜਾਂਦਾ ਹੈ ਪਰੰਤੂ ਜੱਜ ਬਣ ਨਹੀਂ ਸਕਦਾ। ਜਦੋਂ ਗੁਰਮੀਤ ਅਸਤੀਫ਼ਾ ਦਿੰਦਾ ਹੈ ਤਾਂ ਪਿਆਰੇ ਲਾਲ ਸੋਚਦਾ ਹੈ :

"ਕਾਸ਼ ਅਸਤੀਫ਼ਾ ਦੇਣ ਤੋਂ ਪਹਿਲਾਂ ਗੁਰਮੀਤ ਨੇ ਇਕ ਵਾਰ ਤਾਂ ਪਿਆਰੇ ਲਾਲ ਨਾਲ ਮਸ਼ਵਰਾ ਕੀਤਾ ਹੁੰਦਾ। ਇਸ ਧੰਦੇ ਵਿਚ ਸਥਾਪਤ ਹੋਣ ਲਈ ਕਿੰਨਾ ਜ਼ਲੀਲ ਹੋਣਾ ਪਏਗਾ। ਪਿਆਰੇ ਲਾਲ ਤੋਂ ਇਕ ਵਾਰ ਪੁੱਛਿਆ ਹੁੰਦਾ। ਹੋਰ ਨਹੀਂ ਤਾਂ ਪਿਆਰੇ ਲਾਲ ਦੀ ਹੱਡ-ਬੀਤੀ ਵੱਲ ਝਾਤ ਹੀ ਮਾਰ ਲੈਂਦਾ। ਕਦੇ ਕਿਸੇ ਨੇ ਪੁੱਛਿਆ ਹੈ ਪਿਆਰੇ ਲਾਲ ਕੋਲ ਕਿਹੜੀ ਡਿਗਰੀ ਹੈ ਅਤੇ ਕਿਸ ਯੂਨੀਵਰਸਿਟੀ ਦੀ ?"[37]

ਸੋ ਨਾਵਲਕਾਰ ਨੇ ਪਾਤਰਾਂ ਦੇ ਮਨਾਂ ਵਿਚਲੀਆਂ ਗੱਲਾਂ/ਗੁੰਝਲਾਂ ਨੂੰ ਬੜੀ ਜੁਗਤ ਨਾਲ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਹੀ 'ਕੌਰਵ-ਸਭਾ' ਨਾਵਲ ਦੇ ਪਾਤਰ ਰਾਮ ਨਾਥ ਨੂੰ ਵੀ ਇਸੇ ਵਿਧੀ ਰਾਹੀਂ ਚਿਤਰਿਆ ਹੈ। ਜਦੋਂ ਰਾਮ ਨਾਥ ਨੂੰ ਉਸਦੀ ਭੈਣ ਦੇ ਘਰ ਪਏ ਡਾਕੇ ਦੀ ਸੂਚਨਾ ਮਿਲਦੀ ਹੈ ਤਾਂ ਉਸਦੇ ਮਨ ਵਿਚ ਅਨੇਕਾਂ ਉਤਰਾਅ ਚੜ੍ਹਾਅ ਆਉਂਦੇ ਹਨ, ਜਿਸਦਾ ਵੇਰਵਾ ਨਾਵਲਕਾਰ ਇਉਂ ਦਿੰਦਾ ਹੈ :

"ਰਾਮ ਨਾਥ ਦੀ ਟੈਕਸੀ ਮਾਇਆ ਨਗਰ ਵੱਲ ਦੌੜ ਰਹੀ ਸੀ। ਪਰ ਰਾਮ ਨਾਥ ਸਮੇਂ ਨੂੰ ਪਿਛਾਂਹ ਵੱਲ ਮੋੜਨਾ ਚਾਹੁੰਦਾ ਸੀ। ਚੰਗਾ ਹੁੰਦਾ ਜੇ ਵੇਦ ਆਪਣਾ ਸ਼ਹਿਰ ਨਾ ਛੱਡਦਾ। ਚੰਗਾ ਹੁੰਦਾ ਜੇ ਉਸਨੇ ਮੋਹਨ ਦੀ ਤਜਵੀਜ਼ ਠੁਕਰਾ ਦਿੱਤੀ ਹੁੰਦੀ। ਅੱਜ ਇਹ ਦਿਨ ਨਾ ਵੇਖਣਾ ਪੈਂਦਾ।"[38]

ਸੋ ਰਾਮ ਨਾਥ ਦੇ ਇਕ ਘੰਟੇ ਦੇ ਸਫ਼ਰ ਦੌਰਾਨ ਨਾਵਲਕਾਰ ਵੇਦ ਅਤੇ ਮੋਹਨ ਦੇ ਕਾਰੋਬਾਰ ਸ਼ੁਰੂ ਹੋਣ ਤੋਂ ਲੈ ਕੇ ਅੱਜ ਤੱਕ (ਡਾਕੇ ਪੈਣ) ਦੀ ਸਾਰੀ ਵਿਸਥਾਰ ਨੂੰ ਨਾਵਲਕਾਰ ਨੇ ਚੇਤਨਾ ਪ੍ਰਵਾਹ ਦੀ ਵਿਧੀ ਰਾਹੀਂ ਚਿਤਰਿਆ ਹੈ। ਇਸ ਵਿਧੀ ਬਾਰੇ ਨਾਵਲਕਾਰ ਨਰਿੰਜਨ ਤਸਨੀਮ ਲਿਖਦਾ ਹੈ :

"ਅਜੋਕਾ ਨਾਵਲਕਾਰ ਚਾਹੁੰਦਾ ਹੈ ਕਿ ਉਹ ਪਾਠਕ ਦੀ ਝਾਤੀ ਪਾਤਰਾਂ ਦੇ ਜ਼ਿਹਨੀ ਅਮਲ ਉਤੇ ਸਿੱਧੇ ਤੌਰ 'ਤੇ ਪੁਆ ਦੇਵੇ। ਇਸ ਢੰਗ ਨਾਲ ਪਾਠਕ ਪਾਤਰਾਂ ਨੂੰ ਬਦਲਦਿਆਂ ਜਾਂ ਵਿਕਸਿਤ ਹੁੰਦਿਆਂ ਵੇਖ ਸਕਦਾ ਹੈ। ਕਈ ਵਾਰ ਇੰਜ ਵੀ ਹੁੰਦਾ ਹੈ ਕਿ ਨਾਵਲ ਦੇ ਸ਼ੁਰੂ ਵਿਚ ਜਿਸ ਪਾਤਰ ਨਾਲ ਪਾਠਕ ਦੀ ਜਾਣ-ਪਛਾਣ ਹੋਈ ਹੁੰਦੀ ਹੈ, ਉਹ ਨਾਵਲ ਦੇ ਅੰਤ ਵਿਚ ਬਿਲਕੁਲ ਬਦਲ ਚੁੱਕਾ ਹੁੰਦਾ ਹੈ।"[39]

ਉਪਰੋਕਤ ਟਿੱਪਣੀ ਦੇ ਪ੍ਰਸੰਗ ਵਿਚ ਵਕੀਲ ਰਾਮ ਨਾਥ ਪਾਤਰ ਨੂੰ ਵੇਖਿਆ ਜਾ ਸਕਦਾ ਹੈ ਜੋ ਸ਼ੁਰੂ ਵਿਚ ਕਾਨੂੰਨ ਵਿਚ ਮੁਹਾਰਤ ਰੱਖਣ ਵਾਲਾ ਹੁੰਦਾ ਹੈ ਪਰੰਤੂ ਆਪਣੀ ਭਾਣਜੀ ਨੇਹਾ ਦੇ ਬਲਾਤਕਾਰ ਦਾ ਕੇਸ ਤਿਆਰ ਕਰਦਾ-ਕਰਦਾ ਪੂਰੀ ਤਰ੍ਹਾਂ ਨਾਵਲ ਦੇ ਅੰਤ ਤੱਕ ਬਦਲ ਜਾਂਦਾ ਹੈ। ਜਿਵੇਂ :

"ਆਪਣੇ ਹੱਡਾਂ 'ਤੇ ਦੁੱਖ ਹੰਢਾ ਕੇ ਰਾਮ ਨਾਥ ਨੂੰ ਮੁਦੱਈ ਦੀ ਪੀੜ ਸਮਝ ਆਈ ਸੀ। ਬਹਿਸ ਦੀ ਤਿਆਰੀ ਕਰਦੇ ਸਮੇਂ ਰਾਮ ਨਾਥ ਨੂੰ ਛਿੰਦੋ ਵਿਚੋਂ ਨੇਹਾ ਨਜ਼ਰ ਆਉਣ ਲਗਦੀ ਸੀ। ਹਰਬੰਸ ਨੂੰ ਨਿਰਦੋਸ਼ ਸਾਬਤ ਕਰਦੇ ਰਾਮ ਨਾਥ ਨੂੰ ਉਸਦੀ ਆਤਮਾ ਲਾਹਨਤਾਂ ਪਾਉਣ ਲਗਦੀ ਸੀ। ਰਾਮ ਨਾਥ ਵਲੋਂ ਵਰਤੀਆਂ ਕਾਨੂੰਨੀ ਚਾਲਾਂ ਕਾਰਨ ਹਰਬੰਸ ਨੇ ਬਰੀ ਹੋ ਜਾਣਾ ਸੀ। ਸਭ ਕੁਝ ਲੁਟਾ ਚੁੱਕੀਆਂ ਛਿੰਦੋਆਂ ਅਤੇ ਨੇਹਾ ਦੇ ਪੱਲੇ ਇਨਸਾਫ਼ ਦੀ ਥਾਂ ਉਮਰ ਭਰ ਦੀਆਂ ਆਹਾਂ ਪੈਣੀਆਂ ਸਨ...ਕਦੇ ਦੁਸ਼ਾਸ਼ਣ ਬਣਕੇ ਰਾਮ ਨਾਥ ਨੇ ਛਿੰਦੋ ਦੇ ਚੀਰ ਹਰਣ ਦਾ ਸਵਾਦ ਲਿਆ ਸੀ। ਹੁਣ ਕਿਸੇ ਹੋਰ ਨੇ ਉਹੋ ਕੌਰਵ ਬਣ ਕੇ

ਨੇਹਾ ਬੇਟੀ ਦਾ ਚੀਰ ਹਰਣ ਕਰਨਾ ਸੀ।"[40]

ਰਾਮ ਨਾਥ ਦੇ ਮਨ ਦੀ ਜਟਿਲਤਾ ਨੂੰ ਪਾਠਕਾਂ ਸਾਹਮਣੇ ਰੂਪਮਾਨ ਕਰਨ ਲਈ ਚੇਤਨਾ-ਪ੍ਰਵਾਹ ਦੀ ਵਿਧੀ ਵਰਤੀ ਗਈ ਹੈ, ਜੋ ਨਾਵਲਕਾਰ ਦੀ ਬੜੀ ਢੁੱਕਵੀਂ ਜੁਗਤ ਹੈ। ਜਿਸ ਰਾਹੀਂ ਨਾਵਲਕਾਰ ਦੀ ਸੂਝ ਅਤੇ ਸਿਆਣਪ ਵੀ ਨਜ਼ਰ ਆਉਂਦੀ ਹੈ। 'ਕੌਰਵ-ਸਭਾ' ਨਾਵਲ ਦੀ ਗੋਂਦ ਉਤਸੁਕਤਾ ਭਰਪੂਰ ਹੈ। ਨਾਵਲ ਦਾ ਆਰੰਭ ਰਾਮ ਨਾਥ ਦੀ ਭੈਣ ਨੀਲਮ ਦੇ ਘਰੇ ਪਏ ਡਾਕੇ ਦੀ ਸੂਚਨਾ ਦਿੰਦਾ ਹੈ। ਡਾਕਾ ਕਿਉਂ ਪਿਆ ? ਡਾਕਾ ਮਾਰਨ ਵਾਲੇ ਕੌਣ ਸਨ ? ਪਰਿਵਾਰ ਦੇ ਮੈਂਬਰਾਂ ਦੀ ਕੀ ਹਾਲਤ ਸੀ? ਆਦਿ ਪ੍ਰਸ਼ਨਾਂ ਨਾਲ ਪਾਠਕਾਂ ਦੇ ਮਨ ਵਿਚ ਉਤਸੁਕਤਾ ਪੈਦਾ ਹੁੰਦੀ ਹੈ।

ਇਥੇ ਨਾਵਲਕਾਰ ਚਾਲੀ ਪੰਜਾਹ ਸਾਲ ਦੇ ਜੀਵਨ ਬਿਰਤਾਂਤ ਨੂੰ ਰਾਮ ਨਾਥ ਦੀ ਸਿਮਰਿਤੀ ਦੁਆਰਾ ਵੱਖ-ਵੱਖ ਪਰਤਾਂ ਫਰੋਲਦਾ ਹੋਇਆ ਆਰੰਭ ਵਿਚ ਹੀ ਤਣਾਉ ਦੀਆਂ ਸਥਿਤੀਆਂ ਦੀ ਸਿਰਜਨਾ ਕਰਦਾ ਹੋਇਆ ਵਰਨਣਾਤਮਕ ਜੁਗਤ ਦੀ ਵਰਤੋਂ ਕਰਦਾ ਹੈ। ਨਾਵਲ ਦੀ ਬਹੁਤ ਸਾਰੀ ਸਮੱਗਰੀ ਦੀ ਸੂਚਨਾ ਥੋੜ੍ਹੇ ਕਥਨਾਂ ਦੇ ਰੂਪ ਵਿਚ ਦੇਣਾ ਹੀ ਵਰਨਣਾਤਮਕ ਜੁਗਤ ਹੈ। ਜਿਵੇਂ "ਵਾਰਦਾਤ ਭਿਆਨਕ ਸੀ। ਇਕ ਕਤਲ ਹੋਇਆ ਸੀ। ਦੋ ਬੰਦਿਆਂ ਦੇ ਗੰਭੀਰ ਚੋਟਾਂ ਲੱਗੀਆਂ ਸਨ। ਲੜਕੀ ਦੀ ਇੱਜ਼ਤ ਲੁੱਟੀ ਗਈ ਸੀ। ਲੁੱਟੇ ਸਮਾਨ ਦੀ ਲਿਸਟ ਬਹੁਤ ਲੰਬੀ ਸੀ। ਮੁਲਜ਼ਮਾਂ ਬਾਰੇ ਕੋਈ ਸੁਰਾਗ ਨਹੀਂ ਸੀ ਲੱਭ ਰਿਹਾ। ਬਲਾਈਂਡ ਕੇਸ ਸੀ। ਮੁਕੱਦਮਾ ਦਰਜ ਕਰਨ ਵਿਚ ਮੁੱਖ ਅਫ਼ਸਰ ਨੂੰ ਦਿੱਕਤ ਪੇਸ਼ ਆਉਣੀ ਸੀ। ਪੱਤਰਕਾਰ ਇੱਲਾਂ ਵਾਂਗ ਮੰਡਰਾ ਰਹੇ ਸਨ। ਮੁੱਖ ਮੰਤਰੀ ਤੱਕ ਨੂੰ ਸੂਚਨਾ ਜਾਣੀ ਸੀ।"[41]

ਨਾਵਲਕਾਰ ਨੇ ਆਪਣੀ ਗਲਪੀ ਬਿੰਬ ਨੂੰ ਪੇਸ਼ ਕਰਨ ਵਾਲੀ ਕਲਾ ਅਤੇ ਸੂਖ਼ਮ ਦ੍ਰਿਸ਼ਟੀ ਰਾਹੀਂ ਇਕੋ ਸਮੇਂ, ਇਕ ਪਰਿਵਾਰ ਨਾਲ ਵਾਪਰੀਆਂ ਚਾਰ ਘਟਨਾਵਾਂ ਕਤਲ, ਬਲਾਤਕਾਰ, ਚੋਰੀ, ਡਾਕੇ ਅਤੇ ਮੀਡੀਏ ਦੀ ਭੂਮਿਕਾ ਨੂੰ ਇਕ ਇਕਾਈ ਵਿਚ ਸੰਗਠਿਤ ਕੀਤਾ ਹੈ।

ਨਾਵਲਕਾਰ ਨੇ ਜਿਥੇ ਵਰਨਣਾਤਮਕ ਵਿਧੀ ਦੀ ਵਰਤੋਂ ਕੀਤੀ ਹੈ ਉਥੇ ਸਰਬੱਗ ਵਰਨਣ ਵਾਲੀ ਵਿਧੀ ਨੂੰ ਵੀ ਅਪਨਾਇਆ ਹੈ। ਸਰਬੱਗ ਵਿਧੀ ਬਾਰੇ ਜਾਣਕਾਰੀ ਦਿੰਦਿਆਂ ਨਰਿੰਜਨ ਤਸਨੀਮ ਲਿਖਦੇ ਹਨ :

"ਸਰਬੱਗ ਵਰਨਣ ਵਾਲੀ ਤਕਨੀਕ ਵਿਚ ਨਾਵਲਕਾਰ ਸਰਬ-ਗਿਆਤਾ ਦੇ ਰੂਪ ਵਿਚ ਹਰ ਵਕਤ ਹਾਜ਼ਰ ਰਹਿੰਦਾ ਹੈ। ਇਹ ਤਕਨੀਕ ਉਨੀ ਹੀ ਪੁਰਾਣੀ ਹੈ ਜਿੰਨੀ ਨਾਵਲ ਕਲਾ। ਪਰ ਚੇਤੰਨਤਾ ਪ੍ਰਵਾਹ ਨਾਵਲ ਵਿਚ ਇਸਨੂੰ ਨਵੇਂ ਢੰਗ ਨਾਲ ਵਰਤਿਆ ਜਾਂਦਾ ਹੈ। ਇਸ ਸਵੈਜੀਵਨੀ ਵਾਲੀ ਤਕਨੀਕ ਵਿਚ ਨਾਵਲਕਾਰ ਦਾ ਸਰਬ ਗਿਆਨ ਮੁੱਖ ਪਾਤਰ ਤੱਕ ਹੀ ਸੀਮਤ ਹੁੰਦਾ ਹੈ, ਇਸ ਲਈ ਉਹ ਇਸ ਪਾਤਰ ਦੇ ਮਨ ਦੇ ਵਾਤਾਵਰਨ ਨੂੰ ਬੜੀ ਸਫ਼ਲਤਾ ਨਾਲ ਚਿਤਰ ਲੈਂਦਾ ਹੈ।"[42]

ਮਿੱਤਰ ਸੈਨ ਮੀਤ ਵੀ ਅਜਿਹੀ ਤਕਨੀਕ ਰਾਹੀਂ ਪਾਠਕ ਨੂੰ ਉਂਗਲੀ ਫੜ ਕੇ ਮੁੱਖ ਪਾਤਰ ਬਾਰੇ ਇਸ ਤਰ੍ਹਾਂ ਜਾਣਕਾਰੀ ਦਿੰਦਾ ਹੈ ਜਿਵੇਂ ਪਾਠਕ ਨੂੰ ਕੋਈ ਦ੍ਰਿਸ਼ ਦਿਖਾ ਰਿਹਾ ਹੋਵੇ। ਜਿਵੇਂ 'ਕੌਰਵ-ਸਭਾ' ਨਾਵਲ ਵਿਚ ਪ੍ਰੀਤੀ ਦੇ ਪ੍ਰੇਮੀ ਸੀਤਲ ਵਿਦਿਆਰਥੀ ਨੂੰ ਦੇਖਿਆ ਜਾ ਸਕਦਾ ਹੈ ਜਿਸਦੇ ਇਮਤਿਹਾਨ ਸਿਰ ਤੇ ਹਨ ਪਰੰਤੂ ਪ੍ਰੀਤੀ ਦੇ ਮਾਪੇ ਉਸਤੇ

ਵਰਗਲਾ ਕੇ ਲੈ ਜਾਣ ਦਾ ਇਲਜ਼ਾਮ ਲਾ ਕੇ ਉਸਨੂੰ ਜੇਲ੍ਹ ਭਿਜਵਾ ਦਿੰਦੇ ਹਨ, ਉਸਦੀ ਹਾਲਤ ਨੂੰ ਨਾਵਲਕਾਰ ਉਕਤ ਟਿੱਪਣੀ ਰਾਹੀਂ ਇਉਂ ਬਿਆਨ ਕਰਦਾ ਹੈ :

"ਹਫ਼ਤੇ ਤੋਂ ਉਸਨੂੰ ਨੀਂਦ ਨਹੀਂ ਆ ਰਹੀ। ਕਦੇ ਅੱਖ ਲਗਦੀ ਹੈ ਤਾਂ ਭੈੜੇ-ਭੈੜੇ ਸੁਪਨੇ ਆਉਣ ਲੱਗਦੇ ਹਨ। ਕਦੇ ਉਹ ਜੇਲ੍ਹੋਂ ਭੱਜਣ ਦਾ ਯਤਨ ਕਰ ਰਿਹਾ ਹੁੰਦਾ ਹੈ, ਪਰ ਉਸ ਤੋਂ ਭੱਜ ਨਹੀਂ ਹੁੰਦਾ। ਕਦੇ ਉਹ ਇਮਤਿਹਾਨ ਵਿਚ ਬੈਠਾ ਹੁੰਦਾ ਹੈ, ਪਰ ਕੋਈ ਸਵਾਲ ਹੱਲ ਨਹੀਂ ਹੁੰਦਾ, ਕਦੇ ਬੈਜ ਨਾਥ ਨਾਲ ਖਹਿਬੜ ਰਿਹਾ ਹੁੰਦਾ ਹੈ।...ਕਦੇ ਪ੍ਰੀਤੀ ਬੇਰੁਜ਼ਗਾਰ ਸਮਝ ਕੇ ਦੁਰਕਾਰ ਰਹੀ ਹੁੰਦੀ ਹੈ।"[43]

ਇਸ ਤਰ੍ਹਾਂ ਨਾਵਲਕਾਰ ਪਾਤਰਾਂ ਦੇ ਮਨ ਦੇ ਦ੍ਰਿਸ਼ ਪਾਠਕਾਂ ਸਾਹਮਣੇ ਸਰਬੱਗ ਵਰਨਣ ਰਾਹੀਂ ਦ੍ਰਿਸ਼ਟਮਾਨ ਕਰਦਾ ਹੈ। ਨਾਵਲਕਾਰ ਦੀ ਕਲਾਤਮਕਤਾ ਦੀ ਪ੍ਰਮਾਣਿਕਤਾ ਉਸਦੇ ਪਾਤਰ ਚਿਤਰਨ ਵਿਚ ਹੀ ਪਈ ਹੁੰਦੀ ਹੈ ਕਿਉਂਕਿ ਪਾਤਰਾਂ ਦੇ ਮਾਧਿਅਮ ਰਾਹੀਂ ਹੀ ਜ਼ਿੰਦਗੀ ਦੀ ਵਾਸਤਵਿਕਤਾ ਜ਼ਾਹਿਰ ਹੋਣੀ ਹੁੰਦੀ ਹੈ।

ਡਾ. ਟੀ.ਆਰ.ਵਿਨੋਦ ਅਨੁਸਾਰ, "ਪਾਤਰ ਚਿਤ੍ਰਣ ਤੋਂ ਮੁਰਾਦ ਪਾਤਰਾਂ ਦੀ ਸ਼ਖ਼ਸੀਅਤ ਦੀ ਨਾਵਲੀ ਪੇਸ਼ਕਾਰੀ ਹੈ। ਨਾਵਲ ਦੇ ਪਾਤਰਾਂ ਦੇ ਚਿਤ੍ਰਣ ਦੀ ਨਾਵਲੀ ਵਿਧੀ ਵਿਅਕਤੀਕਰਨ ਦੀ ਵਿਧੀ ਅਰਥਾਤ ਨਾਵਲ ਦਾ ਹਰੇਕ ਪਾਤਰ ਅਤੇ ਵਿਸ਼ੇਸ਼ ਰੂਪ ਵਿਚ ਪੇਸ਼ ਕਰਨਾ ਹੁੰਦਾ ਹੈ। ਇਸ ਲਈ ਨਾਵਲ ਵਿਚ ਪਾਤਰਾਂ ਦੇ ਸੁਭਾਅ ਦੀ ਜਾਣਕਾਰੀ ਦੇ ਦੇਣਾ ਹੀ ਕਾਫ਼ੀ ਨਹੀਂ ਹੁੰਦਾ ਉਸਦਾ ਠੋਸ ਬਿੰਬ-ਚਿਤਰ ਉਭਾਰਨਾ ਹੁੰਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਨਾਵਲਕਾਰ ਪਾਤਰਾਂ ਨੂੰ ਲੰਮੇ ਅਰਸੇ ਵਿਚ ਫੈਲੀਆਂ ਸਥਿਤੀਆਂ ਵਿਚੋਂ ਦੀ ਲੰਘਾਉਂਦਾ ਹੈ। ਇਨ੍ਹਾਂ ਸਥਿਤੀਆਂ ਵਿਚੋਂ ਦੀ ਲੰਘਦੇ ਪਾਤਰਾਂ ਦੇ ਪਰਸਪਰ ਸੰਬੰਧ, ਉਨ੍ਹਾਂ ਦੇ ਕਾਰਜ, ਉਨ੍ਹਾਂ ਦਾ ਵਿਹਾਰ, ਉਨ੍ਹਾਂ ਦਾ ਪਰਿਵੇਸ਼ ਆਦਿ ਜੋ ਕੁਝ ਵੀ ਨਾਵਲ ਵਿਚ ਚਿਤਰਿਆ ਜਾਂਦਾ ਹੈ ਉਹ ਸਭ ਪਾਤਰਾਂ ਦੇ ਸੁਭਾਅ ਦਾ ਸੰਕੇਤਕ ਹੋ ਨਿਬੜਦਾ ਹੈ।"[44]

ਉਪਰੋਕਤ ਟਿੱਪਣੀ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਪਾਤਰਾਂ ਦੇ ਸੁਭਾਅ ਦੀ ਜਾਣਕਾਰੀ ਉਹਨਾਂ ਦੇ ਲੰਮੇ ਸਮੇਂ ਦੇ ਕਾਰਜ ਤੋਂ ਵੀ ਮਿਲਦੀ ਹੈ। 'ਤਫ਼ਤੀਸ਼' ਨਾਵਲ ਵਿਚ ਜਦੋਂ ਅਮੀ ਖ਼ਾਨ ਮਾਡਲ ਟਾਊਨ ਦੀਆਂ ਕੋਠੀਆਂ ਦੀ ਤਲਾਸ਼ੀ ਲੈਂਦਾ ਹੈ ਤਾਂ ਉਸਦੇ ਮਾਨਸਿਕ ਤਨਾਉ ਰਾਹੀਂ ਉਥੋਂ ਦੇ ਰਹਿਣ ਵਾਲਿਆਂ ਦੇ ਸਮਾਜ ਵਿਰੋਧੀ ਅਨੇਕਾਂ ਕੰਮਾਂ-ਕਿੱਤਿਆਂ ਦਾ ਪਾਠਕਾਂ ਨੂੰ ਪਤਾ ਲਗਦਾ ਹੈ। ਅਮੀ ਚੰਦ ਇਕੋ ਸਮੇਂ ਕੋਠੀ ਵਿਚ ਰਹਿੰਦੇ ਲੋਕਾਂ ਦਾ ਵੇਰਵਾ ਆਪਣੇ ਮਨ ਵਿਚ ਸੋਚ ਰਿਹਾ ਹੁੰਦਾ ਹੈ ਤੇ ਕੁਝ ਕਹਿ ਵੀ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਕੁਸ਼ਟ ਆਸ਼ਰਮ ਵਿਚ ਰਹਿਣ ਵਾਲੇ ਪਾਤਰਾਂ ਦੀ ਜਾਣਕਾਰੀ ਇਸ ਤਰ੍ਹਾਂ ਦਿੰਦਾ ਹੈ ਕਿ ਉਹਨਾਂ ਦਾ ਠੋਸ ਬਿੰਬ ਚਿੱਤਰ ਪਾਠਕਾਂ ਸਾਹਮਣੇ ਸਵੀਕਾਰ ਹੋ ਜਾਂਦਾ ਹੈ। ਜਿਵੇਂ :

"ਉਸ ਦੇ ਪਿੱਛੇ-ਪਿੱਛੇ ਉਸੇ ਦੀ ਸ਼ਕਲ ਸੂਰਤ ਵਰਗੀ ਇਕ ਮੁਟਿਆਰ ਨਿਕਲ ਆਈ। ਉਸਦੇ ਤੇੜ ਮੈਲ ਨਾਲ ਭਰਿਆ ਇਕ ਪੇਟੀ ਕੋਟ ਸੀ ਅਤੇ ਛਾਤੀਆਂ ਨੂੰ ਢੱਕਣ ਲਈ ਇਕ ਫਟਿਆ ਹੋਇਆ ਬਲਾਊਜ਼। ਸਿਰ ਦੇ ਵਾਲਾਂ ਦਾ ਇਉਂ ਝਥਰਾ ਬਣਿਆ ਹੋਇਆ ਸੀ, ਜਿਵੇਂ ਸਾਲਾਂ ਤੋਂ ਨਹਾਤੀ ਹੀ ਨਾ ਹੋਵੇ। ਉਹਦੀ ਗੋਦ 'ਚ ਇਕ ਮਾੜਚੂ ਜਿਹਾ ਬੱਚਾ ਸੀ ਜਿਹੜਾ ਉਸਦੀ ਖੱਬੀ ਛਾਤੀ ਨੂੰ ਚੁੰਘ ਰਿਹਾ ਸੀ। ਬੱਚਾ ਵੀ ਨੰਗ ਧੜੰਗਾ

ਸੀ ਅਤੇ ਛਾਤੀ ਵਿਚੋਂ ਦੁੱਧ ਨਾ ਆਉਣ ਕਰਕੇ ਗੀਂ-ਗੀਂ ਕਰ ਰਿਹਾ ਸੀ।"[45]

ਸੋ ਉਕਤ ਵੇਰਵਾ ਕੁਸ਼ਟ ਆਸ਼ਰਮ ਵਿਚ ਰਹਿੰਦੇ ਲੋਕਾਂ ਦੀ ਤਸਵੀਰ ਨੂੰ ਪਾਠਕਾਂ ਦੇ ਸਾਹਮਣੇ ਸਾਕਾਰ ਕਰਨ ਦਾ ਠੋਸ ਸਬੂਤ ਹੈ ਜਿਸਦੀ ਦਿੱਖ ਤੋਂ ਹੀ ਉਸਦੀ ਆਰਥਿਕ, ਸਮਾਜਿਕ ਹਾਲਤ ਬਿਆਨ ਹੋ ਰਹੀ ਹੈ। ਸੋ ਨਾਵਲਕਾਰ ਕੇਵਲ ਅੰਦਰੂਨੀ ਵੇਰਵੇ ਹੀ ਨਹੀਂ ਸਗੋਂ ਪਾਤਰਾਂ ਦੇ ਬਾਹਰੀ ਵੇਰਵੇ ਵੀ ਬਾਰੀਕੀ ਤੋਂ ਚਿਤਰਦਾ ਹੈ। ਉਕਤ ਵੇਰਵੇ ਤੋਂ ਇਹ ਵੀ ਜ਼ਾਹਿਰ ਹੁੰਦਾ ਹੈ ਕਿ ਨਾਵਲਕਾਰ ਯਥਾਰਥ ਨੂੰ ਰੂਪਮਾਨ ਕਰ ਰਿਹਾ ਹੈ ਕਿਉਂਕਿ ਉਸਦਾ ਵਿਸ਼ਾ ਭਾਵੇਂ ਕਾਨੂੰਨ ਨਾਲ ਸੰਬੰਧਿਤ ਹੋਣ ਕਾਰਨ ਜ਼ਿਆਦਾ ਵਾਹ ਵਾਸਤਾ ਕਾਨੂੰਨ ਨਾਲ ਸੰਬੰਧਿਤ ਪਾਤਰਾਂ ਨਾਲ ਹੀ ਪੈਂਦਾ ਹੈ। ਪਰੰਤੂ ਉਹ ਸਮਾਜ ਦੇ ਅਜਿਹੇ ਕੌੜੇ ਪੱਖਾਂ ਨੂੰ ਵੀ ਰੂਪਮਾਨ ਕਰਦਾ ਹੈ, ਜਿਨਾਂ ਬਾਰੇ ਆਮ ਪਾਠਕ ਸੋਚ ਵੀ ਨਹੀਂ ਸਕਦਾ। ਸੋ ਨਾਵਲਕਾਰ 'ਤਫ਼ਤੀਸ਼' ਤੇ 'ਸੁਧਾਰ-ਘਰ' ਨਾਵਲਾਂ ਵਿਚ ਅਨੇਕਾਂ ਵਰਗਾਂ ਦੇ ਵਿਭਿੰਨ-ਵਿਭਿੰਨ ਪਾਤਰਾਂ ਦੀ ਬਾਹਰੀ ਤੇ ਅੰਦਰੂਨੀ ਦਿੱਖ ਪੇਸ਼ ਕਰਨ ਵਿਚ ਸਫ਼ਲ ਵੀ ਰਹਿੰਦਾ ਹੈ। 'ਸੁਧਾਰ-ਘਰ' ਨਾਵਲ ਦੀਆਂ ਕੈਦਣਾਂ ਪਾਤਰਾਂ ਦਾ ਬਾਹਰੀ ਵੇਰਵਾ ਇਸ ਤਰ੍ਹਾਂ ਦਿੰਦਾ ਹੈ ਕਿ ਉਹਨਾਂ ਦਾ ਅਕਸ ਪਾਠਕ ਦੀਆਂ ਅੱਖਾਂ ਅੱਗੇ ਸਾਕਾਰ ਹੋ ਜਾਂਦਾ ਹੈ :

"ਇਸ ਵਾਰ ਬਾਕੀ ਕੈਦਣਾਂ ਨੂੰ ਦੇਖਣਾ। ਕਿਸੇ ਦੀ ਪਿੱਠ ਬਾਹਰ ਨੂੰ ਨਿਕਲੀ ਹੋਵੇਗੀ, ਕਿਸੇ ਦਾ ਢਿੱਡ ਵਧਿਆ ਹੋਏਗਾ। ਕਿਸੇ ਦੇ ਚਿਹਰੇ 'ਤੇ ਛਾਈਆਂ ਹੋਣਗੀਆਂ, ਕਿਸੇ ਦੇ ਕੋਇਆਂ ਵਿਚ ਕਾਲਖ। ਕਿਸੇ ਦੇ ਮੂੰਹ ਵਿਚ ਹਵਾੜ ਮਾਰੇਗੀ ਅਤੇ ਕਿਸੇ ਦੇ ਦੰਦਾਂ 'ਚ ਜਿਲਬ ਜੰਮੀ ਹੋਏਗੀ... ਕਿਸੇ ਦੇ ਸਿਰ ਵਿਚ ਕਰ, ਕੋਈ ਟੀ.ਬੀ. ਦਾ ਸ਼ਿਕਾਰ ਹੋਏਗੀ। ਕੋਈ ਦਮੇ ਦੀ। ਕੋਈ ਪਾਗਲਾਂ ਵਾਂਗ ਰੋਂਦੀ ਹੋਏਗੀ, ਕੋਈ ਕਿਸੇ ਨੂੰ ਗਾਲਾਂ ਕੱਢ ਰਹੀ ਹੋਏਗੀ। ਕੋਈ ਆਪਣੇ ਘਰੋਂ ਭੱਜੀ ਧੀ ਦਾ ਦੁੱਖ ਛੇੜ ਕੇ ਬੈਠ ਜਾਵੇਗੀ, ਕੋਈ ਕਤਲ ਹੋਏ ਜਵਾਨ ਪੁੱਤ ਦਾ।"[46]

ਉਕਤ ਵੇਰਵੇ ਤੋਂ ਸਪੱਸ਼ਟ ਹੈ ਕਿ ਨਾਵਲਕਾਰ ਕਿਸੇ ਇਕ ਜਾਂ ਦੋ ਪਾਤਰਾਂ ਨੂੰ ਨਹੀਂ ਸਗੋਂ ਅਨੇਕਾਂ ਪਾਤਰਾਂ ਦੀ ਬਾਹਰੀ ਤੇ ਅੰਦਰੂਨੀ ਦਿੱਖ ਨੂੰ ਰੂਪਮਾਨ ਕਰਨ ਵਿਚ ਵਿਸ਼ੇਸ਼ ਮੁਹਾਰਤ ਰੱਖਦਾ ਹੈ। ਨਾਵਲਕਾਰ ਦੀ ਇਹ ਵੀ ਜੁਗਤ ਹੈ ਕਿ ਥੋੜੇ ਸ਼ਬਦਾਂ ਰਾਹੀਂ ਬਹੁਤੇ ਪਾਤਰਾਂ ਦਾ ਚਿਤਰਨ ਕਰਦਾ ਹੈ। ਕਿਸੇ ਦਾ ਜੇਲ੍ਹ ਆਉਣ ਦਾ ਕੋਈ ਕਾਰਨ ਹੈ ਕਿਸੇ ਨੂੰ ਕੋਈ ਬਿਮਾਰੀ, ਕਿਸੇ ਦਾ ਕੋਈ ਧਰਮ ਆਦਿ ਭਿੰਨਤਾਵਾਂ ਵੀ ਨਾਵਲਕਾਰ ਦੀ ਪਾਤਰ ਉਸਾਰੀ ਦੀ ਵਿਲੱਖਣਤਾ ਹਨ। ਮੀਤ ਦੇ ਨਾਵਲ ਜਗਤ ਦੇ ਪਾਤਰ ਉਸਦੇ ਅਨੁਭਵ ਵਿਚੋਂ ਉਪਜੇ ਹਨ। ਉਹ ਹੰਢੇ ਹੋਏ ਅਤੇ ਪ੍ਰੋੜ ਨਾਵਲਕਾਰ ਵਾਂਗ ਨਾਵਲਾਂ ਦੇ ਪਾਤਰਾਂ ਦੇ ਬਾਹਰੀ ਅਤੇ ਅੰਦਰੂਨੀ ਪੱਖ ਚਿਤਰਦਾ ਹੋਇਆ ਬੜੀ ਸੂਝ ਤੇ ਬਾਰੀਕੀ ਤੋਂ ਕੰਮ ਲੈਂਦਾ ਹੈ। ਡਾ. ਟੀ.ਆਰ.ਵਿਨੋਦ ਅਨੁਸਾਰ, "ਨਾਵਲੀ ਪਾਤਰ ਦੀ ਉਸਾਰੀ ਵਿਚ ਅਨੁਭਵ ਅਤੇ ਸਿਰਜਨਾ ਦੋਹਾਂ ਦਾ ਯੋਗਦਾਨ ਹੁੰਦਾ ਹੈ ਜਿਸ ਕਰਕੇ ਪਾਤਰ ਲੋਕਾਂ ਨਾਲੋਂ ਵੱਖਰੇ ਹੋਣ ਦੇ ਬਾਵਜੂਦ ਵੀ ਉਹਨਾਂ ਵਰਗੇ ਹੁੰਦੇ ਹਨ।"[47] ਨਾਵਲਕਾਰ ਨੇ ਆਪਣੇ ਅਨੁਭਵ ਨੂੰ ਸਿਰਜਨਾ ਵਿਚ ਢਾਲਿਆ ਹੈ। ਆਪਣੇ ਵਕੀਲੀ ਪੇਸ਼ੇ ਨਾਲ ਸੰਬੰਧਿਤ ਉਸਨੇ ਭੰਡਾਰੀ ਵਕੀਲ, ਚਹਿਲ, ਮੋਹਨ ਲਾਲ, ਪਿਆਰੇ ਲਾਲ ਅਤੇ ਸਰਕਾਰੀ ਵਕੀਲ ਗੁਰਮੀਤ, ਬਚਨ ਸਿੰਘ ਅਤੇ ਕੁਝ ਜੂਨੀਅਰ ਵਕੀਲਾਂ ਦਾ ਜਿਥੇ ਬਾਰੀਕੀ ਨਾਲ ਵੇਰਵਾ ਦਿੱਤਾ ਹੈ ਉਥੇ ਆਪਣੇ ਵਕਾਲਤ

ਧੰਦੇ ਨਾਲ ਸੰਬੰਧਿਤ ਕੁਝ ਪਾਤਰਾਂ ਨੂੰ 'ਕੌਰਵ-ਸਭਾ' ਨਾਵਲ ਵਿਚ ਵੀ ਰੂਪਮਾਨ ਕੀਤਾ ਹੈ ਜੋ ਪਾਤਰ ਹੁੰਦੇ ਹੋਏ ਵੀ ਆਮ ਲੋਕਾਂ ਵਿਚ ਵਿਚਰਦੇ ਮਹਿਸੂਸ ਹੁੰਦੇ ਹਨ। ਜਿਵੇਂ ਵਿਜੇ, ਨੰਦ ਲਾਲ, ਸਿੰਗਲਾ, ਊਧਮ ਸਿੰਘ, ਹਰੀਸ਼ ਰਾਏ, ਰਾਜਕੁਮਾਰ ਅਤੇ ਰਾਮ ਨਾਥ ਵਰਗੇ ਪਾਤਰਾਂ ਨੂੰ ਦੇਖਿਆ ਜਾ ਸਕਦਾ ਹੈ। ਜਦੋਂ ਰਾਮ ਨਾਥ ਦੀ ਭੈਣ ਨੀਲਮ ਦੇ ਘਰੇ ਡਾਕਾ ਪੈਂਦਾ ਹੈ ਤੇ ਭਾਣਜੀ ਨਾਲ ਬਲਾਤਕਾਰ ਹੁੰਦਾ ਹੈ ਤਾਂ ਉਸਨੂੰ ਨਾਵਲਕਾਰ ਇਸ ਤਰ੍ਹਾਂ ਬਿਆਨ ਕਰਦਾ ਹੈ :

"ਰਾਮ ਨਾਥ ਨੂੰ ਨੇਹਾ ਦੀ ਅਸਲੀ ਹਾਲਤ ਦਾ ਪੂਰਾ ਜਾਇਜ਼ਾ ਨਹੀਂ ਸੀ ਹੋ ਰਿਹਾ। ਮਾਮੇ ਭਾਣਜੀ ਵਾਲੀ ਅੱਖਾਂ ਦੀ ਸ਼ਰਮ ਦੀ ਕੋਈ ਮਹੱਤਤਾ ਨਹੀਂ ਸੀ ਰਹਿ ਗਈ। ਸਾਰੇ ਸਮਾਜਿਕ ਰਿਸ਼ਤੇ ਛਿੱਕੇ ਟੰਗ ਕੇ ਰਾਮ ਨਾਥ ਨੇ ਨੇਹਾ ਦੇ ਸਰੀਰ 'ਤੇ ਪਈ ਚਾਦਰ ਉਪਰ ਚੁੱਕਣੀ ਸ਼ੁਰੂ ਕੀਤੀ। ਉਹ ਕੁੜੀ ਦੇ ਸਰੀਰ ਦੀ ਹਾਲਤ ਅੱਖੀਂ ਦੇਖਣਾ ਚਾਹੁੰਦਾ ਸੀ। ਨੇਹਾ ਦੇ ਸਾਰੇ ਕੱਪੜੇ ਲੀਰੋ ਲੀਰ ਅਤੇ ਖੂਨ ਨਾਲ ਲੱਥਪੱਥ ਸਨ। ਬਾਹਾਂ, ਹਿੱਕ ਅਤੇ ਢਿੱਡ ਉਪਰ ਨੇਹਾ ਅਤੇ ਬਲਾਤਕਾਰੀ ਵਿਚਕਾਰ ਹੋਈ ਜੱਦੋ-ਜਹਿਦ ਦੇ ਨਿਸ਼ਾਨ ਸਨ। ...ਰਾਮ ਨਾਥ ਨੇ ਇਕ-ਇਕ ਅੰਗ ਹਿਲਾ ਕੇ, ਟੋਹ ਕੇ ਦੇਖਿਆ। ਸ਼ੁਕਰ ਸੀ ਸਭ ਅੰਗ ਸਬੂਤੇ ਸਨ।"[48]

ਇਥੇ ਨਾਵਲਕਾਰ ਇਕ ਪਾਸੇ ਸਰਕਾਰੀ ਵਕੀਲ ਦੇ ਰੂਪ ਵਿਚ ਰਾਮ ਨਾਥ ਦੇ ਪਾਤਰ ਨੂੰ ਦਰਸਾਉਂਦਾ ਹੈ ਤੇ ਦੂਜੇ ਪਾਸੇ ਰਿਸ਼ਤੇ ਦੇ ਰੂਪ ਵਿਚ, ਜੋ ਆਮ ਲੋਕਾਂ ਵਿਚ ਵਿਚਰਨ ਦਾ ਸੰਕੇਤ ਹੈ। 'ਤਫ਼ਤੀਸ਼' ਅਤੇ 'ਕਟਹਿਰਾ' ਨਾਵਲ ਦੇ ਸਾਂਝੇ ਪਾਤਰਾਂ ਵਿਚੋਂ ਗੁਰਮੀਤ ਵਕੀਲ ਇਕ ਪ੍ਰਗਤੀਵਾਦੀ ਪਾਤਰ ਦੇ ਤੌਰ ਤੇ ਸਫ਼ਰ ਕਰਨ ਵਾਲਾ ਪਾਤਰ ਹੈ, ਜਦੋਂ ਉਹ ਆਪਣੀ ਲਿਆਕਤ ਤੇ ਕਾਬਲੀਅਤ ਨਾਲ ਨਿਰਦੋਸ਼ਾਂ ਨੂੰ ਬਚਾਉਣ ਵਿਚ ਸਫ਼ਲ ਨਹੀਂ ਹੁੰਦਾ ਤਾਂ ਕੀ ਸੋਚਦਾ ਹੈ :

"ਗੁਰਮੀਤ ਨੇ ਤਾਂ ਸੋਚਿਆ ਸੀ ਸਰਕਾਰੀ ਵਕੀਲ ਬਣ ਕੇ ਉਹ ਪਾਲੇ ਵਰਗਿਆਂ ਨੂੰ ਬਚਾ ਲਿਆ ਕਰੇਗਾ। ਵੱਡੇ-ਵੱਡੇ ਸਮੱਗਲਰਾਂ ਨੂੰ ਜੇਲਾਂ 'ਚ ਸੜਨ ਲਈ ਮਜ਼ਬੂਰ ਕਰੇਗਾ। ਪਰ ਅਜਿਹਾ ਕੁਝ ਵੀ ਨਹੀਂ ਸੀ ਹੋ ਰਿਹਾ। ਉਸਦੇ ਜ਼ਿਹਨ ਵਿਚ ਇਕ ਵੀ ਅਜਿਹਾ ਕੇਸ ਨਹੀਂ ਸੀ ਆ ਰਿਹਾ, ਜਿਸ ਵਿਚ ਉਹ ਆਪਣੀ ਪੁਗਾ ਸਕਿਆ ਹੋਵੇ। ... ਉਤਸ਼ਾਹ ਨਾਲ ਭਰੇ ਗੁਰਮੀਤ ਨੇ ਕਾਗਜ਼ ਚੁੱਕਿਆ, ਅਸਤੀਫਾ ਲਿਖਿਆ ਅਤੇ ਲਫ਼ਾਫ਼ਾ ਪੋਸਟ ਕਰਨ ਲਈ ਨਾਇਬ ਕੋਰਟ ਨੂੰ ਡਾਕਖਾਨੇ ਭੇਜ ਕੇ ਉਹ ਛੋਟੇ-ਛੋਟੇ ਕਦਮ ਪੁੱਟਦਾ ਸੰਮਤੀ ਦੇ ਜਲਸੇ ਵੱਲ ਵਧਣ ਲੱਗਾ।"[49]

ਸੋ ਨਾਵਲਕਾਰ ਸੁਚੇਤ ਪੱਧਰ ਤੇ ਗੁਰਮੀਤ ਵਰਗੇ ਪ੍ਰਗਤੀਵਾਦੀ ਪਾਤਰਾਂ ਦੀ ਸਿਰਜਨਾ ਰਾਹੀਂ ਜਿਥੇ ਸਮਾਜਵਾਦੀ ਵਿਚਾਰਧਾਰਾ ਅਨੁਸਾਰ ਧਰਮ ਨਿਰਪੱਖ, ਲੋਕ ਰਾਜ ਦੇ ਸਾਂਝੇ ਟੀਚੇ ਨੂੰ ਪ੍ਰਾਪਤ ਕਰਨ ਦੀ ਲੋੜ ਤੇ ਜ਼ੋਰ ਦਿੰਦਾ ਹੈ, ਉਥੇ ਸੁਧਾਰਵਾਦੀ ਮੱਤ ਅਨੁਸਾਰ ਗੁਰਮੀਤ ਵਰਗੇ ਪਾਤਰਾਂ ਨੂੰ ਇਉਂ ਚਿਤਰਦਾ ਹੈ ਕਿ ਖਲਨਾਇਕ ਸੁਭਾਅ ਵਾਲਾ ਸਮਾਜ ਸਮੱਸਿਆਵਾਂ ਪੈਦਾ ਕਰਦਾ ਹੈ ਤੇ ਆਦਰਸ਼ਕ ਸੁਭਾਅ ਵਾਲੇ ਪਾਤਰ ਉਨ੍ਹਾਂ ਦਾ ਸੁਧਾਰ ਕਰਨ ਲਈ ਖ਼ੁਦ ਕਸ਼ਟ ਭੋਗ ਕੇ ਵੀ ਕਾਰਜਸ਼ੀਲ ਰਹਿੰਦੇ ਹਨ। ਜਿਵੇਂ ਬਾਬਾ ਗੁਰਦਿੱਤ ਅਤੇ ਗੁਰਮੀਤ ਸਿੰਘ।

ਸੁਰਿੰਦਰ ਸਿੰਘ ਕੋਹਲੀ ਅਨੁਸਾਰ, "ਸਾਹਿਤ ਦਾ ਸੰਬੰਧ ਮਨੁੱਖ ਅਤੇ ਮਨੁੱਖੀ

ਰਿਸ਼ਤਿਆਂ ਨਾਲ ਹੈ। ਸਾਹਿਤਕਾਰ ਮਨੁੱਖ ਨੂੰ ਪਰਸਪਰ ਸਾਂਝਾਂ ਅਤੇ ਵਿਰੋਧਾਂ ਵਿਚ ਪੇਸ਼ ਕਰਦਾ ਹੋਇਆ ਮਨੁੱਖਾਂ ਦੇ ਮੂਲ ਸੁਭਾਅ ਨੂੰ ਨਿਰੰਤਰ ਗਤੀਸ਼ੀਲ ਰੂਪ ਵਿਚ ਚਿਤਰਦਾ ਹੈ। ਮਨੁੱਖ ਦਾ ਸੁਭਾਅ ਉਸਦੇ ਸਮਾਜਿਕ ਸੰਬੰਧਾਂ ਦੁਆਰਾ ਨਿਸ਼ਚਿਤ ਹੁੰਦਾ ਹੈ ਅਤੇ ਉਸਦੀ ਗਤੀ ਦਾ ਆਧਾਰ ਉਸਦੀ ਇੱਛਾਵਾਂ, ਕਲਪਨਾਵਾਂ ਅਤੇ ਉਦੇਸ਼ ਹੁੰਦੇ ਹਨ। ਇਸ ਸੁਭਾਅ ਨੂੰ ਹੀ ਚਰਿੱਤਰ ਕਹਿੰਦੇ ਹਨ ਅਤੇ ਇਸਦੀ ਪੇਸ਼ਕਾਰੀ ਨੂੰ ਚਰਿੱਤਰ ਚਿਤਰਨ।"[50]

ਨਾਵਲਕਾਰ ਆਪਣੀ ਨਾਵਲੀ ਕਲਾ ਰਾਹੀਂ ਪਾਤਰਾਂ ਨੂੰ, ਉਨ੍ਹਾਂ ਦੇ ਚਰਿੱਤਰ ਨੂੰ, ਉਨ੍ਹਾਂ ਨਾਲ ਵਾਪਰਨ ਵਾਲੀਆਂ ਘਟਨਾਵਾਂ ਨੂੰ ਅਤੇ ਉਸ ਪਰਿਵੇਸ਼ ਨੂੰ ਜਿਸ ਵਿਚ ਨਾਵਲ ਦਾ ਕਾਰਜ ਵਿਚਰਦਾ ਹੈ, ਵਿਸ਼ੇਸ਼ ਅਤੇ ਨਿਵੇਕਲੀ ਹੋਂਦ ਪ੍ਰਦਾਨ ਕਰਦਾ ਹੈ। ਜਿਵੇਂ 'ਕੌਰਵ-ਸਭਾ' ਨਾਵਲ ਦੀ ਪਾਤਰ ਨੇਹਾ ਨੂੰ ਆਪਣੀ ਜ਼ਿੰਦਗੀ ਵਿਚ ਵਾਪਰਿਆ ਹਾਦਸਾ ਵਾਰ-ਵਾਰ ਯਾਦ ਆਉਂਦਾ ਹੈ :

"ਅੱਖਾਂ ਬੰਦ ਹੁੰਦਿਆਂ ਹੀ ਵਿਨਾਸ਼ ਦਾ ਉਹੋ ਮਹਾਂਦ੍ਰਿਸ਼ ਨੇਹਾ ਅੱਗੇ ਸੁਰਜੀਤ ਹੋਣ ਲੱਗਾ। ਇਕ ਰਾਕਸ਼ਸ਼ ਉਸਦਾ ਚੀਰ ਹਰਨ ਕਰ ਰਿਹਾ ਸੀ। ਦੂਸਰਾ ਕਮਲ ਨੂੰ ਕੋਹ-ਕੋਹ ਮਾਰ ਰਿਹਾ ਸੀ। ਤੀਸਰਾ ਉਸਦੀ ਮਾਂ ਨੂੰ ਘੜੀਸ ਰਿਹਾ ਸੀ ਅਤੇ ਚੌਥਾ ਉਸਦੇ ਬਾਪ ਦਾ ਘਾਣ ਕਰ ਰਿਹਾ ਸੀ। ਚਾਰੇ ਪਾਸੇ ਲਹੂ ਸੀ, ਬਰਬਾਦੀ ਸੀ ਅਤੇ ਚੀਖ ਚਿਹਾੜਾ ਸੀ।"[51]

ਇਸ ਤਰ੍ਹਾਂ ਨੇਹਾ ਸ਼ੁਰੂ ਤੋਂ ਲੈ ਕੇ ਨਾਵਲ ਦੇ ਅੰਤ ਤੱਕ ਦੁਬਿਧਾ ਵਿਚ ਫਸੀ ਰਹਿੰਦੀ ਹੈ। ਇਸ ਤਰਲੋ ਮਨੋ-ਅਵਸਥਾ ਵਿਚ ਉਸਦੇ ਪਾਤਰ ਜਦੋਂ ਅਤੀਤ ਵੱਲ ਵੇਖਦੇ ਹਨ ਤਾਂ ਇਸ ਤਰ੍ਹਾਂ ਦੀ ਸਥਿਤੀ ਨੂੰ ਨਾਵਲਕਾਰ ਪਿੱਛਲਝਾਤ ਦੀ ਜੁਗਤ ਰਾਹੀਂ ਮਨੋਵਿਸ਼ਲੇਸ਼ਣ ਕਰਦਾ ਹੈ :

"ਸੁੰਨ ਵੱਟਾ ਬਣੀ ਨੇਹਾ ਫੈਸਲੇ ਦੇ ਅਰਥ ਕੱਢਣ ਲੱਗੀ ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਦੋਸ਼ੀ ਸਜ਼ਾ ਹੋਏ ਹਨ ਜਾਂ ਬਰੀ।"[52]

ਇਹ ਪ੍ਰਸੰਗ ਨੇਹਾ ਦੀ ਮਾਨਸਿਕ ਦੁਬਿਧਾ ਅਤੇ ਦੁਖਾਂਤਕ ਸਥਿਤੀ ਨੂੰ ਵੀ ਉਜਾਗਰ ਕਰਦਾ ਹੈ। ਇਸੇ ਤਰ੍ਹਾਂ 'ਕਟਹਿਰਾ' ਨਾਵਲ ਦੇ ਪਾਤਰ ਪਿਆਰੇ ਲਾਲ ਦੀ ਮਾਨਸਿਕਤਾ ਦੁਬਿਧਾ ਨੂੰ ਵੇਖਿਆ ਜਾ ਸਕਦਾ ਹੈ। ਉਸਨੂੰ ਨਾਵਲ ਦੇ ਅੰਤ ਤੱਕ ਆਸ ਰਹਿੰਦੀ ਹੈ ਕਿ ਉਹ ਕੇਸ ਜਿੱਤ ਲਵੇਗਾ, ਪਰੰਤੂ ਅੰਤ ਵਿਚ ਹਾਰ ਜਾਂਦਾ ਹੈ ਤੇ ਮਾਨਸਿਕ ਦਵੰਦ ਵਿਚ ਫਸਿਆ ਆਪਣਾ 'ਕਾਲਾ ਕੋਟ' ਉਤਾਰ ਕੇ ਜੱਜ ਦੇ ਪੈਰਾਂ ਵਿਚ ਸੁੱਟ ਕੇ ਭੀੜ ਵਿਚ ਸ਼ਾਮਿਲ ਹੋ ਜਾਂਦਾ ਹੈ।

'ਕੌਰਵ-ਸਭਾ' ਨਾਵਲ ਵਿਚ ਪਾਤਰਾਂ ਦੀ ਭਰਮਾਰ ਹੋਣ ਦੇ ਬਾਵਜੂਦ ਵੀ ਇਕ-ਇਕ ਪਾਤਰ ਨੂੰ ਅਨੇਕਾਂ ਪਰਸਥਿਤੀਆਂ ਵਿਚ ਵਿਚਰਦੇ ਦਿਖਾਇਆ ਹੈ। ਜਿਵੇਂ ਕੌਰਵ-ਸਭਾ ਦੀ ਪਾਤਰ ਨੇਹਾ ਨਾਲ ਹੋਈ ਬਲਾਤਕਾਰ ਦੀ ਘਟਨਾ ਤੋਂ ਬਾਅਦ ਉਸਨੂੰ ਅਨੇਕਾਂ ਪਰਸਥਿਤੀਆਂ ਵਿਚੋਂ ਨਿਕਲਣਾ ਪੈਂਦਾ ਹੈ, ਜੋ ਉਸਦੀ ਸਮਾਜ ਵਲੋਂ ਹੋ ਰਹੀ ਬੇਕਦਰੀ ਨੂੰ ਦਰਸਾਉਂਦੀਆਂ ਹਨ। ਵਾਰਦਾਤ ਵਿਚ ਉਸਦਾ ਭਰਾ ਕਮਲ ਮਰ ਜਾਂਦਾ ਹੈ, ਮਾਂ ਦਿਮਾਗੀ ਤੌਰ ਤੇ ਠੀਕ ਨਹੀਂ ਹੁੰਦੀ, ਪਿਤਾ ਮੰਜੇ ਤੋਂ ਨਹੀਂ ਉਠ ਸਕਦਾ, ਉਸਦਾ ਪ੍ਰੇਮੀ ਸਾਗਰ ਉਸਨੂੰ ਛੱਡ ਜਾਂਦਾ ਹੈ। ਨੇਹਾ ਦੇ ਸਹਿਯੋਗ ਨਾਲ ਚੱਲਣ ਵਾਲੀ ਧਾਰਮਿਕ ਸੰਸਥਾ ਦੇ ਮੈਂਬਰ ਉਸਨੂੰ ਅਪਵਿੱਤਰ ਹੋ ਜਾਣ ਕਰਕੇ, ਉਸਦੇ ਸੰਸਥਾ ਵਿਚ ਆਉਣ ਤੇ ਇਤਰਾਜ਼ ਕਰਦੇ ਹਨ।

ਨੇਹਾ ਇਹਨਾਂ ਪਰਸਥਿਤੀਆਂ ਸਾਹਮਣੇ ਲਾਚਾਰ ਹੈ। ਉਹ ਹਰ ਪਰਸਥਿਤੀ ਨਾਲ ਜੂਝਦੀ ਹੋਈ ਇਸਦਾ ਵਿਰੋਧ ਕਰਦੀ ਹੈ ਤੇ ਇਸਨੂੰ ਹੋਣੀ ਵਾਂਗ ਹੰਢਾਉਂਦੀ ਵੀ ਹੈ। ਹਾਲਾਤ ਦੀ ਸਤਾਈ ਉਹ ਬਾਹਰਮੁਖੀ ਦਹਿਸ਼ਤ ਦੇ ਖਿਲਾਫ਼ ਲੜਨ ਲਈ ਲਾਅ ਦੀ ਪੜ੍ਹਾਈ ਕਰਕੇ ਹਰੀਸ਼ ਰਾਏ ਦੀ 'ਵਿਕਟਮ ਵੈਲਫੇਅਰ ਸੁਸਾਇਟੀ' ਨਾਲ ਜੁੜ ਜਾਣਾ ਚਾਹੁੰਦੀ ਹੈ, ਕਿਉਂਕਿ ਹਰੀਸ਼ ਰਾਏ ਇਕ ਪੜ੍ਹਿਆ ਲਿਖਿਆ ਚਿੰਤਨਸ਼ੀਲ ਨੌਜਵਾਨ ਪਾਤਰ ਹੈ ਜੋ ਆਪਣੀ ਸੁਸਾਇਟੀ ਰਾਹੀਂ ਪੀੜਤ ਪੱਖੀ ਸੰਘਰਸ਼ ਛੇੜਨਾ ਚਾਹੁੰਦਾ ਹੈ।

ਰੈਲਫ਼ ਫ਼ਾੱਕਸ ਅਨੁਸਾਰ, "ਉਹ ਆਪਣੇ ਦੇਸ਼ ਅਤੇ ਆਪਣੇ ਯੁੱਗ ਦੇ ਜੀਵਨ ਨੂੰ ਭਾਵੇਂ ਸਿਰਜਣਾਤਮਕ ਤਰੀਕੇ ਨਾਲ ਵੇਖਦਾ ਹੈ ਅਤੇ ਸਭ ਤੋਂ ਜ਼ਿਆਦਾ ਨਮੂਨੇ ਦੇ ਅਗਾਂਹਵਧੂ ਤੇ ਉਨਤ ਪਾਤਰਾਂ ਦੀ ਚੋਣ ਕਰਦਾ ਹੈ।"[53]

ਸੋ ਮਿੱਤਰ ਸੈਨ ਮੀਤ ਨੇ ਆਪਣੇ ਨਾਵਲਾਂ ਦੇ ਉਪਰੋਕਤ ਪਾਤਰਾਂ ਰਾਹੀਂ ਜਿਥੇ ਅਗਾਂਹਵਧੂ ਵਿਚਾਰਧਾਰਾ ਵਾਲੀ ਮਨੁੱਖਤਾ ਦੀ ਸਿਰਜਣਾ ਕੀਤੀ ਹੈ, ਉਥੇ ਉਸਦੇ ਪਾਤਰ ਵਿਅਕਤੀਗਤ ਤੌਰ ਤੇ ਨਹੀਂ ਸਗੋਂ ਨਾਵਲਕਾਰ ਦੀ ਵਿਚਾਰਧਾਰਾ ਤੇ ਵਿਸ਼ੇਸ਼ ਧਿਰ ਦੇ ਪ੍ਰਤੀਕ ਤਹਿਤ ਉਭਰਦੇ ਹਨ। ਉਸਦੇ ਸਾਰੇ ਪਾਤਰ ਹੱਡ ਮਾਸ ਦੇ ਬਣੇ ਹੋਏ ਵਿਅਕਤੀਗਤ ਗਤੀਸ਼ੀਲ ਹਨ, ਪਾਤਰ ਚਿਤਰਨ ਪੱਖੋਂ ਮੀਤ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਉਸਦੇ ਪਾਤਰ ਉਦੇਸ਼ ਤੱਕ ਪਹੁੰਚਣ ਵਿਚ ਸਹਾਇਕ ਹੁੰਦੇ ਹਨ।

"ਨਾਵਲ ਦੇ ਪਾਤਰ ਆਮ ਮਨੁੱਖਾਂ ਵਰਗੇ ਜੀਉਂਦੇ ਜਾਗਦੇ ਮਨੁੱਖ ਹੁੰਦੇ ਹਨ, ਪਰ ਅਸੀਂ ਉਹਨਾਂ ਨੂੰ ਮਨੁੱਖ ਨਹੀਂ ਕਹਿੰਦੇ, ਪਾਤਰ ਕਹਿੰਦੇ ਹਾਂ। ਮਨੁੱਖ ਜ਼ਿੰਦਗੀ ਜੀਉਂਦੇ ਹਨ, ਪਾਤਰ ਜ਼ਿੰਦਗੀ ਦਾ ਰੋਲ ਅਦਾ ਕਰਦੇ ਹਨ।"[54]

ਡਾ. ਰਾਹੀ ਦੀ ਟਿੱਪਣੀ ਦੇ ਸੰਦਰਭ ਵਿਚ 'ਕਟਹਿਰਾ' ਨਾਵਲ ਦੇ ਪ੍ਰਬੰਧਕੀ ਢਾਂਚੇ ਨਾਲ ਜੁੜੇ ਪਾਤਰਾਂ ਦੇ ਯਥਾਰਥਕ ਚਿਤਰਨ ਨੂੰ ਦੇਖਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਨਾਵਲਕਾਰ ਨੇ ਆਪਣੇ ਅਨੁਭਵ ਰਾਹੀਂ ਇੰਨੀ ਬਾਰੀਕੀ ਤੇ ਨੀਝ ਨਾਲ ਚਿਤਰਿਆ ਹੈ ਕਿ ਹਰ ਪਾਤਰ ਜਿਉਂਦੇ ਤੇ ਪ੍ਰਤੱਖ ਰੂਪ ਵਿਚ ਪਹਿਚਾਣਿਆ ਜਾ ਸਕਦਾ ਹੈ। 'ਕਟਹਿਰਾ' ਨਾਵਲ ਦੇ ਪਾਤਰ ਸਰਕਾਰੀ ਵਕੀਲ ਸੁਰਿੰਦਰ ਰਾਹੀਂ ਨਾਵਲਕਾਰ ਖਲਨਾਇਕੀ ਪਾਤਰਾਂ ਦਾ ਚਿਤਰਨ ਹੀ ਨਹੀਂ ਕਰਦਾ ਸਗੋਂ ਵਿਵਸਥਾ ਦੇ ਅਣਮਨੁੱਖੀ ਚਰਿੱਤਰ ਨੂੰ ਵੀ ਬਾਰੀਕੀ ਤੇ ਵਿਅੰਗ ਦੀ ਦ੍ਰਿਸ਼ਟੀ ਨਾਲ ਚਿਤਰਦਾ ਹੈ ਕਿ ਸੁਰਿੰਦਰ ਵਕੀਲ ਦਾ ਚਰਿੱਤਰ ਪਾਠਕ ਸਾਹਮਣੇ ਸਾਕਾਰ ਹੋ ਜਾਂਦਾ ਹੈ।

"ਕੁਝ ਰਾਸ਼ੀ ਜੇਬ ਵਿਚ ਪਈ ਹੁੰਦੀ ਤਾਂ ਸੁਰਿੰਦਰ ਦੇ ਦਿਮਾਗ ਨੇ ਕੰਪਿਊਟਰ ਵਾਂਗ ਹੱਲ ਤੇ ਹੱਲ ਲੱਭਣਾ ਸੀ। ਮੁਫ਼ਤ ਵਿਚ ਪੈਨ ਖੋਲ੍ਹਣ ਨੂੰ ਦਿਲ ਨਹੀਂ ਸੀ ਕਰਦਾ। ਦਿਮਾਗ ਖੁੱਲ੍ਹਣ ਦੀ ਗੱਲ ਦੂਰ ਸੀ।"[55]

ਨਾਵਲਕਾਰ ਦੀ ਵਿਸ਼ੇਸ਼ ਜੁਗਤ ਇਹ ਹੈ ਕਿ ਉਹ ਪਾਤਰਾਂ ਦੇ ਬੋਲਾਂ ਅਤੇ ਵਤੀਰੇ ਦੇ ਨਿੱਕੇ-ਨਿੱਕੇ ਵੇਰਵਿਆਂ ਦੀ ਮੱਦਦ ਨਾਲ ਇਹਨਾਂ ਪਿਛੇ ਕੰਮ ਕਰਦੀ ਮਾਨਸਿਕਤਾ ਨੂੰ ਉਭਾਰਨ ਵਿਚ ਵਿਡੰਬਨਾ ਦੀ ਜੁਗਤ ਨੂੰ ਬੜੀ ਮੁਹਾਰਤ ਨਾਲ ਵਰਤਦਾ ਹੈ।

ਮਿੱਤਰ ਸੈਨ ਮੀਤ ਦੀ ਨਿਵੇਕਲੀ ਜੁਗਤ ਇਹ ਹੈ ਕਿ ਉਸਦੇ ਨਾਵਲਾਂ ਦੇ ਬਹੁਤੇ ਪਾਤਰਾਂ ਦੇ ਸੁਭਾਅ ਉਹਨਾਂ ਦੇ ਨਾਵਾਂ ਅਨੁਸਾਰ ਹਨ। ਜੱਜ ਸਾਧੂ ਸਿੰਘ ਸਾਧ ਸੁਭਾਅ

ਵਿਅਕਤੀ ਹੈ। ਉਹ ਆਪਣੇ ਫੈਸਲੇ ਦਾ ਆਧਾਰ ਸੱਚ ਅਤੇ ਇਨਸਾਫ਼ ਨੂੰ ਬਣਾਉਂਦਾ ਹੈ ਜਿਸ ਕਰਕੇ ਉਸਦਾ ਕਿਰਦਾਰ ਇਮਾਨਦਾਰ ਨਿਆਂਪਾਲਿਕਾ ਨੂੰ ਸਮਰਪਿਤ ਹੈ। ਇਸ ਤਰ੍ਹਾਂ ਬਘੇਲ ਸਿੰਘ ਜੰਗਲ ਵਿਚਲੇ ਆਦਮਖ਼ੋਰ ਸ਼ੇਰ ਦੀ ਤਰ੍ਹਾਂ ਸੰਕਟਗ੍ਰਸਤ ਵਿਅਕਤੀਆਂ ਨੂੰ ਆਪਣੀ ਭੁੱਖ ਦਾ ਸ਼ਿਕਾਰ ਬਣਾਉਂਦਾ ਹੈ। ਉਪ ਜਿਲ੍ਹਾ ਅਟਾਰਨੀ ਧਰਮ ਸਿੰਘ ਆਪਣੇ ਪੇਸ਼ੇ ਦੀ ਨੈਤਿਕਤਾ ਉਪਰ ਖ਼ਰਾ ਉਤਰਦਾ ਹੈ। ਇਸੇ ਤਰ੍ਹਾਂ ਹੀ ਨਾਵਲਕਾਰ ਨੇ ਬਹੁਤ ਪਾਤਰਾਂ ਦੇ ਨਾਵਾਂ ਨੂੰ ਵਿਅੰਗ ਰਾਹੀਂ ਦਰਸਾਇਆ ਹੈ। ਹਾਈ ਕੋਰਟ ਦਾ ਰਜਿਸਟਰਾਰ ਪ੍ਰਤਾਪ ਸਿੰਘ ਆਪਣੇ ਤੇਜ ਨੂੰ ਪੈਸਾ ਬਣਾਉਣ ਲਈ ਵਰਤਦਾ ਹੈ। ਉਹ ਨਿਆਂਪਾਲਿਕਾ ਵਿਚ ਫੈਲੇ ਭ੍ਰਿਸ਼ਟਾਚਾਰ ਦਾ ਪ੍ਰਤੀਨਿਧ ਪਾਤਰ ਹੈ। ਉਸਦਾ ਪ੍ਰਤਾਪ ਇਨਸਾਫ਼ ਵਿਰੋਧੀ ਵਿਸ਼ਾ ਅਖਤਿਆਰ ਕਰਦਾ ਰੂਪਮਾਨ ਹੁੰਦਾ ਹੈ। ਜਿਲ੍ਹਾ ਅਟਾਰਨੀ ਸੰਤੋਖ ਸਿੰਘ ਨੂੰ ਪੈਸੇ ਦਾ ਕੋਈ ਸੰਤੋਖ ਨਹੀਂ। ਉਹ ਵਕੀਲਾਂ ਅਤੇ ਪੁਲਿਸ ਅਫਸਰਾਂ ਰਾਹੀਂ ਦੋਸ਼ੀਆਂ ਅਤੇ ਨਿਰਦੋਸ਼ੀਆਂ ਤੋਂ ਮਨ ਮਰਜ਼ੀ ਨਾਲ ਪੈਸੇ ਲੈਂਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਮਿੱਤਰ ਸੈਨ ਮੀਤ ਨੇ ਆਪਣੇ ਨਾਵਲ ਜਗਤ ਨੂੰ ਦ੍ਰਿਸ਼ਟਮਾਨ ਕਰਨ ਵਾਲੇ ਪਾਤਰਾਂ ਨੂੰ ਬਾਰੀਕੀ ਤੇ ਵਿਸਥਾਰ ਨਾਲ ਅੰਦਰੂਨੀ ਤੇ ਬਾਹਰੀ ਪੱਖਾਂ ਤੋਂ ਰੂਪਮਾਨ ਕੀਤਾ ਹੈ। ਕਈ ਆਲੋਚਕਾਂ ਨੇ ਪਾਤਰਾਂ ਦੀ ਬਹੁਤਾਤ ਤੇ ਵੰਨ-ਸੁਵੰਨਤਾ ਨੂੰ ਉਸਦਾ ਦੋਸ਼ ਵੀ ਮੰਨਿਆ ਹੈ, ਪਰੰਤੂ ਉਹ ਪਾਤਰ ਨੂੰ ਇਕ ਸੰਸਥਾ ਦੇ ਪ੍ਰਤੀਕ ਵਜੋਂ ਉਭਾਰਦਾ ਹੋਇਆ ਸਮੁੱਚੇ ਸਮਾਜ ਦੇ ਹਰ ਵਰਗ, ਹਰ ਕਿੱਤੇ, ਹਰ ਧਰਮ ਨਾਲ ਸੰਬੰਧਿਤ ਪਾਤਰਾਂ ਦੀ ਮਾਨਸਿਕਤਾ ਨੂੰ ਰੂਪਮਾਨ ਕਰਦਾ ਹੈ।

ਮਿੱਤਰ ਸੈਨ ਮੀਤ ਦੀ ਦੂਸਰੇ ਨਾਵਲਕਾਰਾਂ ਤੋਂ ਵਿਲੱਖਣਤਾ ਇਹ ਹੈ ਕਿ ਉਹ ਆਪਣੇ ਤੋਂ ਪਹਿਲੇ ਨਾਵਲਕਾਰਾਂ ਦੇ ਨਾਵਲਾਂ ਵਿਚ ਨਾਇਕ ਅਤੇ ਖਲਨਾਇਕ ਸਿਰਜਨ ਦੀ ਪਰੰਪਰਕ ਰੂੜ੍ਹੀ ਤੋਂ ਹਟਵਾਂ ਰੂਪ ਅਖਤਿਆਰ ਕਰਦਾ ਨਜ਼ਰ ਆਉਂਦਾ ਹੈ ਕਿਉਂਕਿ ਉਸਦੇ ਨਾਵਲਾਂ ਵਿਚ ਪਹਿਲੇ ਨਾਵਲਕਾਰਾਂ ਦੁਆਰਾ ਰਚੇ ਨਾਵਲਾਂ ਦੀ ਤਰ੍ਹਾਂ ਕੋਈ ਪ੍ਰਮੁੱਖ (ਵਿਅਕਤੀਗਤ) ਨਾਇਕ ਜਾਂ ਖਲਨਾਇਕ ਨਹੀਂ ਆਉਂਦਾ, ਸਗੋਂ ਇਨਸਾਫ਼ ਪ੍ਰਾਪਤੀ ਲਈ ਜੂਝਦੇ ਬਹੁਤ ਥੋੜ੍ਹੇ ਪਾਤਰ ਹੀ ਨਾਇਕ ਦੀ ਹੋਂਦ ਰੱਖਦੇ ਹਨ ਤੇ ਉਹ ਵੀ ਵਿਅਕਤੀਗਤ ਤੌਰ ਤੇ ਨਹੀਂ ਸਗੋਂ ਸਮੂਹਿਕ ਤੌਰ ਤੇ ਵਿਚਰਦੇ ਹਨ। ਜਦਕਿ ਉਸਦੇ ਨਾਵਲਾਂ ਵਿਚ ਸਮੁੱਚਾ ਸਮਾਜ ਹੀ ਖਲਨਾਇਕ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਉਸਦੇ ਸਮੁੱਚੇ ਨਾਵਲਾਂ ਵਿਚ ਬੇਸ਼ੱਕ ਨਾਇਕਾ ਦੇ ਤੌਰ ਤੇ ਕੋਈ ਇਸਤਰੀ ਪਾਤਰ ਪੇਸ਼ ਨਹੀਂ ਹੋਇਆ ਪਰੰਤੂ ਫਿਰ ਵੀ ਉਸਦੇ ਨਾਵਲਾਂ ਦੇ ਇਸਤਰੀ ਪਾਤਰਾਂ ਦਾ ਜੀਵਨ ਬਿਰਤਾਂਤ ਪਾਠਕਾਂ ਦਾ ਧਿਆਨ ਖਿੱਚਦਾ ਹੈ, ਜਿਵੇਂ 'ਅੱਗ ਦੇ ਬੀਜ' ਦੀ ਪਾਤਰ ਪਰਮਜੀਤ, ਕਾਫ਼ਲਾ ਦੀ ਕਰਤਾਰੋ, ਤਫ਼ਤੀਸ਼ ਦੀ ਕਾਂਤਾ 'ਕੌਰਵ-ਸਭਾ' ਦੀ ਨੇਹਾ, 'ਸੁਧਾਰ-ਘਰ' ਦੀ ਮਿੱਠੋ ਤੇ ਪ੍ਰੀਤੀ ਆਦਿ ਇਸਤਰੀ ਪਾਤਰ ਨਾਇਕਾਂ ਦੀ ਮਹੱਤਤਾ ਨੂੰ ਸਵੀਕਾਰ ਕਰਦੇ ਹਨ।

## (ੲ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਵਿਅੰਗ ਸਿਰਜਣ ਦੀ ਵਧੀ

ਮਿੱਤਰ ਸੈਨ ਮੀਤ ਦੇ ਨਾਵਲ ਜਗਤ ਦਾ ਮੁੱਖ ਸਰੋਕਾਰ ਭਾਵੇਂ ਕਾਨੂੰਨ ਨਾਲ ਸੰਬੰਧਿਤ ਹੈ, ਪਰੰਤੂ ਨਾਵਲਕਾਰ ਸਮੁੱਚੇ ਸਮਾਜਿਕ ਜੀਵਨ ਦੀ ਹਰ ਤੰਦ ਨੂੰ ਇਸ ਨਾਲ ਜੋੜ ਕੇ

ਵਿਅੰਗਮਈ ਰੂਪ ਵਿਚ ਮੂਰਤੀਮਾਨ ਕਰਦਾ ਹੋਇਆ ਸਮੁੱਚੇ ਸਮਾਜ ਨੂੰ ਇਕ ਮਹਾਂਦ੍ਰਿਸ਼ ਦੇ ਰੂਪ ਵਿਚ ਚਿਤਰਦਾ ਹੈ। ਲੇਖਕ ਆਪਣੇ ਨਾਵਲਾਂ ਵਿਚ ਆਪਣੇ ਅਨੁਭਵ ਦੇ ਖੇਤਰ ਦੀਆਂ ਵੱਧ ਤੋਂ ਵੱਧ ਤੰਦਾਂ ਨੂੰ ਸੁਲਝਾਉਣ ਲਈ ਅਤੇ ਆਪਣੀ ਕਲਾ ਸਿਰਜਨਾ ਰਾਹੀਂ ਲੋਕ ਕਲਪਨਾ ਨੂੰ ਜਗਾਉਣ ਲਈ ਸਮੁੱਚੇ ਸਿਸਟਮ ਨੂੰ ਵਿਅੰਗ ਦੀ ਜੁਗਤ ਰਾਹੀਂ ਰੂਪਮਾਨ ਕਰਦਾ ਹੋਇਆ ਮਨੁੱਖੀ ਜੀਵਨ ਦੇ ਬਹੁਪਰਤੀ ਪੱਖਾਂ ਦੀ ਬਾਰੀਕੀ ਨਾਲ ਕੀਤੀ ਘੋਖ ਨੂੰ ਬੜੇ ਕਲਾਤਮਕ ਢੰਗ ਨਾਲ ਗਲਪ-ਬਿੰਬ ਵਿਚ ਚਲਦਾ ਹੈ। ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਵਰਤੀ ਗਈ ਵਿਅੰਗ ਸਿਰਜਨ ਦੀ ਜੁਗਤ ਤੇ ਚਰਚਾ ਕਰਨ ਤੋਂ ਪਹਿਲਾਂ ਇਸ ਬਾਰੇ ਜਾਣਨਾ ਅਨਿਵਾਰੀ ਹੈ। ਡਾ.ਟੀ.ਆਰ.ਵਿਨੋਦ ਅਨੁਸਾਰ :

"ਵਿਅੰਗ-ਵਿਅਕਤੀ ਜਾਂ ਵਿਵਸਥਾ ਦੀਆਂ ਬੁਰਾਈਆਂ ਨੂੰ ਚਿਤ੍ਰਣ ਦੀ ਇਕ ਵਿਧੀ। ਇਸ ਵਿਧੀ ਨਾਲ ਬੁਰਾਈਆਂ ਦੀ ਸਿੱਧੀ ਨਿਖੇਧੀ ਨਹੀਂ ਕੀਤੀ ਜਾਂਦੀ, ਟੇਢੇ ਢੰਗ ਨਾਲ ਇਨ੍ਹਾਂ ਦਾ ਮਖੌਲ ਉਡਾਇਆ ਜਾਂਦਾ ਹੈ। ਮਖੌਲ ਦਾ ਪਾਤਰ ਸਮਝਦਾ ਹੈ ਕਿ ਉਸਦੀ ਪ੍ਰਸ਼ੰਸਾ ਹੋ ਰਹੀ ਹੈ ਪਰ ਮਖੌਲ ਉਡਾਉਣ ਵਾਲਾ ਉਸਦੀ ਨਿੰਦਿਆ ਕਰ ਰਿਹਾ ਹੁੰਦਾ ਹੈ। ਤਾਕਤਵਰ ਮਨੁੱਖਾਂ ਦੀ ਨਿਖੇਧੀ ਦਾ ਤਾਂ ਇਹ ਇਕ ਸਫ਼ਲ ਢੰਗ ਹੈ ਹੀ, ਇਹ ਮਾਨਵ-ਵਿਰੋਧੀ ਮੁੱਲਾਂ ਨੂੰ ਰੱਦ ਕਰਨ ਦਾ ਵੀ ਬੜਾ ਕਾਰਗਰ ਢੰਗ ਹੈ। ਇਹ ਭਾਸ਼ਾ ਦੀ ਖਾਸ ਤਰ੍ਹਾਂ ਦੀ ਵਰਤੋਂ ਜਾਂ ਸਥਿਤੀਆਂ ਦੇ ਖਾਸ ਭਾਂਤ ਦੇ ਸਿਰਜਨ ਜਾਂ ਪਾਤਰਾਂ ਦੇ ਵਿਹਾਰ ਅਤੇ ਵਤੀਰੇ ਦੇ ਖਾਸ ਢੰਗ ਦੇ ਵਰਨਣ ਨਾਲ ਹੋਂਦ ਵਿਚ ਆਉਂਦਾ ਹੈ। ਵਿਅੰਗ ਸਾਹਿਤ ਦਾ ਸਾਂਝਾ ਲੱਛਣ ਹੈ-ਦਿਸਦੇ ਅਰਥਾਂ ਦੇ ਉਲਟ ਅਰਥਾਂ ਦਾ ਸੰਚਾਰ।"[56]

ਉਪਰੋਕਤ ਟਿੱਪਣੀ ਦੇ ਸੰਦਰਭ ਵਿਚ ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਵਿਅੰਗ ਵਿਧੀ ਦੀ ਵਰਤੋਂ ਵਿਵਸਥਾ ਦੀਆਂ ਬੁਰਾਈਆਂ ਨੂੰ ਚਿਤਰਣ ਲਈ ਕੀਤੀ ਗਈ ਹੈ। ਉਸਦਾ 'ਤਫ਼ਤੀਸ਼' ਨਾਵਲ ਪੁਲਿਸ ਪ੍ਰਬੰਧ ਦੀਆਂ ਅੰਦਰੂਨੀ ਪਰਤਾਂ ਨੂੰ ਵਿਅੰਗ ਰਾਹੀਂ ਹੀ ਸਿਰਜਦਾ ਹੈ, ਜਿਸਨੂੰ ਡਾ. ਟੀ.ਆਰ.ਵਿਨੋਦ ਨੇ ਪੰਜਾਬੀ ਦਾ ਪਹਿਲਾ ਨਾਵਲ ਕਿਹਾ ਹੈ ਜੋ 'ਮਸ਼ਕਰੀ' ਦੀ ਢਾਲ ਤੇ ਢਲਿਆ ਹੋਇਆ ਹੈ, "ਤਫ਼ਤੀਸ਼ ਤਾਂ ਮੁੱਢ ਤੋਂ ਲੈ ਕੇ ਅਖੀਰ ਤੱਕ ਮਸ਼ਕਰੀ ਰੂਪ ਵਿਚ ਢਾਲਿਆ ਹੋਇਆ ਹੈ। ਜਿਸਦਾ ਤਕਰੀਬਨ ਹਰ ਵੇਰਵਾ ਸਮਾਜ ਦੇ 'ਸਾਊ' ਅੰਗ ਨੂੰ ਵਿਅੰਗ ਅਤੇ ਕਟਾਖਸ਼ (satire and irony) ਦੀ ਦ੍ਰਿਸ਼ਟੀ ਤੋਂ ਮੂਰਤੀਮਾਨ ਕਰਦਾ ਹੈ। ਨਾਵਲਕਾਰ ਦੀ ਇਹ ਦ੍ਰਿਸ਼ਟੀ ਨਾਵਲ ਵਿਚ ਅਤਿਕਥਨੀ, ਵਿਰੂਪਨ, ਵਿਰੋਧਾਭਾਸ, ਵਿਡੰਬਨਾ, ਸਮਵਿੱਥ ਚਿਤ੍ਰਣ ਅਤੇ ਭਾਸ਼ਕ ਟਿੱਪਣੀਆਂ ਆਦਿ ਗਲਪੀ ਜੁਗਤਾਂ ਦੇ ਮਾਧਿਅਮ ਰਾਹੀਂ ਰੂਪਮਾਨ ਹੋਈ ਹੈ।"[57]

ਨਾਵਲਕਾਰ ਸਮੁੱਚੇ ਸਮਾਜ ਦੀਆਂ ਤਹਿਆਂ ਇਕ ਬੱਚੇ ਦੇ ਅਗਵਾ ਹੋਣ ਦੀ ਤਫ਼ਤੀਸ਼ ਰਾਹੀਂ ਫਰੋਲਦਿਆਂ ਹੋਇਆਂ ਪੁਲਿਸ ਪ੍ਰਬੰਧ ਅਤੇ ਨਿਆਂ-ਪ੍ਰਬੰਧ ਨੂੰ ਸਾਕਾਰ ਕਰਨ ਲਈ ਅਨੇਕਾਂ ਘਟਨਾਵਾਂ ਤੇ ਅਨੇਕਾਂ ਪਾਤਰਾਂ ਨੂੰ ਵਿਅੰਗ ਵਿਧੀ ਰਾਹੀਂ ਚਿਤਰਦਾ ਹੈ। ਜਿਵੇਂ :

"ਰੱਬ ਮੋਟਾ ਸਰੀਰ ਕਿਸੇ ਨੂੰ ਨਾ ਦੇਵੇ। ਸਾਰੀ ਉਮਰ ਦੀ ਸਜਾ ਹੈ ਉਹਦਾ ਵਜ਼ਨ ਵੀ ਸਵਾ ਕੁਇੰਟਲ ਤੋਂ ਉਪਰ ਸੀ। ਪੇਟ ਢੋਲ ਵਾਂਗ ਬਾਹਰ ਨੂੰ ਨਿਕਲਿਆ ਪਿਐ। ਕਈ ਵਾਰ ਸਹੁੰ ਖਾਧੀ ਹੈ, ਘੱਟ ਖਾਵੇ ਕਸਰਤ ਵੱਧ ਕਰੇ। ਪਰ ਸ਼ਰਾਬ ਉਹਦੀ ਕਮਜ਼ੋਰੀ ਬਣ ਚੁੱਕੀ ਹੈ। ਨਾਲ ਮਸਾਲੇਦਾਰ ਮੀਟ ਬਣਿਆ ਹੋਵੇ ਤਾਂ ਸਭ ਭੁੱਲ ਜਾਂਦੀਆਂ ਹਨ। ਖਾ ਪੀ

ਕੇ ਖੜ੍ਹਨਾ ਔਖਾ ਹੋ ਜਾਂਦਾ ਹੈ।"[58]

ਉਕਤ ਪਾਤਰ ਸ਼ਿਵ ਨੂੰ ਵਿਅੰਗਕ ਰੂਪ ਵਿਚ ਚਿਤਰਦਾ ਨਾਵਲਕਾਰ ਇਹ ਵਿਅੰਗ ਕੱਸਦਾ ਹੈ ਕਿ ਉਹ ਖਾਣ ਪੀਣ ਤੋਂ ਪਰਹੇਜ਼ ਨਹੀਂ ਕਰ ਸਕਦਾ ਬੇਸ਼ੱਕ ਉਸਤੋਂ ਬੈਠ ਕੇ ਉਠਿਆ ਨਹੀਂ ਜਾਂਦਾ। ਸ਼ਿਵ ਦੇ ਭਾਰੇ ਸਰੀਰ ਨੂੰ ਦੇਖ ਕੇ ਰਿਕਸ਼ਿਆਂ ਵਾਲੇ ਵੀ ਪਾਸਾ ਵੱਟ ਜਾਂਦੇ ਹਨ। ਇਸ ਤਰ੍ਹਾਂ ਜਦੋਂ ਬੰਟੀ ਦੇ ਗੁੰਮ ਹੋਣ ਦੀ ਘਟਨਾ ਥਾਣੇ ਵਿਚ ਲਿਖਾਉਣ ਲਈ ਲਾਲਾ ਜੀ ਆਉਂਦੇ ਹਨ ਤਾਂ ਨਾਵਲਕਾਰ ਮੁਨਸ਼ੀ ਤੋਂ ਲੈ ਕੇ ਮੁੱਖ ਮੰਤਰੀ ਤੱਕ ਦੇ ਜੀਵਨ ਨੂੰ ਵਿਅੰਗ ਰਾਹੀਂ ਬੇਨਕਾਬ ਕਰਦਾ ਹੈ :

"ਸੋਨੂੰ ਪਤਾ ਰਪਟ ਕੀ ਹੁੰਦੀ ਹੈ। ਘਾਬਰਿਆ ਬੰਦਾ ਰਪਟ ਦਰਜ ਨਹੀਂ ਕਰਾ ਸਕਦਾ... ਰਪਟ ਲਿਖਾਉਣ ਲਈ ਦਿਮਾਗ ਦਾ ਤਵਾਜ਼ਨ ਠੀਕ ਹੋਣਾ ਚਾਹੀਦਾ ਹੈ... ਪੂਰੇ ਕਾਇਦੇ ਕਾਨੂੰਨਾਂ ਨੂੰ ਮੁੱਖ ਰੱਖ ਕੇ ਰਪਟ ਲਿਖਣੀ ਪੈਂਦੀ ਹੈ... ਚੰਗਾ ਹੋਵੇ ਜੇ ਮੋਹਤਬਰ ਬੰਦਾ ਲੈ ਆਵੇਂ।"[59]

ਉਪਰੋਕਤ ਟਿੱਪਣੀ ਰਾਹੀਂ ਨਾਵਲਕਾਰ ਨੇ ਰਿਪੋਰਟ ਲਿਖਾਉਣ ਆਈ ਧਿਰ ਤੇ ਰਿਪੋਰਟ ਲਿਖਣ ਵਾਲੀ ਧਿਰ ਦੀ ਸਥਿਤੀ ਨੂੰ ਵਿਚਾਰਧਾਰਾਈ ਅੰਤਰ-ਵਿਰੋਧਾਂ ਦੇ ਪ੍ਰਗਟਾਵੇ ਨੂੰ ਵਿਅੰਗ ਰਾਹੀਂ ਪੇਸ਼ ਕੀਤਾ ਹੈ। ਡਾ. ਰਾਹੀ ਅਨੁਸਾਰ, "ਵਿਅੰਗ ਕਥਾ ਵਿਚ ਕੋਈ ਪਾਤਰ ਸਿਰਫ ਵਿਅਕਤੀ ਹੋ ਸਕਦਾ ਹੈ ਜਾਂ ਸਿਰਫ ਪ੍ਰਤੀਨਿਧ, ਪਰ ਨਾਵਲ ਵਿਚ ਉਹ ਇਕੋ ਸਮੇਂ ਦੋਵੇਂ ਹੋਣਾ ਲੋੜੀਂਦਾ ਹੈ। ਅਖਬਾਰੀ ਵਿਅੰਗ ਆਮ ਕਰਕੇ ਸਮਕਾਲ ਦੇ ਜਾਣੇ-ਪਛਾਣੇ ਵਿਅਕਤੀਆਂ ਦੀਆਂ ਬਦਕਾਰੀਆਂ ਉਤੇ ਨਾਜ਼ਲ ਹੁੰਦੇ ਹਨ। ਸਾਹਿਤਕ ਵਿਅੰਗ ...ਪਰ ਵਿਧਾ ਦੀ ਦ੍ਰਿਸ਼ਟੀ ਤੋਂ ਸਾਹਿਤਕ ਵਿਅੰਗ ਦਾ ਪ੍ਰਕਾਰਜ ਪ੍ਰਤੀਨਿਧ ਦੇ ਦੋਸ਼ਾਂ ਨੂੰ ਉਸਦੇ ਕਿੱਤੇ ਦੇ ਵਿਕਾਰਾਂ ਦੇ ਸੰਦਰਭ ਵਿਚ ਘ੍ਰਿਣਾ ਤੇ ਰੋਹ ਦੀ ਭਾਵਨਾ ਨਾਵਲ ਚਿਤਰਨਾ ਹੈ।"[60]

'ਤਫ਼ਤੀਸ਼' ਨਾਵਲ ਵਿਚ ਆਏ ਵਿਅੰਗਮਈ ਵੇਰਵੇ ਵਸਤੂ ਸਥਿਤੀ ਦੇ ਵਿਅੰਗ ਤੇ ਭ੍ਰਿਸ਼ਟ ਵਿਅਕਤੀਆਂ ਤੇ ਵਿਅੰਗ ਕੀਤੇ ਗਏ ਹਨ। ਵਿਅੰਗ ਇਸ ਕਰਕੇ ਕਿ ਬੰਟੀ ਦੇ ਅਗਵਾ ਦੀ ਘਟਨਾ ਨੂੰ ਪੁਲਿਸ ਵਾਲੇ ਪੈਸੇ ਬਟੋਰਨ ਤੋਂ ਇਲਾਵਾ ਨੇਤਾਵਾਂ ਦੀ ਸਿਫ਼ਾਰਸ਼ ਨਾਲ ਤਰੱਕੀਆਂ ਚਾਹੁੰਦੇ ਹਨ, ਜਿਵੇਂ ਮਨਬੀਰ। ਨਾਵਲਕਾਰ ਪੁਲਿਸ ਦੇ ਕਿਰਦਾਰ ਨੂੰ ਚਿਤਰਨ ਲਈ ਵੱਡੇ ਤੋਂ ਵੱਡੇ ਅਤੇ ਛੋਟੇ ਤੋਂ ਛੋਟੇ ਪੱਖ ਵੀ ਰੂਪਮਾਨ ਕਰਦਾ ਹੈ, ਜਿਵੇਂ :

"ਥਾਣੇ ਦੀ ਜੀਪ ਦੇ ਨਵੇਂ ਟਾਇਰ ਲਾਹ ਕੇ ਅੰਦਰ ਰੱਖ ਲਏ। ਪੁਰਾਣੇ ਟਾਇਰ ਚੜ੍ਹਾ ਕੇ ਵਿਹੜੇ 'ਚ ਖੜਾ ਦਿੱਤੀ। ਜੀਪ ਦੇ ਨਵੇਂ ਟਾਇਰਾਂ ਲਈ ਟਾਇਰ-ਫੰਡ ਇਕੱਠਾ ਹੋਣਾ ਸ਼ੁਰੂ ਹੋਇਆ।"[61]

ਸੋ ਪੁਲਿਸ ਮਹਿਕਮਾ ਸਰਕਾਰੀ ਗੱਡੀਆਂ ਦੇ ਟਾਇਰ ਲਾਹ ਕੇ ਅਲੱਗ ਵੇਚ ਦਿੰਦਾ ਹੈ ਤੇ ਲੋਕਾਂ ਤੋਂ ਫਿਰ ਟਾਇਰਾਂ ਲਈ ਫੰਡ ਇਕੱਠਾ ਕਰਦਾ ਹੈ। ਲੋਕਾਂ ਦਾ ਸੁਧਾਰ ਕਰਨ ਲਈ ਬਣੀ ਪੁਲਿਸ ਸੰਸਥਾ ਨੂੰ ਨਾਵਲਕਾਰ ਵਿਅੰਗ ਨਾਲ ਇਉਂ ਚਿਤਰਦਾ ਹੈ। ਜਿਵੇਂ ਪਾਤਰ ਗੁਪਤੇ ਨੂੰ ਵੇਖਿਆ ਜਾ ਸਕਦਾ ਹੈ :

"ਕਾਤਲ ਲੱਭਣ ਜਾਂ ਨਾ ਲੱਭਣ। ਇਹ ਪੁਲਿਸ ਦੀ ਜਿੰਮੇਵਾਰੀ ਸੀ। ਡਿਪਟੀ ਕਮਿਸ਼ਨਰ ਦਾ ਕੰਮ ਤਾਂ ਵਾਰਿਸਾਂ ਦੇ ਘਰ ਜਾਣਾ, ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ

ਕਰਨਾ ਅਤੇ ਰੈਡ ਕਰਾਸ ਵਿਚੋਂ ਕੁਝ ਮਾਲੀ ਸਹਾਇਤਾ ਦੇਣਾ ਹੁੰਦਾ ਹੈ।"[62]

ਗੁਪਤਾ ਪਾਤਰ ਭਾਵੇਂ ਡਿਪਟੀ ਕਮਿਸ਼ਨਰ ਸੀ ਪਰੰਤੂ ਆਪਣੇ ਫਾਇਦੇ ਲਈ ਹੀ ਸੋਚਦਾ ਹੈ, ਚਾਹੇ ਕਾਤਲ ਸੱਚੇ ਮਿਲਣ ਜਾਂ ਝੂਠੇ ਉਸਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਨਾਵਲਕਾਰ ਆਪਣੇ ਨਿੱਜੀ ਅਨੁਭਵ ਰਾਹੀਂ ਖੁਲ੍ਹਦਿਲੀ ਨਾਲ ਪੁਲਿਸ ਦੀ ਕਾਰਗੁਜ਼ਾਰੀ ਨੂੰ ਪੇਸ਼ ਕਰਦਾ ਹੈ "ਕਿਉਂਕਿ ਪੁਲਿਸ ਤਫ਼ਤੀਸ਼ੀ ਨਾ ਰਹਿ ਕੇ ਤਫ਼ਤੀਸ਼ ਦਾ ਵਿਸ਼ਾ ਹੋ ਨਿਬੜਦੀ ਹੈ। ਸਿਪਾਹੀ ਤੋਂ ਲੈ ਕੇ ਡੀ.ਜੀ. ਤੱਕ ਪੁਲਿਸ ਦਾ ਇਕ ਵੀ ਕਰਮਚਾਰੀ ਐਸਾ ਨਹੀਂ, ਜੋ ਨਾਵਲਕਾਰ ਦੇ ਵਿਅੰਗ ਦਾ ਸ਼ਿਕਾਰ ਨਾ ਬਣਿਆ ਹੋਵੇ... ਨਾਵਲਕਾਰ ਦੀ ਪਹੁੰਚ ਵਿਅੰਗਮਈ ਹੋਣ ਦੇ ਨਾਲ-ਨਾਲ ਕਟਾਖਸ਼ਮਈ ਵੀ ਹੈ ਜੋ ਯਥਾਰਥ ਦੀਆਂ ਲੁਕਵੀਆਂ ਪਰਤਾਂ ਦੇ ਉਘਾੜ ਰਾਹੀਂ ਵਿਅਕਤੀ ਨਾਲੋਂ ਵਿਵਸਥਾ ਦੇ ਖੋਟ ਉਤੇ ਉਂਗਲ ਧਰਦੀ ਹੈ।"[63]

ਵਿਅੰਗ ਦੀ ਇਹ ਪਹੁੰਚ ਵਿਧੀ ਵਿਭਿੰਨ ਰੂਪਾਂ ਵਾਲੀ ਅਤੇ ਸਾਡੇ ਅਜੋਕੇ ਸਮਾਜਿਕ ਸੰਕਟ ਦੇ ਲੰਮੇ-ਚੌੜੇ ਸੰਦਰਭਾਂ ਨੂੰ ਕੁਰੇਦਣ ਵਾਲੀ ਹੈ। ਤਫ਼ਤੀਸ਼ ਦੇ ਝਰੋਖੇ ਰਾਹੀਂ ਸਮੁੱਚੇ ਸਮਾਜ ਦੀਆਂ ਪਰਤਾਂ ਫਰੋਲਦਿਆਂ ਹੋਇਆਂ ਪੁਲਿਸ ਤੇ ਆਮ ਮਨੁੱਖੀ ਜ਼ਿੰਦਗੀ ਭਾਵ ਸਮਾਜਿਕ ਵਿਵਸਥਾ ਦੇ ਸੰਦਰਭ ਵਿਚ ਵੱਖ-ਵੱਖ ਦ੍ਰਿਸ਼ਟੀ ਅਤੇ ਵਿਚਾਰਧਾਰਾ ਰਾਹੀਂ ਜ਼ੁਰਮਾਂ ਦੀ ਜਮਾਤੀ ਖ਼ਾਸੀਅਤ ਨੂੰ ਉਘਾੜਨ ਦੀ ਕੋਸ਼ਿਸ਼ ਕਰਦਾ ਹੈ।

ਡਾ. ਰਾਹੀ ਅਨੁਸਾਰ, "ਤਫ਼ਤੀਸ਼ ਵਿਚ ਕਲਾਤਮਕ ਬੰਧੇਜ ਹੈ ਜੋ ਬਿਰਤਾਂਤਕ ਵੇਰਵਿਆਂ ਨੂੰ ਬੂਮਰਿੰਗ ਦੇ ਘੇਰੇ ਵਿਚ ਲਿਆਉਣ ਨਾਲ ਉਪਜਦਾ ਹੈ। ਮਹਾਂਦ੍ਰਿਸ਼ ਤੇ ਸੰਘਣੇ ਕਲਾਤਮਕ ਸੰਗਠਨ ਦੀ ਇਹ ਸਾਂਝ ਤਫ਼ਤੀਸ਼ ਦਾ ਖਾਸ ਪਛਾਣ ਚਿੰਨ੍ਹ ਬਣ ਜਾਂਦੀ ਹੈ। ਇਸ ਸਾਂਝ ਰਾਹੀਂ ਤਫ਼ਤੀਸ਼ ਵਿਚ ਗਲਪ ਦੀ ਇਕ ਬੁਨਿਆਦੀ ਜੁਗਤ ਦੀਆਂ ਸੰਭਾਵਨਾਵਾਂ ਫੈਲਦੀਆਂ ਅਤੇ ਵਿਗਸਦੀਆਂ ਹਨ।"[64]

ਸੋ ਇਸ ਨਾਵਲ ਦੀ ਵਿਸ਼ੇਸ਼ਤਾ ਇਹ ਹੈ ਕਿ ਇਸਦੇ ਵਿਅੰਗਭਾਵੀ ਗਲਪ ਦੀ ਵਿਧੀ ਪੇਸ਼ਕਾਰੀ ਤੋਂ ਬਿਨਾਂ ਜੁਅਰਤ ਅਤੇ ਸਾਹਸ ਦੀ ਡੂੰਘੀ ਸੋਝੀ ਨਾਲ ਜੁੜਦੀ ਹੈ, ਜਿਵੇਂ ਨਾਵਲ ਵਿਚ ਅਗਾਂਹਵਧੂ ਵਿਚਾਰਾਂ ਦੇ ਧਾਰਨੀ ਪਾਤਰਾਂ ਬਾਬੇ ਗੁਰਦਿੱਤ ਅਤੇ ਗੁਰਮੀਤ ਦੁਆਰਾ ਬਣਾਈਆਂ ਜਥੇਬੰਦੀਆਂ ਦਾ ਉਲੇਖ ਵੀ ਆਉਂਦਾ ਹੈ, ਜੋ ਸਟੇਟ ਦੇ ਜਬਰ ਅਤੇ ਜ਼ੁਲਮ ਦੇ ਖਿਲਾਫ਼ ਆਪਣੀਆਂ ਸੀਮਤ ਸੰਭਾਵਨਾਵਾਂ ਸਹਿਤ ਵੀ ਕੁਝ ਕਰ ਗੁਜਰਨਾ ਚਾਹੁੰਦੀਆਂ ਹਨ।

'ਕਟਹਿਰਾ' ਨਾਵਲ ਵਿਚ ਵੀ ਨਾਵਲਕਾਰ ਨੇ ਵਿਅੰਗ ਦੀ ਜੁਗਤ ਨੂੰ ਵਧੇਰੇ ਸਫ਼ਲਤਾ ਨਾਲ ਪੇਸ਼ ਕੀਤਾ ਹੈ। ਨਿੱਕੇ-ਨਿੱਕੇ ਵੇਰਵਿਆਂ ਰਾਹੀਂ ਹਿੰਦੋਸਤਾਨ ਦੇ ਕਾਨੂੰਨ ਤੇ ਵਿਅੰਗ ਕੱਸਦਾ ਹੈ, ਜਿਵੇਂ :

"ਜਿੰਨਾ ਚਿਰ ਕੇਸ ਚੱਲਣਾ ਸੀ, ਉਹ ਦੇਸ਼ੋਂ ਬਾਹਰ ਨਹੀਂ ਸੀ ਜਾ ਸਕਦਾ। ਇਹ ਸੁਣਕੇ ਮੁੰਡੇ ਨੂੰ ਹੋਰ ਘਬਰਾਹਟ ਹੋ ਗਈ। ਇਹ ਹਿੰਦੋਸਤਾਨ ਹੈ, ਇਥੇ ਛੋਟੇ ਤੋਂ ਛੋਟੇ ਕੇਸ ਨੂੰ ਮੁੱਕਣ ਵਿਚ ਵਰ੍ਹੇ ਲੱਗ ਜਾਂਦੇ ਹਨ।"[65]

ਉਪਰੋਕਤ ਵਿਅੰਗ ਤੋਂ ਸਪੱਸ਼ਟ ਹੈ ਕਿ ਹਿੰਦੁਸਤਾਨ ਵਿਚ ਨਿਆਂ ਲੈਣਾ ਕਿੰਨਾ ਮੁਸ਼ਕਲ ਹੈ। ਕੇਸ ਭਾਵੇਂ ਕਿੰਨਾ ਛੋਟਾ ਕਿਉਂ ਨਾ ਹੋਵੇ ਸਮਾਂ ਉਨਾ ਹੀ ਲੱਗਦਾ ਹੈ।

ਮੀਤ ਦਾ ਨਾਵਲ 'ਕਟਹਿਰਾ' ਕੋਰਟ ਕਚਹਿਰੀਆਂ ਤੱਕ ਹੀ ਸੀਮਤ ਨਹੀਂ ਸਗੋਂ ਇਸ

ਵਿਸ਼ੇ ਰਾਹੀਂ ਨਾਵਲਕਾਰ ਪੂਰੇ ਆਧੁਨਿਕ ਜੀਵਨ ਦਾ ਚੱਲ ਚਿੱਤਰ ਰੂਪਮਾਨ ਕਰਦਾ ਹੋਇਆ ਨਿਆਂ ਦੇਣ ਵਾਲੇ ਵਕੀਲਾਂ ਦੇ ਰੁਤਬੇ ਨੂੰ ਵਿਅੰਗ ਨਾਲ ਪੇਸ਼ ਕਰਦਾ ਹੈ :

"ਵਕੀਲ ਵਿਦੇਸ਼ੋਂ ਨਹੀਂ ਗੰਗਾਨਗਰੋਂ ਪੜ੍ਹ ਕੇ ਆਇਐ। ਉਥੇ ਡਿਗਰੀ ਹਾਸਿਲ ਕਰਨ ਲਈ ਵਿਦਿਆਰਥੀ ਨੂੰ ਸਾਰੀ-ਸਾਰੀ ਰਾਤ ਦੀਵਾ ਬਾਲਣ ਦੀ ਲੋੜ ਨਹੀਂ ਪੈਂਦੀ। ਉਥੇ ਹਾੜ੍ਹੀ-ਸੌਣੀ ਜਾ ਕੇ, ਫੀਸਾਂ ਭਰ ਕੇ ਅਤੇ ਇਮਤਿਹਾਨ ਵਿਚ ਬੈਠ ਕੇ ਸਰ ਜਾਂਦੈ। ਕਾਲਜ ਵਾਲਿਆਂ ਨੂੰ ਪੈਸਾ ਚਾਹੀਦੈ ਅਤੇ ਪੈਸੇ ਵਾਲਿਆਂ ਨੂੰ ਡਿਗਰੀ।"[66]

ਉਪਰੋਕਤ ਵਿਅੰਗ ਕੇਵਲ ਵਕੀਲ ਬਣਨ ਵਾਲਿਆਂ ਤੱਕ ਹੀ ਸੀਮਤ ਨਹੀਂ ਸਗੋਂ ਵਿਦਿਅਕ ਅਦਾਰਿਆਂ ਨੂੰ ਵੀ ਆਪਣੀ ਲਪੇਟ ਵਿਚ ਲੈਂਦਾ ਹੈ ਜੋ ਪੈਸੇ ਲੈ ਕੇ ਡਿਗਰੀਆਂ ਦਿੰਦੇ ਹਨ। ਆਧੁਨਿਕ ਜੀਵਨ ਦਾ ਦੁਖਾਂਤ ਵੀ ਇਨ੍ਹਾਂ ਨਾਵਲਾਂ ਵਿਚ ਨਾਲ-ਨਾਲ ਹੀ ਰੂਪਮਾਨ ਹੁੰਦਾ ਹੈ ਕਿ ਇਸ ਯੁੱਗ ਵਿਚ ਮਨੁੱਖ ਦੀ ਸਭ ਤੋਂ ਵੱਡੀ ਰੀਝ ਪੈਸਾ ਕਮਾਉਣਾ ਹੈ। ਇਸ ਤਰ੍ਹਾਂ ਅਜੋਕੇ ਸਮੇਂ ਦੀ ਸਮੱਸਿਆ ਸਮਲਿੰਗੀ ਦੀ ਹੈ ਜੋ ਲੇਖਕ ਨੇ ਵਿਅੰਗ ਨਾਲ ਰੂਪਮਾਨ ਕੀਤੀ ਹੈ :

"ਸੋਨੂੰ ਨੂੰ ਜੇਲ੍ਹ ਆਇਆਂ ਚਾਰ ਮਹੀਨੇ ਹੋਏ ਸਨ। ਅਲੂਆਂ ਜਿਹਾ ਇਹ ਮੁੰਡਾ ਕੁੜੀਆਂ ਵਰਗਾ ਸੀ। ਉਸ ਨਾਲ ਛੇੜ-ਛਾੜ ਕਰਨਾ ਅਤੇ ਉਸਨੂੰ ਚੁੰਮਣਾ ਚੱਟਣਾ ਹਰ ਕੋਈ ਆਪਣਾ ਹੱਕ ਸਮਝਦਾ ਸੀ। ਉਸਨੂੰ ਮੋਹਣ ਲਈ ਕੋਈ ਬਿਨ ਮੰਗਿਆਂ ਹੀ ਉਸ ਅੱਗੇ ਚੀਜ਼ਾਂ ਦਾ ਢੇਰ ਲਾ ਦਿੰਦੇ ਸਨ।"[67]

ਭ੍ਰਿਸ਼ਟਾਚਾਰ ਤੇ ਮਾਨਸਿਕ ਪਰੇਸ਼ਾਨੀਆਂ ਦੀ ਜੇਲ੍ਹ ਵਿਚ ਵੀ ਘਾਟ ਨਹੀਂ ਉਥੇ ਵੀ ਬਾਹਰੀ ਸਮਾਜ ਵਾਂਗ ਘਿਨਾਉਣੀਆਂ ਹਰਕਤਾਂ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਨਾਵਲਕਾਰ ਵਿਅੰਗ ਨਾਲ ਰੂਪਮਾਨ ਕਰਦਾ ਹੈ।

'ਕੌਰਵ-ਸਭਾ' ਨਾਵਲ ਦੇ ਸ਼ੁਰੂ ਵਿਚ ਜਦੋਂ ਵੇਦ ਦੇ ਘਰ ਹਮਲਾ ਹੁੰਦਾ ਹੈ ਤਾਂ ਪਰਿਵਾਰ ਦੇ ਮੈਂਬਰਾਂ ਦੇ ਸੱਟਾਂ ਲਗਦੀਆਂ ਹਨ ਜਿਨ੍ਹਾਂ ਦੀ ਜਾਨ ਬਚਾਉਣ ਲਈ ਉਨ੍ਹਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਉਣਾ ਪੈਂਦਾ ਹੈ ਪਰੰਤੂ ਉਥੇ ਮਰੀਜ਼ਾਂ ਦੀ ਕੋਈ ਪੁੱਛ-ਪੜਤਾਲ ਨਹੀਂ ਕਰਦਾ। ਜਿਵੇਂ :

"ਏਥੇ ਜਿੰਨੀ ਦੇਰ ਹੋਏਗੀ ਮਰੀਜਾਂ ਦੀ ਜਾਨ ਨੂੰ ਉਨਾ ਖ਼ਤਰਾ ਵਧਦਾ ਜਾਏਗਾ। ਮੇਰੇ ਵਿਚਾਰ ਵਿਚ ਸਾਨੂੰ ਇਹਨਾਂ ਨੂੰ ਇਥੋਂ ਫ਼ੌਰਨ ਕਿਸੇ ਪ੍ਰਾਈਵੇਟ ਹਸਪਤਾਲ ਵਿਚ ਸ਼ਿਫਟ ਕਰ ਦੇਣਾ ਚਾਹੀਦਾ ਹੈ।"[68]

ਸਥਿਤੀ ਦਾ ਵਿਅੰਗ ਸਰਕਾਰੀ ਹਸਪਤਾਲਾਂ ਤੇ ਸਰਕਾਰੀ ਡਾਕਟਰਾਂ ਦੀ ਅਣਗਹਿਲੀ ਮਰੀਜ਼ਾਂ ਲਈ ਮੁਜ਼ਰਮਾਂ ਤੋਂ ਵੱਧ ਖਤਰਨਾਕ ਹੈ ਕਿਉਂਕਿ ਮਰੀਜ਼ ਕਈ ਘੰਟੇ ਬਿਨਾਂ ਡਾਕਟਰੀ ਸਹਾਇਤਾ ਦੇ ਹਸਪਤਾਲਾਂ ਵਿਚ ਪਏ ਰਹਿੰਦੇ ਹਨ। ਇਸ ਤਰ੍ਹਾਂ ਹੀ ਨਾਵਲਕਾਰ ਕਾਨੂੰਨ ਪ੍ਰਬੰਧ ਦੀਆਂ ਵਿਧੀਆਂ ਅਤੇ ਕਾਨੂੰਨ ਪ੍ਰਬੰਧ ਦੀਆਂ ਅੰਦਰਲੀਆਂ ਕਮਜ਼ੋਰੀਆਂ ਨੂੰ ਵਿਅੰਗਕ ਰੂਪ ਵਿਚ ਸਾਹਮਣੇ ਲਿਆਉਂਦਾ ਹੋਇਆ ਇਸ ਪ੍ਰਣਾਲੀ ਨੂੰ ਆਧੁਨਿਕ ਰੂਪ ਦੇਣਾ ਚਾਹੁੰਦਾ ਹੈ। ਜਿਵੇਂ 'ਕੌਰਵ-ਸਭਾ' ਨਾਵਲ ਦੇ ਅੰਤਲੇ ਕਾਂਡਾਂ ਵਿਚ ਵਕੀਲਾਂ ਦੀ ਬਹਿਸ ਦੌਰਾਨ ਇਹ ਵਿਚਾਰ ਸਾਹਮਣੇ ਆਉਂਦੇ ਹਨ :

"ਵਿਗਿਆਨ ਚੰਦ ਦੀ ਹਿੱਕ ਤੇ ਪੈਰ ਰੱਖ ਕੇ ਮੰਗਲ ਗ੍ਰਹਿ ਤੱਕ ਪੁੱਜ ਗਿਆ। ਅਸੀਂ

ਅਠਾਰਾਂ ਸੌ ਬਹੱਤਰ ਦੇ ਕਾਨੂੰਨ ਨੂੰ ਜੱਫਾ ਮਾਰੀ ਬੈਠੇ ਹਾਂ। ਹਰ ਜ਼ੁਰਮ ਨੂੰ ਸਾਬਿਤ ਕਰਨ ਲਈ ਚਸ਼ਮਦੀਦ ਗਵਾਹ ਚਾਹੀਦੇ ਹਨ। ਵਿਗਿਆਨਕ ਜੁਗਤਾਂ ਅਸੀਂ ਨੇੜੇ ਨਹੀਂ ਢੁੱਕਣ ਦਿੰਦੇ।"[69]

ਜਿਥੇ ਨਾਵਲਕਾਰ ਪੁਰਾਤਨਾਂ ਤੇ ਵਿਅੰਗ ਕੱਸਦਾ ਹੈ ਉਥੇ ਇਸ ਵੇਰਵੇ ਤੋਂ ਇਹ ਵੀ ਪ੍ਰਤੱਖ ਹੈ ਕਿ ਨਾਵਲਕਾਰ ਸੁਧਾਰਵਾਦੀ ਦ੍ਰਿਸ਼ਟੀਕੋਣ ਰਾਹੀਂ ਦੋਸ਼ ਗ੍ਰਸਤ ਨਿਆਂ-ਪ੍ਰਣਾਲੀ ਨੂੰ ਬਦਲਣ ਪ੍ਰਤੀ ਵੀ ਯਤਨਸ਼ੀਲ ਹੈ। ਇਸ ਤਰ੍ਹਾਂ ਹੀ ਇਨਸਾਫ਼ ਦੇਣ ਵਾਲੇ ਵਕੀਲਾਂ-ਜੱਜਾਂ ਨੂੰ ਵਿਅੰਗ ਰਾਹੀਂ ਰੂਪਮਾਨ ਕਰਦਾ ਹੋਇਆ ਮਾਇਆ ਨਗਰ (ਲੁਧਿਆਣੇ) ਦੀ ਝਲਕ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਜਿਵੇਂ :

"ਮਾਇਆ ਨਗਰ ਜਿਵੇਂ ਜੱਜਾਂ ਦਾ ਮੇਲਾ ਲੱਗਾ ਹੋਇਆ ਸੀ। ਇਕ ਸੈਸ਼ਨ ਜੱਜ, ਪੰਜ ਐਡੀਸ਼ਨਲ ਸੈਸ਼ਨ ਜੱਜ, ਅਠਾਰਾਂ ਮਜਿਸਟਰੇਟ। ਇੰਨ੍ਹੇ ਹੀ ਸਰਕਾਰੀ ਵਕੀਲ। ਹਜ਼ਾਰ ਵਕੀਲ। ਸੈਂਕੜੇ ਅਹਿਲਕਾਰ। ਕਿਸੇ ਨੂੰ ਕਿਸੇ ਦੀ ਲਿਹਾਜ ਨਹੀਂ ਸੀ। ... ਇਥੇ ਸਭ ਕੰਮ ਪੈਸੇ ਨਾਲ ਹੁੰਦਾ ਸੀ। ਕਿਸੇ ਨੂੰ ਕੋਈ ਸੰਗ ਸ਼ਰਮ ਨਹੀਂ ਸੀ। ਸੌਦਾ ਕੁਰਸੀ 'ਤੇ ਬੈਠੇ-ਬੈਠੇ ਹੁੰਦਾ ਸੀ। ਸ਼ਰੇਆਮ ਪੈਸੇ ਫੜਦੇ ਸਨ। ਗਿਣਕੇ ਜੇਬ ਵਿਚ ਪਾਉਂਦੇ ਸਨ। ਕੋਈ ਫਟਿਆ ਪੁਰਾਣਾ ਹੋਵੇ ਤਾਂ ਬਦਲਾਉਂਦੇ ਸਨ।"[70]

ਉਕਤ ਦ੍ਰਿਸ਼ ਨਾਵਲਕਾਰ ਆਪਣੀ ਚੇਤੰਨ ਬਿਰਤੀ ਕਾਰਨ ਮਾਇਆ ਨਗਰ ਦੀ ਹਕੀਕਤ ਨੂੰ ਰੂਪਮਾਨ ਕਰਦਾ ਹੈ। ਕੋਈ ਕਿਸੇ ਜੱਜ ਵਕੀਲ ਨਾਲੋਂ ਘੱਟ ਨਹੀਂ ਸਗੋਂ ਸ਼ਰੇਆਮ ਸੌਦੇ ਤੈਅ ਹੁੰਦੇ ਹਨ। ਇਸ ਤਰ੍ਹਾਂ ਕੌਰਵ-ਸਭਾ ਦੇ ਅੰਤ ਵਿਚ ਨਾਵਲਕਾਰ ਪਾਤਰ ਰਾਮ ਨਾਥ ਜੋ ਖ਼ੁਦ ਵਕੀਲ ਹੈ, ਸਭ ਕੁਝ ਜਾਣਦਿਆਂ ਵੀ ਕੁਝ ਨਹੀਂ ਕਰ ਸਕਦਾ ਜਦੋਂ ਉਹ ਆਪਣੀ ਭਾਣਜੀ ਦੇ ਬਲਾਤਕਾਰੀਆਂ ਅਤੇ ਹੋਰ ਜ਼ੁਰਮ ਕਰਨ ਵਾਲੇ ਮੁਜ਼ਰਮਾਂ ਨੂੰ ਸਜ਼ਾ ਨਹੀਂ ਕਰਾ ਸਕਦਾ ਤਾਂ ਸਿਰਫ਼ ਇਹੀ ਕਹਿੰਦਾ ਝੂਠੀ ਤਸੱਲੀ ਦਿੰਦਾ ਹੈ :

"ਹੌਸਲਾ ਰੱਖ ਧੀਏ... ਇਸ ਅਦਾਲਤ ਦਾ ਫੈਸਲਾ ਅੰਤਿਮ ਨਹੀਂ... ਆਪਾਂ ਉਪਰ ਅਪੀਲ ਕਰਾਂਗੇ।"[71]

ਇਸ ਤਰ੍ਹਾਂ 'ਕੌਰਵ ਸਭਾ' ਨਾਵਲ ਵੀ ਨਿਆਂਪਾਲਿਕਾ ਤੇ ਵਿਅੰਗ ਕਰਦਾ ਸਮਾਪਤ ਹੁੰਦਾ ਹੈ। ਮੀਤ ਦੇ ਨਾਵਲਾਂ ਵਿਚ ਵਰਤੇ ਗਏ ਵਿਅੰਗ ਬਾਰੇ ਡਾ. ਰਾਹੀ ਦਾ ਕਹਿਣਾ ਹੈ ਕਿ "ਵਿਅੰਗ ਤਾਂ ਨਾਨਕ ਸਿੰਘ, ਗੁਰਦਿਆਲ ਸਿੰਘ ਤੇ ਹੋਰ ਕਈ ਨਾਵਲਕਾਰਾਂ ਵਿਚੋਂ ਵੀ ਮਿਲ ਜਾਂਦਾ ਹੈ ਪਰ 'ਤਫ਼ਤੀਸ਼' ਵਿਚ ਇਸਦੀ ਪਹੁੰਚ, ਇਸ ਦੀ ਸ਼ਾਖਤ, ਮਾਣ ਅਤੇ ਧਾਰ ਵੱਖਰੀ ਕਿਸਮ ਦੀ ਹੈ... ਵਿਅੰਗ ਦੀ ਇਹ ਪਹੁੰਚ ਵਿਭਿੰਨ ਰੂਪਾਂ ਵਾਲੀ ਅਤੇ ਸਾਡੇ ਸਮਕਾਲੀਨ ਸੰਕਟ ਦੇ ਲੰਮੇ ਚੌੜੇ ਸੰਦਰਭਾਂ ਨੂੰ ਕੁਰੇਦਣ ਵਾਲੀ ਹੈ।[72]

'ਸੁਧਾਰ-ਘਰ' ਨਾਵਲ ਵਿਚ ਵੀ ਨਾਵਲਕਾਰ ਨੇ ਵਿਅੰਗ ਦੀ ਜੁਗਤ ਰਾਹੀਂ ਜੇਲ੍ਹ-ਘਰ ਵਿਚ ਬੈਠੇ ਕੈਦੀਆਂ ਦੇ ਜੀਵਨ ਨੂੰ ਚਿਤਰਿਆ ਹੈ। ਵੱਖ-ਵੱਖ ਕੈਦੀਆਂ ਦੀਆਂ ਬੈਰਕਾਂ ਦੇ ਨਾਂ ਵਿਅੰਗਮਈ ਰੱਖੇ ਹਨ। ਜਿਵੇਂ ਗਰੀਬ ਮੰਗਤਿਆਂ ਦੀ ਬੈਰਕ ਦਾ ਨਾਂ ਬਾਦਸ਼ਾਹਾਂ ਵਾਲੀ ਬੈਰਕ ਰੱਖਿਆ ਹੈ, ਵਿਧਾਇਕਾਂ ਭਾਵ ਰਾਜਨੀਤਿਕ ਲੋਕਾਂ ਦੇ ਰਹਿਣ ਵਾਲੀ ਬੈਰਕ ਨੂੰ 'ਸਿੰਘਾਂ ਦੀ ਬੈਰਕ' ਕਿਹਾ ਜਾਂਦਾ ਸੀ, ਜਿਥੇ ਸਵਰਗ ਵਾਲੀ ਮੌਜ ਸੀ। ਇਸ ਤਰ੍ਹਾਂ ਕਾਤਲਾਂ ਵਾਲੀ ਬੈਰਕ ਨੂੰ ਪੰਛੀਆਂ ਵਾਲੀ ਬੈਰਕ ਕਿਹਾ ਜਾਂਦਾ ਹੈ। ਨਾਵਲਕਾਰ ਨੇ ਜਿਥੇ ਵੱਖ-

ਵੱਖ ਕੈਦੀਆਂ ਦੀਆਂ ਵੱਖ-ਵੱਖ ਬੈਰਕਾਂ ਦਾ ਵਰਨਣ ਕੀਤਾ ਹੈ ਉਥੇ ਮੰਗਤਿਆਂ ਵਾਲੀ ਜੇਲ੍ਹ ਦਾ ਵਰਨਣ ਵੀ ਵਿਅੰਗਮਈ ਢੰਗ ਨਾਲ ਕੀਤਾ ਹੈ।

"ਜੇਲ ਵਿਚ ਕੋਈ ਬਿਮਾਰੀ ਨਾ ਫੈਲ ਜਾਵੇ ਇਸ ਲਈ ਡਾਕਟਰ ਦੀ ਸਲਾਹ ਤੇ ਬੈਰਕ ਦੀਆਂ ਖਿੜਕੀਆਂ ਅਤੇ ਦਰਵਾਜਿਆਂ ਉਪਰ ਬੋਰੀਆਂ ਲਟਕਾ ਦਿੱਤੀਆਂ ਗਈਆਂ ਸਨ। ਬੋਰੀਆਂ ਕੀਟਾਣੂਆਂ ਨੂੰ ਬਾਹਰ ਨਹੀਂ ਸਨ ਨਿਕਲਣ ਦਿੰਦੀਆਂ। ਬੂ ਵੀ ਛਣ ਕੇ ਬਾਹਰ ਨਿਕਲਦੀ ਸੀ।"[73]

ਉਕਤ ਵੇਰਵਾ ਇਹ ਦਰਸਾਉਂਦਾ ਹੈ ਕਿ ਜੇਲ੍ਹਾਂ ਵਿਚ ਜਿਨ੍ਹਾਂ ਕੈਦੀਆਂ ਦੇ ਕੋਲ ਕੋਈ ਸਿਫਾਰਸ਼ ਨਹੀਂ, ਪੈਸਾ ਨਹੀਂ ਉਹਨਾਂ ਦੀ ਜੇਲ੍ਹ ਵਿਚ ਉਕਤ ਤਰ੍ਹਾਂ ਦੀ ਹਾਲਤ ਹੈ। ਜੋ ਅੰਦਰ ਜੇਲ੍ਹ ਵਿਚ ਬੈਠੇ ਕੈਦੀ ਹਨ ਉਹ ਭਾਵੇਂ ਬਿਮਾਰੀਆਂ ਨਾਲ ਮਰ ਜਾਣ ਪਰੰਤੂ ਜੋ ਜੇਲ੍ਹ ਤੋਂ ਬਾਹਰ ਹਨ, ਉਹਨਾਂ ਕੋਲ ਜੇਲ੍ਹ ਦੇ ਕੈਦੀਆਂ ਦੀ ਬਦਬੂ ਨੂੰ ਵੀ ਆਉਣ ਤੋਂ ਰੋਕਿਆ ਜਾਂਦਾ ਹੈ। ਸੋ ਜੇਲ੍ਹ ਦੇ ਇਸ ਵਿਤਕਰੇ ਨੂੰ ਬੜੇ ਵਿਅੰਗਮਈ ਢੰਗ ਨਾਲ ਰੂਪਮਾਨ ਕੀਤਾ ਹੈ।

ਇਸ ਤਰ੍ਹਾਂ ਹੀ ਜੇਲ੍ਹ ਵਿਚ ਆਏ ਕੈਦੀਆਂ ਨਾਲ ਉਥੋਂ ਦੇ ਅਫ਼ਸਰ ਰਿਸ਼ਤੇਦਾਰੀ ਕੱਢ ਕੇ ਉਹਨਾਂ ਨਾਲ ਆਪਣੀ ਸਾਂਝ ਇੰਨੀ ਜ਼ਿਆਦਾ ਵਧਾ ਲੈਂਦੇ ਹਨ ਜਿਸਨੂੰ ਨਾਵਲਕਾਰ ਨੇ ਇਸ ਤਰ੍ਹਾਂ ਰੂਪਮਾਨ ਕੀਤਾ ਹੈ :

"ਜੇਲ੍ਹ ਆਉਣ ਤੋਂ ਪਹਿਲਾਂ ਸੁਰਜਣ ਨੇ ਜੇਲ੍ਹ ਸੁਪਰਡੈਂਟ ਨਾਲ ਰਿਸ਼ਤੇਦਾਰੀ ਕੱਢੀ। ਸੁਪਰਡੈਂਟ ਖ਼ੁਦ ਸੁਰਜਣ ਨੂੰ ਡਾਕਟਰ ਦੇ ਹਵਾਲੇ ਕਰਕੇ ਗਿਆ ਸੀ। ਸ਼ਾਮ ਨੂੰ ਕਦੇ ਸੁਪਰਡੈਂਟ ਹਸਪਤਾਲ ਆਉਂਦਾ ਅਤੇ ਕਦੇ ਸੁਰਜਣ ਉਸਦੀ ਕੋਠੀ ਜਾਂਦਾ ਸੀ। ਦੇਰ ਰਾਤ ਤੱਕ ਗਲਾਸੀਆਂ ਖੜਕਦੀਆਂ ਸਨ।"[74]

ਸੋ ਜੇਲ੍ਹਾਂ ਵਿਚ ਬਿਮਾਰੀ ਦੀ ਆੜ੍ਹ ਹੇਠ ਬਹੁਤੇ ਕੈਦੀ ਦਿਨ ਵੇਲੇ ਹਸਪਤਾਲ ਤੇ ਰਾਤ ਦੇ ਸਮੇਂ ਜੇਲ੍ਹ ਸੁਪਰਡੈਂਟ ਨਾਲ ਸ਼ਰਾਬ ਪੀ ਕੇ ਖ਼ੂਬ ਮਸਤੀ ਕਰਦੇ ਹਨ। ਨਾਵਲਕਾਰ ਦਾ ਵਿਅੰਗ ਇਹ ਹੈ ਕਿ ਕੁਝ ਕੈਦੀ ਅਜਿਹੇ ਹਨ ਜਿਨ੍ਹਾਂ ਨੂੰ ਚਾਹੇ ਬਿਮਾਰੀ ਹੋਵੇ ਤਾਂ ਵੀ ਹਸਪਤਾਲ ਨਸੀਬ ਨਹੀਂ ਹੁੰਦਾ ਪਰੰਤੂ ਅਫ਼ਸਰਾਂ ਦੇ ਰਿਸ਼ਤੇਦਾਰ ਚਾਹੇ ਕਿੰਨੇ ਵੱਡੇ ਮੁਜ਼ਰਮ ਹੋਣ ਉਹਨਾਂ ਨੂੰ ਸਭ ਸਹੂਲਤਾਂ ਮਿਲਦੀਆਂ ਹਨ। ਜਿਵੇਂ :

"ਫੇਰ ਕਈ ਸਾਲਾਂ ਬਾਅਦ ਇਹ ਕੋਠੀ ਬਰਨਾਲਾ ਸਾਹਿਬ ਲਈ ਖੁੱਲੀ। ਉਨ੍ਹਾਂ ਦਾ ਦਿਲ ਲਵਾਉਣ ਲਈ ਇਕ ਮਖੌਲੀਏ ਕੈਦੀ ਨੂੰ ਕੋਠੀ ਭੇਜਿਆ ਗਿਆ। ਗੱਲਾਂ ਮਾਰ-ਮਾਰ ਕੈਦੀ ਨੇ ਬਰਨਾਲਾ ਸਾਹਿਬ ਦਾ ਦਿਲ ਜਿੱਤ ਲਿਆ। ਬਾਹਰ ਜਾ ਕੇ ਪਹਿਲਾਂ ਉਨ੍ਹਾਂ ਗਾਲ੍ਹੜੀ ਨੂੰ ਵਿਧਾਇਕ ਬਣਾਇਆ ਫੇਰ ਜਦੋਂ ਉਨ੍ਹਾਂ ਦੀ ਸਰਕਾਰ ਬਣੀ ਉਨ੍ਹਾਂ ਮੰਤਰੀ ਬਣਾ ਦਿੱਤਾ। ਅੱਜ ਕੱਲ੍ਹ ਗਾਲ੍ਹੜੀ ਸਾਹਿਬ ਦੀ ਸੂਬੇ ਦੀ ਸਿਆਸਤ ਵਿਚ ਆਪਣੀ ਥਾਂ ਹੈ।"[75]

ਉਪਰੋਕਤ ਵੇਰਵਾ ਸਪੱਸ਼ਟ ਕਰਦਾ ਹੈ ਕੋਠੀ ਵਿਚ ਆਉਣ ਵਾਲੇ ਸਿਆਸੀ ਲੋਕਾਂ ਲਈ ਜੇਲ੍ਹ ਅਫ਼ਸਰ ਖ਼ੁਦ ਸੇਵਾ ਕਰਕੇ ਬਾਹਰ ਗਿਆਂ ਤੋਂ ਆਪਣੀ ਤਰੱਕੀ ਚਾਹੁੰਦੇ ਹਨ। ਚਾਹੇ ਉਨ੍ਹਾਂ ਲਈ ਸਾਰੇ ਕੈਦੀ ਇਕੋ ਜਿਹੇ ਹੁੰਦੇ ਹਨ। ਇਸ ਤਰ੍ਹਾਂ ਜੇਲ੍ਹ ਵਾਲੇ ਅਫ਼ਸਰ ਆਪਣੀ ਮਰਜ਼ੀ ਦੇ ਕੈਦੀਆਂ ਨੂੰ ਸਿਆਸੀ ਲੋਕਾਂ ਨਾਲ ਜੋੜ ਕੇ ਉਹਨਾਂ ਦੀ ਜ਼ਿੰਦਗੀ ਵੀ

ਬਦਲ ਸਕਦੇ ਹਨ। ਡਾ. ਟੀ.ਆਰ.ਵਿਨੋਦ ਅਨੁਸਾਰ, "ਵਿਅੰਗ - ਵਿਅਕਤੀ ਜਾਂ ਵਿਵਸਥਾ ਦੀਆਂ ਬੁਰਾਈਆਂ ਨੂੰ ਚਿਤ੍ਰਣ ਦੀ ਇਕ ਵਿਧੀ। ਇਸ ਵਿਧੀ ਨਾਲ ਬੁਰਾਈਆਂ ਦੀ ਸਿੱਧੀ ਨਿਖੇਧੀ ਨਹੀਂ ਕੀਤੀ ਜਾਂਦੀ, ਟੇਢੇ ਢੰਗ ਨਾਲ ਇਨ੍ਹਾਂ ਦਾ ਮਖੌਲ ਉਡਾਇਆ ਜਾਂਦਾ ਹੈ। ਮਖੌਲ ਦਾ ਪਾਤਰ ਸਮਝਦਾ ਹੈ ਕਿ ਉਸਦੀ ਪ੍ਰਸੰਸਾ ਹੋ ਰਹੀ ਹੈ ਪਰ ਮਖੌਲ ਉਡਾਉਣ ਵਾਲਾ ਉਸਦੀ ਨਿੰਦਿਆ ਕਰ ਰਿਹਾ ਹੁੰਦਾ ਹੈ।"[76]

ਡਾ. ਵਿਨੋਦ ਦੀ ਉਕਤ ਟਿੱਪਣੀ ਨਾਵਲਕਾਰ ਮਿੱਤਰ ਸੈਨ ਮੀਤ ਤੇ ਪੂਰੀ ਤਰ੍ਹਾਂ ਢੁੱਕਦੀ ਹੈ ਕਿਉਂਕਿ ਉਸਨੇ ਸਮੁੱਚੇ ਸਿਸਟਮ ਨੂੰ ਇਸ ਤਰ੍ਹਾਂ ਚਿਤਰਿਆ ਹੈ ਕਿ ਨਿਆਂ-ਪ੍ਰਣਾਲੀ ਨਾਲ ਸੰਬੰਧਿਤ ਅਧਿਕਾਰੀ ਇਸ ਵਿਚ ਆਪਣੀ ਵਡਿਆਈ ਸਮਝਦੇ ਹਨ। ਜਿਵੇਂ :

"ਤਿੰਨ ਦਿਨਾਂ ਅੰਦਰ ਅੱਧੀ ਜੇਲ੍ਹ ਖਾਲੀ ਹੋ ਗਈ। ਸਾਰੇ ਦੇਸ਼ ਵਿਚ ਸੂਬਾ ਸਰਕਾਰ ਦੀ ਪ੍ਰਸੰਸਾ ਹੋਣ ਲੱਗੀ। ਹੋਛੀ ਪ੍ਰਸੰਸਾ ਦਾ ਮੁੱਲ ਉਤਾਰਨ ਲਈ ਸੂਬਾ ਸਰਕਾਰ ਵਲੋਂ ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ। ਮਿਹਨਤੀ ਜੇਲ੍ਹ ਅਧਿਕਾਰੀਆਂ ਨੂੰ ਵਿਸ਼ੇਸ਼ ਤਰੱਕੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਹਾਈ ਕੋਰਟ ਵੀ ਪਿੱਛੇ ਨਾ ਰਹੀ। ਉਸ ਵਲੋਂ ਵੀ ਸੈਸ਼ਨ ਜੱਜ ਨੂੰ ਪ੍ਰਸੰਸਾ ਪੱਤਰ ਭੇਜਿਆ ਗਿਆ। ਸ਼ਹਿਰ ਦੇ ਪਤਵੰਤਿਆਂ ਨੇ ਵਕੀਲਾਂ ਦੀ ਖੁਲ੍ਹ ਦਿਲੀ ਦੇ ਸੋਹਲੇ ਗਾਏ। ਪਰ ਇਸ ਲਹਿਰ ਦੇ ਬਾਨੀ, ਇਕ ਕੈਦੀ ਦਾ ਨਾਂ, ਕਿਸੇ ਨੂੰ ਵੀ ਯਾਦ ਨਾ ਆਇਆ।"[77]

ਸੋ ਹਾਕਮ ਸਿੰਘ ਅਜਿਹਾ ਵਕੀਲ ਕੈਦੀ ਹੈ ਜਿਸਨੇ ਆਪਣੀ ਲਿਆਕਤ ਨਾਲ ਸਜ਼ਾ ਪੂਰੀ ਕਰ ਚੁੱਕੇ ਅਤੇ ਬਿਨਾਂ ਪੈਸੇ ਵਾਲੇ ਕੈਦੀਆਂ ਨੂੰ ਰਿਹਾਅ ਕਰਵਾਇਆ, ਪਰੰਤੂ ਇਸਦਾ ਸਿਹਰਾ ਸਰਕਾਰ ਅਤੇ ਜੇਲ੍ਹ ਅਧਿਕਾਰੀ ਨੂੰ ਦਿੱਤਾ ਜਾਂਦਾ ਹੈ। ਹਾਕਮ ਸਿੰਘ ਦੀ ਕੋਈ ਗੱਲ ਨਹੀਂ ਕਰਦਾ। ਇਸ ਤੋਂ ਇਲਾਵਾ ਜੇਲ੍ਹ ਅਧਿਕਾਰੀਆਂ ਨੂੰ ਆਪਣੇ ਕਾਰਜਾਂ/ ਡਿਊਟੀਆਂ ਦਾ ਪੂਰੀ ਤਰ੍ਹਾਂ ਪਤਾ ਹੀ ਨਹੀਂ ਜਿਸਨੂੰ ਲੇਖਕ ਇਉਂ ਬਿਆਨ ਕਰਦਾ ਹੈ :

"ਖ਼ਤ ਪੜ੍ਹਕੇ ਹਿਰਦੇਪਾਲ ਨੂੰ ਆਪਣੀ ਅਣਗਹਿਲੀ 'ਤੇ ਸ਼ਰਮ ਆਈ। ਉਹ ਸੈਸ਼ਨ ਜੱਜ ਬਣ ਚੁੱਕਾ ਹੈ। ਕਈ ਵਾਰ ਜੇਲ੍ਹ ਦਾ ਦੌਰਾ ਕਰ ਚੁੱਕਾ ਹੈ। ਉਸਨੂੰ ਪਤਾ ਹੀ ਨਹੀਂ, ਇਨ੍ਹਾਂ ਜੇਲ੍ਹ ਦੌਰਿਆਂ ਦਾ ਮਕਸਦ ਕੀ ਹੈ। ਕੈਦੀਆਂ ਦੀਆਂ ਸਮੱਸਿਆਵਾਂ ਅਤੇ ਜੇਲ੍ਹ ਪ੍ਰਬੰਧ ਦੀਆਂ ਬਾਰੀਕੀਆਂ ਨੂੰ ਸਮਝਣ ਲਈ ਗਹਿਰ ਗੰਭੀਰ ਅਧਿਐਨ ਕੀ ਕਰਨਾ ਸੀ, ਉਸਨੇ ਹਾਲੇ ਤੱਕ ਜੇਲ੍ਹ ਮੈਨੂਅਲ ਤੱਕ ਨਹੀਂ ਪੜ੍ਹਿਆ।"[78]

ਜਦੋਂ ਕੈਦੀ ਹਾਕਮ ਵਕੀਲ ਦਾ ਖ਼ਤ ਸੈਸ਼ਨ ਜੱਜ ਕੋਲ ਪਹੁੰਚਦਾ ਹੈ ਜਿਸ ਵਿਚ ਕੈਦੀਆਂ ਲਈ ਬਣੇ ਅਧਿਕਾਰਾਂ ਤੇ ਹੱਕਾਂ ਦਾ ਵਰਨਣ ਕੀਤਾ ਹੁੰਦਾ ਹੈ ਤਾਂ ਸੈਸ਼ਨ ਜੱਜ ਨੂੰ ਆਪਣੇ ਆਪ ਤੇ ਸ਼ਰਮ ਆਉਂਦੀ ਹੈ। ਸੋ ਵਿਅੰਗ ਇਹ ਹੈ ਕਿ ਸੈਸ਼ਨ ਜੱਜ ਬਣਨ ਤੋਂ ਲੈ ਕੇ ਅੱਜ ਤੱਕ ਉਸਨੇ ਜੇਲ੍ਹ ਮੈਨੂਅਲ ਨਹੀਂ ਪੜ੍ਹ ਕੇ ਦੇਖਿਆ। ਜਦੋਂ ਹਾਕਮ ਜੇਲ੍ਹ ਵਿਚ ਸੁਧਾਰ ਕਰਨਾ ਚਾਹੁੰਦਾ ਹੈ ਤਾਂ ਉਸ ਤੇ ਅਨੇਕਾਂ ਇਲਜ਼ਾਮ ਲਾਏ ਜਾਂਦੇ ਹਨ। ਉਸਦੀ ਹਾਲਤ ਪਾਗਲਾਂ ਵਰਗੀ ਕਰ ਦਿੱਤੀ ਜਾਂਦੀ ਹੈ, ਜਿਸਨੂੰ ਬਚਾਉਣ ਲਈ ਸੰਮਤੀ ਦੇ ਵਕੀਲ ਆਉਂਦੇ ਹਨ ਪਰੰਤੂ ਹਾਕਮ ਸਿੰਘ ਦੀ ਸੋਚ ਤੇ ਪਹਿਰਾ ਦਿੰਦੇ ਹਨ :

"ਹਾਕਮ ਸੱਚ ਕਹਿੰਦਾ ਹੈ। ਇਹ ਫੈਸਲੇ ਕਾਨੂੰਨ ਦੀਆਂ ਪੁਸਤਕਾਂ ਦਾ ਸ਼ਿੰਗਾਰ ਅਤੇ ਖੋਜ ਵਿਦਿਆਰਥੀਆਂ ਦੀ ਖੋਜ ਦਾ ਮਸਾਲਾ ਤਾਂ ਬਣੇ ਹਨ, ਪਰ ਜਿਨ੍ਹਾਂ ਲਈ ਇਹ ਲਿਖੇ

ਗਏ ਹਨ, ਉਨ੍ਹਾਂ ਨੂੰ ਇਸਦਾ ਕੋਈ ਲਾਭ ਨਹੀਂ। ਨਾ ਜੇਲ੍ਹ ਪ੍ਰਸ਼ਾਸਨ ਹਦਾਇਤਾਂ ਦੀ ਪਾਲਣਾ ਕਰਦਾ ਹੈ, ਨਾ ਹੇਠਲੀਆਂ ਅਦਾਲਤਾਂ ਉਨ੍ਹਾਂ ਨੂੰ ਲਾਗੂ ਕਰਾਉਣ ਦਾ ਯਤਨ ਕਰਦੀਆਂ ਹਨ। ਜਿਨ੍ਹਾਂ ਦੀ ਭਲਾਈ ਲਈ ਇਹ ਫੈਸਲੇ ਲਿਖੇ ਗਏ ਹਨ, ਉਨ੍ਹਾਂ ਨੂੰ ਇਨ੍ਹਾਂ ਦੀ ਭਿਣਕ ਤੱਕ ਨਹੀਂ। ਫੇਰ ਕੀ ਲਾਭ ਹੈ ਇਨ੍ਹਾਂ ਫੈਸਲਿਆਂ ਤੋਂ।"[79]

ਸੋ ਨਾਵਲਕਾਰ ਹਾਕਮ ਪਾਤਰ ਰਾਹੀਂ ਖ਼ੁਦ ਨਿਆਂ-ਪ੍ਰਬੰਧ ਤੇ ਵਿਅੰਗ ਕਰਦਾ ਹੈ ਕਿ ਅਜਿਹੇ ਕਾਨੂੰਨਾਂ ਦਾ ਕੀ ਫਾਇਦਾ ਜਿਨ੍ਹਾਂ ਦੀ ਵਰਤੋਂ ਸਹੀ ਢੰਗ ਨਾਲ ਨਹੀਂ ਹੋ ਰਹੀ। ਬੇਸ਼ੱਕ ਹਾਕਮ ਦੇ ਖ਼ਤ ਨਾਲ ਹਾਈ ਕੋਰਟ ਨੇ ਮਾਇਆ ਨਗਰ ਦੇ ਪ੍ਰਮੁੱਖ ਅਫ਼ਸਰਾਂ ਨੂੰ ਜੇਲ੍ਹ ਦਾ ਦੌਰਾ ਕਰਨ ਦੀਆਂ ਹਦਾਇਤਾਂ ਕੀਤੀਆਂ, ਜਿਸ ਨਾਲ ਜੇਲ੍ਹ ਦਾ ਸੁਧਾਰ ਹੋਣਾ ਲਾਜ਼ਮੀ ਬਣ ਜਾਂਦਾ ਹੈ। ਉਧਰ ਹਾਕਮ ਸੰਮਤੀ ਦੀ ਮੱਦਦ ਨਾਲ ਠੀਕ ਹੋ ਜਾਂਦਾ ਹੈ। ਬਾਬੇ ਗੁਰਦਿੱਤ ਦੀਆਂ ਸੁਣਾਈਆਂ ਗਾਥਾਵਾਂ ਉਸਦੇ ਮਨ ਨੂੰ ਟਕਾਉਂਦੀਆਂ ਹਨ। ਮੀਤੇ ਤੇ ਪਾਲੇ ਦੀ ਰਿਹਾਈ ਲਈ ਸੰਮਤੀ ਵਾਲੇ ਵਾਰ-ਵਾਰ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਂਦੇ ਹਨ, ਜਿਸ ਬਾਰੇ ਨਾਵਲਕਾਰ ਲਿਖਦਾ ਹੈ :

"ਅਪੀਲ ਦੀ ਸਜ਼ਾ ਜਲਦੀ ਕੀਤੀ ਜਾਵੇ। ਪੂਰੀ ਸਜ਼ਾ ਭੁਗਤਣ ਬਾਅਦ ਬਰੀ ਹੋਣ ਦਾ ਕੀ ਅਰਥ ਰਹਿ ਜਾਏਗਾ।

"ਸਾਡੇ ਕੋਲ ਲੱਖਾਂ ਕੇਸ ਸੁਣਵਾਈ ਲਈ ਪਏ ਹਨ। ਹਜ਼ਾਰਾਂ ਅਪੀਲਾਂ ਇਸ ਤੋਂ ਵੀ ਪੁਰਾਣੀਆਂ ਹਨ।...

"ਫੈਸਲੇ ਤੱਕ ਜ਼ਮਾਨਤ ਉਪਰ ਰਿਹਾਅ ਕਰ ਦਿਓ।"

"ਇਹ ਮੁਕੱਦਮਾ ਅਤਿਵਾਦੀ ਗਤੀਵਿਧੀਆਂ ਨਾਲ ਸੰਬੰਧਿਤ ਹੈ। ਅਤਿਵਾਦੀਆਂ ਨੂੰ ਜ਼ਮਾਨਤ ਨਹੀਂ ਮਿਲ ਸਕਦੀ।"

ਸੰਮਤੀ ਕਹਿੰਦੀ, "ਅੱਤਵਾਦ ਨੂੰ ਠੱਲ੍ਹ ਪੈ ਚੁੱਕਾ ਹੈ। ਅਸਲ ਅਤਿਵਾਦੀ, ਵੀਹ ਵੀਹ ਮੁਕੱਦਮਿਆਂ ਵਿਚੋਂ ਬਰੀ ਹੋ ਕੇ ਘਰਾਂ ਨੂੰ ਜਾ ਚੁੱਕੇ ਹਨ। ਇਨ੍ਹਾਂ ਤੇ ਰਹਿਮ ਕਰੋ।"[80]

ਸੋ ਉਕਤ ਪੰਕਤੀਆਂ ਰਾਹੀਂ ਨਾਵਲਕਾਰ ਕੇਵਲ ਪਾਲੇ ਤੇ ਮੀਤੇ ਬਾਰੇ ਹੀ ਬਿਆਨ ਨਹੀਂ ਕਰ ਰਿਹਾ ਸਗੋਂ ਸਾਡੀ ਨਿਆਂ-ਪ੍ਰਣਾਲੀ ਦੇ ਦੋਸ਼ਾਂ ਨੂੰ ਨੰਗਾ ਕਰ ਰਿਹਾ ਹੈ ਕਿ ਇਕ-ਇਕ ਕੇਸ ਨੂੰ ਲਮਕਦਿਆਂ ਕਿੰਨੇ-ਕਿੰਨੇ ਸਾਲ ਲੱਗ ਜਾਂਦੇ ਹਨ। ਕਿਸੇ ਦਿਨ ਜੱਜ ਦੀ ਮੌਤ ਹੋ ਜਾਂਦੀ ਹੈ ਤੇ ਕਿਸੇ ਦਿਨ ਜੱਜ ਵਿਆਹ ਤੇ ਚਲਾ ਜਾਂਦਾ ਹੈ। ਪਾਲੇ ਤੇ ਮੀਤੇ ਨੂੰ ਜਿਸ ਕਤਲ ਦੀ ਸਜ਼ਾ ਮਿਲ ਰਹੀ ਹੈ ਉਸਦੇ ਬਾਲੀ ਵਾਰਸ ਵੀ ਮਰ ਚੁੱਕੇ ਹਨ।

ਸੋ ਨਾਵਲਕਾਰ ਨੇ ਵਿਅੰਗ ਦੀ ਜੁਗਤ ਰਾਹੀਂ ਸਿਸਟਮ ਨੂੰ ਇਸ ਤਰ੍ਹਾਂ ਚਿਤਰਿਆ ਹੈ ਕਿ ਕਾਨੂੰਨ ਦੀਆਂ ਕਮੀਆਂ ਹੀ ਨਜ਼ਰ ਨਹੀਂ ਆਉਂਦੀਆਂ ਸਗੋਂ ਕਾਨੂੰਨ ਵਿਚ ਕਮੀਆਂ ਆ ਕਿਵੇਂ ਰਹੀਆਂ ਹਨ, ਇਸਦਾ ਵਿਸਥਾਰ ਮਿਲਦਾ ਹੈ ਕਿ ਜ਼ੁਰਮ ਕਿਉਂ ਵਧਦਾ ਹੈ। ਇਸਦੇ ਪਿੱਛੇ ਕਿਹੜੀਆਂ ਸ਼ਕਤੀਆਂ ਹਨ। ਸੋ ਨਾਵਲਕਾਰ ਦੀ ਨਜ਼ਰ ਸਮਾਜ ਪ੍ਰਤੀ ਪਾਰਦਰਸ਼ੀ ਹੈ ਅਤੇ ਉਸਦਾ ਕਟਾਖਸ਼ ਬਹੁਤ ਤਿੱਖਾ ਹੈ। ਉਹ ਆਪਣੇ ਨਾਵਲਾਂ ਵਿਚ ਵਿਅੰਗਮਈ ਜੁਗਤ ਰਾਹੀਂ ਵਰਤਮਾਨ ਕਦਰਾਂ-ਕੀਮਤਾਂ ਦੇ ਖੋਖ਼ਲੇਪਨ ਨੂੰ ਸਹਿਜੇ ਹੀ ਪਾਠਕ ਦੀਆਂ ਨਜ਼ਰਾਂ ਦੇ ਸਾਹਮਣੇ ਲੈ ਆਉਂਦਾ ਹੈ।

ਇਹ ਜੁਗਤ ਜਿਥੇ ਨਾਵਲ ਦੇ ਵਿਸ਼ਿਆਂ ਨੂੰ ਉਭਾਰਦੀ ਹੈ ਉਥੇ ਮਿੱਤਰ ਸੈਨ ਮੀਤ

ਦੀ ਦੂਸਰੇ ਨਾਵਲਕਾਰਾਂ ਨਾਲੋਂ ਵੱਖਰਤਾ ਵੀ ਦਰਸਾਉਂਦੀ ਹੈ ਕਿਉਂਕਿ ਨਾਨਕ ਸਿੰਘ, ਗੁਰਦਿਆਲ ਸਿੰਘ, ਕਰਮਜੀਤ ਕੁੱਸਾ ਆਦਿ ਨਾਵਲਕਾਰਾਂ ਤੋਂ ਇਲਾਵਾ ਹੋਰ ਨਾਵਲਕਾਰਾਂ ਦੇ ਨਾਵਲਾਂ ਵਿਚ ਵੀ ਜੋ ਵਿਅੰਗ ਸਿਰਜਿਆ ਗਿਆ ਹੈ ਉਹ ਇਕੱਲੇ ਇਕਹਿਰੇ ਵਿਅਕਤੀ ਨੂੰ ਵਿਅੰਗ ਦਾ ਨਿਸ਼ਾਨਾ ਬਣਾਉਂਦੇ ਹਨ ਜਦਕਿ ਮੀਤ ਸਮੁੱਚੇ ਸਿਸਟਮ ਤੇ ਵਿਅੰਗ ਕਰਨ ਵਿਚ ਸਫ਼ਲ ਰਹਿੰਦਾ ਹੈ, ਕਿਉਂਕਿ ਉਹ ਇਸ ਜੁਗਤ ਰਾਹੀਂ ਹਰੇਕ ਵਿਅਕਤੀ, ਵਸਤੂ ਅਤੇ ਵਰਤਾਰੇ ਦੀ ਦਿੱਖ ਨੂੰ ਪਾਠਕਾਂ ਸਾਹਮਣੇ ਉਭਾਰਦਾ ਵੀ ਹੈ।

## (ਸ) ਮਿੱਤਰ ਸੈਨ ਮੀਤ ਦੇ ਨਾਵਲਾਂ ਦੀ ਭਾਸ਼ਾਈ ਪ੍ਰਗਟਾਅ ਵਿਧੀ

ਕਿਸੇ ਵੀ ਰਚਨਾ ਦਾ ਢਾਂਚਾ ਬਣਾਉਣ ਸਮੇਂ ਹੋਰ ਤੱਤਾਂ ਦੀ ਤਰ੍ਹਾਂ ਭਾਸ਼ਾ ਦਾ ਤੱਤ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ। ਭਾਸ਼ਾ ਸੌਖੀ, ਸਰਲ ਤੇ ਸਪੱਸ਼ਟ ਹੋਣ ਕਾਰਨ ਹੀ ਰਚਨਾ ਵਿਚ ਰੌਚਿਕਤਾ ਆਉਂਦੀ ਹੈ ਕਿਉਂਕਿ ਪਾਠਕ ਸੌਖ ਨਾਲ ਪੜ੍ਹ ਕੇ ਹੀ ਰਚਨਾ ਦੇ ਵਿਸ਼ੇਸ਼ ਪਾਤਰਾਂ ਅਤੇ ਘਟਨਾਵਾਂ ਨਾਲ ਜੁੜਦਾ ਹੈ। ਪਿਆਰਾ ਸਿੰਘ ਭੋਗਲ ਅਨੁਸਾਰ :

"ਭਾਸ਼ਾ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਜਿਸ ਵਿਚ ਸਾਹਿਤ ਰਚਨਾ ਹੋਂਦ ਵਿਚ ਆਈ। ਸਾਹਿਤ ਅਜਿਹੀ ਕਲਾ ਹੈ ਜੋ ਸ਼ਬਦਾਂ ਰਾਹੀਂ ਪ੍ਰਗਟ ਹੁੰਦੀ ਹੈ, ਇਹ ਕਲਾ ਪਾਠਕ ਨੂੰ ਹਲੂਣਦੀ ਵੀ ਹੈ ਅਤੇ ਨਾਵਲਕਾਰ ਦੇ ਮੰਤਵ ਨੂੰ ਵੀ ਪੂਰਦੀ ਹੈ।"[81]

ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਕਿਸੇ ਵੀ ਰਚਨਾ, ਖ਼ਾਸ ਕਰਕੇ ਨਾਵਲ ਦੀ ਭਾਸ਼ਾ ਸਾਫ਼-ਸੁਥਰੀ, ਸਰਲ ਅਤੇ ਹਰ ਤਰ੍ਹਾਂ ਦੇ ਪਾਠਕ ਦੇ ਪੱਧਰ ਦੀ ਹੋਵੇ ਤਾਂ ਕਿ ਨਾਵਲ ਨੂੰ ਉਸਦੇ ਵਿਸ਼ੇ ਦੀ ਗਹਿਰਾਈ ਤੋਂ ਪੜ੍ਹਿਆ ਜਾ ਸਕਦਾ ਹੋਵੇ। ਨਾਵਲ ਦੀ ਭਾਸ਼ਾ ਬਾਰੇ ਪ੍ਰਿਤਪਾਲ ਸਿੰਘ ਲਿਖਦੇ ਹਨ :

"ਭਾਸ਼ਾ ਦਾ ਇਤਿਹਾਸਕ ਨਾਵਲ ਵਿਚ ਇਕ ਵਿਸ਼ੇਸ਼ ਸਥਾਨ ਹੁੰਦਾ ਹੈ। ਭਾਸ਼ਾ ਰਾਹੀਂ ਨਾਵਲਕਾਰ ਆਪਣੇ ਵਿਚਾਰ ਅਤੇ ਉਦੇਸ਼ ਪਾਠਕਾਂ ਤੱਕ ਪਹੁੰਚਾਉਂਦਾ ਹੈ। ਭਾਸ਼ਾ ਨਾਵਲਕਾਰ ਅਤੇ ਪਾਠਕਾਂ ਵਿਚ ਸੰਚਾਰ ਦਾ ਮਾਧਿਅਮ ਹੁੰਦੀ ਹੈ। ਇਸ ਲਈ ਨਾਵਲਕਾਰ ਦੀ ਭਾਸ਼ਾ ਜਿੰਨੀ ਸਰਲ, ਸੰਖੇਪ ਅਤੇ ਜਨ-ਸਾਧਾਰਨ ਦੇ ਵਧੇਰੇ ਨੇੜੇ ਹੋਵੇਗੀ ਉਨ੍ਹੀ ਹੀ ਉਸਦੀ ਲਿਖਤ ਲੋਕਾਂ ਵਿਚ ਲੋਕਪ੍ਰਿਯ ਹੋਵੇਗੀ। ਨਾਵਲਕਾਰ ਦਾ ਆਪਣੀ ਬੋਲੀ ਉਪਰ ਕਾਬੂ ਹੋਣਾ ਚਾਹੀਦਾ ਹੈ।"[82]

ਉਪਰੋਕਤ ਟਿੱਪਣੀ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਮਿੱਤਰ ਸੈਨ ਮੀਤ ਨੇ ਪੇਸ਼ੇ ਦੇ ਤੌਰ ਤੇ ਵਕੀਲ ਹੋਣ ਦੇ ਬਾਵਜੂਦ ਆਮ ਪਾਠਕਾਂ ਦੀ ਸਮਝ ਆਉਣ ਵਾਲੀ ਭਾਸ਼ਾ ਵਰਤਦਾ ਹੈ। ਬੇਸ਼ੱਕ ਉਸਦਾ ਵਾਹ-ਵਾਸਤਾ ਹਮੇਸ਼ਾ ਅੰਗਰੇਜ਼ੀ ਬੋਲਣ ਵਾਲੇ ਵਕੀਲਾਂ ਨਾਲ ਪੈਂਦਾ ਹੈ ਪਰੰਤੂ ਉਹ ਆਪਣੇ ਨਾਵਲਾਂ ਵਿਚ ਅੰਗਰੇਜ਼ੀ ਸ਼ਬਦਾਵਲੀ ਵਰਤਣ ਤੋਂ ਸੰਕੋਚ ਕਰਦਾ ਹੈ। ਸ਼ਾਇਦ ਉਸਦੇ ਬਰਨਾਲੇ ਬੀਤੇ ਬਚਪਨ ਦਾ ਅਸਰ ਹੈ ਕਿ ਵੱਡੀ ਤੋਂ ਵੱਡੀ ਘਟਨਾ ਨੂੰ ਛੋਟੀ ਤੋਂ ਛੋਟੀ ਸ਼ਬਦਾਵਲੀ ਅਤੇ ਸਾਧਾਰਨ ਭਾਸ਼ਾ ਰਾਹੀਂ ਪੇਸ਼ ਕਰਨ ਦਾ ਯਤਨ ਕਰਦਾ ਹੈ। ਬੇਸ਼ੱਕ ਉਸਦੇ ਨਾਵਲਾਂ ਦਾ ਵਿਸ਼ਾ ਰੁੱਖਾ ਅਤੇ ਨਵਾਂ ਹੈ ਪਰੰਤੂ ਉਸਨੇ ਇਸਦੇ ਨਿਭਾਅ ਵਾਲੀ ਭਾਸ਼ਾ ਨੂੰ ਸਰਲ ਤੇ ਸਪੱਸ਼ਟ ਰੱਖਿਆ ਹੈ। ਸਰਲ ਗੱਲ ਨੂੰ ਔਖੇ ਫ਼ਿਕਰਿਆਂ ਵਿਚ ਕਹਿਣਾ ਸੌਖਾ ਹੈ ਪਰ ਗਹਿਰ ਗੰਭੀਰ ਗੱਲ ਨੂੰ ਅਤਿ ਸਰਲ ਭਾਸ਼ਾ ਵਿਚ

ਕਹਿਣਾ ਬਹੁਤ ਔਖਾ ਹੈ। ਮਿੱਤਰ ਸੈਨ ਮੀਤ ਦੇ ਨਾਵਲ ਇਸ ਪੱਖੋਂ ਮਹੱਤਵਪੂਰਨ ਪ੍ਰਾਪਤੀ ਰੱਖਦੇ ਹਨ ਕਿ ਉਸਨੇ ਫ਼ੌਜਦਾਰੀ ਨਿਆਂ-ਪ੍ਰਬੰਧ ਨੂੰ ਆਮ ਪਾਠਕਾਂ ਦੀ ਸਮਝ ਆਉਣ ਵਾਲੀ ਭਾਸ਼ਾ ਵਿਚ ਪੇਸ਼ ਕੀਤਾ। ਜੁਗਿੰਦਰ ਸਿੰਘ ਨਹਿਰੂ ਅਨੁਸਾਰ :

"ਭਾਸ਼ਾ ਮਨੁੱਖ ਦੀ ਇਕ ਬੁਨਿਆਦੀ ਸਾਂਸਕ੍ਰਿਤਕ ਪ੍ਰਾਪਤੀ ਹੈ, ਜਿਹੜੀ ਆਪਣੇ ਚਰਿੱਤਰ ਵਿਚ ਪ੍ਰਾਕ੍ਰਿਤਕ ਨਹੀਂ ਬਲਕਿ ਇਹ ਮਨੁੱਖੀ ਸਮਾਜਿਕ ਰਵਾਇਤ ਤੇ ਭਾਈਚਾਰੇ ਦੀ ਇਤਿਹਾਸਕ ਪ੍ਰਾਪਤੀ ਹੈ। ਦੂਜੇ ਸ਼ਬਦਾਂ ਵਿਚ ਇਹ ਵੀ ਇਕ ਪ੍ਰਕਾਰ ਦਾ ਗਲਪ ਹੈ। ਇਸ ਗਲਪ ਤੋਂ ਲੈ ਕੇ ਨਾਵਲੀ ਗਲਪ ਤੱਕ ਯਥਾਰਥ ਦੀ ਪੇਸ਼ਕਾਰੀ ਦਾ ਮਸਲਾ ਗਲਪ ਦੇ ਅਧੀਨ ਹੀ ਤੁਰਦਾ ਹੈ। ਇਉਂ ਅਸੀਂ ਜਦੋਂ ਮੁੜ ਨਾਵਲ ਦੇ ਸੰਦਰਭ ਵਿਚ ਯਥਾਰਥ ਤੇ ਗਲਪ ਦੇ ਆਪਸੀ ਸੰਬੰਧਾਂ ਨੂੰ ਨਿਸ਼ਚਿਤ ਕਰਨਾ ਲੋੜਦੇ ਹਾਂ ਤਾਂ ਇਹ ਸਾਨੂੰ ਭਲੀ-ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਨਾਵਲਕਾਰ ਆਪਣੀ ਇਕ ਕਿਸਮ ਦੀ ਭਾਸ਼ਾ ਸਿਰਜ ਰਿਹਾ ਹੁੰਦਾ ਹੈ। ਇਹ ਭਾਸ਼ਾ ਨਿਰੋਲ ਜਾਂ ਵਿਸ਼ੁੱਧ ਪੱਧਰ ਉਪਰ ਭਾਸ਼ਾ ਨਾ ਹੁੰਦੀ ਹੋਈ, ਭਾਸ਼ਾ ਨੂੰ ਇਕ ਪ੍ਰਬੰਧ ਵਜੋਂ ਵਰਤਦੀ ਹੈ ਅਤੇ ਵਿਅਕਤੀਆਂ, ਵਸਤਾਂ, ਵਾਤਾਵਰਣ ਤੇ ਘਟਨਾਵਾਂ ਆਦਿ ਨੂੰ ਚਿਹਨ ਬਣਾ ਕੇ ਪ੍ਰਯੋਗ ਵਿਚ ਲਿਆਉਂਦੀ ਹੈ।"[83]

ਮਿੱਤਰ ਸੈਨ ਮੀਤ ਦੇ ਸਮੁੱਚੇ ਨਾਵਲਾਂ ਵਿਚ ਬੋਲੀ ਜਾਂਦੀ ਭਾਸ਼ਾ ਜਿਥੇ ਸਹਿਜ, ਸਰਲ ਤੇ ਸੰਖੇਪ ਰੂਪ ਵਾਲੀ ਰਹੀ ਹੈ ਉਥੇ ਉਹ ਦੋ ਭਾਸ਼ਾਈ ਰੂਪਾਂ ਨੂੰ ਮੁੱਖ ਤੌਰ ਤੇ ਵਰਤਦਾ ਹੋਇਆ ਆਪਣੇ ਨਿੱਜੀ ਅਨੁਭਵ ਤੇ ਆਲੇ-ਦੁਆਲੇ ਦੇ ਅਨੁਭਵ ਰਾਹੀਂ ਸਮੁੱਚੇ ਸਿਸਟਮ ਦੀ ਪੇਸ਼ਕਾਰੀ ਕਰਦਾ ਹੈ। ਦੋ ਤਰ੍ਹਾਂ ਦੀ ਭਾਸ਼ਾ ਵਿਚ ਵਕਾਲਤ ਦੀ ਭਾਸ਼ਾ ਅਤੇ ਦੂਸਰੀ ਕੋਡ ਭਾਸ਼ਾ। ਪੁਲਿਸ ਅਤੇ ਅਦਾਲਤੀ ਢਾਂਚੇ ਨਾਲ ਸੰਬੰਧਿਤ ਸ਼ਬਦਾਵਲੀ ਜਿਵੇਂ ਮੁਦੱਈ, ਮੁਲਜ਼ਮ, ਮੈਜਿਸਟਰੇਟ, ਵਕੀਲ, ਜਿਲ੍ਹਾ ਅਟਾਰਨੀ, ਚਲਾਨ, ਤਫ਼ਤੀਸ਼, ਕਟਹਿਰਾ, ਵਰੰਟ, ਰੋਜ਼ਨਾਮਚਾ, ਰਪਟ, ਸੈਸ਼ਨ ਜੱਜ, ਵਕਾਲਤਨਾਮਾ, ਪੈਰਵਾਈ, ਫਰਦਾਂ, ਪੁਲਿਸ, ਰਿਮਾਂਡ, ਚੈਂਬਰ, ਬੈਰਕ, ਗਵਾਹ, ਹੱਥਕੜੀ, ਥਾਣਾ, ਜੇਲ੍ਹ, ਕਚਹਿਰੀਆਂ, ਕਾਨੂੰਨ, ਅਹਾਤਾ, ਜੇਲ੍ਹ ਸੁਪਰਡੈਂਟ, ਜਨਾਨਾ ਵਾਰਡ, ਦਰਖ਼ਾਸਤ, ਲਾਟ ਸਾਹਿਬ, ਜ਼ਮਾਨਤ, ਹਾਈ ਕੋਰਟ, ਸੁਪਰੀਮ ਕੋਰਟ, ਰੀਡਰ, ਸਟੈਨੋ, ਅਰਦਲੀ ਆਦਿ ਸ਼ਬਦ ਪੁਲਿਸ, ਅਦਾਲਤਾਂ ਅਤੇ ਜੇਲ੍ਹ-ਪ੍ਰਬੰਧ ਨਾਲ ਸੰਬੰਧਿਤ ਹਨ।

ਕੋਡ ਭਾਸ਼ਾ ਦੀ ਜੁਗਤ ਰਾਹੀਂ ਰਿਸ਼ਵਤਖੋਰੀ ਦੇ ਕਲੰਕ ਦੀਆਂ ਮਿਸਾਲਾਂ ਉਭਾਰਨ ਸਮੇਂ ਪੈਕਟ ਤਿਆਰ ਕਰਨ, ਇਕ ਪੇਟੀ (1 ਲੱਖ), ਦੋ ਪੇਟੀਆਂ (ਦੋ ਲੱਖ), ਮੋਟੀ ਆਸਾਮੀ (ਅਮੀਰ ਆਦਮੀ), ਪੰਛੀ (ਪੈਸੇ ਵਾਲੇ ਲੋਕ), ਸੁਪਾਰੀ (ਰਿਸ਼ਵਤ) ਆਦਿ ਕੋਡਾਂ ਦੀ ਵਰਤੋਂ ਰਾਹੀਂ ਸਮਾਜ ਵਿਚਲੇ ਆਮ ਲੋਕਾਂ ਨੂੰ ਬੁੱਧੂ ਬਣਾ ਕੇ ਅਫ਼ਸਰਸ਼ਾਹੀ ਦੇ ਹਾਜ਼ਮੇ ਦਾ ਇਸ਼ਾਰਾ ਕਰਦਾ ਹੈ। ਮੀਤ ਦੀ ਬੋਲੀ ਤੇ ਸ਼ੈਲੀ ਬਾਰੇ ਡਾ. ਕੇਸਰ ਸਿੰਘ ਕੇਸਰ ਨੇ ਕਿਹਾ ਹੈ :

"ਨਾਵਲ ਦੇ ਪਰਿਵੇਸ਼ ਤੇ ਬੌਧਿਕ ਜਾਂ ਸਿਖਿਅਤ ਵਾਤਾਵਰਣ ਦੇ ਅਨੁਕੂਲ ਇਸਦੀ ਸ਼ੈਲੀ ਨਿਬੰਧਮਈ ਤੇ ਬੋਲੀ (ਬਾਵਜੂਦ ਸ਼ਬਦ ਜੋੜਾਂ ਦੀਆਂ ਤਰੁੱਟੀਆਂ ਦੇ) ਠੇਠ ਪੰਜਾਬੀ ਹੈ। ਪੁਲਸੀਆਂ ਦੀ ਗਾਲ ਯੁਕਤ, ਵਾਰਤਾਲਾਪ, ਭਈਆਂ ਦੀ ਖਿਚੜੀ ਬੋਲੀ, ਵਕੀਲਾਂ ਤੇ ਜੱਜਾਂ ਦੀ ਅੰਗਰੇਜ਼ੀ ਮਿਸ਼ਰਤ ਸ਼ਬਦਾਵਲੀ ਦਾ ਪ੍ਰਯੋਗ ਸ਼ਾਇਦ ਹੀ ਕਿਧਰੇ ਕੀਤਾ ਗਿਆ ਹੋਵੇ। ਪਾਤਰਾਂ ਦੇ ਕਿੱਤਿਆਂ ਅਨੁਸਾਰ ਢਲੇ ਸਮੂਹਿਕ ਚਰਿੱਤਰ ਨੂੰ ਸਾਕਾਰ ਕਰਨ ਲਈ

ਬੋਲੀ ਦੀ ਥਾਂ ਉਹਨਾਂ ਦੇ ਚੰਗੇ-ਮੰਦੇ ਕੰਮਾਂ ਨੂੰ ਸਾਧਨ ਬਣਾਇਆ ਗਿਆ ਹੈ।"84

ਬੇਸ਼ੱਕ ਨਾਵਲਕਾਰ ਨੇ ਪੁਲਸੀਆਂ ਨੂੰ ਗਾਲ੍ਹ ਯੁਕਤ ਬੋਲੀ ਵਰਤਣ ਤੋਂ ਪ੍ਰਹੇਜ ਕੀਤਾ ਹੈ ਪਰੰਤੂ ਫਿਰ ਵੀ ਹਸਪਤਾਲ ਨਾਲ ਸੰਬੰਧਿਤ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ ਜਿਵੇਂ ਐਮਰਜੈਂਸੀ, ਵਾਰਡ, ਜ਼ਨਾਨਾ ਵਾਰਡ, ਐਕਸਰੇ ਵਿਭਾਗ, ਫਾਰਮਾਸਿਸਟ, ਇੰਜਰੀ ਰਿਪੋਰਟ, ਨਿਊਰੋ ਵਾਰਡ, ਅਪ੍ਰੈਸ਼ਨ, ਰੀਐਕਸ਼ਨ, ਐਲੋਪੈਥੀ, ਹੋਮੀਓਪੈਥੀ, ਪੋਸਟਮਾਰਟਮ ਆਦਿ ਅੰਗਰੇਜ਼ੀ ਸ਼ਬਦਾਵਲੀ ਵਰਤੀ ਹੈ। ਇਸ ਤੋਂ ਇਲਾਵਾ ਕਿਤੇ-ਕਿਤੇ ਭਈਆਂ ਦੀ ਹਿੰਦੀ ਵੀ ਦੇਖਣ ਨੂੰ ਮਿਲਦੀ ਹੈ ਜੋ ਉਹਨਾਂ ਦੇ ਮੂੰਹੋਂ ਬਿਲਕੁਲ ਓਪਰੀ ਨਹੀਂ ਲਗਦੀ ਸਗੋਂ ਨਾਵਲਕਾਰ ਦੁਆਰਾ ਵਰਤੀ ਗਈ ਭਾਸ਼ਾ ਦੀ ਮਹੱਤਤਾ ਨੂੰ ਦਰਸਾਉਂਦੀ ਹੈ :

"ਸਾਬਾਸ਼ਾ ! ਆਗੇ ਕਿਆ ਦੇਖਾ ਸਭ ਕੁਝ ਬਤਾਓ ਤੁਮੇ ਇਨਾਮ ਦੀਆ ਜਾਏਗਾ। ਤੁਮ ਇਕ ਵਫ਼ਾਦਾਰ ਨੌਕਰ ਹੋ। ਮਾਲਿਕ ਤੁਮਾਰੀ ਬਹੁਤ ਤਾਰੀਫ਼ ਕਰਤੇ ਹੈਂ।"[85]

ਸੋ ਨਾਵਲਕਾਰ ਨੇ ਆਪਣੇ ਨਾਵਲਾਂ ਦੇ ਵਿਸ਼ੇ ਅਤੇ ਵਾਤਾਵਰਨ ਅਨੁਸਾਰ ਹਿੰਦੀ, ਅੰਗਰੇਜ਼ੀ ਅਤੇ ਵੱਖ-ਵੱਖ ਸੰਸਥਾਵਾਂ ਨਾਲ ਸੰਬੰਧਿਤ ਸ਼ਬਦਾਵਲੀ ਦਾ ਸਹਾਰਾ ਲਿਆ ਹੈ। ਆਪਣੇ ਪਾਤਰਾਂ ਦੇ ਸੁਭਾਅ ਅਤੇ ਪਿਛੋਕੜ ਅਨੁਸਾਰ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਕੁਲਬੀਰ ਸਿੰਘ ਕਾਂਗ ਅਨੁਸਾਰ :

"ਨਾਵਲਕਾਰ ਦੀ ਭਾਸ਼ਾ ਦੇ ਵੱਡੇ ਤੱਤ ਹੁੰਦੇ ਹਨ। ਇਕ ਹੈ ਬਿਰਤਾਂਤ ਅਤੇ ਦੂਜਾ ਹੈ ਵਰਨਣ ਦੀ ਸ਼ਕਤੀ। ਨਾਵਲ ਅਸਲ ਵਿਚ ਜ਼ਿੰਦਗੀ ਦੀ ਚਿਤ੍ਰਸ਼ਾਲਾ ਹੈ ਅਤੇ ਲੇਖਕ ਦਾ ਕੰਮ ਬਹੁਤ ਔਖਾ ਹੁੰਦਾ ਹੈ, ਕਿਉਂਕਿ ਉਹ ਚਿਤ੍ਰਕਾਰ ਵਾਂਗ ਰੇਖਾਵਾਂ ਅਤੇ ਰੰਗਾਂ ਵਿਚ ਦੁਨੀਆਂ ਨੂੰ ਚਿਤ੍ਰ ਨਹੀਂ ਸਕਦਾ। ਉਸ ਪਾਸ ਸਿਰਫ਼ ਸ਼ਬਦ ਸ਼ਕਤੀ ਹੁੰਦੀ ਹੈ ਅਤੇ ਇਸੇ ਸ਼ਬਦ ਸ਼ਕਤੀ ਵਿਚੋਂ ਉਹ ਆਪਣੇ ਅਨੁਭਵ ਵਿਚ ਆਏ ਜੀਵਨ ਨੂੰ ਰੰਗ-ਸ਼ਾਲਾ ਦੇ ਰੂਪ ਵਿਚ ਪੇਸ਼ ਕਰ ਸਕਦਾ ਹੈ। ਕਈ ਲੇਖਕ ਥੋੜ੍ਹੇ ਸ਼ਬਦਾਂ ਦੀ ਛੋਹ ਨਾਲ ਬਹੁਤ ਵੱਡਾ ਦ੍ਰਿਸ਼ ਪੇਸ਼ ਕਰ ਦੇਂਦੇ ਹਨ। ਇਕ ਸ਼ਬਦ ਦੇ ਜੋੜਨ ਜਾਂ ਤੋੜਨ ਨਾਲ ਜ਼ਿੰਦਗੀ ਦੀ ਲੀਲ੍ਹਾ ਉਜਾਗਰ ਜਾਂ ਲੋਪ ਹੋ ਜਾਂਦੀ ਹੈ।"[86]

ਉਕਤ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਮਿੱਤਰ ਸੈਨ ਮੀਤ ਦੀ ਭਾਸ਼ਾ ਜਿਥੇ ਦ੍ਰਿਸ਼ ਵਰਨਣ ਦੀ ਪੇਸ਼ਕਾਰੀ ਕਰਦੀ ਹੈ ਉਥੇ ਪਾਤਰਾਂ ਦੇ ਸੁਭਾਅ ਨੂੰ ਪ੍ਰਗਟਾਉਣ ਲਈ ਪ੍ਰਤੀਕਾਂ, ਬਿੰਬਾਂ ਅਤੇ ਉਪਮਾ ਅਲੰਕਾਰ ਦੀ ਵਰਤੋਂ ਹੋਈ ਵੀ ਮਿਲਦੀ ਹੈ। ਜਿਵੇਂ :

"ਮੀਤਾ ਛੜਾ ਛੜਾਂਗ ਸੀ। ਜੇਬਾਂ ਕੱਟਣਾ ਉਸਦਾ ਮਨ ਭਾਉਂਦਾ ਪੇਸ਼ਾ ਰਿਹਾ ਸੀ। ਆਸਾਮੀ ਦਾ ਪਿੱਛਾ ਕਰਦਾ-ਕਰਦਾ ਕਈ ਵਾਰ ਉਹ ਦਿੱਲੀ ਤੱਕ ਨਿਕਲ ਜਾਂਦਾ ਸੀ। ਘਾਟ-ਘਾਟ ਦਾ ਪਾਣੀ ਪੀਣ ਦੀ ਉਸਨੂੰ ਆਦਤ ਪੈ ਚੁੱਕੀ ਸੀ। ਇਕ ਥਾਂ 'ਤੇ ਬੱਝੇ ਰਹਿਣਾ ਹੁਣ ਉਸਨੂੰ ਕੋਹਲੂ ਦੇ ਬੈਲ ਵਾਂਗ ਲਗਦਾ ਸੀ।"[87]

ਸੋ ਨਾਵਲਕਾਰ ਦੀ ਭਾਸ਼ਾ ਪਾਤਰਾਂ ਦੀ ਸੁਭਾਅ ਉਸਾਰੀ ਨੂੰ ਪ੍ਰਗਟਾਉਂਦੀ ਹੋਈ ਪੰਜਾਬੀ ਦੇ ਜਨ-ਜੀਵਨ ਦਾ ਅਜਿਹਾ ਗਲਪ ਬਿੰਬ ਪੇਸ਼ ਕਰਦੀ ਹੈ ਕਿ ਪਾਠਕ ਉਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਜਿਸ ਤਰ੍ਹਾਂ :

"ਬਾਹਰ ਦੇਖਣ ਲਈ ਖਿੜਕੀਆਂ ਵਿਚ ਜੋ ਦੋ ਛੋਟੀਆਂ-ਛੋਟੀਆਂ ਜਾਲੀਆਂ ਲੱਗੀਆਂ ਹੋਈਆਂ ਸਨ, ਸੁਰੱਖਿਆ ਕਾਰਨਾਂ ਕਰਕੇ ਬੰਦ ਕਰ ਦਿੱਤਾ ਗਿਆ ਸੀ। ...ਸੜਕ

ਦੇ ਦੋਹੀਂ ਪਾਸੀਂ ਉੱਗੇ ਦਰੱਖਤਾਂ ਦੀਆਂ ਟਹਿਣੀਆਂ, ਚਲ ਰਹੀ ਮਿੰਨ੍ਹੀ-ਮਿੰਨ੍ਹੀ ਹਵਾ ਨਾਲ ਝੂਮ ਰਹੀਆਂ ਸਨ। ਉਨ੍ਹਾਂ ਉੱਪਰ ਬੈਠੇ ਪੰਛੀ ਚਹਿਕ ਰਹੇ ਸਨ। ਹਰੇ ਭਰੇ ਖੇਤਾਂ ਵਿਚ ਕੰਮ ਕਰਦੀਆਂ ਸਵਾਣੀਆਂ ਆਪਸ ਵਿਚ ਛੇੜ੍ਹਖਾਨੀਆਂ ਕਰਦੀਆਂ ਚਾਂਬੜ੍ਹੇ ਪਾ ਰਹੀਆਂ ਸਨ। ਸਾਇਕਲਾਂ ਅਤੇ ਰੇੜ੍ਹਿਆਂ ਉਪਰ ਬੈਠ ਕੇ ਘਰਾਂ ਨੂੰ ਮੁੜਦੇ ਮਜ਼ਦੂਰ ਅਤੇ ਕਿਸਾਨ ਉੱਚੀਆਂ ਹੇਕਾਂ ਲਾ-ਲਾ ਢੋਲੇ ਗਾ ਰਹੇ ਸਨ।”[88]

ਉਕਤ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਨਿਰਸੰਦੇਹ ਨਾਵਲਕਾਰ ਮਾਲਵੇ ਦੇ ਇਲਾਕੇ ਦਾ ਹੋਣ ਕਾਰਨ ਪੰਜਾਬੀ ਜਨ-ਜੀਵਨ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਿਆ ਭਾਵੇਂ ਉਸਦੇ ਨਾਵਲਾਂ ਵਿਚ ਅਦਾਲਤੀ ਸਭਿਆਚਾਰ ਦਾ ਵਰਨਣ ਹੋਇਆ ਹੈ। ਨਾਵਲਕਾਰ ਦੀ ਭਾਸ਼ਾ ਦੇ ਨਾਲ-ਨਾਲ ਉਸਦੀ ਬਿਰਤਾਂਤਕ ਸ਼ੈਲੀ ਬਾਰੇ ਦਿੱਤੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਵੀ ਵਿਚਾਰਨਯੋਗ ਹਨ। ਉਸਦੇ ਸਮੁੱਚੇ ਨਾਵਲਾਂ ਵਿਚ ਵਾਰਤਕ ਸ਼ੈਲੀ ਦੀ ਵਰਤੋਂ ਹੋਈ ਮਿਲਦੀ ਹੈ ਜਿਸ ਰਾਹੀਂ ਉਹ ਵੱਖ-ਵੱਖ ਪਾਤਰਾਂ ਦੇ ਸੰਬੰਧਾਂ ਨੂੰ ਉਜਾਗਰ ਕਰਦਾ ਹੈ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਅਨੁਸਾਰ, “ਕੌਰਵ ਸਭਾ ਨਾਵਲ ਦੀ ਮੁੱਖ ਵਿਧੀ ਵੀ ਵਾਰਤਕ ਰੂਪ ਵਿਚ ਪੇਸ਼ ਕੀਤੀ ਗਈ ਹੈ।”[89]

ਪ੍ਰੋ. ਗੁਰਬਖਸ਼ ਸਿੰਘ ਫਰੈਂਕ ਦੇ ਵਿਚਾਰ ਅਨੁਸਾਰ, “ਤਫ਼ਤੀਸ਼ ਦੋ ਗੱਲਾਂ ਕਰਕੇ ਵਿਲੱਖਣ ਹੈ : ਇਕ ਆਪਣੇ ਸਪਾਟ ਯਥਾਰਥ ਕਰਕੇ ਅਤੇ ਦੂਜਾ ਆਪਣੀ ਵਾਰਤਕ ਸ਼ੈਲੀ ਕਰਕੇ।”[90]

ਨਾਵਲਕਾਰ ਨੇ ਆਪਣੇ ਨਾਵਲਾਂ ਵਿਚ ਵਾਰਤਕ ਸ਼ੈਲੀ ਦੇ ਨਿਭਾਅ ਲਈ ਨਿੱਕੇ-ਨਿੱਕੇ ਵਾਕਾਂ, ਨਿੱਕੇ-ਨਿੱਕੇ ਪੈਰ੍ਹਿਆਂ ਦੀ ਮੱਦਦ ਨਾਲ ਵਿਅੰਗਾਤਮਕ ਬਿਰਤਾਂਤ ਸ਼ੈਲੀ ਦੀ ਵਰਤੋਂ ਕੀਤੀ ਹੈ। ਨਾਵਲਕਾਰ ਨੂੰ ਦੂਸਰੇ ਨਾਵਲਕਾਰਾਂ ਨਾਲੋਂ ਉਸਨੂੰ ਵਿਲੱਖਣ ਤੇ ਵਿਸ਼ੇਸ਼ ਬਣਾਉਣ ਵਾਲੀ ਪਾਤਰਾਂ ਅਤੇ ਘਟਨਾਵਾਂ ਨੂੰ ਵਿਅੰਗ ਅਤੇ ਕਟਾਖ਼ਸ਼ ਨਾਲ ਪੇਸ਼ ਕਰਨ ਵਾਲੀ ਉਸਦੀ ਇਹ ਬਿਰਤਾਂਤ ਸ਼ੈਲੀ ਹੀ ਹੈ।

ਸੋ ਨਾਵਲਕਾਰ ਨੇ ਆਪਣੇ ਨਾਵਲਾਂ ਵਿਚ ਭਾਸ਼ਾ ਨੂੰ ਅਜਿਹੇ ਤਰੀਕੇ ਨਾਲ ਵਰਤਿਆ ਹੈ ਕਿ ਉਸਦੇ ਨਾਵਲਾਂ ਦੀ ਬਣਤਰ ਦੀਆਂ ਵਸਤਾਂ, ਹਰ ਵਰਗ ਦੇ ਪਾਤਰ, ਉਹਨਾਂ ਦੇ ਕਾਰਜ ਅਤੇ ਜੀਵਨ ਦੀਆਂ ਘਟਨਾਵਾਂ, ਆਲੇ-ਦੁਆਲੇ ਦਾ ਵਾਤਾਵਰਨ ਆਦਿ ਉਪਰ ਆਧਾਰਿਤ ਦ੍ਰਿਸ਼ ਪਾਠਕ ਦੇ ਸਾਹਮਣੇ ਸਾਕਾਰ ਹੋ ਜਾਂਦੇ ਹਨ। ਨਾਵਲਕਾਰ ਦੇ ਨਾਵਲਾਂ ਵਿਚ ਸਿਰਜੇ ਬਾਹਰੀ ਯਥਾਰਥ ਨੂੰ ਰੂਪਮਾਨ ਕਰਨ ਲਈ ਵਰਤੀ ਗਈ ਭਾਸ਼ਾਈ ਪ੍ਰਗਟਾ ਵਿਧੀ ਨਾਵਲਾਂ ਦੇ ਵਿਸ਼ਿਆਂ ਨੂੰ ਗਹਿਰਾਈ ਤੋਂ ਰੂਪਮਾਨ ਕਰਨ ਵਾਲੀ, ਪਾਤਰਾਂ ਤੇ ਘਟਨਾਵਾਂ ਅਤੇ ਵਾਤਾਵਰਨ ਅਨੁਸਾਰ ਢੁੱਕਵੀਂ ਭਾਸ਼ਾਈ ਵਿਧੀ ਹੈ ਜਿਸਦੇ ਮਾਧਿਅਮ ਰਾਹੀਂ ਲੇਖਕ ਨੇ ਅਜੋਕੇ ਸਿਸਟਮ ਨੂੰ ਦ੍ਰਿਸ਼ਟਮਾਨ ਕੀਤਾ ਹੈ। ਲੇਖਕ ਨੂੰ ਆਪਣੇ ਪੇਸ਼ੇ ਕਾਰਨ ਭਾਸ਼ਾ ਦੀ ਵੰਨ-ਸੁਵੰਨਤਾ ਦਾ ਗਹਿਰਾ ਅਨੁਭਵ ਹੈ ਕਿਉਂਕਿ ਉਸਦੇ ਪੇਸ਼ੇ ਅਨੁਸਾਰ ਉਹਨਾਂ ਕੋਲ ਹਰ ਤਰ੍ਹਾਂ ਦੇ ਲੋਕ ਆਉਂਦੇ ਹਨ, ਜਿਸ ਕਾਰਨ ਉਸਦੇ ਨਾਵਲਾਂ ਦੀ ਭਾਸ਼ਾ ਵਿਸ਼ੇ ਦੇ ਅਨੁਕੂਲ ਸ਼ੁੱਧ, ਸਰਲ ਅਤੇ ਸਹਿਜਮਈ ਹੈ। ਲੇਖਕ ਦੇ ਨਵੇਂ ਅਤੇ ਰੁੱਖੇ ਵਿਸ਼ੇ ਨੂੰ ਭਾਸ਼ਾ ਰਾਹੀਂ ਆਮ ਪਾਠਕ ਤੱਕ ਪਹੁੰਚਾਉਣ ਦੀ ਵਧੀਆ ਵਿਧੀ ਕਿਹਾ ਜਾ ਸਕਦਾ ਹੈ।

## (ਹ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਲੋਕ ਸਾਹਿਤ ਦੇ ਸੰਦਰਭ ਵਿਚ ਮੁਹਾਵਰੇ, ਅਖਾਉਤਾਂ, ਮਿੱਥ ਅਤੇ ਕਥਾਨਕ-ਰੂੜ੍ਹੀਆਂ ਦੀ ਪ੍ਰਸੰਗਿਕਤਾ ਦੀ ਵਿਧੀ

ਲੋਕਯਾਨ ਸਮਾਜ ਵਿਚ ਮਨੁੱਖ ਦੁਆਰਾ ਸਿਰਜਤ ਸੂਖ਼ਮ ਭਾਵਾਂ ਦੇ ਮਾਧਿਅਮ ਦੁਆਰਾ ਅਭਿਵਿਅਕਤਿਤ ਬਹੁ-ਪਰਤੀ, ਬਹੁ-ਪਾਸਾਰੀ, ਜਟਿਲ ਤੇ ਗਤੀਸ਼ੀਲ ਵਰਤਾਰਾ ਹੈ। ਇਸਨੇ ਮੁੱਢ ਤੋਂ ਹੀ ਮਨੁੱਖੀ ਜੀਵਨ ਦੇ ਵਿਕਾਸ ਵਿਚ ਅਹਿਮ ਹਿੱਸਾ ਪਾਇਆ ਹੈ। ਇਸਦਾ ਘੇਰਾ ਬੜਾ ਵਿਸਤ੍ਰਿਤ ਹੋਣ ਕਾਰਨ ਇਸ ਵਿਚ ਮਨੁੱਖੀ ਜੀਵਨ, ਕਲਾ, ਸਾਹਿਤ ਅਤੇ ਧਰਮ ਵਿਚਲੇ ਹਰ ਛੋਟੇ ਤੋਂ ਛੋਟੇ ਪੱਖ ਸਮੋਏ ਹੋਏ ਹਨ। ਇਹਨਾਂ ਦਾ ਬਹੁਤਾ ਸੰਬੰਧ ਮਨੁੱਖੀ ਮਨ ਦੀ ਉਪਜ ਹੁੰਦਾ ਹੈ ਜੋ ਲੋਕਧਾਰਾ ਦਾ ਅਹਿਮ ਤੇ ਅਟੁੱਟ ਅੰਗ ਬਣਦਾ ਹੈ।

"ਲੋਕਧਾਰਾ ਮੂਲ ਰੂਪ ਵਿਚ ਲੋਕ-ਸੰਸਕ੍ਰਿਤੀ ਦਾ ਹੀ ਭਾਵੁਕ ਤੇ ਬੌਧਿਕ ਪਰਪੰਚ ਹੈ। ਲੋਕ ਸੰਸਕ੍ਰਿਤੀ ਦੀ ਯਾਤ੍ਰਾ ਸਦਾ ਪਰੰਪਰਾ ਮੁਖੀ ਰਹੀ ਹੈ। ਇਸ ਯਾਤ੍ਰਾ ਦਾ ਸਾਰਾ ਅਡੰਬਰ ਲੋਕਧਾਰਾ ਦਾ ਹੀ ਪਾਸਾਰ ਹੈ। ਲੋਕ ਸੰਸਕ੍ਰਿਤੀ ਦੀ ਹਰ ਮਾਨਸਿਕ ਅਤੇ ਭੌਤਿਕ ਪ੍ਰਕ੍ਰਿਆ ਦੇ ਵੇਗ ਦਾ ਮੂਲ ਸਰੋਤ ਸਮੂਹਿਕ ਚਿੱਤ ਹੁੰਦਾ ਹੈ।"[91]

ਸੋ ਲੋਕ ਸਾਹਿਤ ਲੋਕ ਮਨ ਦੀ ਤਰਜਮਾਨੀ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਵਿਸ਼ਿਸ਼ਟ ਸਾਹਿਤ ਦੀ ਉਤਪਤੀ ਵੀ ਲੋਕ-ਸਾਹਿਤ ਦੇ ਆਧਾਰ ਤੋਂ ਹੀ ਹੁੰਦੀ ਹੈ। ਸੋ ਹਰ ਤਰ੍ਹਾਂ ਦੇ ਸਾਹਿਤ ਦੀ ਮਕਬੂਲੀਅਤ ਲੋਕ ਸਾਹਿਤ ਦੇ ਅੰਸ਼ਾਂ ਦੁਆਰਾ ਹੀ ਹੁੰਦੀ ਹੈ, ਕਿਉਂਕਿ ਇਹ ਲੋਕਾਂ ਦੀਆਂ ਭਾਵਨਾਵਾਂ ਨੂੰ ਟੁੰਬਦਾ, ਪ੍ਰੇਰਿਤ ਤੇ ਪ੍ਰਭਾਵਿਤ ਕਰਦਾ ਹੈ। ਜੋ ਸਾਹਿਤ ਲੋਕਧਾਰਾ ਤੋਂ ਬਿਨਾਂ ਰਚਿਆ ਗਿਆ, ਲੋਕਾਂ (ਸਮਾਜ) ਨੇ ਪ੍ਰਵਾਨ ਨਹੀਂ ਕੀਤਾ। ਇਸ ਲਈ ਸਾਹਿਤ ਵਿਚ ਲੋਕਯਾਨਿਕ ਤੱਤ ਸਾਹਿਤਕਾਰ ਦੀ ਲੋਕਯਾਨਿਕ ਚੇਤਨਾ ਦੀ ਸਿਰਜਨਾ ਸ਼ਕਤੀ ਦਾ ਜ਼ਰੀਆ ਬਣਕੇ ਪੇਸ਼ ਹੁੰਦੇ ਹਨ। ਮਨੁੱਖ ਜਨਮ ਤੋਂ ਲੈ ਕੇ ਮਰਨ ਤੱਕ ਲੋਕਯਾਨ ਨਾਲ ਜੁੜਿਆ ਰਹਿੰਦਾ ਹੈ। ਇਸ ਕਰਕੇ ਹਰ ਸਾਹਿਤਕਾਰ ਆਪਣੇ ਜੀਵਨ ਦਾ ਅਨੁਭਵ ਚੇਤਨ ਜਾਂ ਅਵਚੇਤਨ ਤੌਰ ਤੇ ਆਪਣੇ ਲੋਕਯਾਨ ਸਭਿਆਚਾਰ ਵਿਚੋਂ ਹੀ ਪ੍ਰਾਪਤ ਕਰਦਾ ਰਹਿੰਦਾ ਹੈ। ਇਸ ਕਰਕੇ ਕਿਹਾ ਜਾਂਦਾ ਹੈ ਕਿ "ਸਾਹਿਤਕ ਰੂਪਾਂ ਦੇ ਨਿਰਮਾਣ ਵਿਚ ਲੋਕਯਾਨਿਕ ਸਮੱਗਰੀ ਦਾ ਵੱਡਾ ਹੱਥ ਹੁੰਦਾ ਹੈ।"[92]

ਸੋ ਹਰ ਸਾਹਿਤਕਾਰ ਆਪਣੇ ਅਨੁਭਵ ਅਨੁਸਾਰ ਆਪਣੀਆਂ ਸਾਹਿਤਕ ਕਿਰਤਾਂ ਵਿਚ ਲੋਕਯਾਨ ਤੱਤਾਂ ਦੀ ਸਿਰਜਨਾ ਕਰਦਾ ਹੈ ਤੇ ਇਹ ਤੱਤ ਜਦੋਂ ਪਰੰਪਰਾ ਬਣਕੇ ਪ੍ਰਚੱਲਿਤ ਹੁੰਦੇ ਹਨ ਤਾਂ ਲੋਕ ਸਮੂਹ ਦੀ ਪ੍ਰਵਾਨਗੀ ਪ੍ਰਾਪਤ ਕਰਦੇ ਹਨ ਤੇ ਲੋਕਯਾਨ ਅਖਵਾਉਂਦੇ ਹਨ। ਡਾ. ਜਸਬੀਰ ਸਿੰਘ ਅਨੁਸਾਰ, "ਲੋਕਧਾਰਾ ਮਨੁੱਖ ਦੇ ਸਭਿਆਚਾਰਕ ਵਰਤਾਰੇ ਦਾ ਉਹ ਮਹੱਤਵਪੂਰਨ ਪਾਸਾਰ ਹੈ ਜੋ ਕਿਸੇ ਲੋਕ ਸਮੂਹ ਦੀ ਸਿਰਜਣਾਤਮਕ ਯੋਗਤਾ ਰਾਹੀਂ ਹੋਂਦ ਵਿਚ ਆਉਂਦਾ ਹੈ ਅਤੇ ਲੋਕ ਜੀਵਨ ਵਿਚ ਪਰੰਪਰਾ ਬਣ ਕੇ ਪ੍ਰਚੱਲਿਤ ਹੁੰਦਾ ਹੈ।"[93]

ਲੋਕਯਾਨ ਸਮੂਹਿਕ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੋਇਆ ਹਮੇਸ਼ਾ ਪਰਿਵਰਤਨਸ਼ੀਲ ਰਹਿੰਦਾ ਹੈ। ਜਿਸ ਕਰਕੇ ਇਹ ਵਿਅਕਤੀਗਤ ਨਾ ਰਹਿ ਕੇ ਸਮੂਹਿਕ ਤੌਰ ਤੇ ਲੋਕਾਂ ਦੀ ਸਿਰਜਨਾ ਦਾ ਰੂਪ ਧਾਰ ਲੈਂਦਾ ਹੈ।

ਇਥੇ ਅਸੀਂ ਮਿੱਤਰ ਸੈਨ ਮੀਤ ਦੇ ਨਾਵਲ ਜਗਤ ਵਿਚ ਆਏ ਲੋਕ ਸਾਹਿਤ ਦੇ ਤੱਤਾਂ ਨੂੰ ਪਰਖਣ ਦੀ ਕੋਸ਼ਿਸ਼ ਕੀਤੀ ਹੈ।

ਨਾਵਲ ਦੀ ਹੋਂਦ ਵਿਧੀ ਬਾਰੇ ਕਿਹਾ ਜਾਂਦਾ ਹੈ ਕਿ ਇਹ ਕਾਲਪਨਿਕ ਹੁੰਦਾ ਹੋਇਆ ਵੀ ਜੀਵਨ ਦੇ ਸੱਚ ਨੂੰ ਰੂਪਮਾਨ ਕਰਦਾ ਹੈ। ਇਹ ਦੂਜੀਆਂ ਸਾਹਿਤਕ ਵਿਧਾਵਾਂ ਨਾਲੋਂ ਯਥਾਰਥ ਦੇ ਵਧੇਰੇ ਨੇੜੇ ਹੁੰਦਾ ਹੈ। ਇਸ ਵਿਚ ਸਮਕਾਲੀ ਜੀਵਨ ਦੀ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਸਮੱਸਿਆ ਕਿਸੇ ਨਾ ਕਿਸੇ ਰੂਪ ਵਿਚ ਪੇਸ਼ ਹੋਈ ਹੁੰਦੀ ਹੈ। ਨਾਵਲ ਵਿਚ ਜੀਵਨ ਅਨੁਭਵ ਦੀਆਂ ਤੰਦਾਂ ਨੂੰ ਅੰਤਰ-ਸੰਬੰਧਿਤ ਕਰਕੇ ਰੂਪਮਾਨ ਕਰਨ ਦਾ ਯਤਨ ਕੀਤਾ ਜਾਂਦਾ ਹੈ ਤੇ ਇਸੇ ਯਤਨ ਵਿਚ ਨਾਵਲਕਾਰ ਦੀ ਦਿਲਚਸਪੀ ਕੇਵਲ ਇਸਦੀ ਅਸਲੀਅਤ ਤੱਕ ਹੀ ਨਹੀਂ ਸਗੋਂ ਇਸਦੇ ਹੇਠਾਂ ਲੁਕੀ ਹੋਈ ਅਣਦਿਸਦੀ ਅਸਲੀਅਤ ਦੀਆਂ ਡੂੰਘੀਆਂ ਪਰਤਾਂ ਵੀ ਸਾਹਮਣੇ ਲਿਆਉਣ ਵਿਚ ਹੁੰਦੀ ਹੈ।

ਮਿੱਤਰ ਸੈਨ ਮੀਤ ਨੇ ਆਪਣੇ ਨਾਵਲ ਜਗਤ ਵਿਚ ਮੁੱਢਲੇ ਨਾਵਲ ਭੂਮੀਪਤੀ ਤੇ ਭੂਮੀਹੀਣ ਲੋਕਾਂ ਦੇ ਜੀਵਨ ਤੋਂ ਸ਼ੁਰੂ ਕਰਕੇ ਨਿਆਂਪਾਲਿਕਾ ਦੀਆਂ ਬਹੁ-ਪਾਸਾਰੀ ਪਰਤਾਂ ਦਾ ਪ੍ਰਗਟਾਵਾ ਕੀਤਾ ਹੈ। ਇਹ ਨਿਰੋਲ ਕਾਨੂੰਨ ਦੀਆਂ ਕਮੀਆਂ ਦੀ ਪੇਸ਼ਕਾਰੀ ਨਹੀਂ ਸਗੋਂ ਅਜੋਕੇ ਸਿਸਟਮ ਵਿਚ ਵਾਪਰਦੀਆਂ ਛੋਟੀਆਂ-ਛੋਟੀਆਂ ਅਨੇਕਾਂ ਘਟਨਾਵਾਂ ਰਾਹੀਂ ਲੋਕਾਂ ਦੀ ਮਾਨਸਿਕ ਅਵਸਥਾ ਅਤੇ ਸਭਿਆਚਾਰਕ ਤੱਤ ਨੂੰ ਰੂਪਮਾਨ ਕਰਦਾ ਹੋਇਆ ਸਮੁੱਚੇ ਨਾਵਲ ਜਗਤ ਵਿਚ ਲੋਕ ਸਾਹਿਤ ਨੂੰ ਨਿਵੇਕਲੇ ਰੰਗ ਰਾਹੀਂ ਮੁਹਾਵਰਿਆਂ ਅਤੇ ਅਖਾਉਤਾਂ ਦੇ ਰੂਪ ਵਿਚ ਪੇਸ਼ ਕਰਦਾ ਹੈ, ਜੋ ਆਮ ਪਾਠਕਾਂ ਦੇ ਮੂੰਹ ਚੜ੍ਹੇ ਹੋਏ ਹਨ। ਉਹਨਾਂ ਦੀ ਵਰਤੋਂ ਬੜੀ ਸਹਿਜ ਅਤੇ ਠਰ੍ਹੰਮੇ ਨਾਲ ਕੀਤੀ ਹੈ। ਉਸਦੇ ਸਮੁੱਚੇ ਨਾਵਲ ਜਗਤ ਦਾ ਹਰ ਵਾਕ, ਹਰ ਘਟਨਾ ਵਿਚ ਅਖਾਉਤਾਂ ਤੇ ਮੁਹਾਵਰਿਆਂ ਦੀ ਬਹੁਤਾਤ ਮਿਲਦੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ, "ਮੁਹਾਵਰਿਆਂ ਅਤੇ ਅਖੌਤਾਂ ਵਿਚ ਗੁੱਝੇ ਅਰਥਾਂ ਦੀ ਭਰਮਾਰ ਹੁੰਦੀ ਹੈ। ਕੇਵਲ ਸ਼ਬਦੀ ਅਰਥ ਹੀ ਮੁਹਾਵਰਾ ਨਹੀਂ ਹੁੰਦੇ ਸਗੋਂ ਮੁਹਾਵਰੇ ਵਿਚ ਗੁੱਝੇ ਅਰਥ ਕੁਝ ਹੋਰ ਹੁੰਦੇ ਹਨ। ਮੁਹਾਵਰਿਆਂ ਅਤੇ ਅਖੌਤਾਂ ਦੀ ਵਰਤੋਂ ਨਾਲ ਵਿਸ਼ੇਸ਼ ਉਦੇਸ਼ਾਂ ਦੀ ਪੂਰਤੀ ਹੁੰਦੀ ਹੈ।"[94]

ਨਾਵਲਕਾਰ ਨੇ ਆਪਣੇ ਨਾਵਲ ਜਗਤ ਵਿਚ ਅਨੇਕਾਂ ਅਖਾਉਤਾਂ ਦੀ ਵਰਤੋਂ ਕੀਤੀ ਹੈ ਜਿਸ ਨਾਲ ਉਸਦੇ ਸਮੁੱਚੇ ਨਾਵਲਾਂ ਦੀ ਭਾਸ਼ਾ ਜਿਥੇ ਢੁੱਕਵੀਂ ਲਗਦੀ ਹੈ ਉਥੇ ਸੰਖੇਪ ਰੂਪ ਵਿਚ ਬਹੁਤਾ ਕਹਿਣ ਦੀ ਸਮਰੱਥਾ ਵੀ ਰੱਖਦੀ ਹੈ। ਉਸਦੇ ਖ਼ਾਸ ਅਨੁਭਵ ਦਾ ਪ੍ਰਭਾਵ ਵੀ ਇਹਨਾਂ ਮੁਹਾਵਰਿਆਂ ਤੇ ਅਖਾਣਾਂ ਵਿਚੋਂ ਦਿਸਦਾ ਹੈ, ਜਿਵੇਂ "ਕੁੰਭ-ਕਰਨੀ ਨੀਂਦ ਸੁੱਤੀਆਂ ਸਰਕਾਰਾਂ ਕੋਲ ਕੈਦੀਆਂ ਦੀ ਸਾਰ ਲੈਣ ਅਤੇ ਨਿਯਮਾਂ ਵਿਚ ਸੋਧ ਕਰਨ ਦਾ ਵਕਤ ਨਹੀਂ ਹੈ।"[95]

ਇਸ ਮੁਹਾਵਰੇ ਰਾਹੀਂ ਨਾਵਲਕਾਰ ਨੇ ਜਿਥੇ ਸਰਕਾਰ ਦੇ ਬੇਫ਼ਿਕਰੀ ਤੇ ਵਿਅੰਗ ਕੀਤਾ ਹੈ ਉਥੇ ਆਪਣੀ ਵਿਚਾਰਧਾਰਾ ਵੀ ਬਿਆਨ ਕੀਤੀ ਹੈ। ਇਸ ਤਰ੍ਹਾਂ ਨਾਵਲਕਾਰ ਆਪਣੇ ਵੱਲੋਂ ਕਿਸੇ ਖ਼ਾਸ ਕਿਸਮ ਦੇ ਵਿਚਾਰ ਦਾ ਪ੍ਰਸਾਰ ਕਰਨ ਲਈ ਪਾਤਰਾਂ ਦੇ ਮੂੰਹੋਂ ਅਨੇਕਾਂ ਮੁਹਾਵਰੇ ਅਤੇ ਅਖੌਤਾਂ ਅਖਵਾਉਂਦਾ ਹੈ। ਅਜਿਹਾ ਕਰਦੇ ਹੋਏ ਉਸਨੇ ਲੋਕ ਸਾਹਿਤ ਨੂੰ ਇਕ ਜੁਗਤ ਵਜੋਂ ਵਰਤਿਆ ਹੈ।

ਕਰਮਜੀਤ ਜੱਸਲ ਨੇ 'ਕੌਰਵ-ਸਭਾ' ਨਾਵਲ ਵਿਚ ਵਰਤੇ ਗਏ ਮੁਹਾਵਰਿਆਂ ਬਾਰੇ ਇਹ ਕਿਹਾ ਹੈ, "ਮੁਹਾਵਰਿਆਂ ਦੀ ਵਰਤੋਂ ਨੇ ਇਸ ਨਾਵਲ ਦੀ ਸਹਿਜਮਈ ਪੜ੍ਹਤ ਨੂੰ ਅੰਤਰੀਵੀ ਭਾਵਾਂ ਤੱਕ ਲੈ ਜਾਣ ਵਿਚ ਬਹੁਤ ਮੱਦਦ ਕੀਤੀ ਹੈ। ਤਕਰੀਬਨ ਹਰ ਪੰਨੇ ਉਪਰ ਦੋ-ਚਾਰ, ਦੋ-ਚਾਰ ਮੁਹਾਵਰੇ ਜ਼ਰੂਰ ਵਰਤੇ ਗਏ ਹਨ। ਪਹਿਲਾ ਕਾਂਡ ਨੌਂ ਸਫ਼ੇ ਤੋਂ 20 ਸਫ਼ੇ ਤੱਕ ਫੈਲਿਆ ਹੋਇਆ ਹੈ। ਇਸ ਵਿਚ 46 ਮੁਹਾਵਰੇ ਵਰਤੇ ਗਏ ਹਨ ਜਿਸ ਤਰ੍ਹਾਂ ਭੰਬੂ ਤਾਰੇ ਨੱਚਣ ਲੱਗੇ, ਮੂੰਹ ਮੋਟੇ ਸਨ, ਮੱਥਾ ਠਣਕ ਜਾਣਾ, ਸੌ ਮਨ ਮੁਟਾਵ, ਖੱਖੜੀ-ਖੱਖੜੀ ਕਰ ਦੇਣਾ, ਆਦਿ। ਤਕਰੀਬਨ ਹਰ ਪੰਨੇ ਤੇ ਲੋਕ ਮੁਹਾਵਰਿਆਂ ਦੀ ਵਰਤੋਂ ਪਾਠਕ ਜਗਤ ਨੂੰ ਆਪਣੇ ਨਾਲ ਜੋੜਨ ਦੀ ਇਕ ਅਜਿਹੀ ਪਰਤ ਹੈ ਜਿਸ ਨਾਲ ਭਾਸ਼ਾ ਸਾਹਿਤਕ ਹੋਣ ਨਾਲੋਂ ਬੋਲ ਚਾਲੀ ਭਾਸ਼ਾ ਦੇ ਨੇੜੇ ਜਾਪਦੀ ਹੈ। ਇਸ ਨਾਲ ਆਮ ਪਾਠਕ ਵਧੇਰੇ ਸੌਖ ਨਾਲ ਨਾਵਲ ਸਮਝ ਸਕਦੇ ਹਨ।"[96]

ਸੋ ਨਾਵਲਕਾਰ ਨੇ ਕਲਾਤਮਿਕ ਜੁਗਤਾਂ ਦੇ ਪੱਖ ਤੋਂ ਮੁਹਾਵਰਿਆਂ ਅਤੇ ਅਖਾਉਤਾਂ ਨੂੰ ਸੁਭਾਵਿਕ ਹੀ ਵਰਤਿਆ ਹੈ। ਇਸ ਤਰ੍ਹਾਂ ਅਜੋਕੇ ਸਿਸਟਮ ਨੂੰ ਚਿਤਰਨ ਲਈ ਜਿਥੇ 'ਤਫ਼ਤੀਸ਼' ਨਾਵਲ ਵਿਚ ਨਾਵਲਕਾਰ ਨੂੰ ਕਟਾਖ਼ਸ਼ ਅਤੇ ਵਿਅੰਗ ਦੀ ਸ਼ੈਲੀ ਰਾਸ ਆਈ ਹੈ ਉਥੇ 'ਤਫ਼ਤੀਸ਼' ਨਾਵਲ ਵਿਚ ਵੀ ਬਹੁਤੇ ਥਾਵਾਂ ਤੇ ਮੁਹਾਵਰਿਆਂ ਅਤੇ ਅਖਾਉਤਾਂ ਦੀ ਵਰਤੋਂ ਕੀਤੀ ਹੈ। ਜਿਵੇਂ :

"ਘਰ ਖਾਣ ਜੋਗੇ ਦਾਣੇ ਹੁੰਦੇ ਤਾਂ ਉਹ ਕਦੋਂ ਦਾ ਕੁੱਤੀ ਨੌਕਰੀ ਨੂੰ ਲੱਤ ਮਾਰ ਜਾਂਦਾ... ਦਸ ਵੀਹ ਕਿਲੇ ਜ਼ਮੀਨ ਖਰੀਦ ਕੇ ਫਾਰਮ ਬਣਾ ਲੈਂਦਾ। ਹੁਣ ਕੀ ਨੰਗੀ ਨਹਾਏ ਅਤੇ ਕੀ ਨਚੋੜੇ ? ਜਿਹੜਾ ਥੋੜਾ ਬਹੁਤ ਕਮਾਉਂਦਾ ਹੈ, ਕਬੀਲਦਾਰੀ ਨਿਗਲ ਜਾਂਦੀ ਹੈ।"[97]

ਕਿਸੇ ਸੂਏ ਖਾਲ ਵਿਚ ਕੋਈ ਗਲੀ ਸੜੀ ਲਾਸ਼ ਟੱਕਰ ਜਾਵੇ ਤਾਂ ਠੁੱਡਾ ਮਾਰ ਕੇ ਅਗਾਂਹ ਰੋੜ ਦੇਈਦੈ। ਕੱਢ ਕੇ ਤਫ਼ਤੀਸ਼ ਨਹੀਂ ਸ਼ੁਰੂ ਕਰੀਦੀ। ਮਰਿਆ ਸੱਪ ਆਪ ਹੀ ਕੌਣ ਗਲ ਪਾਵੇ - ਅਖੇ ਮੁੱਲਾ ਭੱਜਾ ਮੌਤ ਤੋਂ ਅੱਗੇ ਮੌਤ ਖੜ੍ਹੀ।[98]

"ਦੁੱਧ ਦਾ ਫੂਕਿਆ ਜਿਵੇਂ ਲੱਸੀ ਨੂੰ ਵੀ ਫੂਕਾਂ ਮਾਰਦਾ ਹੈ। ਇਵੇਂ ਹੀ ਸ਼ਿਵ ਨਹੀਂ ਸੀ ਚਾਹੁੰਦਾ ਦਾਰੂ ਪੀ ਕੇ ਲਾਲਾ ਜੀ ਦੇ ਘਰ ਜਾਵੇ।"[99]

"ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ। ਸੈਂਕੜੇ ਘਰ ਤਬਾਹ ਕਰਕੇ ਹੁਣ ਇਹ ਪਾਠੀ ਬਣ ਗਿਐ।"[100]

ਸੋ ਉਪਰੋਕਤ ਟਿੱਪਣੀਆਂ ਵਿਚ ਮੀਤ ਦੀ ਕਲਾਤਮਿਕ ਪ੍ਰਤਿਭਾ ਨਾਵਲ ਵਿਚ ਵਰਤੇ ਗਏ ਮੁਹਾਵਰਿਆਂ ਤੇ ਅਖਾਉਤਾਂ ਰਾਹੀਂ ਦ੍ਰਿਸ਼ਟੀਗੋਚਰ ਹੁੰਦੀ ਹੈ, ਜਿਨਾਂ ਰਾਹੀਂ ਉਸਨੇ ਜ਼ਿੰਦਗੀ ਦੇ ਸੱਚ ਅਤੇ ਸੁਹਜ ਨੂੰ ਗਲਪੀ ਰੂਪ ਵਿਚ ਢਾਲ ਕੇ ਪੇਸ਼ ਕੀਤਾ ਹੈ। ਜਿਵੇਂ ਗੰਢ-ਤੁੱਪ ਕਰਨੀ, ਹੇਰਾ ਫੇਰੀ ਕਰਨੀ, ਪੇੜ ਨਾ ਗਿਣੋ ਅੰਬ ਖਾਓ, ਗੁੱਥੀ ਸੁਲਝਾਉਣੀ, ਮੱਥਾ ਠਣਕਣਾ, ਅੱਖਾਂ ਵਿਚ ਰੜਕਣਾ, ਦਾੜ੍ਹੀ ਨਾਲੋਂ ਮੁੱਛਾਂ ਵੱਡੀਆਂ ਹੋਣੀਆਂ, ਖਲਜਗਣ ਵਿਚ ਪੈਣਾ, ਖਤਰੇ ਦੀ ਘੰਟੀ ਖੜਕਣਾ, ਅੱਲੇ ਜ਼ਖ਼ਮਾਂ 'ਤੇ ਲੂਣ ਛਿੜਕਣਾ, ਪਾਣੀ ਵਾਂਗ ਪੈਸਾ ਵਹਾਉਣਾ, ਵਗਦੀ ਗੰਗਾ ਵਿਚ ਹੱਥ ਧੋਣੇ, ਉਹੋ ਬਾਗ਼ ਉਹੋ ਕੁਹਾੜਾ, ਸੂਲੀ ਚੜ੍ਹਨਾ ਆਦਿ ਅਖੌਤਾਂ ਤੇ ਮੁਹਾਵਰਿਆਂ ਰਾਹੀਂ ਜਿਥੇ ਉਸਨੇ ਆਪਣੀ ਯੋਗਤਾ ਦਾ ਸਬੂਤ ਦਿੱਤਾ ਹੈ, ਉਥੇ ਪਾਠਕਾਂ ਨੂੰ ਆਪਣੇ ਨਾਲ ਜੋੜਨ ਦੀ ਇਹ ਵਿਸ਼ੇਸ਼ ਜੁਗਤ ਵੀ ਵਰਤੀ ਹੈ। ਸੋ

ਨਾਵਲਕਾਰ ਨੇ ਤਕਰੀਬਨ ਨਾਵਲਾਂ ਦੇ ਹਰ ਪੰਨੇ ਤੇ ਮੁਹਾਵਰਿਆਂ ਦੀ ਵਰਤੋਂ ਕਰਕੇ ਜਿਥੇ ਨਾਵਲਾਂ ਵਿਚ ਰੌਚਿਕਤਾ ਪੈਦਾ ਕੀਤੀ ਹੈ ਉਥੇ ਠੇਠਤਾ ਵੀ ਰੂਪਮਾਨ ਕੀਤੀ ਹੈ।

ਡਾ. ਵਣਜਾਰਾ ਬੇਦੀ ਅਨੁਸਾਰ, "ਮੁਹਾਵਰਿਆਂ ਅਤੇ ਅਖੌਤਾਂ ਦੀ ਵਰਤੋਂ ਕਰਨਾ ਹਰ ਇਕ ਲੇਖਕ ਦੇ ਵੱਸ ਦਾ ਰੋਗ ਨਹੀਂ, ਕੇਵਲ ਉਹੀ ਲੇਖਕ ਇਸਦੀ ਵਰਤੋਂ ਕਰ ਸਕਦਾ ਹੈ ਜਿਸਨੂੰ ਇਨ੍ਹਾਂ ਦੇ ਗੁੱਝੇ ਅਤੇ ਸੰਕੇਤੀ ਅਰਥਾਂ ਦਾ ਬੋਧ ਹੋਵੇ। ਇਹ ਲੋਕ ਉਚਾਰ ਬੋਲੀ ਵਿਚ ਸੁਆਦ ਭਰਕੇ ਉਸਨੂੰ ਵਿਅੰਗਮਈ ਬਣਾ ਦਿੰਦੇ ਹਨ।"[101]

ਸੋ ਉਕਤ ਟਿੱਪਣੀ ਦੇ ਸੰਦਰਭ ਵਿਚ ਨਾਵਲਕਾਰ ਬਾਰੇ ਕਿਹਾ ਜਾ ਸਕਦਾ ਹੈ ਕਿ ਉਸਨੇ ਆਪਣੇ ਅਨੁਭਵ ਨੂੰ ਗਲਪਮਈ ਰੂਪ ਵਿਚ ਢਾਲਣ ਲਈ ਮੁਹਾਵਰਿਆਂ ਅਤੇ ਅਖਾਉਤਾਂ ਦੀ ਸੁਚੱਜੇ ਢੰਗ ਨਾਲ ਵਰਤੋਂ ਕੀਤੀ ਹੈ।

ਮਿੱਤਰ ਸੈਨ ਮੀਤ ਦੇ ਨਾਵਲ ਜਗਤ ਵਿਚ ਵਰਤੀਆਂ ਕਥਾਨਕ ਰੂੜ੍ਹੀਆਂ ਬਾਰੇ ਚਰਚਾ ਕਰਨ ਤੋਂ ਪਹਿਲਾਂ ਸੰਖੇਪ ਵਿਚ ਕਥਾਨਕ ਰੂੜ੍ਹੀਆਂ ਬਾਰੇ ਜਾਣ ਲੈਣਾ ਅਨਿਵਾਰੀ ਜਾਪਦਾ ਹੈ, ਕਿਉਂਕਿ ਕਥਾਨਕ ਰੂੜ੍ਹੀਆਂ ਨਾਵਲ ਦੇ ਤੱਤਾਂ ਵਿਚ ਪ੍ਰਮੁੱਖ ਤੱਤ ਹਨ ਜੋ ਨਾਵਲ ਦੇ ਸਮੁੱਚੇ ਸੰਗਠਨ ਵਿਚਲੇ ਕਾਰਜ ਨੂੰ ਗਤੀਸ਼ੀਲਤਾ ਪ੍ਰਦਾਨ ਕਰਦੀਆਂ ਹਨ ਅਤੇ ਨਾਵਲ ਦੇ ਗਲਪੀ ਬਿੰਬ ਨੂੰ ਉਭਾਰਨ ਵਿਚ ਸਹਾਇਤਾ ਕਰਦੀਆਂ ਹਨ। ਕਥਾਨਕ ਰੂੜ੍ਹੀ ਅੰਗਰੇਜ਼ੀ ਦੇ ਸ਼ਬਦ 'Motif' ਦਾ ਅਨੁਵਾਦ ਹੈ।

ਵਣਜਾਰਾ ਬੇਦੀ ਅਨੁਸਾਰ, "ਮੋਟਿਫ਼ ਸ਼ਬਦ ਨੂੰ ਰੂੜ੍ਹੀ ਦੇ ਅਰਥਾਂ ਵਿਚ ਇਸਤੇਮਾਲ ਕਰਦਾ ਹੈ ਉਸ ਅਨੁਸਾਰ ਕਥਾਨਕ ਰੂੜ੍ਹੀ ਸ਼ਬਦ ਕਿਸੇ ਵੀ ਉਸ ਤੱਤ ਲਈ ਵਰਤ ਲਿਆ ਜਾਂਦਾ ਹੈ ਜੋ ਕਥਾ ਕਹਾਣੀ ਦੀ ਸਿਰਜਨਾ ਵਿਚ ਵਸਤੂ ਬਣੇ ਪਰੰਤੂ ਕੋਈ ਤੱਤ ਜਦੋਂ ਕਥਾ ਪਰੰਪਰਾ ਵਿਚ ਵਿਲੀਤ ਹੁੰਦਾ ਹੈ ਤਾਂ ਉਸ ਵਿਚ ਕੁਝ ਵਿਲੱਖਣਤਾ ਅਤੇ ਵੱਖਰਤਾ ਹੋਵੇ ਨਹੀਂ ਤਾਂ ਇਹਨਾਂ ਤੱਤਾਂ ਦੇ ਮੁੜ-ਮੁੜ ਦੁਹਰਾਏ ਜਾਣ ਦੀ ਕੋਈ ਸੰਭਾਵਨਾ ਨਹੀਂ ਰਹਿੰਦੀ। ਪ੍ਰਸਿੱਧ ਰੂਸੀ ਰੂਪਵਾਦੀ ਸਾਹਿਤ ਸ਼ਾਸਤਰੀ ਬੋਰਿਸ ਤਮਾਸਕੋਵਸਕੀ ਮੋਟਿਫ਼ ਨੂੰ ਬਿਰਤਾਂਤਕ ਰਚਨਾ ਦਾ ਉਹ ਛੋਟੇ ਤੋਂ ਛੋਟਾ ਟੁਕੜਾ ਮੰਨਦਾ ਹੈ, ਜਿਸਨੂੰ ਹੋਰ ਅਗਾਂਹ ਘਟਾਇਆ ਨਹੀਂ ਜਾ ਸਕਦਾ।"[102]

ਨਰਵਿੰਦਰ ਸਿੰਘ ਕੌਸ਼ਲ ਨੇ ਉਪਰੋਕਤ ਪਰਿਭਾਸ਼ਾਵਾਂ ਨੂੰ ਆਧਾਰ ਬਣਾਕੇ ਕਥਾਨਕ ਰੂੜ੍ਹੀਆਂ ਦੀ ਪਰਿਭਾਸ਼ਾ ਇਸ ਤਰ੍ਹਾਂ ਨਿਸ਼ਚਿਤ ਕੀਤੀ ਹੈ :

"ਸਾਧਾਰਨ ਅਰਥਾਂ ਵਿਚ ਕਥਾਨਕ ਰੂੜ੍ਹੀ ਝਰਵਰਜ ਉਸ ਸ਼ਬਦ ਵਿਚਾਰ ਜਾਂ ਕਥਾ ਤੱਤ ਨੂੰ ਕਿਹਾ ਜਾ ਸਕਦਾ ਹੈ ਜੋ ਇਕੋ ਜਿਹੀ ਸਥਿਤੀ ਵਿਚ ਇਕੋ ਜਿਹਾ ਪ੍ਰਭਾਵ ਪੈਦਾ ਕਰਨ ਲਈ ਕਿਸੇ ਇਕ ਰਚਨਾ ਜਾਂ ਵਧੇਰੇ ਰਚਨਾਵਾਂ ਵਿਚ ਵਾਰ-ਵਾਰ ਦੁਹਰਾਇਆ ਜਾਂਦਾ ਹੈ। ਰੂੜ੍ਹੀ ਸ਼ਬਦ ਭਾਵੇਂ ਰਲੇ ਮਿਲੇ ਰੂਪ ਵਿਚ ਵਰਤ ਲਿਆ ਜਾਂਦਾ ਹੈ ਪਰੰਤੂ ਇਸਦੀ ਵਰਤੋਂ ਨੂੰ ਸੁਨਿਸਚਿਤ ਕਰਨ ਲਈ ਸਾਹਿਤ ਖੇਤਰ ਦੀਆਂ ਰੂੜ੍ਹੀਆਂ ਲਈ ਸਾਹਿਤਕ ਰੂੜ੍ਹੀਆਂ, ਕਥਾ ਦੇ ਖੇਤਰ ਲਈ ਕਥਾਨਕ ਰੂੜ੍ਹੀਆਂ ਅਤੇ ਕਥਾਨਕ ਦੇ ਖੇਤਰ ਲਈ ਕਥਾਨਕ ਰੂੜ੍ਹੀਆਂ ਸ਼ਬਦ ਨਿਸ਼ਚਿਤ ਕੀਤੇ ਜਾਂਦੇ ਹਨ। ਮੋਟਿਫ਼ ਕਿਸੇ ਸਭਿਆਚਾਰ ਦਾ ਪਛਾਣ ਮੋਟਿਫ਼ ਚਿੰਨ੍ਹ ਹੁੰਦੇ ਹਨ। ਸਾਹਿਤ ਦੇ ਕਿਸੇ ਵੀ ਰੂਪਾਕਾਰ ਦਾ ਅਧਿਐਨ ਜਦੋਂ ਅਸੀਂ ਮੋਟਿਫ਼ ਵਿਸ਼ਲੇਸ਼ਣ ਰਾਹੀਂ ਕਰਦੇ ਹਾਂ ਤਾਂ ਅਸੀਂ ਕਿਸੇ ਸੰਸਕ੍ਰਿਤੀ ਦਾ ਅਧਿਐਨ ਕਰ ਰਹੇ ਹੁੰਦੇ ਹਾਂ।"[103]

ਉਪਰੋਕਤ ਪਰਿਭਾਸ਼ਾਵਾਂ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਭਾਰਤ ਦੀ ਸੰਸਕ੍ਰਿਤੀ ਤੇ ਸਭਿਆਚਾਰ ਦੀ ਪਰੰਪਰਾ ਬਹੁਤ ਅਮੀਰ ਹੈ ਜੋ ਕਿ ਕਥਾਨਕ ਰੂੜ੍ਹੀਆਂ ਦੀ ਜੜ੍ਹ ਮੰਨੀ ਜਾ ਸਕਦੀ ਹੈ ਕਿਉਂਕਿ ਅਨੇਕਾਂ ਕਥਾਨਕ ਰੂੜ੍ਹੀਆਂ ਇਸੇ ਸੰਸਕ੍ਰਿਤੀ ਤੇ ਸਭਿਆਚਾਰ ਵਿਚੋਂ ਦੀ ਗੁਜ਼ਰਦੀਆਂ ਪੀੜ੍ਹੀ-ਦਰ-ਪੀੜ੍ਹੀ ਹੁੰਦੀਆਂ ਆਧੁਨਿਕ ਦੌਰ ਤੱਕ ਪੁੱਜੀਆਂ ਹਨ। ਇਸੇ ਕਾਰਨ ਅੱਜ ਦੇ ਯੁੱਗ ਦਾ ਗਲਪਕਾਰ ਵੀ ਆਪਣੀਆਂ ਰਚਨਾਵਾਂ ਵਿਚ ਮੁੱਢ ਤੋਂ ਚਲੀਆਂ ਆ ਰਹੀਆਂ ਕਥਾਨਕ ਰੂੜ੍ਹੀਆਂ ਨੂੰ ਮਿੱਥ ਤੇ ਲੋਕ ਵਿਸ਼ਵਾਸਾਂ ਨੂੰ ਨਵੇਂ ਪ੍ਰਸੰਗ ਵਿਚ ਵਰਤਦਾ ਨਜ਼ਰ ਆਉਂਦਾ ਹੈ, ਜਿਨ੍ਹਾਂ ਨੂੰ ਆਧਾਰ ਬਣਾ ਕੇ ਆਧੁਨਿਕ ਜੀਵਨ ਦੀਆਂ ਹਕੀਕਤਾਂ ਤੇ ਸਮੱਸਿਆਵਾਂ ਨੂੰ ਰੂਪਮਾਨ ਕਰਦਾ ਹੈ।

ਮਿੱਤਰ ਸੈਨ ਮੀਤ ਨੇ ਆਪਣੇ ਨਾਵਲ ਜਗਤ ਵਿਚ ਲੋਕਯਾਨ ਨੂੰ ਧਰਮਮੂਲਕ ਸਾਂਸਕ੍ਰਿਤਕ ਵਿਸ਼ਵਾਸਾਂ, ਕਰਮ-ਕਾਂਡਾਂ ਦੀ ਪ੍ਰਸੰਗਤਾ ਵਿਚ ਪੁਨਰ-ਸਿਰਜਤ ਕੀਤਾ ਹੈ। ਜਿਵੇਂ 'ਤਫ਼ਤੀਸ਼' ਨਾਵਲ ਵਿਚ ਮੁਨਸ਼ੀ ਮਜ਼ਾਰ ਅੱਗੇ ਹੱਥ ਬੰਨ੍ਹ ਕੇ ਅਰਦਾਸ ਕਰਦਾ ਹੋਇਆ ਪ੍ਰਸ਼ਾਦ ਚੜ੍ਹਾਉਣ ਦੀ ਸੁਖਨਾ ਸੁੱਖਦਾ ਹੈ :

"ਘੱਲ ਬਾਬਾ ਕੋਈ ਅਸਾਮੀ ... ਦਸਵੇਂ ਦਸੌਂਦ ਦਾ ਪ੍ਰਸ਼ਾਦ ਚੜ੍ਹਾਊਂ... ਖ਼ਾਸੇ ਕੰਮ ਰੁਕੇ ਪਏ ਨੇ...।"[104]

ਉਕਤ ਪ੍ਰਸੰਗ ਲੋਕਮਨ ਨੂੰ ਦਰਸਾਉਂਦਾ ਹੈ ਕਿ ਮੁਨਸ਼ੀ ਦੀ ਦਿਲੀ ਇੱਛਾ ਮਜ਼ਾਰ ਤੇ ਪ੍ਰਸ਼ਾਦ ਚੜ੍ਹਾਉਣ ਨਾਲ ਪੂਰੀ ਹੋਵੇਗੀ। ਇਹ ਕਰਮ-ਕਾਂਡ ਲੋਕ ਵਿਸ਼ਵਾਸਮੂਲਕ ਲੋਕਯਾਨਿਕ ਤੱਤ ਹੈ। ਇਸ ਤਰ੍ਹਾਂ ਇਸ ਨਾਵਲ ਵਿਚ ਲੇਖਕ ਨੇ ਮਿੱਠੂ ਸੇਠ ਦੀ ਕੋਠੀ ਦਾ ਵੇਰਵਾ ਦਿੱਤਾ ਹੈ ਜਿਸਨੂੰ ਸ਼ਮਸਾਨਘਾਟ ਬਣਾ ਦਿੱਤਾ ਜਾਂਦਾ ਹੈ ਜਿਸ ਬਾਰੇ ਲੋਕਾਂ ਨੇ ਦੰਦ ਕਥਾ ਸੁਣੀ ਹੁੰਦੀ ਹੈ :

"ਜਿਸ ਸੇਠ ਨੇ ਇਹ ਹਵੇਲੀ ਬਣਵਾਈ ਸੀ, ਉਹ ਚੌਦਾਂ ਧੀਆਂ ਪੁੱਤੇ ਜੰਮ ਕੇ ਵੀ ਔਂਤ ਮਰਿਆ ਸੀ। ਉਸ ਜੋੜੇ ਦੀ ਰੂਹ ਇਸ ਹਵੇਲੀ ਵਿਚ ਭਟਕਦੀ ਫਿਰਦੀ ਹੈ। ਲੋਕਾਂ ਨੇ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਅਤੇ ਚੀਕਾਂ ਇਸ ਹਵੇਲੀ ਵਿਚੋਂ ਸੁਣੀਆਂ ਸਨ। ਕਈ ਆਖਦੇ ਸਨ ਇਥੇ ਕਾਲਾ ਨਾਗ ਸਾਰਾ ਦਿਨ ਫੂੰਕਾਰੇ ਮਾਰਦਾ ਰਹਿੰਦਾ ਹੈ। ਹਵੇਲੀ 'ਚ ਰਹਿਣਾ ਤਾਂ ਇਕ ਪਾਸੇ ਰਿਹਾ, ਡਰਦਾ ਕੋਈ ਉਧਰ ਲੰਘਦਾ ਵੀ ਨਹੀਂ ਸੀ।"[105]

ਇਸ ਤਰ੍ਹਾਂ ਲੇਖਕ ਨੇ ਪੌਰਾਣਿਕ ਦੰਦ ਕਥਾਵਾਂ ਰਾਹੀਂ ਲੋਕ ਵਿਸ਼ਵਾਸਾਂ ਨੂੰ ਆਧੁਨਿਕ ਪ੍ਰਸੰਗ ਵਿਚ ਰੱਖ ਕੇ ਚਿਤਰਿਆ ਹੈ ਕਿ ਲਾਲੇ ਨੇ ਬੇਸ਼ੱਕ ਸੇਠ ਦੀ ਹਵੇਲੀ ਸ਼ਮਸਾਨਘਾਟ ਲਈ ਸੰਵਾਰ ਲਈ ਪਰੰਤੂ ਲੋਕਾਂ ਦਾ ਵਿਸ਼ਵਾਸ ਉਸ ਤਰ੍ਹਾਂ ਕਾਇਮ ਹੈ। ਇਸੇ ਤਰ੍ਹਾਂ 'ਕੌਰਵ-ਸਭਾ' ਨਾਵਲ ਵਿਚ ਲੇਖਕ ਨੇ ਭਾਰਤੀ ਧਰਮਮੂਲਕ ਸੰਸਕਾਰਾਂ ਅਧੀਨ ਕੁੰਡਲਣੀ ਸ਼ਕਤੀ ਦੇ ਸੰਕਲਪ ਨੂੰ ਮਨੁੱਖੀ ਮਾਨਸਿਕਤਾ ਦੇ ਅੰਦਰੂਨੀ ਰੂਪ ਨੂੰ ਪੇਸ਼ ਕੀਤਾ ਹੈ। ਜਿਵੇਂ :

"ਸਹਿਯੋਗ ਸੰਸਥਾ ਦੀ ਸਥਾਪਨਾ ਮਾਤਾ ਕਲਿਆਣੀ ਜੀ ਨੇ ਕੀਤੀ ਸੀ। ਉਨ੍ਹਾਂ ਦਾ ਦਾਅਵਾ ਸੀ ਕਿ ਉਹ ਭਗਵਾਨ ਸ਼ਿਵ ਦਾ ਆਦੀ ਸ਼ਕਤੀ ਮਾਂ ਪਾਰਵਤੀ ਦਾ ਅਵਤਾਰ ਸਨ। ਉਨ੍ਹਾਂ ਦਾ ਅਵਤਾਰ ਲੋਕ ਕਲਿਆਣ ਲਈ ਹੋਇਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਗਰਭ ਦੇ ਢਾਈਵੇਂ ਮਹੀਨੇ ਜੀਵ ਆਤਮਿਕ ਸ਼ਕਤੀ ਦਾ ਪ੍ਰਵੇਸ਼ ਹੁੰਦਾ ਸੀ। ਇਹ ਸ਼ਕਤੀ ਮਨੁੱਖ ਦੇ ਤਾਲੂਏ ਰਾਹੀਂ ਪ੍ਰਵੇਸ਼ ਕਰਦੀ ਸੀ ਅਤੇ ਸਰੀਰ ਦੇ ਸੱਤਾਂ ਕੇਂਦਰਾਂ ਰਾਹੀਂ ਗੁਜ਼ਰ

ਕੇ ਉਨ੍ਹਾਂ ਕੇਂਦਰਾਂ ਰਾਹੀਂ ਸੰਚਾਲਿਤ ਅੰਗਾਂ ਨੂੰ ਕਿਰਿਆਸ਼ੀਲ ਕਰਦੀ ਸੀ। ...ਆਤਮਾ ਦਾ ਆਪਣੇ ਮੂਲ ਸਰੋਤ ਪ੍ਰਮਾਤਮਾ ਨਾਲ ਸੰਪਰਕ ਸਥਾਪਤ ਹੁੰਦਾ ਸੀ।"[106]

ਉਕਤ ਸਾਰੇ ਕਰਮ-ਕਾਂਡ ਲੋਕ ਵਿਸ਼ਵਾਸਮੂਲਕ ਲੋਕਯਾਨਿਕ ਤੱਤ ਹਨ, ਜਿਹੜੇ ਭਾਰਤੀ ਸੰਸਕ੍ਰਿਤੀ ਦੇ ਪਰੰਪਰਾਗਤ ਧਰਮ ਦਾ ਅਨਿੱਖੜ ਅੰਗ ਹਨ। ਇਹਨਾਂ ਧਾਰਮਿਕ ਕਰਮ-ਕਾਂਡਾਂ ਤੋਂ ਬਿਨਾਂ ਬਾਕੀ ਲੋਕ-ਵਿਸ਼ਵਾਸਾਂ ਦੇ ਵੱਖ-ਵੱਖ ਰੂਪ, ਮਾਤਾ ਦੇ ਕੁੰਡਲਣੀ ਤੇ ਕੀਤੇ ਜਾਗਰਨ, ਐਤਵਾਰ ਨੂੰ ਘਰ ਹੁੰਦੀ ਸਤਿਸੰਗ, ਭਜਨ ਮੰਡਲੀਆਂ, ਸਰਾਪ ਆਦਿ ਦਾ ਨਾਵਲ ਵਿਚ ਬਹੁਤੀਆਂ ਥਾਵਾਂ ਤੇ ਵਰਨਣ ਹੋਇਆ ਮਿਲਦਾ ਹੈ। ਜਿਵੇਂ : "ਹੁਣ ਕਿਸੇ ਤਾੜਕਾਸੁਰ ਨੇ ਨੇਹਾ ਦੀਆਂ ਸਾਰੀਆਂ ਵੈਦਿਕ ਸ਼ਕਤੀਆਂ ਹਰ ਲਈਆਂ ਸਨ। ਉਸਨੂੰ ਇਕ ਸਰਾਪੀ ਜ਼ਿੰਦਗੀ ਜਿਊਣੀ ਪੈ ਰਹੀ ਸੀ।"[107]

ਨਾਵਲਕਾਰ ਨੇ ਪੌਰਾਣਿਕ ਮਿੱਥ ਨੂੰ ਆਧੁਨਿਕ ਪ੍ਰਸੰਗ ਵਿਚ ਚਿਤਰਿਆ ਹੈ ਕਿ ਬੁਰੇ ਕੰਮ ਕਰਨ ਵਾਲਿਆਂ ਦੀ ਜ਼ਿੰਦਗੀ ਸਰਾਪੀ ਜਾਂਦੀ ਹੈ। ਜਿਸ ਤਰ੍ਹਾਂ ਨੇਹਾ ਦੇ ਚੰਗੇ ਦਿਨਾਂ ਤੋਂ ਬੁਰੇ ਦਿਨ ਆ ਜਾਂਦੇ ਹਨ। ਇਹ ਵੀ ਲੋਕ ਮਨ ਦੀ ਰੂੜ੍ਹੀ ਹੈ। ਇਸ ਤਰ੍ਹਾਂ ਹੀ ਲੇਖਕ ਨੇ ਲੋਕ ਸਾਹਿਤ ਦੇ ਪੁਰਾਤਨ ਰੂਪ ਮਹਾਂਭਾਰਤ ਦੀ ਮਿੱਥ ਨੂੰ ਆਪਣੇ ਨਾਵਲ 'ਕੌਰਵ-ਸਭਾ' ਵਿਚ ਆਧਾਰ ਬਣਾ ਕੇ ਇਸਨੂੰ ਆਧੁਨਿਕ ਪ੍ਰਸੰਗ ਵਿਚ ਪੁਨਰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਬਾਰੇ ਚਰਚਾ ਕਰਨ ਤੋਂ ਪਹਿਲਾਂ ਸੰਖੇਪ ਵਿਚ ਮਿੱਥ ਬਾਰੇ ਜਾਣ ਲੈਣਾ ਜ਼ਰੂਰੀ ਜਾਪਦਾ ਹੈ।

ਕਰਨੈਲ ਸਿੰਘ ਥਿੰਦ ਅਨੁਸਾਰ, "ਮਿੱਥ ਮਨੁੱਖ ਦੀ ਇਕ ਸਭਿਆਚਾਰਕ ਪ੍ਰਾਪਤੀ ਹੈ। ਇਸਦਾ ਸਿਰਜਣ ਅਤੇ ਪ੍ਰਚਲਨ ਲੋਕ-ਜੀਵਨ ਅਤੇ ਲੋਕ-ਸਭਿਆਚਾਰ ਦੇ ਖੇਤਰ ਵਿਚ ਹੋਣ ਕਰਕੇ, ਇਹ ਲੋਕਯਾਨ ਦੇ ਖੇਤਰ ਦਾ ਇਕ ਵਿਸ਼ੇਸ਼ ਭਾਗ ਬਣ ਜਾਂਦੀ ਹੈ। ਲੋਕਯਾਨ ਦਾ ਵਿਸ਼ਾਲ ਅਧਿਐਨ ਖੇਤਰ ਸਮਸਤ ਮਨੁੱਖੀ ਸਮਾਜ, ਇਸਦੇ ਮੂਲ ਵਿਸ਼ਵਾਸਾਂ ਅਤੇ ਵਿਉਹਾਰਾਂ ਨੂੰ ਆਪਣੇ ਕਲਾਵੇ ਵਿਚ ਸਮੇਟ ਲੈਂਦਾ ਹੈ। ਮਿੱਥ ਵਿਚ ਮਾਨਵ ਜਾਤੀ ਦਾ ਸਾਂਸਕ੍ਰਿਤਕ ਇਤਿਹਾਸ ਉਲੀਕਿਆ ਹੈ।"[108]

ਇਸ ਕਰਕੇ ਮਿੱਥ ਨੂੰ ਵੀ ਲੋਕਯਾਨ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। ਸੋ ਨਾਵਲਕਾਰ ਨੇ ਲੋਕਯਾਨ ਸਾਹਿਤ ਦੇ ਪੁਰਾਤਨ ਰੂਪ ਮਿਥਿਹਾਸਿਕ ਕਥਾਵਾਂ ਦੇ ਪਾਤਰ ਅਤੇ ਘਟਨਾਵਾਂ ਨੂੰ ਇਕ ਵਿਸ਼ੇਸ਼ ਪ੍ਰਕਾਰ ਦੇ ਜੀਵਨ ਮੁੱਲਾਂ ਰਾਹੀਂ ਲੋਕ ਮਨਾਂ ਵਿਚ ਸਥਾਪਤ ਕਰਦਾ ਹੈ। ਉਸਨੇ ਮਹਾਂਭਾਰਤ ਦੀ ਘਟਨਾ ਅਤੇ ਸਥਿਤੀ ਦੀ ਪੁਨਰ-ਸਿਰਜਨਾ ਕਰਦਿਆਂ ਹੋਇਆਂ ਆਧੁਨਿਕ ਯੁੱਗ ਦੀਆਂ ਸੰਗੀਨ ਸਮੱਸਿਆਵਾਂ ਦਾ ਚਿਤਰਨ ਬੜੇ ਪ੍ਰਭਾਵਸ਼ਾਲੀ ਤੇ ਕਲਾਤਮਕ ਢੰਗ ਨਾਲ ਕੀਤਾ ਹੈ।

ਜੋਗਿੰਦਰ ਸਿੰਘ ਰਾਹੀ ਅਨੁਸਾਰ, "ਇਸ ਤਰ੍ਹਾਂ ਰਮਾਇਣ ਵਿਚੋਂ ਪੁਰਾਣੀ ਪਰੰਪਰਾ ਦੇ ਅਤੇ ਮਹਾਂਭਾਰਤ ਵਿਚੋਂ ਵੀ ਹਵਾਲੇ ਆਉਂਦੇ ਹਨ। ਇਹ ਅੰਤਰ-ਪਾਠ ਹੈ। ਸੋ ਕੁਝ ਅੰਤਰ-ਪਾਠ ਅਜਿਹੇ ਹਨ ਜੋ ਸਪੱਸ਼ਟ ਹਨ, ਕੁਝ ਅਜਿਹੇ ਹਨ ਜਿਹੜੇ ਸਪੱਸ਼ਟ ਨਹੀਂ। ਸਾਡੇ ਕੋਲ ਉਹਨਾਂ ਨੂੰ ਸਮਝਣ ਲਈ ਅੰਤਰ-ਦ੍ਰਿਸ਼ਟੀ ਚਾਹੀਦੀ ਹੈ। ਅਜਿਹੇ ਪਾਠਾਂ ਦੀ ਸਹਾਇਤਾ ਨਾਲ ਸਾਰੇ ਨਾਵਲ ਦੇ ਵਿਚ ਇਕ ਸੁਰ ਚਲਦੀ ਹੈ, ਉਹ ਸੁਰ ਹੈ ਹਵਾਲਿਆਂ ਦੀ।"[109]

ਨਾਵਲਕਾਰ ਨੇ ਅਨੇਕਾਂ ਘਟਨਾਵਾਂ ਅਤੇ ਪਾਤਰ ਮਹਾਂਭਾਰਤ ਵਿਚੋਂ ਹੀ ਲਏ ਹਨ ਕਿਉਂਕਿ ਇਸ ਨਾਵਲ ਵਿਚ ਮੋਹਨ ਅਤੇ ਵੇਦ ਦੋਵੇਂ ਭਰਾਵਾਂ ਦੇ ਵਿਚ ਸੌ ਗਜ਼ ਦੇ ਪਲਾਟ ਨੂੰ ਲੈ ਕੇ ਝਗੜਾ ਹੋ ਜਾਂਦਾ ਹੈ ਜਿਸਦਾ ਲੰਮਾ ਯੁੱਧ ਅਦਾਲਤ ਦੇ ਮੈਦਾਨ ਵਿਚ ਹੁੰਦਾ ਹੈ। ਮਹਾਂਭਾਰਤ ਵਿਚ ਜਿਥੇ ਨੇਕੀ ਦੀ ਜਿੱਤ ਹੁੰਦੀ ਹੈ ਅਤੇ ਪਾਂਡਵਾਂ ਨੂੰ ਇਨਸਾਫ਼ ਮਿਲਦਾ ਹੈ, ਉਥੇ 'ਕੌਰਵ-ਸਭਾ' ਨਾਵਲ ਵਿਚ ਆਧੁਨਿਕ ਯੁੱਗ ਦੇ ਮਹਾਂਭਾਰਤ ਵਿਚ ਨੇਕੀ ਦੀ ਹਾਰ ਤੇ ਬਦੀ ਦੀ ਜਿੱਤ ਹੁੰਦੀ ਹੈ।

"ਜਦੋਂ ਤੱਕ ਮੁਦੱਈਆਂ ਨੇ ਕਾਨੂੰਨ ਦੀ ਜੰਗ ਲੜਨ ਜੋਗਾ ਹੋਣਾ ਸੀ ਉਦੋਂ ਤੱਕ ਮਹਾਂਭਾਰਤ ਸਮਾਪਤ ਹੋ ਚੁੱਕੀ ਹੋਣੀ ਸੀ। ਕੌਰਵਾਂ ਨੇ ਬਿਨਾਂ ਪਾਂਡਵਾਂ ਨਾਲ ਲੜਾਈ ਲੜੇ ਜੰਗ ਜਿੱਤੇ ਜਾਣ ਦਾ ਐਲਾਨ ਆਪਣੇ ਹੱਕ ਵਿਚ ਕਰਵਾ ਲੈਣਾ ਸੀ।"[110]

ਸੋ ਨਾਵਲਕਾਰ ਸਮਕਾਲੀ ਵਸਤੂ ਯਥਾਰਥ ਦੀ ਵਾਸਤਵਿਕਤਾ ਦਾ ਕਲਾਤਮਕ ਪ੍ਰਗਟਾਅ ਮਿੱਥ ਰੂਪਾਂਤਰਨ ਰਾਹੀਂ ਰੂਪਮਾਨ ਕਰਦਾ ਹੋਇਆ ਮਿੱਥ ਨੂੰ ਤੋੜਦਾ ਹੈ। 'ਕੌਰਵ-ਸਭਾ' ਦੀ ਇਸਤਰੀ ਪਾਤਰ ਨੇਹਾ ਨੂੰ ਬਿਨਾਂ ਕੀਤੇ ਦੋਸ਼ ਦੀ ਸਜ਼ਾ ਮਿਲਦੀ ਹੈ ਜਿਸ ਤਰ੍ਹਾਂ ਸੀਤਾ ਨੂੰ ਵਾਰ-ਵਾਰ ਅਗਨੀ ਪ੍ਰੀਖਿਆ ਵਿਚੋਂ ਗੁਜ਼ਰਨਾ ਪੈਂਦਾ ਹੈ, ਮਹਾਂਭਾਰਤ ਦੀ ਦਰੋਪਤੀ ਦੇ ਚੀਰ ਹਰਨ ਸਮੇਂ ਕ੍ਰਿਸ਼ਨ ਉਸਦੀ ਰੱਖਿਆ ਕਰਦਾ ਹੈ ਅਤੇ ਉਸਦੇ ਪਤੀ ਉਸਦੀ ਹੋਈ ਬੇਇਜ਼ਤੀ ਦਾ ਬਦਲਾ ਲੈਂਦੇ ਹਨ, ਉਥੇ ਇਸ ਨਾਵਲ ਵਿਚ ਨੇਹਾ ਦਾ ਪ੍ਰੇਮੀ ਸਾਗਰ ਉਸਦਾ ਸਾਥ ਦੇਣ ਦੀ ਬਜਾਇ ਉਸਨੂੰ ਛੱਡ ਕੇ ਚਲਾ ਜਾਂਦਾ ਹੈ। ਇਸ ਤਰ੍ਹਾਂ 'ਕੌਰਵ-ਸਭਾ' ਨਾਵਲ ਵਿਚ ਮਹਾਂਭਾਰਤ ਦੇ ਪਾਤਰਾਂ ਰਾਹੀਂ ਕੌਰਵਾਂ ਤੇ ਪਾਂਡਵਾਂ ਦੀ ਕਥਾ ਨੂੰ ਆਧੁਨਿਕ ਸੰਦਰਭ ਵਿਚ ਸਿਰਜਣ ਤੇ ਰੂਪਾਂਤਰਨ ਕਰਕੇ ਇਸਨੂੰ ਅਜੋਕੇ ਦੌਰ ਦੇ ਭ੍ਰਿਸ਼ਟ ਪ੍ਰਬੰਧ ਨੂੰ ਚਿਤਰਨ ਦਾ ਝਰੋਖਾ ਬਣਾਇਆ ਹੈ।

## (ਕ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਵਾਤਾਵਰਨ ਤੇ ਦ੍ਰਿਸ਼ ਸਿਰਜਣ ਦੀ ਵਿਸ਼ੇਸ਼ਤਾ

ਕਿਸੇ ਵੀ ਨਾਵਲ ਵਿਚ ਖ਼ਾਸ ਘਟਨਾ ਕਿਸੇ ਅਜਿਹੇ ਥਾਂ ਵਾਪਰਦੀ ਹੈ ਜਿਸਨੂੰ ਅਸੀਂ ਵਾਤਾਵਰਨ ਕਹਿ ਸਕਦੇ ਹਾਂ। ਵਾਤਾਵਰਨ ਦਾ ਹਰ ਨਾਵਲ ਵਿਚ ਖ਼ਾਸ ਮਹੱਤਵ ਹੁੰਦਾ ਹੈ ਕਿਉਂਕਿ ਕਿਸੇ ਪਾਤਰ ਜਾਂ ਘਟਨਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਉਸਦੇ ਸੁਭਾਅ ਅਤੇ ਕਿੱਤੇ ਮੁਤਾਬਕ ਦ੍ਰਿਸ਼ ਚਿਤਰਨਾਂ ਪਾਠਕਾਂ ਲਈ ਰੌਚਿਕਤਾ ਪ੍ਰਦਾਨ ਕਰਦਾ ਹੈ ਤੇ ਨਾਵਲਕਾਰ ਦੀ ਸਫ਼ਲਤਾ ਘਟਨਾ ਜਾਂ ਪਾਤਰ ਨੂੰ ਪਾਠਕਾਂ ਅੱਗੇ ਸੰਜੀਵ ਰੂਪ ਵਿਚ ਪੇਸ਼ ਕਰਨ ਵਿਚ ਹੀ ਹੁੰਦੀ ਹੈ। ਉਹੀ ਨਾਵਲਕਾਰ ਸਫ਼ਲ ਵਾਤਾਵਰਨ ਚਿਤਰ ਸਕਦਾ ਹੈ ਜਿਸ ਕੋਲ ਆਪਣੇ ਵਿਸ਼ੇ ਨਾਲ ਸੰਬੰਧਿਤ ਅਤਿ ਗਹਿਰਾ ਅਨੁਭਵ ਹੋਵੇਗਾ।

ਡਾ. ਟੀ.ਆਰ.ਵਿਨੋਦ ਅਨੁਸਾਰ, "ਪਰਿਵੇਸ਼, ਵਾਤਾਵਰਨ, ਆਲਾ-ਦੁਆਲਾ ਉਹ ਹਾਲਤਾਂ ਜਿਨ੍ਹਾਂ ਵਿਚ ਮਨੁੱਖਾਂ ਦਾ ਜਨਮ ਹੁੰਦਾ ਹੈ ਅਤੇ ਉਹ ਜੀਵਨ ਬਤੀਤ ਕਰਦੇ ਹਨ। ਇਹ ਹਾਲਤਾਂ ਭੌਤਿਕ ਵੀ ਹੁੰਦੀਆਂ ਹਨ, ਸਮਾਜਿਕ ਵੀ। ਨਾਵਲ ਵਿਚ ਸਮਾਜਿਕ ਹਾਲਤਾਂ ਦੀ ਅਹਿਮੀਅਤ ਵੱਧ ਹੁੰਦੀ ਹੈ ਕਿਉਂਕਿ ਭੌਤਿਕ ਹਾਲਤਾਂ ਦਾ ਰੂਪ, ਅੰਤ, ਸਮਾਜਿਕ ਹਾਲਤਾਂ ਹੀ ਬਣਾਉਂਦੀਆਂ-ਵਰਤਦੀਆਂ ਹਨ। ਦੂਸਰੇ ਪਾਸੇ ਤੋਂ ਸਮਾਜਿਕ ਹਾਲਤਾਂ ਭੌਤਿਕ

ਵਾਤਾਵਰਨ ਦਾ ਰੂਪ ਉਸਦੇ ਸੁਭਾਅ ਅਨੁਸਾਰ ਹੀ ਸਿਰਜ ਸਕਦੀਆਂ ਹਨ। ਸੋ ਪਾਤਰਾਂ ਦੀ ਸ਼ਖ਼ਸੀਅਤ ਦੇ ਨਿਰਧਾਰਤ ਤੱਤਾਂ ਦੀ ਵਿਵੇਕਮਈ ਜਾਣਕਾਰੀ ਲਈ ਨਾਵਲਾਂ ਵਿਚ ਭੌਤਿਕ ਅਤੇ ਸਮਾਜਿਕ - ਦੋਹਾਂ ਕਿਸਮਾਂ ਦੇ ਵਾਤਾਵਰਨ ਸਿਰਜ ਸਕਦਾ ਹੈ।"[111]

ਨਾਵਲਕਾਰ ਆਪਣੀ ਮਰਜ਼ੀ ਅਨੁਸਾਰ ਵਾਤਾਵਰਨ ਸਿਰਜ ਸਕਦਾ ਹੈ ਪਰੰਤੂ ਉਸਨੂੰ ਆਪਣੇ ਵਿਸ਼ੇ ਨਾਲ, ਘਟਨਾਵਾਂ ਜਾਂ ਪਾਤਰਾਂ ਨਾਲ ਸੰਬੰਧਿਤ ਵਾਤਾਵਰਨ ਦੀ ਸਿਰਜਨਾ ਕਰਨੀ ਚਾਹੀਦੀ ਹੈ। "ਨਾਵਲਕਾਰ ਨੇ ਵਾਤਾਵਰਨ ਨੂੰ ਉਸਾਰਨ ਲੱਗਿਆਂ ਅਚੇਤ ਤੇ ਸੁਚੇਤ ਤੌਰ ਤੇ ਆਪਣੀ ਕਲਪਨਾ ਰਾਹੀਂ ਉਸ ਵਿਚ ਵਿਚਰਦੇ ਲੋਕਾਂ ਦੇ ਹਾਵ-ਭਾਵ, ਰਸਮੋ-ਰਿਵਾਜ, ਪੁਸ਼ਾਕ ਅਤੇ ਸਭਿਆਚਾਰ ਕਦਰਾਂ-ਕੀਮਤਾਂ ਨੂੰ ਮੂਰਤੀ ਕਰਦਾ ਹੈ। ਜੇ ਕੋਈ ਨਾਵਲਕਾਰ ਉਸ ਸਮੇਂ ਦਾ ਅਜਿਹਾ ਢੰਗ ਪੇਸ਼ ਕਰ ਦੇਵੇ ਜਿਸ ਰਾਹੀਂ ਅਸੀਂ ਉਸ ਸਮੇਂ ਨੂੰ ਸਪੱਸ਼ਟ ਤੌਰ ਤੇ ਦੇਖ ਸਕੀਏ ਤਾਂ ਉਹ ਨਾਵਲਕਾਰ ਇਕ ਸ੍ਰੇਸ਼ਟ ਪਦਵੀ ਦਾ ਹੱਕਦਾਰ ਹੈ।"[112]

ਸੋ ਨਾਵਲਕਾਰ ਨੂੰ ਅਜਿਹੀਆਂ ਘਟਨਾਵਾਂ ਅਤੇ ਪਾਤਰਾਂ ਦੀ ਸਿਰਜਨਾ ਕਰਨੀ ਚਾਹੀਦੀ ਹੈ ਜੋ ਉਹਨਾਂ ਦੇ ਮਾਨਸਿਕ ਉਤਾਰ ਚੜ੍ਹਾਉ ਅਤੇ ਜੀਵਨ ਦੇ ਸੱਚ ਨੂੰ ਬਿਆਨ ਕਰਨ ਕਿਉਂਕਿ ਉਸਦੇ ਪਾਤਰ ਫਿਰ ਹੀ ਪਾਤਰਾਂ ਵਰਗੇ ਹੋਣਗੇ। ਮਿੱਤਰ ਸੈਨ ਮੀਤ ਨੇ ਆਪਣੇ ਸਮੁੱਚੇ ਨਾਵਲਾਂ ਵਿਚ ਪੇਂਡੂ ਤੇ ਸ਼ਹਿਰੀ ਵਾਤਾਵਰਨ ਦੇ ਜੋ ਦ੍ਰਿਸ਼ ਸਿਰਜੇ ਹਨ ਉਹ ਸਹਿਜੇ ਹੀ ਉਸਦੀ ਕਾਬਲੀਅਤ ਨੂੰ ਪ੍ਰਗਟਾਉਂਦੇ ਹਨ ਜਿਵੇਂ 'ਅੱਗ ਦੇ ਬੀਜ' ਨਾਵਲ ਵਿਚ ਪਾਤਰ ਕਰਤਾਰ ਨੂੰ ਜਦੋਂ ਆਪਣੀ ਗਰੀਬੀ ਕਾਰਨ ਕਾਲਜ ਦੇ ਹੋਸਟਲ ਤੋਂ ਡੇਢ ਮੀਲ ਦੂਰ ਕਮਰਾ ਲੈਣਾ ਪੈਂਦਾ ਹੈ ਤਾਂ ਦ੍ਰਿਸ਼ ਵਰਨਣ ਲੇਖਕ ਇਸ ਤਰ੍ਹਾਂ ਕਰਦਾ ਹੈ :

"ਉਸਦੇ ਕਮਰੇ ਦੇ ਵਿਚ ਬੱਤੀਆਂ ਵਾਲਾ ਸਟੋਵ ਸੀ ਜਿਸ ਦੁਆਲੇ ਆਟਾ ਬਿਖਰਿਆ ਰਹਿੰਦਾ ਤੇ ਇਕ ਦੋ ਭਾਂਡੇ ਸਨ ਜਿਹੜੇ ਉਹ ਲਿਸ਼ਕਾ ਕੇ ਰੱਖਦਾ। ਸਾਹਮਣੇ ਇਕ ਮੰਜਾ ਸੀ ਜਿਸ ਤੇ ਘਟੀਆ ਜਿਹਾ ਪੇਂਡੂ ਬਿਸਤਰਾ ਹੁੰਦਾ ਤੇ ਉਸ ਦੀਆਂ ਕਿਤਾਬਾਂ ਬਿਖਰੀਆਂ ਰਹਿੰਦੀਆਂ ਜਿਵੇਂ ਕਿਸੇ ਕਬਾੜੀਏ ਦਾ ਕਬਾੜਖਾਨਾ। ਕਮਰੇ ਵਿਚ ਇਕ ਨਿੱਕੀ ਅਲਮਾਰੀ ਸੀ ਜਿਸ ਵਿਚ ਉਸ ਦਾ ਮਿੱਟੀ ਦੇ ਤੇਲ ਵਾਲਾ ਲੈਂਪ ਪਿਆ ਰਹਿੰਦਾ। ਕੱਚੀਆਂ ਕੰਧਾਂ 'ਚ ਦੋ ਲੱਕੜ ਦੀਆਂ ਕਿੱਲੀਆਂ ਗੱਡ ਕੇ ਉਸਨੇ ਕੱਪੜੇ ਟੰਗ ਲਏ ਸਨ। ਇਕ ਦੋ ਘਸੇ ਜਿਹੇ ਕਲੰਡਰ ਸਨ। ਜਿਨ੍ਹਾਂ ਨੂੰ ਵੇਖ-ਵੇਖ ਉਸਦਾ ਮਨ ਪਰਚ ਜਾਂਦਾ।"[113]

ਉਕਤ ਵੇਰਵੇ ਤੋਂ ਕਰਤਾਰ ਦੇ ਜੀਵਨ ਦੀ ਝਲਕ ਮਿਲਦੀ ਹੈ ਜਿਸ ਤੋਂ ਉਸਦੇ ਆਰਥਿਕ, ਸਮਾਜਿਕ ਹਾਲਤਾਂ ਦਾ ਪਤਾ ਲਗਦਾ ਹੈ। ਇਸੇ ਤਰ੍ਹਾਂ 'ਕਾਫ਼ਲਾ' ਨਾਵਲ ਵਿਚ ਨਾਵਲਕਾਰ ਕੇਹਰ ਸਿੰਘ ਦੇ ਘਰ ਦੀ ਸਥਿਤੀ ਨੂੰ ਬਿਆਨ ਕਰਦਾ ਹੈ।

"ਬੇਚੈਨ ਜਾਗ ਰਿਹਾ ਕੇਹਰਾ ਆਪਣੇ ਨਿੱਘੇ ਬਿਸਤਰੇ ਵਿਚੋਂ ਉਠ ਬੈਠਾ। ਉਸਦੇ ਮੰਜੇ ਨਾਲ ਜੀਤੋ ਦਾ ਮੰਜਾ ਸੀ, ਜਿਹੜੀ ਠੰਡ ਤੋਂ ਡਰਦੀ ਢਿੱਡ ਵਿਚ ਲੱਤਾਂ ਘਸੋੜੀ ਪਈ ਸੀ। ਫਟਿਆ ਜੁਬੜ ਮੰਜੇ ਤੋਂ ਅੱਧਾ ਹੇਠਾਂ ਲਟਕ ਰਿਹਾ ਸੀ, ਉਸ ਵਿਚਲੀਆਂ ਟਾਕੀਆਂ ਜਿਵੇਂ ਮੁਸਕੜੀਆਂ ਭਰਦੀਆਂ ਸਨ।... ਜੁਬੜ ਨੂੰ ਮੰਜੇ ਤੋਂ ਖਿੱਚ ਕੇ ਉਪਰ ਲੈ ਲਿਆ।... ਕੇਹਰੇ ਨੇ ਆਪਣੀਆਂ ਅੰਦਰ ਧਸੀਆਂ ਅੱਖਾਂ ਤੇ ਹੱਥ ਫੇਰਿਆ। ਆਪਣੀ ਚਿੱਟੀ ਦਾੜ੍ਹੀ ਵਿਚ ਉਂਗਲਾਂ ਨਾਲ ਕੰਘੀ ਕਰਦਾ ਅੰਗੜਾਈਆਂ ਭੰਨਣ ਲੱਗ ਪਿਆ। ਜੀਤੋ ਨੇ ਉੱਠ ਕੇ

ਲਾਲਟੈਨ ਦੀ ਬੱਤੀ ਵੱਡੀ ਕਰ ਦਿੱਤੀ। ਕੱਚਾ ਕੋਠਾ ਲਾਲੀ ਨਾਲ ਜਗਮਗਾ ਉਠਿਆ।"[114]

ਮੀਤ ਦੇ ਦੋਨੋਂ ਮੁੱਢਲੇ ਨਾਵਲ ਪੇਂਡੂ ਜੀਵਨ ਨਾਲ ਸੰਬੰਧਿਤ ਹਨ। ਉਪਰੋਕਤ ਵੇਰਵਾ ਭੂਮੀਹੀਣ ਕੇਹਰ ਸਿੰਘ ਦੀ ਸਰੀਰਕ ਤੇ ਆਰਥਿਕ ਸਥਿਤੀ ਨੂੰ ਰੂਪਮਾਨ ਕਰਦਾ ਹੈ। ਨਾਵਲਕਾਰ ਆਪਣੀ ਦਿੱਬ ਦ੍ਰਿਸ਼ਟੀ ਅਧੀਨ ਪਾਤਰਾਂ ਦੇ ਰਹਿਣ-ਸਹਿਣ ਨੂੰ ਵਾਤਾਵਰਨ ਅਨੁਸਾਰ ਦ੍ਰਿਸ਼ਟਮਾਨ ਕਰਦਾ ਹੈ। ਉਸਨੇ ਆਪਣੇ ਸਮੁੱਚੇ ਨਾਵਲ ਜਗਤ ਵਿਚੋਂ ਆਪਣੇ ਅਨੁਭਵ ਰਾਹੀਂ ਕਾਲ, ਕਾਰਜ ਅਤੇ ਸਥਾਨ ਅਨੁਸਾਰ ਵਾਤਾਵਰਨ ਸਿਰਜਿਆ ਹੈ। ਸਮੁੱਚੇ ਨਾਵਲਾਂ ਵਿਚ ਸਮੇਂ ਤੇ ਸਥਾਨ ਪੱਖੋਂ ਨਾਵਲ ਜਗਤ ਵਿਚ ਨਵਾਂ ਤਜਰਬਾ ਕੀਤਾ ਹੈ। ਉਸਦੇ ਮਗਰਲੇ ਬਹੁਤੇ ਨਾਵਲਾਂ ਵਿਚ ਸਥਾਨ, ਕਿਸੇ ਦਾ ਘਰ, ਕਦੇ ਪੁਲਿਸ ਸਟੇਸ਼ਨ, ਕਦੇ ਕੋਰਟ ਕਚਹਿਰੀ, ਕਦੇ ਗਲੀ ਬਾਜ਼ਾਰ ਦਿਖਾਏ ਹਨ। ਭਾਵ ਸਮੁੱਚੇ ਨਾਵਲਾਂ ਵਿਚ ਸਥਾਨ ਦੀ ਸਿਰਜਣਾ ਵਿਚ ਬਹੁਤੀ ਤਬਦੀਲੀ ਨਹੀਂ ਆਉਂਦੀ। ਲੇਖਕ ਨੇ ਆਪਣੇ ਅਨੁਭਵ ਰਾਹੀਂ ਹੀ ਸਮੁੱਚੇ ਨਾਵਲਾਂ ਵਿਚ ਕਾਲ, ਕਾਰਜ ਅਤੇ ਸਥਾਨ ਅਨੁਸਾਰ ਵਾਤਾਵਰਨ ਸਿਰਜਿਆ ਹੈ। 'ਸੁਧਾਰ-ਘਰ' ਨਾਵਲ ਵਿਚ ਜੇਲ੍ਹ ਘਰ ਦੀ ਰਸੋਈ ਨੂੰ ਇਸ ਤਰ੍ਹਾਂ ਦ੍ਰਿਸ਼ਟਮਾਨ ਕਰਦਾ ਹੈ :

"ਵਰਾਂਡੇ ਦੇ ਚਾਰੇ ਪਾਸੇ ਚਾਰ-ਚਾਰ ਫੁੱਟ ਉੱਚੀਆਂ ਜਾਲੀਦਾਰ ਕੰਧਾਂ ਸਨ। ਵਿਚਕਾਰ ਕੰਧੋਲੀ ਕਰਕੇ ਵਰਾਂਡੇ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ। ਖੱਬੇ ਪਾਸੇ ਵਿਚ ਸੀਮਿੰਟ ਦਾ ਟੁੱਟਾ-ਫੁੱਟਾ ਫਰਸ਼ ਲੱਗਾ ਸੀ। ਫਰਸ਼ ਉਪਰ ਚਾਰ ਟੱਬ ਪਏ ਸਨ। ਹਰ ਟੱਬ ਵਿਚ ਮਣ ਦੇ ਲੱਗਭਗ ਗੁੰਨਿਆ ਹੋਇਆ ਆਟਾ ਸੀ। ਆਟੇ ਨੂੰ ਪੈਰਾਂ ਨਾਲ ਇਉਂ ਗੁੰਨ ਰਹੇ ਸਨ, ਜਿਵੇਂ ਗਾਰੇ ਦੀ ਘਾਣੀ ਰਲਾ ਰਹੇ ਹੋਣ। ਕੈਦੀਆਂ ਦੀਆਂ ਤੇੜਾਂ ਵਿਚ ਮੈਲ ਭਰੇ ਕੱਛੇ ਸਨ, ਗਲਾਂ ਵਿਚ ਪਸੀਨੇ ਨਾਲ ਗੱਚ ਖੱਦਰ ਦੀਆਂ ਬਨੈਣਾਂ। ਕਈ ਵਾਰ ਪਸੀਨੇ ਦੇ ਤੁਪਕੇ ਆਟੇ ਵਿਚ ਵੀ ਰਲ ਜਾਂਦੇ ਸਨ।...ਡਿੱਗੀ ਦੀਆਂ ਕੰਧਾਂ ਮੈਲੇ ਹੱਥ ਲੱਗ-ਲੱਗ ਕਾਲੀਆਂ ਹੋਈਆਂ ਪਈਆਂ ਸਨ। ਦੋ ਚਿੜੀਆਂ ਡਿੱਗੀ ਦੀ ਮਣ 'ਤੇ ਬੈਠੀਆਂ ਪਿਆਸ ਬੁਝਾ ਰਹੀਆਂ ਸਨ।"[115]

ਸੋ ਨਾਵਲਕਾਰ ਨੇ ਜੇਲ੍ਹ ਦੇ ਜੀਵਨ ਨੂੰ ਆਪਣੇ ਅਨੁਭਵ ਰਾਹੀਂ ਬੜੀ ਬਾਰੀਕੀ ਨਾਲ ਚਿਤਰਿਆ ਹੈ। ਪਾਠਕਾਂ ਵਿਚ ਅੱਗੇ ਕੀ ਹੋਇਆ ਜਾਨਣ ਦੀ ਉਤਸੁਕਤਾ ਅਜਿਹੇ ਦ੍ਰਿਸ਼ਾਂ ਦੀ ਪੇਸ਼ਕਾਰੀ ਕਾਰਨ ਹੀ ਪੈਦਾ ਹੁੰਦੀ ਹੈ।

ਗੁਰਚਰਨ ਸਿੰਘ ਅਨੁਸਾਰ, "ਹਰ ਗਲਪ ਰਚਨਾ ਦਾ ਦਿਲਚਸਪ ਹੋਣਾ ਪਹਿਲੀ ਸ਼ਰਤ ਹੈ, ਨਹੀਂ ਤਾਂ ਉਹ ਪੜ੍ਹੀ ਹੀ ਨਹੀਂ ਜਾਵੇਗੀ। ਨਾਵਲ ਦਾ ਪਾਠ ਪੂਜਾ ਕਰਕੇ ਨਹੀਂ ਸਗੋਂ ਸ਼ੌਕ ਕਰਕੇ ਹੀ ਹੋ ਸਕਦਾ ਹੈ ਤੇ ਦਿਲਚਸਪੀ ਤੇ ਤੱਤਾਂ ਵਿਚੋਂ ਉਤਸੁਕਤਾ ਤੇ ਲਟਕਾ ਦੇ ਪ੍ਰਧਾਨ ਤੱਤ ਹਨ।"[116]

ਨਾਵਲਕਾਰ ਨੇ ਆਪਣੇ ਨਾਵਲ ਜਗਤ ਨੂੰ ਰੌਚਿਕ ਬਣਾਉਣ ਲਈ ਦ੍ਰਿਸ਼ ਚਿਤਰਨ ਲਈ ਯੋਗ ਵਾਤਾਵਰਨ ਦੀ ਉਸਾਰੀ ਕੀਤੀ ਹੈ, ਜਿਸ ਨਾਲ ਜੇਲ੍ਹ ਦੇ ਰਸੋਈ ਘਰ ਦਾ ਯਥਾਰਥ ਪਾਠਕਾਂ ਦੀਆਂ ਅੱਖਾਂ ਸਾਹਮਣੇ ਸਾਕਾਰ ਹੋ ਜਾਂਦਾ ਹੈ। ਇਸ ਤਰ੍ਹਾਂ 'ਕੌਰਵ-ਸਭਾ' ਨਾਵਲ ਵਿਚ ਜਦੋਂ ਵੇਦ ਦੇ ਸਾਰੇ ਪਰਿਵਾਰ ਦੇ ਹੋਈ ਵਾਰਦਾਤ ਵਿਚ ਸੱਟਾਂ ਲਗਦੀਆਂ ਹਨ ਤਾਂ ਉਹਨਾਂ ਨੂੰ ਹਸਪਤਾਲ ਲੈ ਜਾਇਆ ਜਾਂਦਾ ਹੈ ਜਿਨ੍ਹਾਂ ਦੀ ਹਾਲਤ ਨੂੰ ਨਾਵਲਕਾਰ

ਇਉਂ ਬਿਆਨ ਕਰਦਾ ਹੈ :

"ਮਰੀਜ਼ ਦੇ ਜਖ਼ਮ ਸੜਦੇ ਜਾ ਰਹੇ ਸਨ, ਖ਼ੂਨ ਵਹਿ ਰਿਹਾ ਸੀ, ਕੱਪੜੇ ਗੰਦੇ ਸਨ, ਜ਼ਖ਼ਮਾਂ ਵਿਚ ਮਿੱਟੀ ਘੱਟਾ ਪੈ ਜਾਣ ਕਾਰਨ 'ਇਨਫੈਕਸ਼ਨ' ਦਾ ਡਰ ਸੀ। ਇੰਜਰੀ ਰਿਪੋਰਟ ਦੇ ਬਹਾਨੇ ਮਰੀਜ਼ ਨੂੰ ਮੌਤ ਦੇ ਮੂੰਹ ਵੱਲ ਧੱਕਿਆ ਜਾ ਰਿਹਾ ਸੀ।"[117]

ਸੋ ਨਾਵਲਕਾਰ ਨੇ ਸਮੁੱਚੇ ਨਾਵਲਾਂ ਵਿਚ ਪੁਲਿਸ ਪ੍ਰਬੰਧ, ਕੋਰਟ ਕਚਹਿਰੀਆਂ ਵਿਚ ਵਕੀਲਾਂ, ਜੱਜਾਂ, ਕੋਰਟ ਨਾਇਬਾਂ, ਮੁਜ਼ਰਮਾਂ ਤੇ ਗਵਾਹਾਂ ਦੀ ਬੋਲਚਾਲ, ਪਿਛੋਕੜ ਅਤੇ ਉਮਰ ਆਦਿ ਨੂੰ ਦਰਸਾਇਆ ਹੈ। ਇਸ ਤਰ੍ਹਾਂ ਡਾਕਟਰਾਂ ਦੀ ਪਾਤਰ ਉਸਾਰੀ ਲਈ ਹਸਪਤਾਲਾਂ ਦਾ ਸਥਾਨ ਚੁਣਿਆ ਹੈ। ਵਿਦਿਆਰਥੀਆਂ ਲਈ ਕਾਲਜਾਂ ਅਤੇ ਧਰਮ ਦੇ ਵਰਤਾਰੇ ਨੂੰ ਪੇਸ਼ ਕਰਨ ਲਈ ਧਾਰਮਿਕ ਸੰਸਥਾਵਾਂ ਦੀ ਵਿਉਂਤਬੰਦੀ ਨੂੰ ਪੇਸ਼ ਕੀਤਾ ਹੈ।

## (ਖ) ਹੋਰ ਗਲਪੀ ਜੁਗਤਾਂ (ਪਿੱਛਲਝਾਤ, ਵਾਰਤਾਲਾਪ, ਭਾਸ਼ਾਈ ਟਿੱਪਣੀਆਂ ਆਦਿ)

**ਪਿੱਛਲਝਾਤ** : ਮਿੱਤਰ ਸੈਨ ਮੀਤ ਨੇ ਸਰਕਾਰੀ ਵਕੀਲ ਹੋਣ ਕਾਰਨ ਕਾਨੂੰਨ ਪ੍ਰਬੰਧ ਦੀਆਂ ਅਨੇਕਾਂ ਅਣਦਿਸਦੀਆਂ ਪਰਤਾਂ ਨੂੰ ਪਾਠਕਾਂ ਸਾਹਮਣੇ ਅਨੇਕਾਂ ਜੁਗਤਾਂ ਰਾਹੀਂ ਰੂਪਮਾਨ ਕੀਤਾ ਹੈ। ਖ਼ੁਦ ਇਸਦਾ ਅੰਗ ਹੋਣ ਦੇ ਕਾਰਨ ਉਹ ਇਸ ਨੂੰ ਬਾਖ਼ੂਬੀ ਨਿਭਾ ਸਕਿਆ ਹੈ। ਭ੍ਰਿਸ਼ਟਾਚਾਰ ਸਾਡੀ ਨੌਕਰਸ਼ਾਹੀ ਦੇ ਹੱਡਾਂ ਵਿਚ ਪੂਰੀ ਤਰ੍ਹਾਂ ਰਚ ਗਿਆ ਹੈ। ਹਰੇਕ ਵੱਡਾ ਅਫ਼ਸਰ ਛੋਟੇ ਨੂੰ ਆਪਣੇ ਅਧੀਨ ਰੱਖਣ ਵਿਚ ਵਿਸ਼ਵਾਸ ਰੱਖਦਾ ਹੈ। ਅਜੋਕੇ ਸਮੇਂ ਨੂੰ ਨਾਵਲਕਾਰ ਨੇ ਕਾਰਨਾਂ ਦੇ ਸਮੇਂ ਨਾਲ ਤੁਲਨਾਇਆ ਹੈ ਜਿਸ ਨੂੰ ਖਤਮ ਕੀਤੇ ਬਿਨਾਂ ਪਾਂਡਵਾਂ ਦਾ ਸਮਾਂ ਨਹੀਂ ਆ ਸਕਦਾ। ਸੋ ਅਜੋਕੇ ਸਿਸਟਮ ਦੀ ਤਸਵੀਰ ਨੂੰ ਰੂਪਮਾਨ ਕਰਨ ਲਈ ਨਾਵਲਕਾਰ ਨੇ ਪਿੱਛਲਝਾਤ ਦੀ ਜੁਗਤ ਨੂੰ ਬਾਖ਼ੂਬੀ ਵਰਤਿਆ ਹੈ।

ਡਾ. ਟੀ.ਆਰ. ਵਿਨੋਦ ਅਨੁਸਾਰ, "ਪਿੱਛਲਝਾਤ ਨਾਵਲ ਦੇ ਸਿਰਜਨ ਦੀ ਇਕ ਜੁਗਤ ਹੈ। ਨਾਵਲ ਦੀ ਕਿਸੇ ਘਟਨਾ ਦਾ ਬਿਆਨ ਕਰਦੇ ਸਮੇਂ ਉਸ ਬਾਰੇ ਕੁਝ ਜਾਣਕਾਰੀ ਲੁਕੀ ਰਹਿ ਜਾਂਦੀ ਹੈ ਜਿਸਨੂੰ ਪਿੱਛਲਝਾਤ ਦੀ ਜੁਗਤ ਕਿਹਾ ਜਾਂਦਾ ਹੈ।"[118]

ਡਾ. ਟੀ.ਆਰ. ਵਿਨੋਦ ਦੀ ਟਿੱਪਣੀ ਨੂੰ ਸਾਹਮਣੇ ਰੱਖਦੇ ਹੋਏ ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਵਰਤੀ ਗਈ ਪਿੱਛਲਝਾਤ ਦੀ ਜੁਗਤ ਨੂੰ ਰੂਪਮਾਨ ਕੀਤਾ ਜਾ ਸਕਦਾ ਹੈ ਕਿਉਂਕਿ ਮਿੱਤਰ ਸੈਨ ਮੀਤ ਨੇ ਸਮੁੱਚੇ ਨਾਵਲਾਂ ਵਿਚ ਸਮਾਜ ਦੇ ਹਰ ਪੱਖ ਨੂੰ ਦਰਸਾਉਣ ਲਈ ਅਨੇਕਾਂ ਪਾਤਰਾਂ ਦਾ ਸਹਾਰਾ ਲਿਆ ਹੈ ਕਿਉਂਕਿ ਹਰ ਪਾਤਰ ਸਦਾ ਲਈ ਇਕੋ ਸੁਭਾਅ ਦਾ ਮਾਲਕ ਨਹੀਂ ਹੁੰਦਾ। ਸੋ ਚੰਗਿਆਈ-ਬੁਰਿਆਈ ਨੂੰ ਪੇਸ਼ ਕਰਨ ਲਈ ਨਾਵਲਕਾਰ ਨੇ ਅਨੇਕਾਂ ਪਾਤਰਾਂ ਦੀ ਸਿਰਜਣਾ ਕੀਤੀ ਤੇ ਉਨ੍ਹਾਂ ਦੇ ਸਮੁੱਚੇ ਜੀਵਨ ਨੂੰ ਪਿੱਛਲਝਾਤ ਦੀ ਜੁਗਤ ਰਾਹੀਂ ਪਾਠਕਾਂ ਦੇ ਰੂ-ਬ-ਰੂ ਕੀਤਾ ਹੈ। 'ਅੱਗ ਦੇ ਬੀਜ' ਨਾਵਲ ਵਿਚ ਸਰਦਾਰ ਦੇ ਜੀਵਨ ਵਿਚ ਆਈ ਪਦਾਰਥਕ ਤਬਦੀਲੀ ਨੂੰ ਪਿੱਛਲਝਾਤ ਰਾਹੀਂ ਇਉਂ ਦਰਸਾਉਂਦਾ ਹੈ :

"ਕਲਰ ਦੇ ਵਿਚਕਾਰ ਕਰਕੇ 'ਸਰਦਾਰ ਸਾਹਿਬ' ਦਾ ਇਕ ਕੱਚਾ ਪਿਲਾ ਜਿਹਾ ਕੋਠਾ ਸੀ ਜਿਨ੍ਹਾਂ ਵਿਚਲੇ ਮਘੋਰਿਆਂ 'ਚੋਂ ਸੈਂਕੜੇ ਚਿੜੀਆਂ ਨੇ ਆਲ੍ਹਣੇ ਬਣਾਏ ਹੋਏ ਸਨ। ਸੈਂਕੜੇ

ਵਾਰ ਕਰਤਾਰ ਸਰਦਾਰ ਦੇ ਨਿੱਕੇ ਭਰਾ ਨਾਲ ਮਿਲ ਕੇ ਇਥੇ ਗੁਲੇਲਾਂ ਨਾਲ ਕਬੂਤਰ ਨੂੰ ਮਾਰਿਆ ਕਰਦਾ ਸੀ... ਦਿਨਾਂ ਵਿਚ ਹੀ ਸਭ ਕੁਝ ਬਦਲ ਗਿਆ। ਕੱਚਾ ਕੋਠਾ ਢਹਿ ਕੇ ਕੋਠੀਆਂ ਉਸਰਨ ਲੱਗੀਆਂ। ਪਸ਼ੂ ਵਿਕ ਕੇ ਟਰੈਕਟਰ ਆ ਗਏ ਤੇ ਕੱਲਰ ਉੱਜੜ ਕੇ ਰਮਣੀਕ ਬਾਗ ਵਿਚ ਵਟ ਗਿਆ। ਦਿਨਾਂ ਵਿਚ ਹੀ ਵਿਰਾਨ ਜਿਹੀ ਥਾਂ ਸੁਹਣੀ ਕੋਠੀ ਵਿਚ ਬਦਲ ਗਈ।..."[119]

ਸੋ ਨਾਵਲਕਾਰ ਨੇ ਆਪਣੇ ਮੁੱਢਲੇ ਨਾਵਲਾਂ ਦੀ ਪਿੱਛਲਝਾਤ ਜੁਗਤ ਰਾਹੀਂ ਸਰਦਾਰ ਦੇ ਪਿਛੋਕੜ ਨੂੰ ਦਰਸਾਇਆ ਹੈ। ਇਥੇ ਨਾਵਲਕਾਰ ਅਜੋਕੇ ਸਮੇਂ ਵਿਚ ਬਣੇ ਸਰਦਾਰ ਦੇ ਪ੍ਰਤੀਕ ਰਾਹੀਂ ਇਹ ਦਰਸਾਉਂਦਾ ਹੈ ਕਿ ਪਦਾਰਥਕ ਤਬਦੀਲੀ ਨੇ ਮਨੁੱਖ ਦੇ ਰਹਿਣ-ਸਹਿਣ, ਕੰਮਾਂ-ਕਾਰਜਾਂ ਅਤੇ ਰਿਸ਼ਤਿਆਂ-ਨਾਤਿਆਂ ਸਭ ਨੂੰ ਪ੍ਰਭਾਵਿਤ ਕੀਤਾ ਹੈ। ਕਿਉਂਕਿ ਸਰਦਾਰ ਮਕਾਨ ਬਦਲਣ ਦੇ ਨਾਲ-ਨਾਲ ਪਤਨੀ ਵੀ ਮਾਡਰਨ ਚਾਹੁੰਦਾ ਹੈ। ਸੋ ਤਬਦੀਲੀ ਦੀ ਮਾਰ ਔਰਤ ਨੂੰ ਪੈਂਦੀ ਹੈ ਜਿਸਨੂੰ ਪੈਸੇ ਦੇ ਕੇ ਮਰਵਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਨਾਵਲਕਾਰ 'ਕਾਫ਼ਲਾ' ਨਾਵਲ ਵਿਚ ਭੂਮੀਹੀਣ ਲੋਕਾਂ ਦੀ ਦਿਸ਼ਾ ਨੂੰ ਪਿੱਛਲਝਾਤ ਦੀ ਜੁਗਤ ਰਾਹੀਂ ਬਿਆਨ ਕਰਦਾ ਹੈ। ਜਿਨ੍ਹਾਂ ਨੂੰ ਥੋੜ੍ਹੇ ਸਮੇਂ ਵਿਚ ਭੂਮੀਪਤੀ ਸਰਦਾਰ ਨੇ ਨਸ਼ੇੜੀ ਬਣਾ ਕੇ ਚੋਰੀਆਂ ਕਰਨ ਲਈ ਮਜ਼ਦੂਰ ਕਰ ਦਿੱਤਾ ਸੀ :

"ਸਮਾਂ ਕਦੇ ਕਿਸੇ ਨੂੰ ਮੁਆਫ਼ ਨਹੀਂ ਕਰਦਾ। ਇਨ੍ਹਾਂ ਚੰਦ ਕੁ ਵਰ੍ਹਿਆਂ ਵਿਚ ਹੀ ਸਮੇਂ ਦੀ ਧੂੜ ਨੇ ਕਈਆਂ ਦੇ ਚਿਹਰੇ ਧੁੰਦਲੇ ਕਰ ਦਿੱਤੇ। ਸਰਦਾਰ ਦੇ ਅਫ਼ੀਮ ਦੀ ਚਾਟ ਤੇ ਲਾਏ ਕਈ ਮੁਜਾਰੇ ਕੰਮੋਂ ਨਕਾਰੇ ਹੋ ਕੇ ਛੱਪੜ ਤੇ ਬੈਠਣ ਜੋਗੇ ਹੀ ਰਹਿ ਗਏ। ਸਾਰਾ ਦਿਨ ਕੰਮ ਕਰਨ ਵਾਲੇ ਬਾਨੇ, ਬਲਦੇਵ ਤੇ ਬਿੰਦਰ ਦੇ ਚਿਹਰਿਆਂ ਤੇ ਪਿਲਤਨ ਛਾ ਗਈ।...ਹੱਡ ਹਰਾਮੀ...ਨਿੱਤ ਦਿਹਾੜੇ ਉਨ੍ਹਾਂ ਵਲੋਂ ਕੀਤੀ ਜਾਂਦੀਆਂ ਚੋਰੀਆਂ ਨੇ ਉਹਨਾਂ ਦਾ ਪਿਛੋਂ ਸਾਰਾ ਅਸਰ ਰਸੂਖ ਚੱਕ ਦਿੱਤਾ।"[120]

ਉਪਰਲੀਆਂ ਸਤਰਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਭੂਮੀਪਤੀ ਭੂਮੀਹੀਣ ਲੋਕਾਂ ਨੂੰ ਨਸ਼ੇ ਦੀ ਲਾਇਲਾਜ ਬਿਮਾਰੀ ਲਾ ਦਿੰਦੇ ਸਨ ਤੇ ਉਹਨਾਂ ਨੂੰ ਸਰੀਰਕ ਤੇ ਮਾਨਸਿਕ ਤੌਰ ਤੇ ਅਪਾਹਜ ਤੇ ਸਮਾਜ ਵਿਚ ਬਦਨਾਮ ਹੋਣ ਲਈ ਛੱਡ ਦਿੱਤੇ ਜਾਂਦੇ ਸਨ। ਪਹਿਲਾਂ ਮਹਿੰਗੇ ਨਸ਼ੇ, ਫਿਰ ਭੰਗਾਂ ਵਰਗੇ ਸਸਤੇ ਨਸ਼ੇ ਤੇ ਚੋਰੀ ਕਰਕੇ ਨਸ਼ੇ ਪ੍ਰਾਪਤ ਕਰਨ ਦੇ ਆਦੀ ਹੋ ਜਾਂਦੇ ਸਨ ਤੇ ਉਹਨਾਂ ਦੀਆਂ ਧੀਆਂ ਭੈਣਾਂ ਨੂੰ ਸਰਦਾਰ ਆਪਣੀ ਹਵਸ਼ ਦੀ ਪੂਰਤੀ ਲਈ ਵਰਤਦੇ ਸਨ।

ਸੋ ਨਾਵਲਕਾਰ ਨੇ ਆਪਣੇ ਮੁੱਢਲੇ ਨਾਵਲਾਂ ਵਿਚ ਵੀ ਅਜਿਹੀਆਂ ਜੁਗਤਾਂ ਦੀ ਵਰਤੋਂ ਕੀਤੀ ਹੈ ਪਰੰਤੂ ਕਾਨੂੰਨ ਵਰਗੇ ਰੁੱਖੇ ਵਿਸ਼ੇ ਨੂੰ ਰੁਮਾਂਚਿਕ ਬਣਾਉਣ ਤੇ ਆਪਣੇ ਉਦੇਸ਼ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਲਈ ਅਨੇਕਾਂ ਅਜਿਹੀਆਂ ਜੁਗਤਾਂ ਦੀ ਵਰਤੋਂ ਕੀਤੀ ਜਿਨ੍ਹਾਂ ਰਾਹੀਂ ਅਸੀਂ ਉਸਦੇ ਹਰ ਪਾਤਰ ਨੂੰ ਉਸਦੇ ਬਚਪਨ ਤੋਂ ਲੈ ਕੇ ਵਰਤਮਾਨ ਸਮੇਂ ਵਿਚ ਵਿਚਰਦੇ ਨੂੰ ਆਸਾਨੀ ਨਾਲ ਜਾਣ ਸਕਦੇ ਹਾਂ। ਪਿੱਛਲਝਾਤ ਦੀ ਜੁਗਤ ਰਾਹੀਂ ਨਾਵਲਕਾਰ ਨੇ ਇਹ ਦਰਸਾਉਣ ਦਾ ਉਪਰਾਲਾ ਕੀਤਾ ਹੈ ਕਿ ਕੋਈ ਵੀ ਮਨੁੱਖ ਜਨਮ ਤੋਂ ਮੁਜ਼ਰਮ ਨਹੀਂ ਹੁੰਦਾ ਸਗੋਂ ਉਸਨੂੰ ਉਸਦੇ ਹਾਲਾਤ ਜ਼ੁਰਮ ਕਰਨ ਲਈ ਮਜ਼ਬੂਰ ਕਰਦੇ ਹਨ ਜਿਨ੍ਹਾਂ ਦਾ ਵੇਰਵਾ ਉਸਦੇ ਸਮੁੱਚੇ ਨਾਵਲਾਂ ਵਿਚ ਵੇਖਿਆ ਜਾ ਸਕਦਾ ਹੈ ਜਿਵੇਂ 'ਤਫ਼ਤੀਸ਼' ਨਾਵਲ

ਵਿਚ ਲਾਲੇ ਦੇ ਪੋਤੇ ਬੰਟੀ ਦੇ ਗੁੰਮ ਜਾਣ ਕਾਰਨ ਲਾਲਾ ਆਸਮਈ ਢੰਗ ਨਾਲ ਆਪਣੇ ਪੋਤੇ ਦੇ ਲੈ ਆਉਣ ਦੀ ਖਬਰ ਉਡੀਕਦਿਆਂ ਹੋਇਆਂ ਆਪਣੇ ਘਰ ਵਿਚ ਸਾਹਮਣੇ ਪਈਆਂ ਫੋਟੋਆਂ ਵੱਲ ਦੇਖਦਾ ਹੈ। ਜਿਨ੍ਹਾਂ ਵਿਚੋਂ ਇਕ ਬੰਟੀ ਦੇ ਬਾਪ ਦੀ ਹੈ ਜਿਸ ਉਪਰ ਪਾਇਆ ਹੋਇਆ ਗੋਟੇ ਦਾ ਹਾਰ ਦਰਸਾਉਂਦਾ ਹੈ ਉਹ ਇਸ ਸਮੇਂ ਦੁਨੀਆਂ ਵਿਚ ਨਹੀਂ ਹੈ। ਇਥੇ ਨਾਵਲਕਾਰ ਪਿੱਛਲਝਾਤ ਦੀ ਜੁਗਤ ਰਾਹੀਂ ਲਾਲੇ ਤੋਂ ਲੈ ਕੇ ਉਸਦੇ ਪੋਤੇ ਬੰਟੀ ਦੇ ਪੈਦਾ ਹੋਣ ਤੱਕ ਦੇ ਜੀਵਨ ਸਫ਼ਰ ਨੂੰ ਬੜੀ ਬਾਰੀਕੀ ਨਾਲ ਦ੍ਰਿਸ਼ਟਮਾਨ ਕਰਦਾ ਹੈ। ਲਾਲਾ ਫੋਟੋ ਵੱਲ ਦੇਖਦਾ ਹੈ। ਆਪਣੇ ਬੀਤ ਚੁੱਕੀ ਜ਼ਿੰਦਗੀ ਦੇ ਉਤਰਾਵਾਂ-ਚੜ੍ਹਾਵਾਂ ਨੂੰ ਚੇਤੇ ਕਰਦਾ ਹੈ ਤੇ ਲੇਖਕ ਉਸਦੇ ਜੀਵਨ ਦੇ ਪੂਰੇ ਸੱਠ ਸਾਲਾਂ ਨੂੰ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਬੰਟੀ ਦੇ ਬਾਪ ਦੀ ਮੌਤ ਤੋਂ ਪਹਿਲਾਂ ਲਾਲੇ ਨੂੰ ਆਪਣੇ ਬਾਪ ਦੀ ਮੌਤ ਵੀ ਯਾਦ ਆਉਂਦੀ ਹੈ।

"ਬਿਨਾਂ ਮਰਦ ਵਾਲੇ ਘਰਾਂ ਦੀਆਂ ਧੀਆਂ ਨੂੰ ਘਰ ਦੀ ਚਾਰਦੀਵਾਰੀ ਅੰਦਰ ਕੈਦ ਰਹਿਣਾ ਹੁੰਦਾ ਹੈ। ਗਲੀ 'ਚ ਕੂੜਾ ਸੁੱਟਣ ਤੋਂ ਪਹਿਲਾਂ ਵੀ ਵੀਹ-ਵੀਹ ਵਾਰ ਇੱਧਰ ਉਧਰ ਦੇਖਣਾ ਹੁੰਦਾ ਹੈ। ਕਿਸੇ ਭੈੜੀ ਅੱਖ ਦਾ ਸਾਹਮਣਾ ਤਾਂ ਨਹੀਂ ਕਰਨਾ ਪੈ ਰਿਹਾ ? ਸਹੇਲੀਆਂ ਨਾਲ ਹੱਸਣਾ, ਖੇਡਣਾ, ਤੀਆਂ 'ਚ ਜਾ ਕੇ ਚਾਬੜੇ ਪਾਉਣਾ ਉਨ੍ਹਾਂ ਲਈ ਵਰਜਤ ਹੁੰਦਾ ਹੈ। ਛੋਟੀ ਉਮਰੇ ਇੱਜ਼ਤ ਲੈ ਕੇ ਬੁੱਢੇ ਠੇਰੇ ਲੜ ਲੱਗਣਾ ਉਸਦਾ ਨਸੀਬ ਹੁੰਦਾ ਹੈ। ਲੰਗੜੇ ਫੌਜ਼ੀ ਨਾਲ ਵਿਆਹੀ ਸ਼ਕੁੰਤਲਾ ਉਸੇ ਕਰੋਪੀ ਦਾ ਸੰਤਾਪ ਭੋਗ ਰਹੀ ਸੀ।"[121]

ਸੋ ਨਾਵਲਕਾਰ ਨੇ ਲਾਲੇ ਦੇ ਪੋਤੇ ਦੇ ਅਗਵਾ ਹੋਣ ਦੇ ਅਫ਼ਸੋਸ ਰਾਹੀਂ ਲਾਲੇ ਦੀ ਸਮੁੱਚੀ ਜ਼ਿੰਦਗੀ ਦੇ ਉਤਰਾਵਾਂ-ਚੜ੍ਹਾਵਾਂ, ਉਸਦੇ ਆਪਣੇ ਮਾਂ, ਭੈਣ ਦੀ ਜ਼ਿੰਦਗੀ ਦੇ ਸੁਪਨਿਆਂ ਨੂੰ ਪਿੱਛਲਝਾਤ ਦੀ ਜੁਗਤ ਰਾਹੀਂ ਬਿਆਨ ਕੀਤਾ ਹੈ ਜੋ ਉਸਦੀ ਖ਼ਾਸ ਜੁਗਤ ਮੰਨੀ ਜਾ ਸਕਦੀ ਹੈ ਜਿਸ ਰਾਹੀਂ ਉਸਨੇ ਤਿੰਨ ਪੀੜ੍ਹੀਆਂ ਦਾ ਵੇਰਵਾ ਪਾਠਕਾਂ ਨੂੰ ਦਿੱਤਾ ਹੈ। ਜਿਥੇ ਨਾਵਲਕਾਰ ਨੇ ਲਾਲੇ ਦੇ ਸੱਠਾਂ ਸਾਲਾਂ ਦੇ ਜੀਵਨ ਨੂੰ ਪਿੱਛਲਝਾਤ ਦੀ ਜੁਗਤ ਰਾਹੀਂ ਦਰਸਾਇਆ ਹੈ, ਉਥੇ ਤਫ਼ਤੀਸ਼ ਕਰ ਰਹੇ ਪੁਲਸੀਏ ਪਾਤਰਾਂ ਰਾਹੀਂ ਈਮਾਨਦਾਰੀ ਨਾਲ ਕੀਤੀ ਗਈ ਕਮਾਈ ਅਤੇ ਧੋਖਾ ਧੜ੍ਹੀ ਨਾਲ ਕਮਾਏ ਗਏ ਪੈਸੇ ਨੂੰ ਵੀ ਪਾਤਰ ਦੇ ਜੀਵਨ ਨਾਲ ਜੋੜ ਕੇ ਉਹਨਾਂ ਦੇ ਪਿਛੋਕੜ ਨੂੰ ਦ੍ਰਿਸ਼ਟਮਾਨ ਕੀਤਾ ਹੈ। ਜਿਵੇਂ :

"ਭਾਨ ਸਿੰਘ ਨੇ ਵੀ ਕਮਾਈ ਕਰਨ ਦੀ ਕਸਰ ਨਹੀਂ ਛੱਡੀ। ਪਰ ਬਾਪ ਵਾਂਗ ਔਲਾਦ ਵੀ ਜ਼ਨਾਨੀ ਬਾਜ਼ੀ ਦੀ ਸ਼ੌਕੀਨ ਹੈ। ਵੀਹ ਵਾਰ ਪੁਲਿਸ ਨੇ ਕੁੱਟੇ ਹਨ। ਕੋਈ ਮੁੰਡਾ ਮਾਸਟਰਨੀ ਨੂੰ ਘਰ ਖਵਾਈ ਜਾਂਦਾ ਹੈ, ਕੋਈ ਨਰਸ ਨੂੰ। ਕੁੜੀਆਂ ਉਨ੍ਹਾਂ ਤੋਂ ਵੀ ਦੋ ਚੰਦੇ ਵੱਧ ਹਨ। ਇਕ ਕਿਸੇ ਮਾਸਟਰ ਨਾਲ ਨਿਕਲ ਗਈ। ਸ਼ਿਵ ਦੇ ਤਿੰਨ ਬੱਚੇ ਲਾਇਕ ਹਨ। ਇਕ ਡਾਕਟਰ ਬਣ ਗਿਆ, ਦੂਜਾ ਓਵਰਸੀਅਰ। ਕੁੜੀ ਪ੍ਰੋਫੈਸਰ ਬਣ ਗਈ...ਮੀਆਂ ਬੀਵੀ ਰਹਿ ਗਏ। ਤਨਖਾਹ ਹੀ ਕਾਫ਼ੀ ਹੈ।"[122]

ਉਪਰੋਕਤ ਵੇਰਵੇ ਇਹ ਦਰਸਾਉਂਦੇ ਹਨ ਕਿ ਚਾਹੇ ਭਾਨ ਸਿੰਘ ਜਿਸਨੇ ਖ਼ੂਬ ਪੈਸਾ ਰਿਸ਼ਵਤ ਦੇ ਤੌਰ ਤੇ ਲਿਆ ਤਾਂ ਉਸਦੇ ਔਲਾਦ ਬੇਕਾਰ ਨਿਕਲੀ ਜਦਕਿ ਸ਼ਿਵ, ਜੋ ਪੈਸਾ ਲੈ ਹੀ ਨਹੀਂ ਸਕਦਾ ਸੀ, ਦੀ ਔਲਾਦ ਆਪਣੇ ਪੈਰਾਂ ਤੇ ਖੜ੍ਹੀ ਹੋ ਗਈ ਸੋ ਦੋਵੇਂ ਪਾਤਰਾਂ ਦਾ ਪਿਛੋਕੜ ਉਹਨਾਂ ਦੇ ਬੱਚਿਆਂ ਰਾਹੀਂ ਜ਼ਾਹਿਰ ਹੁੰਦਾ ਹੈ। ਇਹ ਵੀ ਨਾਵਲਕਾਰ ਦੀ

ਕਲਾ ਦਾ ਨਮੂਨਾ ਹੈ।

ਤਫ਼ਤੀਸ਼ ਦੌਰਾਨ ਨਾਵਲਕਾਰ ਹਰੇਕ ਘਰ ਦੀ ਤਫ਼ਤੀਸ਼ ਰਾਹੀਂ ਹਰੇਕ ਪਾਤਰ ਦੇ ਪਿਛੋਕੜ ਨੂੰ ਜ਼ਰੂਰ ਦਰਸਾਉਂਦਾ ਹੈ। ਇਹ ਵਿਧੀ ਵੀ ਉਸਨੂੰ ਦੂਸਰੇ ਨਾਵਲਕਾਰਾਂ ਤੋਂ ਵੱਖ ਕਰਦੀ ਹੈ ਕਿਉਂਕਿ ਉਸਦੇ ਨਾਵਲਾਂ ਦੇ ਪਾਤਰ ਅਣਗਿਣਤ ਹਨ ਜਿਨ੍ਹਾਂ ਵਿਚੋਂ ਬਹੁਤਿਆਂ ਦਾ ਜੀਵਨ ਪਿਛੋਕੜ ਦਿੱਤਾ ਹੋਇਆ ਹੈ। ਜਿਵੇਂ :

"ਅਗਲੀ ਕੋਠੀ ਬੀ.ਐਂਡ ਆਰ. ਦੇ ਓਵਰਸੀਅਰ ਜੱਸਲ ਦੀ ਸੀ। ਉਸਨੇ ਲੋਹਾ ਅਤੇ ਸੀਮਿੰਟ ਥੋਕ ਦੇ ਭਾਅ ਹਜ਼ਮ ਕੀਤਾ ਸੀ। ਸਰਕਾਰੀ ਮਾਲ ਸਰਕਾਰੀ ਇਮਾਰਤਾਂ ਤੇ ਘੱਟ, ਉਸਦੀ ਕੋਠੀ ਵਿਚ ਸੰਗਮਰਮਰ ਅਤੇ ਪੱਥਰ ਇਉਂ ਲੱਗਿਆ ਸੀ, ਜਿਵੇਂ ਠੁੱਲੀਵਾਲ ਵਾਲਾ ਸੇਠ ਹੋਵੇ।"[123]

ਇਥੇ ਹੀ ਬੱਸ ਨਹੀਂ ਸਗੋਂ ਅਜਿਹੇ ਅਨੇਕਾਂ ਪਾਤਰਾਂ ਦਾ ਪਿਛੋਕੜ ਉਸਨੇ ਵਿਸਥਾਰ ਵਿਚ ਦਿੱਤਾ ਹੈ। ਅਜਿਹੇ ਪਾਤਰਾਂ ਦਾ ਰੋਲ ਸਿਰਫ਼ ਉਹਨਾਂ ਦੇ ਪਿਛੋਕੜ ਵਿਚ ਹੀ ਪਿਆ ਹੈ। ਤਲਾਸ਼ੀ ਦੌਰਾਨ ਸਿਰਫ ਘਰ ਦੀ ਨੰਬਰ ਪਲੇਟ ਦੇਖ ਕੇ ਹੀ ਉਹਨਾਂ ਦੇ ਸਮੁੱਚੇ ਜੀਵਨ ਨੂੰ ਬਿਆਨ ਕਰਨਾ ਵੀ ਕਲਾ ਹੈ। 'ਕਟਹਿਰਾ' ਨਾਵਲ ਦਾ ਕੇਂਦਰੀ ਪਾਤਰ ਪਿਆਰੇ ਲਾਲ ਦੇ ਜੀਵਨ ਦੀ ਪਿੱਛਲਝਾਤ ਰਾਹੀਂ ਇਹ ਦਰਸਾਉਂਦਾ ਹੈ ਕਿ ਮਨੁੱਖ ਹਮੇਸ਼ਾ ਠੋਕਰ ਖਾ ਕੇ ਹੀ ਸਿੱਖਦਾ ਹੈ :

"ਪਿਆਰੇ ਲਾਲ ਦੇ ਬਾਪ ਮੁਕੰਦ ਲਾਲ ਨੇ ਸੁਪਨਾ ਲਿਆ ਸੀ ਪਿਆਲੇ ਲਾਲ ਨੂੰ ਵਕੀਲ ਬਣਾਉਣ ਦਾ। ਉਸਦੇ ਜਨਮ ਤੋਂ ਵੀ ਪਹਿਲਾਂ। ਕਿਸੇ ਆਸਾਮੀ ਨੇ ਮੁਕੰਦ ਲਾਲ ਦੇ ਦੋ ਸੌ ਰੁਪਏ ਮਾਰ ਲਏ ਸਨ।...ਅਦਾਲਤ ਦਾ ਦਰਵਾਜ਼ਾ ਖੜਕਾਉਣ ਲਈ ਮੁਕੰਦ ਲਾਲ ਨੇ ਬਿਹਾਰੀ ਲਾਲ ਵਕੀਲ ਕੀਤਾ ਸੀ। ਪਹਿਲੀ ਸੱਟੇ ਹੀ ਉਸਨੇ ਪੰਜਾਹ ਰੁਪਏ ਝਾੜ ਲਏ ਸਨ। ਇੰਨੀ ਰਕਮ ਤਾਂ ਮੁਕੰਦ ਲਾਲ ਤੋਂ ਇਕ ਮਹੀਨੇ ਵਿਚ ਕਮਾਈ ਜਾਣੀ ਸੀ, ਨਾ ਉਸਦੀ ਆਸਾਮੀ ਕੋਲੋਂ।...ਦੋ ਸਾਲ ਤਾਰੀਖਾਂ ਭੁਗਤ ਕੇ ਉਸਨੂੰ ਮਹਿਸੂਸ ਹੋਇਆ, ਅਦਾਲਤਾਂ ਦੇ ਤਾਂ ਮੁਨਸ਼ੀ ਮੁਸੱਦੀ ਨਹੀਂ ਮਾਣ...ਉਹ ਵੀ ਮੁੰਡੇ ਨੂੰ ਵਕੀਲ ਬਣਾਉਣਗੇ।"[124]

ਸੋ ਉਪਰੋਕਤ ਸਤਰਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਪਿਆਰੇ ਲਾਲ ਦੇ ਬਾਪ ਮੁਕੰਦ ਲਾਲ ਨੂੰ ਜਦੋਂ ਕਚਹਿਰੀਆਂ ਜਾਣ ਦਾ ਮੌਕਾ ਮਿਲਿਆ ਤਾਂ ਉਹ ਆਪਣੇ ਬੱਚੇ ਨੂੰ ਵਕੀਲ ਬਣਾਉਣ ਦੇ ਸੁਪਨੇ ਲੈਣ ਲੱਗਿਆ।

'ਕੌਰਵ-ਸਭਾ' ਨਾਵਲ ਦਾ ਕੇਂਦਰੀ ਥੀਮ ਨਿਆਂਪਾਲਿਕਾ ਅਤੇ ਕਾਨੂੰਨ ਹੈ। ਪਰੰਤੂ ਨਾਵਲ ਦੇ ਆਰੰਭ ਵਿਚ ਰਾਮ ਨਾਥ ਨੂੰ ਉਸਦੀ ਭੈਣ ਨੀਲਮ ਦੇ ਘਰ ਪਏ ਡਾਕੇ ਦੀ ਸੂਚਨਾ ਮਿਲਦੀ ਹੈ। ਰਾਮ ਨਾਥ ਸੋਚਦਾ ਹੈ ਡਾਕਾ ਕਿਉਂ ਪਿਆ ? ਡਾਕਾ ਮਾਰਨ ਵਾਲੇ ਕੌਣ ਸਨ ? ਪਰਿਵਾਰ ਦੇ ਮੈਂਬਰਾਂ ਦੀ ਕੀ ਹਾਲਤ ਸੀ ? ਆਦਿ ਪ੍ਰਸ਼ਨਾਂ ਨਾਲ ਜਿਥੇ ਪਾਠਕਾਂ ਦੇ ਮਨ ਵਿਚ ਉਤਸੁਕਤਾ ਪੈਦਾ ਹੁੰਦਾ ਹੈ ਉਥੇ ਨਾਵਲਕਾਰ ਚਾਲੀ-ਪੰਜਾਹ ਸਾਲ ਦੇ ਜੀਵਨ ਬਿਰਤਾਂਤ ਨੂੰ ਰਾਮ ਨਾਥ ਦੀ ਸਿਮਰਿਤੀ ਦੁਆਰਾ ਇਕ ਡੇਢ ਘੰਟੇ ਦੇ ਸਫ਼ਰ ਦੌਰਾਨ ਪੇਸ਼ ਕਰਦਾ ਹੈ। ਇਹ ਪਿੱਛਲਝਾਤ ਦੀ ਜੁਗਤ ਨਾਵਲਕਾਰ ਦੇ ਨਾਵਲਾਂ ਦੀ ਬਣਤਰ ਦਾ ਇਕ ਅਹਿਮ ਪਹਿਲੂ ਹੈ। ਰਾਮ ਨਾਥ ਸਿਮਰਿਤੀ ਦੁਆਰਾ ਵੱਖ-ਵੱਖ ਪਰਤਾਂ ਫਰੋਲਦਾ ਹੋਇਆ ਆਰੰਭ ਵਿਚ ਹੀ ਤਣਾਉ ਦੀਆਂ ਸਥਿਤੀਆਂ ਦੀ ਸਿਰਜਨਾ ਕਰਦਾ ਹੋਇਆ

ਵਰਨਣਾਤਮਕ ਜੁਗਤ ਦੀ ਵਰਤੋਂ ਵੀ ਕਰਦਾ ਹੈ।

ਨਾਵਲਕਾਰ ਨੇ ਪਿੱਛਲਝਾਤ ਦੀ ਜੁਗਤ ਰਾਹੀਂ ਮਨੋਵਿਸ਼ਲੇਸ਼ਣ ਵਿਧੀ ਨੂੰ ਪ੍ਰਮੁੱਖ ਵਿਧੀ ਵਜੋਂ ਆਪਣੇ ਨਾਵਲਾਂ ਵਿਚ ਵਰਤਿਆ ਹੈ। ਇਸ ਵਿਧੀ ਰਾਹੀਂ ਉਹ ਪਾਤਰਾਂ ਦੇ ਮਨ ਅੰਦਰਲੇ ਸੰਘਰਸ਼/ਘੋਲ ਨੂੰ ਚਿਤਰਨ ਦੀ ਭਰਪੂਰ ਕੋਸ਼ਿਸ਼ ਕਰਦਾ ਹੈ। ਮਨੋਵਿਸ਼ਲੇਸ਼ਣ ਕਰਨ ਲੱਗਿਆਂ ਨਾਵਲਕਾਰ ਨੇ ਮਾਨਸਿਕ ਸਥਿਤੀ ਨੂੰ ਇੰਨੀ ਸੁਭਾਵਿਕਤਾ ਨਾਲ ਪ੍ਰਗਟ ਕੀਤਾ ਹੈ ਕਿ ਕਲਪਿਤ ਘਟਨਾਵਾਂ ਵੀ ਪਾਤਰਾਂ ਦੀ ਮਨੋਸਥਿਤੀ ਦਾ ਪ੍ਰਗਟਾਅ ਕਰਦੀਆਂ ਜਾਪਦੀਆਂ ਹਨ। 'ਕੌਰਵ-ਸਭਾ' ਨਾਵਲ ਦੀ ਪਾਤਰ ਨੇਹਾ ਨੂੰ ਦੇਖਿਆ ਜਾ ਸਕਦਾ ਹੈ :

"ਬਿਆਨ ਯਾਦ ਕਰਦਿਆਂ ਕਮਲ ਦੇ ਪੇਟ ਵਿਚ ਵਜਦੇ ਛੁਰਿਆਂ ਦਾ ਦ੍ਰਿਸ਼ ਤਾਜ਼ਾ ਹੋ ਜਾਂਦਾ ਹੈ। ਕਮਲ ਦੇ ਤਰਲੇ ਅਤੇ ਚੀਕਾਂ ਉਸਦੇ ਕੰਨਾਂ ਨੂੰ ਚੀਰਨ ਲੱਗਦੇ ਸਨ। ਉਸਨੂੰ ਆਪਣੇ ਆਪ ਤੇ ਅਫਸੋਸ ਹੁੰਦਾ ਸੀ। ਕਮਲ ਦੀ ਮੌਤ ਦੀ ਜ਼ਿੰਮੇਵਾਰ ਉਹ ਸੀ। ਨਾ ਉਹ ਪੈਦਾ ਹੁੰਦੀ ਨਾ ਕੋਈ ਉਸਦੀ ਇੱਜ਼ਤ ਲੁੱਟਦਾ। ਨਾ ਕਮਲ ਮੁਕਾਬਲਾ ਕਰਦਾ ਨਾ ਕਤਲ ਹੁੰਦਾ।"[125]

ਇਸ ਤਰਲ ਮਨੋ-ਅਵਸਥਾ ਵਿਚ ਉਸਦੇ ਪਾਤਰ ਜਦੋਂ ਅਤੀਤ ਵੱਲ ਵੇਖਦੇ ਹਨ ਤਾਂ ਇਸ ਤਰ੍ਹਾਂ ਦੀ ਸਥਿਤੀ ਦਾ ਨਾਵਲਕਾਰ ਪਿੱਛਲਝਾਤ ਦੀ ਜੁਗਤ ਰਾਹੀਂ ਮਨੋਵਿਸ਼ਲੇਸ਼ਣ ਕਰਦਾ ਹੈ। ਮਨੁੱਖੀ ਚੇਤਨਾ ਦੇ ਪ੍ਰਵਾਹ ਨੂੰ ਬਿਰਤਾਂਤ ਵਿਚ ਸਿਰਜਨ ਲਈ ਪੰਜਾਬੀ ਗਲਪ ਵਿਚ ਇਹ ਜੁਗਤ ਸਭ ਤੋਂ ਪਹਿਲਾਂ ਵਰਤੀ ਗਈ। ਨਾਵਲ ਵਿਚ ਇਸ ਜੁਗਤ ਰਾਹੀਂ ਨਾਵਲੀ ਪਾਤਰ ਵਰਤਮਾਨ ਵਿਚ ਵਿਚਰਦੇ ਹੋਏ ਲੋੜ ਅਨੁਸਾਰ ਭੂਤ ਨਾਲ ਆ ਜੁੜਦੇ ਹਨ ਅਤੇ ਫਿਰ ਥੋੜ੍ਹੀ ਦੇਰ ਬਾਅਦ ਆਪਣੇ ਵਰਤਮਾਨ ਵਿਚ ਵਾਪਸ ਆ ਜਾਂਦੇ ਹਨ। ਮੀਤ ਨੇ ਆਪਣੇ ਬਹੁਤੇ ਨਾਵਲਾਂ ਵਿਚ ਬਹੁਤੇ ਪਾਤਰਾਂ ਦੇ ਭੂਤਕਾਲੀ ਜੀਵਨ ਦੀ ਘਟਨਾ ਨੂੰ ਪਿੱਛਲਝਾਤ ਦੀ ਜੁਗਤ ਰਾਹੀਂ ਹੀ ਉਜਾਗਰ ਕੀਤਾ ਹੈ। ਉਪਰੋਕਤ ਵਿਅੰਗ ਵਿਚ ਨੇਹਾ ਦੀ ਅੰਦਰੂਨੀ ਹਾਲਤ ਨੂੰ ਬਿਆਨ ਕਰਨ ਦੇ ਨਾਲ-ਨਾਲ ਉਸਦੀ ਮਾਨਸਿਕ ਦੁਬਿਧਾ ਤੇ ਦੁਖਾਂਤਕ ਪ੍ਰਸਥਿਤੀ ਨੂੰ ਵੀ ਉਜਾਗਰ ਕੀਤਾ ਹੈ।

ਇਸੇ ਤਰ੍ਹਾਂ ਹੀ 'ਸੁਧਾਰ-ਘਰ' ਨਾਵਲ ਦੇ ਹਰ ਵਰਗ, ਹਰ ਤਰ੍ਹਾਂ ਦੇ ਜ਼ੁਰਮ ਕਰਨ ਵਾਲੇ, ਬੱਚੇ, ਬੁੱਢਿਆਂ ਅਤੇ ਇਸਤਰੀਆਂ ਦੇ ਜੀਵਨ ਵੇਰਵਿਆਂ ਨੂੰ ਪਿੱਛਲਝਾਤ ਦੀ ਜੁਗਤ ਰਾਹੀਂ ਇਸ ਤਰ੍ਹਾਂ ਦਰਸਾਇਆ ਹੈ ਕਿ ਪਾਠਕ ਹਰੇਕ ਪਾਤਰ ਦੇ ਹਾਲਾਤ ਜਾਣ ਕੇ ਉਸਦੇ ਨਾਲ ਹਮਦਰਦੀ ਕਰਦਾ ਹੈ। ਜਿਵੇਂ ਮੋਦਨ ਨੂੰ ਵੇਖਿਆ ਜਾ ਸਕਦਾ ਹੈ, ਜਿਸਦਾ ਵਿਆਹ ਅਪਾਹਜ ਕਰਕੇ ਨਹੀਂ ਹੁੰਦਾ। ਉਸਦਾ ਭਰਾ ਮਾਸਟਰ ਵਿਆਹਿਆ ਜਾਂਦਾ ਹੈ, ਜਿਸ ਤੋਂ ਉਸਨੂੰ ਉਮੀਦ ਹੋ ਜਾਂਦੀ ਹੈ ਜਿਵੇਂ : "ਬਜ਼ੁਰਗ ਕਹਿੰਦੇ ਹਨ, ਇਕ ਦੇ ਵਿਆਹ ਹੋਣ ਨਾਲ ਸਭ ਦਾ ਕੰਮ ਸਰ ਜਾਂਦਾ ਹੈ।"[126] ਪਰੰਤੂ ਭਰਜਾਈ ਮੋਦਨ ਨੂੰ ਨੇੜੇ ਨਹੀਂ ਢੁੱਕਣ ਦਿੰਦੀ। ਟੇਲਰ ਮਾਸਟਰ ਹੋਣ ਕਰਕੇ ਕਦੇ ਨਾਪ ਦੇਣ ਆਈ ਕਿਸੇ ਔਰਤ ਤੋਂ ਥੱਪੜ ਖਾਂਦਾ ਹੈ। ਸਰੀਰਕ ਤੌਰ ਤੇ ਰਿਸ਼ਟ ਪੁਸ਼ਟ ਹੋਣ ਕਾਰਨ ਸੈਕਸ ਦੀ ਬਿਰਤੀ ਉਸਨੂੰ ਟਿਕਣ ਨਹੀਂ ਦਿੰਦੀ, ਜਿਸ ਕਾਰਨ ਉਹ ਪਸ਼ੂ ਬਿਰਤੀ ਵੱਲ ਉਲਰਦਾ ਹੈ ਤੇ ਗੁਆਂਢੀ ਦੀ ਕੱਟੀ ਨਾਲ ਬਲਾਤਕਾਰ ਕਰਦਾ ਹੈ। ਜਿਸਦੀ ਖ਼ਬਰ ਪੂਰੇ ਪਿੰਡ ਵਿਚ ਫੈਲ ਜਾਂਦੀ ਹੈ। ਫਿਰ ਪੁਲਿਸ ਤੱਕ ਤੇ ਪਸ਼ੂਆਂ ਨੂੰ ਪਿਆਰ ਕਰਨ ਵਾਲੀ ਸ਼ਿਵ ਸੈਨਾ ਵਾਲੇ ਮੋਦਨ ਨੂੰ ਮਾਰਨ ਤੱਕ ਦੀ ਸੋਚਦੇ ਹਨ। ਉਸਨੂੰ

ਜੇਲ੍ਹ ਵਿਚ ਗਊ ਭਗਤ ਹਰੀ ਓਮ ਦੀ ਧੱਕੇਸ਼ਾਹੀ ਸਹਿਣ ਕਰਨੀ ਪੈਂਦੀ ਹੈ। ਜਿਵੇਂ :

"ਇਸ ਕੰਜਰ ਨੇ ਮੇਰੀ ਇਸ਼ਟ, ਗਊ ਮਾਤਾ ਦੀ ਇੱਜ਼ਤ ਲੁੱਟੀ ਹੈ। ਇਹ ਨਰਕਾਂ ਦਾ ਭਾਗੀ ਹੈ। ਕੈਦ ਇਸ ਜ਼ੁਰਮ ਦੀ ਸਹੀ ਸਜ਼ਾ ਨਹੀਂ ਹੈ... ਆਖਦੇ ਹਰੀ ਓਮ ਨੇ ਠਿਬੀ ਲਾ ਕੇ ਮੋਦਨ ਨੂੰ ਜ਼ਮੀਨ 'ਤੇ ਸੁੱਟਿਆ। ਠੁੱਡਾ ਮਾਰ ਕੇ ਪੁੱਠਾ ਕੀਤਾ। ਫੇਰ ਦੋਹਾਂ ਹੱਥਾਂ ਨਾਲ ਆਪਣੇ ਰੂਲ ਨੂੰ ਉਸਦੀ ਗੁਦਾ ਵਿਚ ਖੋਭ ਦਿੱਤਾ।"[127]

ਸੋ ਨਾਵਲਕਾਰ ਨੇ ਅਜਿਹੀਆਂ ਪ੍ਰਸਥਿਤੀਆਂ ਦੁਆਰਾ ਸਮਾਜ ਵਿਚ ਅਪ੍ਰਵਾਨਿਤ ਕੀਤੇ ਜਾਣ ਵਾਲੇ ਲੋਕਾਂ ਦੀ ਸਥਿਤੀ ਨੂੰ ਬਿਆਨ ਕੀਤਾ ਹੈ, ਜੋ ਜ਼ੁਰਮ ਕਰਨ ਲਈ ਮਜ਼ਬੂਰ ਹੁੰਦੇ ਹਨ। ਜੇਲ੍ਹ ਵਿਚ ਇਕੱਠੇ ਅਣਗਿਣਤ ਤੇ ਵੱਖ-ਵੱਖ ਵਰਗਾਂ ਨਾਲ ਸੰਬੰਧ ਰੱਖਣ ਵਾਲੇ, ਸੱਚੀਆਂ ਝੂਠੀਆਂ ਸਜ਼ਾਵਾਂ ਕੱਟ ਰਹੇ ਮੁਜ਼ਰਮਾਂ ਦੇ ਪਿਛੋਕੜ ਨੂੰ ਪਿੱਛਲਝਾਤ ਦੀ ਜੁਗਤ ਰਾਹੀਂ ਰੂਪਮਾਨ ਕਰਦਾ ਮਿੱਠੋ ਕੈਦਣ ਦੇ ਜੀਵਨ ਦਾ ਵੇਰਵਾ ਦਿੰਦਾ ਹੈ :

"ਗੋਹਾ ਕੂੜਾ ਕਰਕੇ ਤਿੰਨ ਸਾਲ ਉਹ ਚੁੱਲਾ ਮਘਾਉਂਦੀ ਰਹੀ। ਕੁੜੀ ਮੁੰਡੇ ਨੂੰ ਦਸ ਜਮਾਤਾਂ ਪਾਸ ਕਰਾਉਣ ਦੀ ਆਸ ਰੱਖਦੀ ਰਹੀ। ਰੰਡੀ ਰੰਡੇਪਾ ਕੱਟਣ ਲਈ ਤਿਆਰ ਸੀ, ਪਰ ਮੁਸ਼ਟੰਡੇ ਕੱਟਣ ਨਹੀਂ ਸਨ ਦੇ ਰਹੇ।"[128]

ਸੋ ਨਾਵਲਕਾਰ ਕੇਵਲ ਮਿੱਠਾ ਦਾ ਹੀ ਵੇਰਵਾ ਨਹੀਂ ਦਿੰਦਾ ਸਗੋਂ ਅਨੇਕਾਂ ਅੜ੍ਹੇ-ਥੁੜ੍ਹੇ ਪਰਿਵਾਰ ਨਾਲ ਸੰਬੰਧਿਤ ਕੈਦ ਕੱਟ ਰਹੇ ਹੋਰ ਪਾਤਰਾਂ ਦੇ ਮੁਸ਼ੱਕਤ ਭਰੇ ਜੀਵਨ ਦੇ ਵੇਰਵਿਆਂ ਨੂੰ ਪਿੱਛਲਝਾਤ ਦੀ ਜੁਗਤ ਰਾਹੀਂ ਆਪਣੇ ਕਥਾਨਕ ਦੀ ਬੁਣਤੀ ਵੀ ਸੰਘਣੀ ਕਰਦਾ ਹੈ। ਇਸ ਤਰ੍ਹਾਂ ਪਿੱਛਲਝਾਤ ਦੀ ਵਿਧੀ ਰਾਹੀਂ ਉਹ ਅਣਦਿਸਦੇ ਪੱਖਾਂ ਦੀ ਸਿਰਜਨਾ ਕਰਦਾ ਹੈ ਜੋ ਨਾਵਲ ਦੀਆਂ ਘਟਨਾਵਾਂ ਦਾ ਕਾਰਨ ਬਣਦੀਆਂ ਹਨ।

**ਵਾਰਤਾਲਾਪ :** ਵਾਰਤਾਲਾਪ ਵਿਧੀ ਗਲਪੀ ਬਿਰਤਾਂਤ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਨਾਵਲ ਵਿਚ ਵਾਰਤਾਲਾਪ ਦੀ ਪਾਤਰ ਉਸਾਰੀ ਤੇ ਕਥਾਨਕ ਵਿਚ ਸੰਖੇਪਤਾ, ਨਾਟਕੀਅਤਾ, ਸੁਭਾਵਕਤਾ ਦੀ ਲੋੜ ਹੁੰਦੀ ਹੈ ਕਿਉਂਕਿ ਵਾਰਤਾਲਾਪ ਰਾਹੀਂ ਕਥਾ ਦੇ ਕਿਸੇ ਖਾਸ ਮੌਕੇ ਨੂੰ ਬਿਆਨ ਕੀਤਾ ਜਾਂਦਾ ਹੈ।

ਡਾ. ਟੀ.ਆਰ.ਵਿਨੋਦ ਅਨੁਸਾਰ, "ਵਾਰਤਾਲਾਪ ਨਾਵਲ ਦੇ ਪਾਤਰਾਂ ਦੀ ਆਪਸੀ ਗੱਲ-ਬਾਤ ਹੈ। ਇਹ ਨਾਵਲ ਦੀ ਬਣਤਰ ਦਾ ਇਕ ਮਹੱਤਵਪੂਰਨ ਤੱਤ ਹੈ ਜੋ ਨਾਵਲ ਦੀ ਥੀਮ, ਪਾਤਰਾਂ ਦੇ ਚਰਿੱਤਰ ਅਤੇ ਨਾਵਲੀ ਸਥਿਤੀਆਂ ਦੇ ਵਿਗੋਪਨ ਦਾ ਪ੍ਰਕਾਰਜ ਕਰਦਾ ਹੈ। ਇਹ ਤੱਤ ਬਿਰਤਾਂਤ ਦੀ ਲਗਾਤਾਰਤਾ ਨੂੰ ਭੰਗ ਕਰਕੇ ਇਸਨੂੰ ਨਾਟਕੀ ਰੂਪ ਪ੍ਰਦਾਨ ਕਰਦਾ ਹੈ। ਕਿਸੇ ਸਿਧਾਂਤ ਜਾਂ ਆਦਰਸ਼ ਦੀ ਵਿਆਖਿਆ ਲਈ ਵੀ ਵਾਰਤਾਲਾਪ ਦੀ ਵਿਧੀ ਵਰਤੀ ਜਾਂਦੀ ਹੈ।"[129]

ਮਿੱਤਰ ਸੈਨ ਮੀਤ ਨੇ ਇਸ ਵਿਧੀ ਦੀ ਵਰਤੋਂ ਦੋ ਪਾਤਰਾਂ ਦੇ ਸੰਵਾਦਾਂ ਰਾਹੀਂ ਨਾਟਕੀ ਦ੍ਰਿਸ਼ ਘੜਨ ਲਈ ਵਰਤੀ ਹੈ। 'ਕਟਹਿਰਾ' ਨਾਵਲ ਵਿਚ ਦੇਖਿਆ ਜਾ ਸਕਦਾ ਹੈ:

"ਖੁਸ਼ੀ ਦੀ ਲੋਰ 'ਚ ਆਏ ਤਫ਼ਤੀਸ਼ੀ ਨੇ ਕਾਗਜ਼ ਸਮੇਟ ਕੇ ਬੈਗ ਵਿਚ ਪਾਏ। ਬਟੂਏ ਵਿਚੋਂ ਸੌ ਦਾ ਇਕ ਹੋਰ ਨੋਟ ਕੱਢਿਆ। ਪਹਿਲੇ ਨਾਲ ਰਲਿਆ। ਫੇਰ ਦੋਵੇਂ ਨੋਟ ਸੁਰਿੰਦਰ ਕੁਮਾਰ ਵੱਲ ਵਧਾ ਦਿੱਤੇ।

"ਕੋਈ ਨੀ ਰਹਿਣ ਦੇ...ਇਹੋ ਰਾਇ ਮੈਂ ਕਿਸੇ ਪ੍ਰਾਈਵੇਟ ਪਾਰਟੀ ਨੂੰ ਦਿੱਤੀ ਹੁੰਦੀ ਤਾਂ

ਪੰਜ ਹਜ਼ਾਰ ਲਿਆ ਹੁੰਦਾ। ਸਰਕਾਰ ਦੇਖ ਲੈ ਮੁਫ਼ਤ 'ਚ ਦਿਮਾਗ ਖਾਈ ਜਾਂਦੀ ਐ...। ਤੁਸੀਂ ਹੁਣ ਸ਼ਰਮਿੰਦਾ ਨਾ ਕਰੋ। ਮੈਂ ਬਹੁਤ ਖਰਚੀ ਬੈਠਾ। ਹਾਲੇ ਉਪਰ ਵੀ ਖਰਚ ਹੋਣੈ।"[130]

ਉਪਰੋਕਤ ਵਾਰਤਾਲਾਪ ਰਾਹੀਂ ਪਾਠਕ ਦੇ ਸਾਹਮਣੇ ਦੋ ਪਾਤਰਾਂ ਵਿਚਕਾਰ ਹੋਈ ਗੱਲਬਾਤ ਦਾ ਦ੍ਰਿਸ਼ ਸਾਕਾਰ ਹੁੰਦਾ ਹੈ, ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਪਤਾ ਲਗਦਾ ਹੈ। ਇਥੇ ਨਾਵਲਕਾਰ ਆਪਣੇ ਨਾਟਕੀ ਦ੍ਰਿਸ਼ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਇਕੋ ਕਿਸਮ ਦੇ ਦੋ ਪਾਤਰਾਂ ਦੀ ਸਿਰਜਣਾ ਵੀ ਕਰਦਾ ਹੈ ਜੋ ਰਲ ਕੇ ਖ਼ਾਸ ਕਿਸਮ ਦਾ ਪ੍ਰਭਾਵ ਬਣਾਉਂਦੇ ਹਨ। ਇਸ ਤਰ੍ਹਾਂ 'ਸੁਧਾਰ-ਘਰ' ਨਾਵਲ ਵਿਚ ਜਦੋਂ ਸੈਸ਼ਨ ਜੱਜ ਜੇਲ੍ਹ ਦਾ ਦੌਰਾ ਕਰਦਾ ਹੈ ਤਾਂ ਜੇਲ੍ਹ ਸੁਪਰਡੈਂਟ ਤੇ ਸੈਸ਼ਨ ਜੱਜ ਦੀ ਗੱਲਬਾਤ ਦਾ ਦ੍ਰਿਸ਼ ਪਾਠਕਾਂ ਦੀਆਂ ਅੱਖਾਂ ਅੱਗੇ ਸਾਕਾਰ ਹੁੰਦਾ ਹੈ :

"ਤੁਸੀਂ ਇਨ੍ਹਾਂ ਦਾ ਸਹੀ ਢੰਗ ਨਾਲ ਇਲਾਜ ਕਿਉਂ ਨਹੀਂ ਕਰਾਉਂਦੇ ? "ਡਾਕਟਰ ਇਕ ਹੈ, ਮਰੀਜ਼ ਪੰਦਰਾਂ ਸੌ। ਜੇ ਡਾਕਟਰ ਲਗਾਤਾਰ ਬਾਰਾਂ ਘੰਟੇ ਡਿਊਟੀ ਦੇਵੇ ਤਾਂ ਉਸਨੂੰ ਇਕ ਮਿੰਟ ਵਿਚ ਦੋ ਮਰੀਜ਼ ਦੇਖਣੇ ਪੈਣਗੇ। ਦਵਾਈਆਂ ਦਾ ਬਜਟ ਨਾ ਮਾਤਰ ਹੈ। ਇਕ ਮਰੀਜ਼ ਦੇ ਹਿੱਸੇ, ਇਕ ਮਹੀਨੇ ਵਿਚ, ਇਕ ਰੁਪਏ ਦੀ ਦਵਾਈ ਆਉਂਦੀ ਹੈ। ਇਲਾਜ ਕਿਸ ਤਰ੍ਹਾਂ ਹੋਵੇ ?"

"ਸਾਰੀ ਬੈਰਕ ਵਿਚ ਗੰਦਗੀ ਹੀ ਗੰਦਗੀ ਹੈ। ਘੱਟੋ-ਘੱਟ ਸਫਾਈ ਤਾਂ ਰੱਖੀ ਜਾ ਸਕਦੀ ਹੈ।"

"ਸਫ਼ਾਈ ਕਰਮਚਾਰੀ ਸਰਕਾਰੀ ਮੁਲਾਜ਼ਮ ਹਨ। ਮੁਲਾਜ਼ਮਾਂ ਨੂੰ ਸ਼ਨੀਵਾਰ ਅਤੇ ਐਤਵਾਰ ਦੀ ਛੁੱਟੀ ਹੁੰਦੀ ਹੈ। ਕੈਦੀਆਂ ਤੋਂ ਸਫ਼ਾਈ ਦਾ ਕੰਮ ਲੈਣ ਨਹੀਂ ਦਿੰਦੇ। ਕਹਿੰਦੇ ਹਨ, ਇਸ ਤਰ੍ਹਾਂ ਸਾਡੇ ਰੋਜ਼ਗਾਰ ਦੇ ਮੌਕੇ ਘਟਦੇ ਹਨ...

"ਅੱਧੀਆਂ ਔਰਤਾਂ ਦੇ ਕੱਪੜੇ ਖ਼ੂਨ ਨਾਲ ਲਿਬੜੇ ਪਏ ਹਨ ਮਾਂਹਵਾਰੀ ਦੇ ਦਿਨਾਂ ਵਿਚ ਕਾਟਨ ਵਗੈਰਾ ਨਹੀਂ ਦਿੰਦੇ ? ਉਹੋ ਸਮੱਸਿਆ ਫੇਰ ਹੈ। ਪੈਸਾ ਜ਼ਹਿਰ ਖਾਣ ਨੂੰ ਨਹੀਂ ਹੈ।"[131]

ਉਕਤ ਵਾਰਤਾਲਾਪ ਜਿਥੇ ਪਾਠਕਾਂ ਸਾਹਮਣੇ ਜੇਲ੍ਹ ਦੇ ਅੰਦਰੂਨੀ ਦ੍ਰਿਸ਼ ਨੂੰ ਸਾਕਾਰ ਕਰਦੀ ਹੈ ਉਥੇ ਜੇਲ੍ਹ ਕੈਦੀਆਂ ਦੀ ਹੋ ਰਹੀ ਦੁਰਦਸ਼ਾ ਨੂੰ ਵੀ ਰੂਪਮਾਨ ਕਰਦੀ ਹੈ। ਦੋ ਪਾਤਰਾਂ ਦੀ ਵਾਰਤਾਲਾਪ ਵਿਚ ਸਮੁੱਚਾ ਸਰਕਾਰੀ ਤੇ ਰਾਜਸੀ ਢਾਂਚਾ ਵੀ ਨਜ਼ਰ ਆਉਂਦਾ ਹੈ।

ਡਾ. ਕੁਲਬੀਰ ਸਿੰਘ ਕਾਂਗ ਅਨੁਸਾਰ, "ਨਾਵਲਕਾਰ ਸਿਰਫ਼ ਵਾਰਤਾਲਾਪ ਲਿਖਦਾ ਹੀ ਨਹੀਂ, ਸਗੋਂ ਵਾਰਤਾਲਾਪ ਦੁਆਰਾ ਪਾਤਰਾਂ ਦੀ ਸੁਭਾਅ ਉਸਾਰੀ, ਵਿਚਾਰਾਂ ਦੀ ਟੱਕਰ, ਉਦੇਸ਼ ਦਾ ਸਮਰਥਨ ਅਤੇ ਸਪੱਸ਼ਟਤਾ, ਬੀਤੀ ਜੀਵਨ ਝਾਕੀ ਦਾ ਵਰਨਣ ਆਦਿਕ ਕੰਮ ਭੀ ਲੈਂਦਾ ਹੈ।"[132]

ਮਿੱਤਰ ਸੈਨ ਮੀਤ ਨੇ ਇਸ ਵਿਧੀ ਦੀ ਵਰਤੋਂ ਦੋ ਪਾਤਰਾਂ ਦੇ ਸੰਵਾਦਾਂ ਰਾਹੀਂ ਨਾਟਕੀ ਦ੍ਰਿਸ਼ ਘੜਨ ਲਈ ਵਰਤੀ ਹੈ :

"ਇਹ ਕੀ ਹੈ ?
ਚਾਲੀ ਲੱਖ ਹੈ"

ਮੈਂ ਕੀ ਕਰਨੇ ਨੇ ? ਰੱਖ ਆਪਣੇ ਕੋਲ ਦੇਖ ਆਪਣੇ ਬਾਪੂ ਦੀਆਂ ਮਿਹਰਾਂ, ਨਵੀਂ

ਪੀੜ੍ਹੀ ਮੁੱਖ ਮੰਤਰੀ ਨੂੰ ਬਾਪੂ ਆਖ ਕੇ ਬੁਲਾਉਂਦੀ ਸੀ। ਇਕ ਸੁਹਿਰਦ ਬਾਪ ਵਾਲੇ ਫਰਜ਼ ਨਿਭਾਉਂਦਿਆਂ ਮੁੱਖ ਮੰਤਰੀ ਨੇ ਬਘੇਲ ਸਿੰਘ ਦੀ ਪਿੱਠ ਥਾਪੜ ਕੇ ਬਰੀਫ਼ ਕੇਸ ਉਸ ਵੱਲ ਖਿਸਕਾ ਦਿੱਤਾ। ਮੈਂ ਅਗਲੀ ਕਿਸ਼ਤ ਲੈ ਲਵਾਂਗਾ। ਇਹ ਤੁਹਾਡੀ ਅਮਾਨਤ ਹੈ।"[133]

ਉਪਰੋਕਤ ਵਾਰਤਾਲਾਪ ਰਾਹੀਂ ਪਾਠਕਾਂ ਦੇ ਸਾਹਮਣੇ ਦੋ ਪਾਤਰਾਂ ਵਿਚਕਾਰ ਹੋਈ ਗੱਲਬਾਤ ਦਾ ਦ੍ਰਿਸ਼ ਸਾਕਾਰ ਹੁੰਦਾ ਹੈ ਅਤੇ ਉਹਨਾਂ ਦੀ ਸ਼ਖ਼ਸੀਅਤ ਬਾਰੇ ਪਤਾ ਲਗਦਾ ਹੈ। ਇਥੇ ਨਾਵਲਕਾਰ ਆਪਣੀ ਨਾਟਕੀ ਦ੍ਰਿਸ਼ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਇਕੋ ਕਿਸਮ ਦੇ ਦੋ ਪਾਤਰਾਂ ਦੀ ਸਿਰਜਨਾ ਵੀ ਕਰਦਾ ਹੈ, ਜੋ ਰਲ ਕੇ ਖ਼ਾਸ ਕਿਸਮ ਦਾ ਪ੍ਰਭਾਵ ਬਣਾਉਂਦੇ ਹਨ।

**ਭਾਸ਼ਾਈ ਟਿੱਪਣੀਆਂ :** ਸਾਹਿਤ ਦੇ ਕਿਸੇ ਵੀ ਰੂਪ ਵਿਚ ਸਾਹਿਤਕਾਰ ਦੀਆਂ ਭਾਸ਼ਾਈ ਟਿੱਪਣੀਆਂ ਨੂੰ ਉਸਦਾ ਔਗੁਣ ਮੰਨਿਆ ਜਾਂਦਾ ਹੈ। ਡਾ. ਜਸਪਾਲ ਕੌਰ ਕਾਂਗ ਅਨੁਸਾਰ, "ਨਾਵਲ ਦੀ ਰੂਪ ਰਚਨਾ ਦੀ ਪ੍ਰਮਾਣਿਕਤਾ ਦਾ ਇਕੋ ਇਕ ਆਧਾਰ 'ਰਚਨਾਤਮਕ ਵਿੱਥ' ਹੈ। ਰਚਨਾ ਵਿਚ ਸ਼ਾਮਿਲ ਹੋ ਕੇ ਰਚਨਾ ਅੰਦਰ ਮਨ ਇੱਛਿਤ ਭੂਮਿਕਾ ਨਿਭਾਉਣ ਦੀ ਥਾਂ ਨਾਵਲਕਾਰ ਨੂੰ ਆਪਣੀ ਰਚਨਾ ਅਤੇ ਆਪਣੇ ਆਪੇ ਵਿਚਕਾਰ ਇਕ ਵਿੱਥ ਸਥਾਪਤ ਕਰਨੀ ਜ਼ਰੂਰੀ ਹੈ। ਜਿਵੇਂ ਭੀੜ ਵਿਚ ਸ਼ਾਮਿਲ ਵਿਅਕਤੀ ਭੀੜ ਬਾਰੇ ਸਹੀ ਅਨੁਮਾਨ ਨਹੀਂ ਲਗਾ ਸਕਦਾ, ਉਸੇ ਤਰ੍ਹਾਂ ਆਪਣੀ ਰਚਨਾ ਵਿਚ ਖ਼ੁਦ ਸ਼ਾਮਿਲ ਰਹਿਣ ਵਾਲਾ ਰਚਨਾਕਾਰ ਰਚਨਾ ਦੇ ਵਿਵੇਕ ਨੂੰ ਭੰਗ ਕਰ ਦੇਂਦਾ ਹੈ। ਨਾਵਲਕਾਰ ਜਦੋਂ ਰਚਨਾਤਮਕ ਵਿੱਥ ਮੇਟ ਦੇਂਦਾ ਹੈ ਤਾਂ ਉਦੋਂ ਉਹ ਜਿਹੜੀਆਂ ਵਿਧੀਆਂ ਵਰਤਦਾ ਹੈ, ਉਹ ਵਿਧੀਆਂ ਵੀ ਥਿੜਕ ਜਾਂਦੀਆਂ ਹਨ। ਪ੍ਰਮਾਣ ਵਜੋਂ ਸੰਬੋਧਨੀ ਸੁਰ, ਭਾਸ਼ਣੀ ਸ਼ੈਲੀ, ਆਦਰਸ਼ਕ ਪ੍ਰਤਿਮਾਨ ਉਸਾਰਨੇ ਜਾਂ ਪਾਤਰਾਂ ਪ੍ਰਤਿ ਹਮਦਰਦੀ ਜਾਂ ਨਫ਼ਰਤ ਆਦਿ ਔਗੁਣ ਨਾਵਲ ਨੂੰ ਕਰਤਾਰੀ ਚਰਿੱਤਰ ਨਾਲੋਂ ਤੋੜ ਦੇਂਦੇ ਹਨ। ਰਚਨਾ ਤਾਂ ਉਦੋਂ ਕਰਤਾਰੀ ਚਰਿੱਤਰ ਪ੍ਰਾਪਤ ਕਰਦੀ ਹੈ, ਜਦੋਂ ਨਾਵਲਕਾਰ ਇਕ ਵਿੱਥ ਉਪਰ ਰਹਿ ਕੇ ਹਰ ਘਟਨਾ/ਹਰ ਕਰਮ ਪ੍ਰਤਿਕਰਮ ਦਾ ਸਹਿਜ ਉਘਾੜਦਾ ਹੈ, ਡੂੰਘਾ ਵਿਚ ਟਿਕੀਆਂ ਅਰਥ ਸੰਭਾਵਨਾਵਾਂ ਪਛਾਣਦਾ ਹੈ।"[134]

ਮਿੱਤਰ ਸੈਨ ਮੀਤ ਵੀ ਇਸ ਔਗੁਣ ਤੋਂ ਬਚ ਨਹੀਂ ਸਕਿਆ। 'ਕੌਰਵ-ਸਭਾ' ਨਾਵਲ ਦੇ ਆਰੰਭ ਵਿਚ ਹੀ ਰਾਮ ਨਾਥ ਪਾਤਰ ਨੂੰ ਕਹਿ ਰਿਹਾ ਹੈ ਕਿ 'ਸੁਨੇਹਾ ਆ ਗਿਆ, ਫ਼ੋਨ ਆਇਆ ਸੀ, ਡਾਕਾ ਪਿਆ ਸੀ, ਸਾਰਾ ਟੱਬਰ ਜ਼ਖਮੀ ਸੀ। ਸੈਰ ਵਿਚੇ ਛੱਡੋ। ਘਰੇ ਆਉ।' ਆਦਿ ਅਜਿਹੀ ਭਾਸ਼ਣੀ ਸੁਰ ਨਾਵਲਕਾਰ ਦੀ ਹੀ ਹੋ ਸਕਦੀ ਹੈ ਕਿਉਂਕਿ ਉਥੇ ਕੋਈ ਪਾਤਰ ਤਾਂ ਸ਼ਾਮਿਲ ਨਹੀਂ ਸੀ। ਇਸੇ ਤਰ੍ਹਾਂ 'ਸੁਧਾਰ-ਘਰ' ਨਾਵਲ ਵਿਚ ਹਾਕਮ ਦੁਆਰਾ ਜੇਲ੍ਹ ਸੁਪਰਡੈਂਟ ਨੂੰ ਪਾਈਆਂ ਚਿੱਠੀਆਂ ਦੀ ਜੋ ਗਲਪ ਜੁਗਤ ਵਰਤੀ ਹੈ ਉਹ ਵੀ ਭਾਸ਼ਣੀ ਜਾਪਦੀ ਹੈ। ਨਾਵਲਕਾਰ ਦੇ ਸਮੁੱਚੇ ਨਾਵਲਾਂ ਵਿਚ ਹੀ ਭਾਸ਼ਣੀ ਟਿੱਪਣੀਆਂ ਵੇਖਣ ਨੂੰ ਮਿਲਦੀਆਂ ਹਨ। ਡਾ. ਬਲਦੇਵ ਸਿੰਘ ਧਾਲੀਵਾਲ ਅਨੁਸਾਰ, "ਉਹ ਪਾਤਰਾਂ ਦੇ ਕਾਰਜ ਦਾ ਸਾਰ ਰੂਪ ਹੀ ਪੇਸ਼ ਕਰ ਦਿੰਦਾ ਹੈ ਜਾਂ ਪਾਤਰ ਦੀ ਥਾਂ ਖੜ੍ਹ ਕੇ ਬੋਲਣ ਲੱਗ ਪੈਂਦਾ ਹੈ ਜਾਂ ਬਿਰਤਾਂਤਕ ਵਿੱਥ ਨੂੰ ਆਪਣੇ ਵਿਚਾਰਾਂ ਦੇ ਸੰਚਾਰ ਲਈ ਵਰਤਣ ਲੱਗ ਪੈਂਦਾ ਹੈ। ਜਿਵੇਂ :

"ਸਿੰਗਲੇ ਨੂੰ ਤੋਰ ਕੇ ਸਾਰੇ ਮਿੱਤਰ ਸਿਰ ਜੋੜ ਕੇ ਬੈਠ ਗਏ। ਵਕੀਲਾਂ ਕੋਲੋਂ ਮਿਲੇ ਸੁਝਾਵਾਂ ਉਪਰ ਵਿਚਾਰ ਹੋਣ ਲੱਗੀ ਹੈ। ਇਨ੍ਹਾਂ ਸਤਰਾਂ ਤੋਂ ਪਿਛੋਂ ਮਿੱਤਰ ਵਿਚਾਰ ਕਰਦੇ ਨਜ਼ਰ ਨਹੀਂ ਆਉਂਦੇ ਸਗੋਂ ਬਿਰਤਾਂਤਕਾਰ ਉਸ ਵਿਚਾਰ ਚਰਚਾ ਦਾ ਸਿੱਟਾ ਹੀ ਦੱਸ ਦਿੰਦਾ ਹੈ।"[135]

ਸੋ ਨਾਵਲਕਾਰ ਆਪਣੇ ਨਾਵਲਾਂ ਵਿਚ ਜਾਣੀਆਂ ਪਛਾਣੀਆਂ ਗਲਪ ਜੁਗਤਾਂ ਦਾ ਰੂਪਾਂਤਰਨ ਕਰਦਾ ਹੋਇਆ ਇਨ੍ਹਾਂ ਨੂੰ ਸਫ਼ਲਤਾ ਪੂਰਵਕ ਨਿਭਾਉਂਦਾ ਹੋਇਆ ਭਾਸ਼ਣੀ ਟਿੱਪਣੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਨਾਵਲਕਾਰ ਦੀ ਇਸ ਤਰ੍ਹਾਂ ਦੀ ਭਾਸ਼ਣੀ ਸੁਰ ਵਾਲੀਆਂ ਟਿੱਪਣੀਆਂ ਕਹਾਣੀ ਦੀ ਗਤੀ ਨੂੰ ਮੱਧਮ ਕਰ ਦਿੰਦੀਆਂ ਹਨ ਜਿਸ ਕਾਰਨ ਨਾਵਲ ਪ੍ਰਚਾਰਾਤਮਕ ਬਣਕੇ ਰਹਿ ਜਾਂਦਾ ਹੈ।

## (ਗ) ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਢੁੱਕਵੇਂ ਸਿਰਲੇਖ ਸਿਰਜਣ ਦੀ ਵਿਭਿੰਨਤਾ, ਵਿਲੱਖਣਤਾ ਤੇ ਸਾਰਥਿਕਤਾ

ਸਿਰਲੇਖ ਨਾਵਲ ਦੇ ਕਲਾ ਪੱਖ ਦਾ ਇਕ ਮੁੱਖ ਤੱਤ ਹੈ। ਮਿੱਤਰ ਸੈਨ ਮੀਤ ਦੇ ਨਾਵਲ ਜਗਤ ਦੀ ਇਕ ਵਿਸ਼ੇਸ਼ ਪ੍ਰਾਪਤੀ ਉਸਦੇ ਨਾਵਲਾਂ ਦੇ ਸਿਰਲੇਖਾਂ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਓਪਰੀ ਨਜ਼ਰ ਦੇਖਿਆਂ ਤਾਂ ਇਹ ਸਿਰਲੇਖ ਅਭਿਧਾ ਅਰਥਾਂ ਦੇ ਲਖਾਇਕ ਨਜ਼ਰ ਆਉਂਦੇ ਹਨ, ਪਰ ਜਦੋਂ ਇਹਨਾਂ ਸਿਰਲੇਖਾਂ ਦੀ ਰਚਨਾ ਸਮੱਗਰੀ ਵਿਚ ਅਰਥਪਣ ਕੀਤਾ ਜਾਂਦਾ ਹੈ ਤਾਂ ਇਹਨਾਂ ਸਿਰਲੇਖਾਂ ਦੇ ਪ੍ਰਚੱਲਿਤ ਅਰਥ ਵਿਰੋਧੀ ਅਰਥਾਂ ਦਾ ਰੂਪ ਧਾਰਨ ਕਰ ਲੈਂਦੇ ਹਨ।

'ਅੱਗ ਦੇ ਬੀਜ' ਨਾਵਲ ਦਾ ਸਿਰਲੇਖ ਕਿਸੇ ਬੀਜ ਦੇ ਉੱਗਣ ਦੀ ਆਸ ਦਾ ਪ੍ਰਤੀਕ ਹੈ। ਇਸ ਨਾਵਲ ਦੇ ਸਿਰਲੇਖ ਤੋਂ ਹੀ ਇਸਦੇ ਅਰਥ ਸਪੱਸ਼ਟ ਹੁੰਦੇ ਹਨ ਕਿ 'ਅੱਗ ਦੇ ਬੀਜ' ਦਿੱਤੇ ਗਏ ਹਨ। ਉਹਨਾਂ ਨੇ ਹੌਲੀ-ਹੌਲੀ ਭਾਂਬੜ ਬਣਕੇ ਮੱਚਣਾ ਹੈ। ਮਿਸਾਲ ਵਜੋਂ ਅੱਗ ਦੇ ਬੀਜ ਦਾ ਪ੍ਰਤੀਕ ਪੂਰੇ ਨਾਵਲ ਵਿਚ ਬਹੁ-ਪਰਤੀ ਰੂਪ ਵਿਚ ਫੈਲਿਆ ਹੋਇਆ ਹੈ। ਕਰਤਾਰ ਦਾ ਬਾਪ ਆਰਥਿਕ ਤਰੱਕੀ ਦੀ ਪ੍ਰਾਪਤੀ ਲਈ ਔਖਾ ਹੋ ਕੇ ਕਰਤਾਰ ਨੂੰ ਪੜ੍ਹਾਉਂਦਾ ਹੈ। ਉਸਦਾ ਮਨ ਕੋਠੀਆਂ ਕਾਰਾਂ ਪ੍ਰਾਪਤ ਕਰਨ ਦੀ ਪਦਾਰਥਕ ਸੋਚ ਦੇ ਬੀਜ ਬੀਜਦਾ ਹੀ ਮਰ ਜਾਂਦਾ ਹੈ, ਜਦਕਿ ਨਾਵਲ ਦਾ ਸਰਦਾਰ ਪਾਤਰ ਜਿਨਸੀ ਅੱਗ ਦੇ ਬੀਜ ਬੀਜਦਾ ਹੋਇਆ ਤਿੰਨ ਵਿਆਹ ਕਰਵਾਉਣ ਤੋਂ ਮਗਰੋਂ ਵੀ ਹੋਟਲ ਵਿਚ ਜਾ ਕੇ ਕਾਲ ਗਰਲਜ਼ ਦਾ ਸਾਥ ਮਾਨਣਾ ਚਾਹੁੰਦਾ ਹੈ। ਜਿਵੇਂ "ਸਰਦਾਰ ਦਾ ਦਿਲ ਹਾਲੀ ਵੀ ਨਹੀਂ ਭਰਿਆ। ਵਾਰ-ਵਾਰ ਉਸ ਦੀਆਂ ਨਿਗਾਹਾਂ ਕੁੜੀਆਂ ਤੇ ਔਰਤਾਂ ਦੀਆਂ ਅੱਧ ਨੰਗੀਆਂ ਟੰਗਾਂ ਤੇ ਟਿਕ ਜਾਂਦੀਆਂ ਸਨ-ਜਿਥੇ ਜੰਮ ਜਾਂਦੀਆਂ ਜੰਮੀਆਂ ਹੀ ਰਹਿੰਦੀਆਂ ਸਨ। ਉਸ ਦੀਆਂ ਅੱਖਾਂ ਵਿਚੋਂ ਕਰਤਾਰ ਨੂੰ ਇਕ ਅਜੀਬ ਜਿਹੀ ਹਵਸ ਤੇ ਮਾਸ ਨੂੰ ਅੰਦਰ ਰਚਾ ਲੈਣ ਦੀ ਅਗਨੀ ਚਮਕਦੀ ਵਿਖਾਈ ਦਿੰਦੀ ਸੀ।"[136]

ਸੋ ਨਾਵਲ ਵਿਚ ਜਿਥੇ ਅੱਗ ਦੇ ਬੀਜ ਵੱਖ-ਵੱਖ ਤਰ੍ਹਾਂ ਨਾਲ ਭਖਦੇ ਹਨ ਉਥੇ ਨਾਵਲ ਦਾ ਸਿਰਲੇਖ ਨਾਵਲਕਾਰ ਦੀ ਪ੍ਰਗਤੀਵਾਦੀ ਵਿਚਾਰਧਾਰਾ ਦਾ ਪ੍ਰਗਟਾਵਾ ਵੀ ਕਰਦਾ ਹੈ ਕਿਉਂਕਿ ਸਮੁੱਚੇ ਨਾਵਲ ਵਿਚ ਪ੍ਰਗਤੀਵਾਦੀ ਵਿਚਾਰਾਂ ਦੇ ਧਾਰਨੀ ਪਾਤਰ ਕਰਤਾਰ, ਜੋ

ਪੜ੍ਹਨ-ਲਿਖਣ ਦੇ ਬਾਵਜੂਦ ਵੀ ਬੇਰੁਜ਼ਗਾਰ ਹੈ, ਦਾ ਮਨ ਅਮੀਰ ਸਰਦਾਰ ਦੀਆਂ ਚਾਲਾਂ ਤੋਂ ਖਿਝ ਜਾਂਦਾ ਹੈ। ਉਧਰ ਉਸਦੀ ਜਮਾਤਣ ਇਸਤਰੀ ਪਾਤਰ ਪਰਮਜੀਤ ਆਪਣੇ ਮਾਨਸਿਕ ਤੇ ਸਰੀਰਕ ਸ਼ੋਸ਼ਣ ਦਾ ਬਦਲਾ ਲੈਣਾ ਚਾਹੁੰਦੀ ਹੈ, ਜਿਸਨੂੰ ਨੌਕਰੀ ਲਈ ਆਪਾ ਕੁਰਬਾਨ ਕਰਨਾ ਪੈਂਦਾ ਹੈ। ਵਾਰ-ਵਾਰ ਰਿਸ਼ਵਤ ਦੇਣ ਦੇ ਬਾਵਜੂਦ ਵੀ ਜਦੋਂ ਨੌਕਰੀ ਨਹੀਂ ਮਿਲਦੀ ਤਾਂ ਉਹ ਸਮਾਜਿਕ ਤੇ ਆਰਥਿਕ ਵੰਡੀਆਂ ਤੋਂ ਦੁਖੀ ਹੋਏ ਮਨ ਹੀ ਮਨ ਵਿਚ ਸਮਾਜ ਵਿਚ ਰਹਿੰਦੇ ਸਰਦਾਰ ਵਰਗੇ ਦਰਿੰਦਿਆਂ ਦੇ ਖਿਲਾਫ਼ ਬੀਜ ਬਣਨ ਲਗਦੇ ਹਨ। ਜਿਵੇਂ :

"ਮੇਰਾ ਫੈਸਲਾ ਵੀ ਪੱਕਾ ! ਹੋਟਲਾਂ ਦੀਆਂ ਵਿਸਕੀਆਂ ਤੋਂ ਮੈਂ ਅੱਕ ਗਈ ਹਾਂ। ਇਨ੍ਹਾਂ ਹੋਟਲਾਂ ਨਾਲੋਂ, ਅਮੀਰਾਂ ਦੀ ਚਾਪ-ਲੂਸੀ ਨਾਲੋਂ ਤਾਂ ਬਹਾਦਰੀ ਤੇ ਆਪਣੇ ਹੱਕਾਂ ਲਈ ਮੌਤ ਜਾਂ ਜੇਲ੍ਹ ਦੀਆਂ ਰੋਟੀਆਂ ਈ ਚੰਗੀਆਂ। ਇਸ ਤਰ੍ਹਾਂ ਤੇ ਸਾਨੂੰ ਲੁੱਟਣ ਦੀ ਇਨ੍ਹਾਂ ਨੂੰ ਹੋਰ ਸ਼ਹਿ ਮਿਲਦੀ ਹੈ।... ਮੈਨੂੰ ਕਿਸੇ ਦੀ ਤਲਾਸ਼ ਸੀ। ਤੇ ਉਹ ਅਕਸ ਤੇਰੇ ਵਿਚੋਂ ਲੱਭ ਪਏ ਨੇ। ਇਹ ਰਾਤ ਇਹ ਖਾਮੋਸ਼ੀ ਇਕ ਨਵੀਂ ਅੱਗ ਨੂੰ ਜਨਮ ਦੇਵੇਗੀ। ਜਿਸ ਦੇ ਬੀਜ ਅੱਜ ਅਸਾਂ ਮਿਲਕੇ ਬੀਜ ਦਿੱਤੇ ਹਨ। ਕਾਸ਼ ਸਾਡੀ 'ਅੱਗ ਦੇ ਬੀਜ' ਉੱਗਣ, ਵਧਣ ਫੁੱਲਣ ਤੇ ਫੇਰ।"[137]

ਕ੍ਰਾਂਤੀਕਾਰੀ ਵਿਚਾਰਾਂ ਨੂੰ ਪੇਸ਼ ਕਰਦੇ ਪਾਤਰ ਨਾਵਲ ਦੇ ਸਿਰਲੇਖ ਦੀ ਵਿਆਖਿਆ ਵੀ ਕਰਦੇ ਹਨ ਤੇ ਹੌਲੀ-ਹੌਲੀ ਅੱਗ ਦਾ ਰੂਪ ਧਾਰਨ ਦੀ ਕੋਸ਼ਿਸ਼ ਵੀ ਕਰਦੇ ਹਨ।

ਇਸ ਤਰ੍ਹਾਂ 'ਕਾਫ਼ਲਾ' ਨਾਵਲ ਦੇ ਸਿਰਲੇਖ ਵਿਚ ਸਮੁੱਚੇ ਨਾਵਲ ਦੇ ਅਰਥ ਸਮੋਏ ਹੋਏ ਦਿਖਾਈ ਦਿੰਦੇ ਹਨ। ਜਿਸ ਵਿਚ ਭੂਮੀਹੀਣ ਲੋਕਾਂ ਦੁਆਰਾ ਭੂਮੀਪਤੀ ਲੋਕਾਂ (ਸਰਦਾਰਾਂ, ਚੌਧਰੀਆਂ, ਜਗੀਰਦਾਰਾਂ) ਵਿਰੁੱਧ ਤਿਆਰ ਕੀਤੇ ਕਾਫ਼ਲੇ ਦਾ ਵਿਸ਼ਲੇਸ਼ਣ ਹੋਇਆ ਮਿਲਦਾ ਹੈ, ਜਿਸ ਵਿਚ ਪੜ੍ਹੇ-ਲਿਖੇ, ਕੰਮੀ ਨੌਜਵਾਨਾਂ ਤੋਂ ਇਲਾਵਾ ਪਿੰਡ ਦੀਆਂ ਕਰਤਾਰੋ ਵਰਗੀਆਂ ਇਸਤਰੀ ਪਾਤਰ ਜੋ ਸਰਦਾਰਾਂ, ਜਗੀਰਦਾਰਾਂ ਦੁਆਰਾ ਆਪਣੇ ਪਤੀਆਂ, ਪੁੱਤਰਾਂ ਨੂੰ ਨਸ਼ਿਆਂ ਤੇ ਲਾਉਣ ਤੇ ਆਪਣੇ ਸਰੀਰਕ ਸ਼ੋਸ਼ਣ ਦੇ ਖਿਲਾਫ਼ ਇਕ ਕਾਫ਼ਲੇ ਵਿਚ ਸ਼ਾਮਿਲ ਹੋ ਜਾਂਦੀਆਂ ਹਨ :

"ਤੁਸੀਂ ਖੁਸ਼ ਕਿਉਂ ਨਹੀਂ ਹੋ ਰਹੇ ? ਤੁਹਾਡੀਆਂ ਪਾਈਆਂ ਪੈੜਾਂ 'ਚ ਕਾਫ਼ਲਾ ਤੁਰਦਾ ਜਾ ਰਿਹੈ। ਜਿਹੜਾ ਕੰਮ ਸੋਥੋਂ ਨਹੀਂ ਹੋਇਆ, ਸੋਡੀ ਮਾਂ ਕਰੇਗੀ। ਤੁਸੀਂ ਕਾਲਾ ਸਿਰਜਿਐ ਉਹ ਮਾਰੂਥਲਾਂ ਨੂੰ ਲਿਤਾੜਦਾ ਮੰਜ਼ਿਲ ਵੱਲ ਵਧਦਾ ਜਾਏਗਾ। ਦੋ ਚਾਰ ਜਾਂ ਅੱਠ ਦਸ ਦੇ ਵਿਛੜ ਜਾਣ ਨਾਲ ਕਾਰਵਾਂ ਟੁੱਟ ਨਹੀਂ ਜਾਂਦਾ। ਇਹ ਤੁਰਦਾ ਰਹੇਗਾ। ਸਾਡੇ ਆਖਰੀ ਦਮਾਂ ਤੱਕ।"[138]

ਇਥੇ ਵੀ ਨਾਵਲਕਾਰ ਦਾ ਭੂਮੀਹੀਣ ਤੇ ਔਰਤਾਂ ਦੇ ਸਰੀਰਕ ਸ਼ੋਸ਼ਣ ਦੇ ਖਿਲਾਫ਼ ਦ੍ਰਿਸ਼ਟੀਕੋਣ ਉਭਰਦਾ ਪ੍ਰਤੀਤ ਹੁੰਦਾ ਹੈ, ਜੋ ਆਪਣੀ ਪ੍ਰਗਤੀਵਾਦੀ ਵਿਚਾਰਧਾਰਾ ਅਧੀਨ ਅਜਿਹੇ ਕਾਫ਼ਲੇ ਦੀ ਸਿਰਜਨਾ ਕਰਦਾ ਹੈ ਜੋ ਜਗੀਰਦਾਰਾਂ ਅਤੇ ਸਰਦਾਰਾਂ ਦੇ ਖਿਲਾਫ਼ ਸਦਾ ਤੁਰਦਾ ਰਹਿਣ ਦੀ ਉਮੀਦ ਰੱਖਦਾ ਹੈ।

ਮਿੱਤਰ ਸੈਨ ਮੀਤ ਦੇ ਤੀਸਰੇ ਨਾਵਲ 'ਤਫ਼ਤੀਸ਼' ਦਾ ਸਿਰਲੇਖ ਵਿਅੰਗਕ ਹੈ, ਕਿਉਂਕਿ ਤਫ਼ਤੀਸ਼ ਬੰਟੀ ਦੇ ਕਾਤਲਾਂ ਦੀ ਤਫ਼ਤੀਸ਼ ਨਾ ਰਹਿ ਕੇ ਤਫ਼ਤੀਸ਼ੀਆਂ ਦੀ ਤਫ਼ਤੀਸ਼ ਬਣ

ਜਾਂਦੀ ਹੈ। ਕਹਿਣ ਤੋਂ ਭਾਵ ਬੰਟੀ ਦੇ ਕਾਤਲਾਂ ਦੀ ਤਫ਼ਤੀਸ਼ ਦੇ ਨਾਲ ਹੀ ਪੁਲਿਸ ਮਹਿਕਮੇ ਦੀ ਤਫ਼ਤੀਸ਼ ਕਰਦਾ ਨਾਵਲਕਾਰ ਸਮੁੱਚੇ ਸਮਾਜ ਨੂੰ ਆਪਣੇ ਵਿਅੰਗ ਦਾ ਨਿਸ਼ਾਨਾ ਬਣਾਉਂਦਾ ਹੋਇਆ ਉਹ ਅਜਿਹੀਆਂ ਸਥਿਤੀਆਂ ਦੀ ਸਿਰਜਨਾ ਕਰਦਾ ਹੈ ਜਿਸ ਨਾਲ ਵਿਵਸਥਾ ਵਿਚ ਫੈਲੇ ਭ੍ਰਿਸ਼ਟਾਚਾਰ ਅਤੇ ਅਰਾਜਕਤਾ ਦੀਆਂ ਪਰਤਾਂ ਸਹਿਜੇ ਹੀ ਖੁਲ੍ਹ ਜਾਂਦੀਆਂ ਹਨ।

ਡਾ. ਟੀ.ਆਰ.ਵਿਨੋਦ ਨੇ 'ਤਫ਼ਤੀਸ਼' ਨਾਵਲ ਨੂੰ ਮਸ਼ਕਰੀ ਦੀ ਢਾਲ ਤੇ ਢਲਿਆ ਹੋਇਆ ਪੰਜਾਬੀ ਦਾ ਪਹਿਲਾ ਨਾਵਲ ਕਿਹਾ ਹੈ ਕਿਉਂਕਿ ਪੁਲਿਸ ਤਫ਼ਤੀਸ਼ੀ ਨਾ ਰਹਿ ਕੇ ਤਫ਼ਤੀਸ਼ ਦਾ ਵਿਸ਼ਾ ਹੋ ਨਿਬੜਦੀ ਹੈ। ਸਿਪਾਹੀ ਤੋਂ ਲੈ ਕੇ ਡੀ.ਐਸ.ਪੀ. ਤੱਕ ਪੁਲਿਸ ਦਾ ਇਕ ਵੀ ਕਰਮਚਾਰੀ ਐਸਾ ਨਹੀ, ਜੋ ਨਾਵਲਕਾਰ ਦੇ ਵਿਅੰਗ ਦਾ ਸ਼ਿਕਾਰ ਨਾ ਬਣਿਆ ਹੋਵੇ। ਨਾਵਲਕਾਰ ਦੀ ਪਹੁੰਚ ਵਿਅੰਗਮਈ ਹੋਣ ਦੇ ਨਾਲ-ਨਾਲ ਕਟਾਖ਼ਸ਼ਮਈ ਵੀ ਹੈ, ਜੋ ਯਥਾਰਥ ਦੀਆਂ ਲੁਕਵੀਆਂ ਪਰਤਾਂ ਤੇ ਉਘਾੜ ਰਾਹੀਂ ਵਿਅਕਤੀ ਨਾਲੋਂ ਵਿਵਸਥਾ ਦੇ ਖੋਟ ਉਤੇ ਉਂਗਲ ਧਰਦੀ ਹੈ।[139]

ਉਪਰੋਕਤ ਟਿੱਪਣੀ ਦੇ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਕਿ 'ਤਫ਼ਤੀਸ਼' ਨਾਵਲ ਦਾ ਸਿਰਲੇਖ ਢੁੱਕਵਾਂ ਅਤੇ ਸਮੁੱਚੇ ਨਾਵਲ ਨੂੰ ਦਰਸਾਉਣ ਵਾਲਾ ਹੈ।

ਮਿੱਤਰ ਸੈਨ ਮੀਤ ਦੇ 'ਕਟਹਿਰਾ' ਨਾਵਲ ਵਿਚ ਕੋਈ ਦੋਸ਼ੀ ਨਹੀਂ ਸਗੋਂ ਨਿਆਂ-ਪ੍ਰਣਾਲੀ ਦੇ ਕਰਤਾ-ਧਰਤਾ ਜੱਜ ਕਟਹਿਰੇ ਵਿਚ ਖੜ੍ਹੇ ਨਜ਼ਰ ਆਉਂਦੇ ਹਨ ਜੋ ਕਿ ਨਾਵਲਕਾਰ ਦੀ ਖ਼ਾਸ ਜੁਗਤ ਮੰਨੀ ਜਾ ਸਕਦੀ ਹੈ। ਨਾਵਲ ਦਾ ਸਿਰਲੇਖ ਕੋਰਟ-ਕਚਹਿਰੀਆਂ ਨੂੰ ਹੀ ਰੂਪਮਾਨ ਨਹੀਂ ਕਰਦਾ ਸਗੋਂ ਸਮੁੱਚੀ ਨਿਆਂ-ਪ੍ਰਣਾਲੀ ਨੂੰ ਵਿਅੰਗ ਨਾਲ ਵਿਸਥਾਰ ਵਿਚ ਚਿਤਰਦਾ ਹੈ, ਜਿਸ ਕਰਕੇ ਨਾਵਲਕਾਰ ਦੀ ਵਿਸ਼ੇਸ਼ਤਾ ਬਣਦੀ ਹੈ ਕਿ ਉਹ ਵਿਅੰਗਭਾਵੀ ਗਲਪ ਦੀ ਵਿਧੀ ਸਿਰਜਣ ਦੇ ਨਾਲ-ਨਾਲ ਜੁਅਰਤ ਅਤੇ ਸਾਹਸ ਦੀ ਡੂੰਘੀ ਸੋਝੀ ਵੀ ਰੱਖਦਾ ਹੈ।

ਡਾ. ਹਰਿਭਜਨ ਸਿੰਘ ਭਾਟੀਆ ਦੀ ਧਾਰਨਾ ਹੈ ਕਿ "ਨਾਵਲ ਦਾ ਥੀਮ-ਪ੍ਰਬੰਧ ਇੱਛਿਤ ਵਸਤੂ ਇਨਸਾਫ਼ ਪ੍ਰਾਪਤੀ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਇਨਸਾਫ਼ ਉਹ ਧਿਰ ਮੰਗ ਰਹੀ ਹੈ ਜੋ ਅਸਲੋਂ ਨਿਰਦੋਸ਼ ਹੈ। ਜਿਸਨੂੰ ਜਾਣ ਬੁੱਝ ਕੇ ਝੂਠੇ ਕੇਸ ਵਿਚ ਅੜੰਗਿਆ ਹੈ। ਅਗਲਾ ਵਿਅੰਗ ਇਹ ਹੈ ਕਿ ਇਨਸਾਫ਼ ਉਸ ਧਿਰ ਨੇ ਲੈਣਾ ਹੈ ਜਿਹੜੀ ਭ੍ਰਿਸ਼ਟ ਤੇ ਚਰਿੱਤਰਹੀਣ ਹੈ।"[140]

ਨਾਵਲਕਾਰ ਨੇ 'ਕਟਹਿਰਾ' ਨਾਵਲ ਦਾ ਸਿਰਲੇਖ ਦੋ ਨਿਰਦੋਸ਼ਾਂ ਪਾਲੇ ਤੇ ਮੀਤੇ ਦੇ ਕੋਰਟ ਵਿਚ ਪੇਸ਼ ਕਰਨ ਤੋਂ ਸਿਰਜਿਆ ਹੈ। ਸੋ ਦੋ ਪਾਤਰਾਂ ਦੀ ਕੋਰਟ ਵਿਚ ਪੇਸ਼ੀ ਰਾਹੀਂ ਸਮੁੱਚੇ ਨਿਆਂ-ਪ੍ਰਬੰਧ ਨੂੰ ਦਰਸਾਉਣਾ ਹੀ ਨਾਵਲਕਾਰ ਦੀ ਵਿਭਿੰਨਤਾ ਹੈ।

ਨਾਵਲਕਾਰ ਮਿੱਤਰ ਸੈਨ ਮੀਤ ਨੇ ਆਪਣੇ ਨਾਵਲ 'ਕੌਰਵ-ਸਭਾ' ਦਾ ਸਿਰਲੇਖ ਵਰਤਮਾਨ ਪੂੰਜੀਵਾਦੀ ਯੁੱਗ ਵਿਚ ਸਟੇਟ ਦੇ ਕਿਰਦਾਰ ਨੂੰ ਰੂਪਮਾਨ ਕਰਨ ਲਈ ਮਹਾਂਭਾਰਤ ਦੇ ਮਿਥਿਹਾਸ ਵਿਚੋਂ ਕਥਾਨਕ ਰੂੜ੍ਹੀ ਨੂੰ ਆਧਾਰ ਬਣਾਇਆ ਹੈ। 'ਕੌਰਵ-ਸਭਾ' ਵਰਤਮਾਨ ਪੂੰਜੀਵਾਦੀ ਸਟੇਟ ਦਾ ਚਿੰਨ੍ਹ ਹੈ, ਜਿਸ ਵਿਚ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜਿਵੇਂ ਕੌਰਵ ਸਭਾ ਪਾਂਡਵਾਂ ਨਾਲ ਅਨਿਆਂ ਕਰਦੀ ਹੈ ਉਵੇਂ ਅਜੋਕੀ ਸਟੇਟ ਵੀ

ਨਿਰਦੋਸ਼ਾਂ ਨੂੰ ਸਜ਼ਾ ਦਿੰਦੀ ਹੈ ਤੇ ਦੋਸ਼ੀ ਬਰੀ ਹੋ ਜਾਂਦੇ ਹਨ।

ਸੁਖਦੇਵ ਸਿੰਘ ਖਾਹਰਾ ਅਨੁਸਾਰ, "ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ-ਸਭਾ' (2003 ਈ.) ਦੇ ਸਿਰਲੇਖ ਤੋਂ ਪੁਰਾਤਨ ਭਾਰਤੀ ਪਰੰਪਰਾ ਵੱਲ ਧਿਆਨ ਜਾਂਦਾ ਹੈ। ਰਮਾਇਣ ਅਤੇ ਮਹਾਂਭਾਰਤ ਪੁਰਾਤਨ ਭਾਰਤੀ ਪਰੰਪਰਾ ਦੇ ਦੋ ਉਘੇ ਗ੍ਰੰਥ ਹਨ। ਭਾਰਤੀ ਸਮਾਜ, ਸਭਿਆਚਾਰ, ਇਤਿਹਾਸ, ਰਾਜਤੰਤਰ, ਧਰਮ, ਦਰਸ਼ਨ, ਵਿਚਾਰਧਾਰਾ ਨੂੰ ਸਮਝਣ ਸਮਝਾਉਣ ਦੇ ਪੱਖ ਤੋਂ ਇਨ੍ਹਾਂ ਦਾ ਦਰਜਾ ਸੰਦਰਭ ਗ੍ਰੰਥਾਂ ਵਾਲਾ ਹੈ। ਰਮਾਇਣ ਦਾ ਪਾਠ ਮਰਯਾਦਾ ਮੁੱਖ ਪ੍ਰਵਚਨ ਦੇ ਰੂਪ ਵਿਚ ਨਿਰਮਿਤ ਹੋਇਆ ਹੈ। ਇਸ ਲਈ ਇਸਨੂੰ ਪੂਜਨੀਕ ਬਣਾ ਦਿੱਤਾ ਗਿਆ। ਮਹਾਂਭਾਰਤ ਦਾ ਪਾਠ ਜੀਵਨ ਦੀਆਂ ਦੁਰਗਮ ਵਿਸੰਗਤੀਆਂ ਬਾਰੇ ਬਹੁਕੋਣੀ ਸ਼ਾਸਤ੍ਰਾਰਥ ਦੇ ਰੂਪ ਵਿਚ ਰੂਪਮਾਨ ਹੋਇਆ ਹੈ। ਇਸਦਾ ਸੁਭਾਉ ਸਰਲ, ਸਿੱਧੇ ਨਿਬੇੜੇ ਰਹਿਤ ਵਾਦ-ਵਿਵਾਦੀ ਸੰਵਾਦ ਵਾਲਾ ਹੈ। ਇਹ ਸੰਵਾਦ ਜੀਵਨ ਦੇ ਨਿਰੰਤਰ ਚੱਲ ਰਹੇ ਸੰਘਰਸ਼/ਯੁੱਧ ਦੀ ਸ਼ਕਲ ਧਾਰਨ ਕਰਕੇ ਪ੍ਰਤੱਖ ਬਣਦਾ ਹੈ।"[141]

'ਕੌਰਵ-ਸਭਾ' ਨਾਵਲ ਵਿਚ ਮਹਾਂਭਾਰਤ ਦੇ ਯੁੱਧ, ਕੌਰਵ ਸਭਾ, ਦਰੋਪਤੀ, ਭੀਮ, ਅਰਜਨ, ਧ੍ਰਿਤਰਾਸ਼ਟਰ, ਕੰਧਾਰੀ, ਅਭਿਮੰਨਯੂ, ਭੀਸ਼ਮ ਆਦਿ ਦਾ ਜ਼ਿਕਰ ਵੀ ਇਸਦੇ ਮਿਥਿਕ ਪਿਛੋਕੜ ਨੂੰ ਬਿਆਨ ਕਰਦਾ ਹੈ।

'ਸੁਧਾਰ-ਘਰ' ਨਾਵਲ ਦਾ ਸਿਰਲੇਖ ਜੇਲ ਘਰ ਦਾ ਪ੍ਰਤੀਕਾਤਮਕ ਹੈ। ਸੁਧਾਰ-ਘਰ ਜੇਲ੍ਹ ਨੂੰ ਦਿੱਤਾ ਗਿਆ ਨਾਂ ਹੈ ਜਿਸਦਾ ਭਾਵ ਹੈ ਕਿ ਜੇਲ੍ਹ ਇਕ ਅਜਿਹੀ ਸੰਸਥਾ ਹੈ ਜਿਥੇ ਮੁਜ਼ਰਮਾਂ ਨੂੰ ਸਜ਼ਾ ਦੇ ਤੌਰ ਤੇ ਨਹੀਂ ਸਗੋਂ ਚੰਗੀ ਸ਼ਖ਼ਸੀਅਤ ਅਤੇ ਉਸਾਰੂ ਵਿਚਾਰਾਂ ਵਾਲੇ ਬਣਾਉਣ ਵਾਲੀ ਇਕ ਅਜਿਹੀ ਜਗ੍ਹਾ ਹੈ ਜਿਥੇ ਮੁਜ਼ਰਮ ਵਿਅਕਤੀ ਸਭਿਅਕ ਬਣ ਸਕੇ। ਪਰੰਤੂ ਨਾਵਲ 'ਸੁਧਾਰ-ਘਰ' ਵਿਅੰਗਾਤਮਕ ਰੂਪ ਵਿਚ ਦ੍ਰਿਸ਼ਟਮਾਨ ਕਰਦਾ ਹੈ ਕਿ ਸੁਧਾਰ-ਘਰ 'ਸੁਧਾਰ-ਘਰ' ਨਹੀਂ ਸਗੋਂ ਵਿਗਾੜ ਘਰ ਵਧੇਰੇ ਸਾਬਤ ਹੁੰਦਾ ਹੈ ਕਿਉਂਕਿ ਸੁਧਾਰ-ਘਰ (ਜੇਲ੍ਹ) ਆਮ ਮਨੁੱਖ ਦੇ ਸੁਭਾਅ ਵਿਚ ਕੋਈ ਬਦਲਾਅ ਨਹੀਂ ਲਿਆਉਂਦਾ ਸਗੋਂ ਉਸਨੂੰ ਕਈ ਸੰਕਟਾਂ ਵਿਚ ਪਾ ਦਿੰਦਾ ਹੈ। 'ਸੁਧਾਰ-ਘਰ' ਨਾਵਲ ਇਹ ਰੂਪਮਾਨ ਕਰਦਾ ਹੈ ਕਿ ਸਮੁੱਚੇ ਸਮਾਜਿਕ, ਰਾਜਸੀ ਢਾਂਚੇ ਦੇ ਭ੍ਰਿਸ਼ਟ ਹੋ ਜਾਣ ਨਾਲ ਜ਼ੁਰਮ ਵਧਦੇ ਹਨ ਤੇ ਮੁਜ਼ਰਮ ਪੈਦਾ ਹੁੰਦੇ ਹਨ ਤੇ ਮੁਜ਼ਰਮ ਸੁਧਾਰ-ਘਰ ਵਿਚ ਸੁਧਰਨ ਦੀ ਬਜਾਇ ਵਿਗੜਦੇ ਜ਼ਿਆਦਾ ਹਨ। 'ਸੁਧਾਰ-ਘਰ' ਨਾਵਲ ਸਿਰਲੇਖ ਪੱਖੋਂ ਤੇ ਕਲਾ ਪੱਖੋਂ ਵੀ ਪੰਜਾਬੀ ਸਾਹਿਤ ਤੇ ਨਾਵਲਕਾਰ ਦੀ ਅਹਿਮ ਪ੍ਰਾਪਤੀ ਹੈ। ਨਾਵਲਕਾਰ ਨੇ ਜੇਲ੍ਹ ਪ੍ਰਬੰਧ ਰਾਹੀਂ ਸਮੁੱਚੇ ਸਮਾਜ ਦੇ ਹਰੇਕ ਪ੍ਰਬੰਧ ਦਾ ਸਮੱਗਰ ਰੂਪ ਵਿਚ ਚਿਤਰਨ ਕੀਤਾ ਹੈ ਜੋ ਵਰਣਾਤਮਕ ਨਹੀਂ ਸਗੋਂ ਵਿਵਹਾਰਕ ਵੀ ਹੈ ਕਿਉਂਕਿ ਹਰ ਪ੍ਰਬੰਧ ਦੇ ਹਾਲਾਤ ਉਸ ਪ੍ਰਬੰਧ ਨਾਲ ਸੰਬੰਧਿਤ ਪਾਤਰ ਜੋ ਜੇਲ੍ਹ ਵਿਚ ਵੱਖ-ਵੱਖ ਬੈਰਕਾਂ ਵਿਚ ਸਿੰਘਾਂ, ਮੰਗਤਿਆਂ, ਵੈਲੀਆਂ, ਬੱਚਿਆਂ, ਔਰਤਾਂ, ਛੜ੍ਹਿਆਂ ਆਦਿ ਦੇ ਰੂਪ ਵਿਚ ਕੈਦ ਹਨ ਤੇ ਹਰ ਇਕ ਪਾਤਰ ਦੇ ਪਿੱਛੇ ਹਰ ਵਰਗ ਨੂੰ ਜੇਲ੍ਹ ਦੇ ਝਰੋਖੇ ਵਿਚੋਂ ਰੂਪਮਾਨ ਕਰਦਾ ਹੋਇਆ ਸਮੁੱਚੇ ਸਮਾਜ ਦੇ ਵਿਗੜ ਚੁੱਕੇ ਸਿਸਟਮ ਨੂੰ ਦਰਸਾਉਂਦਾ ਹੈ। ਜਿਵੇਂ ਮੰਗਤਿਆਂ ਦੀ ਨਰਕ ਵਰਗੀ ਜ਼ਿੰਦਗੀ, ਬੱਚਿਆਂ ਤੇ ਔਰਤਾਂ ਨਾਲ ਹੁੰਦੇ ਯੌਨ-ਸ਼ੋਸ਼ਣ ਵਰਗੇ ਕੁਕਰਮਾਂ ਦਾ ਵਰਨਣ ਇਹੀ ਦਰਸਾਉਂਦਾ ਹੈ ਕਿ 'ਸੁਧਾਰ-ਘਰ' ਦੀ ਅਸਲੀ ਤਸਵੀਰ ਵਿਗਾੜ ਘਰ ਵਧੇਰੇ ਸਾਬਤ ਹੁੰਦੀ ਹੈ।

ਮਿੱਤਰ ਸੈਨ ਮੀਤ ਦੇ ਸਮੁੱਚੇ ਨਾਵਲਾਂ ਵਿਚ ਵਰਤੀਆਂ ਗਈਆਂ ਕਲਾਤਮਕ ਜੁਗਤਾਂ ਨੂੰ ਡਾ. ਬਲਦੇਵ ਸਿੰਘ ਧਾਲੀਵਾਲ ਦੀ ਟਿੱਪਣੀ ਰਾਹੀਂ ਰੂਪਮਾਨ ਕੀਤਾ ਜਾ ਸਕਦਾ ਹੈ :

"ਪੰਜਾਬੀ ਗਲਪ ਵਿਚ ਅਤਿ ਖੱਬੇਪੱਖੀ ਵਿਚਾਰਧਾਰਾ ਨੂੰ ਪ੍ਰਣਾਏ ਅਤੇ ਵਿਅੰਗ-ਵਿਧੀ ਵਾਲੇ ਨਾਵਲਕਾਰ ਅਤੇ ਨਾਵਲ ਤਾਂ ਹੋਰ ਵੀ ਬਹੁਤ ਸਾਰੇ ਹਨ ਪਰ ਮੀਤ ਦੀ ਨਿਵੇਕਲੀ ਪਛਾਣ ਉਸਦੇ ਅਨੁਭਵ ਦੀ ਦਸਤਾਵੇਜ਼ੀ ਪ੍ਰਮਾਨਿਕਤਾ ਅਤੇ ਵਿਅੰਗ ਨੂੰ ਵਿਡੰਬਨਾ ਵਿਚ ਰੂਪਾਂਤਰਿਤ ਕਰ ਸਕਣ ਦੀ ਯੋਗਤਾ ਕਰਕੇ ਬਣੀ ਹੈ। ਆਪਣੀ ਇਸ ਗਲਪ ਵਿਧੀ ਦੁਆਰਾ ਮੀਤ ਕਿਸੇ ਵਰਤਾਰੇ ਦੀ ਦਿੱਖ ਅਤੇ ਤੱਤ ਦੇ ਦੁਫੇੜ ਤੋਂ ਗੱਲ ਆਰੰਭ ਕਰਦਾ ਹੈ ਅਤੇ ਉਸਦਾ ਫੈਲਾਅ ਦੁਖਾਂਤ ਤੇ ਐਬਸਰਡਿਟੀ ਤੱਕ ਕਰ ਦਿੰਦਾ ਹੈ।"[142]

ਮਿੱਤਰ ਸੈਨ ਮੀਤ ਨੇ ਆਪਣੇ ਸਮੁੱਚੇ ਨਾਵਲਾਂ ਵਿਚ ਆਪਣੀਆਂ ਗਲਪਮਈ ਜੁਗਤਾਂ ਦੁਆਰਾ ਆਪਣੇ ਨਾਵਲਾਂ ਦੇ ਉਦੇਸ਼ ਦੀ ਪੂਰਤੀ ਕਰਦਿਆਂ ਦੱਬੇ-ਕੁਚਲੇ ਲੋਕਾਂ ਨੂੰ ਅਨਿਆਂ ਦੇ ਖਿਲਾਫ਼ ਆਵਾਜ਼ ਬੁਲੰਦ ਕਰਨ ਦੀ ਅਤੇ ਸਾਡੇ ਪ੍ਰਸ਼ਾਸ਼ਨਿਕ ਅਦਾਰਿਆਂ ਵਿਚ ਫੈਲੇ ਉੱਚ ਪੱਧਰੀ ਭ੍ਰਿਸ਼ਟਾਚਾਰ ਨੂੰ ਨੰਗਾ ਕਰਨ ਦੀ ਜੁਰਅਤ ਅਤੇ ਸਾਹਸ ਦੀ ਡੂੰਘੀ ਸੋਝੀ ਦਿੱਤੀ ਹੈ। ਲੇਖਕ ਦੇ ਸਮੁੱਚੇ ਨਾਵਲ ਬੇਰੁਜ਼ਗਾਰੀ, ਨਿਰਦੋਸ਼ਾਂ ਦੀ ਲੁੱਟ-ਖਸੁੱਟ, ਕਾਨੂੰਨ ਦੇ ਅੰਨ੍ਹੇਪਣ ਅਤੇ ਅਜੋਕੇ ਇਨਸਾਨ ਦੀ ਪਦਾਰਥਵਾਦੀ ਸੋਚ ਰਾਹੀਂ ਰਿਸ਼ਤਿਆਂ-ਨਾਤਿਆਂ ਵਿਚ ਆ ਰਹੇ ਨਿਘਾਰ ਨੂੰ ਆਧੁਨਿਕ ਸੋਚ ਰਾਹੀਂ ਰੂਪਮਾਨ ਕਰਦਾ ਹੈ। ਜੁਗਿੰਦਰ ਸਿੰਘ ਨਹਿਰੂ ਦੇ ਵਿਚਾਰ ਵਧੇਰੇ ਸਪੱਸ਼ਟ ਕਰਦੇ ਹਨ:

"ਆਧੁਨਿਕਤਾਵਾਦੀ ਚੇਤਨਾ ਵਾਲਾ ਗਲਪਕਾਰ ਜਦੋਂ ਮਸ਼ੀਨੀ, ਤਕਨੀਕੀ ਤੇ ਵਿਗਿਆਨਕ ਜੁਗ ਚੇਤਨਾ ਨਾਲ ਪਰੰਪਰਾਗਤ ਨਾਗਰਿਕ ਵਿਧੀ ਉਤੇ ਆਕ੍ਰਮਣ ਕਰਦਾ ਹੈ ਤਾਂ ਜੀਵਨ ਦਾ ਸਾਰਾ ਰੰਗ-ਢੰਗ ਪਰਿਵਰਤਿਤ ਹੋ ਜਾਂਦਾ ਹੈ। ਅਰਥਾਤ ਪਰੰਪਰਾਈ ਰੂੜ੍ਹੀਆਂ ਵਿਚ ਪਰਪੱਕ ਹੋਈ ਜੀਵਨ-ਜਾਂਚ ਦਾ ਸਾਰਾ ਸੰਤੁਲਨ ਡੋਲ ਜਾਂਦਾ ਹੈ ਤੇ ਉਸਦੇ ਸਾਹਮਣੇ ਬਹੁ-ਆਯਾਮੀ ਜਟਿਲਤਾ ਵਾਲਾ ਦ੍ਰਿਸ਼ ਇਕ ਵੰਗਾਰ ਬਣਕੇ ਸਾਹਮਣੇ ਆਉਂਦਾ ਹੈ। ਪਰੰਪਰਾਗਤ ਜੀਵਨ ਆਪਣੇ ਸਭਿਆਚਾਰਕ ਪੈਟਰਨ ਵਿਚ ਢਲੇ ਵਰਤਾਰਿਆਂ ਅਤੇ ਜੀਵਨ-ਜਾਂਚ ਨੂੰ ਆਪਣੇ ਅੰਦਰ ਸਮੋ ਕੇ ਜਦੋਂ ਵਸਤੂ ਯਥਾਰਥ ਦੀਆਂ ਨਵੀਆਂ ਵੰਗਾਰਾਂ ਸਾਹਮਣੇ ਉਪਸਥਿਤ ਹੁੰਦਾ ਹੈ ਤਾਂ ਉਸਨੂੰ ਨਵੀਆਂ ਜੀਵਨ ਵਿਧੀਆਂ ਵਿਚੋਂ ਲੰਘਣਾ ਪੈਂਦਾ ਹੈ। ਇਹ ਨਵੀਆਂ ਵਿਧੀਆਂ ਪੁਰਾਣੀਆਂ ਸਰਲ ਤੇ ਸਾਧਾਰਨ ਵਿਧੀਆਂ ਤੋਂ ਜਟਿਲ ਹੁੰਦੀਆਂ ਹਨ, ਜੋ ਮਨੁੱਖ ਨੂੰ ਸੰਘਰਸ਼ਸ਼ੀਲ ਪ੍ਰਸਥਿਤੀਆਂ ਤੇ ਵੰਗਾਰਾਂ ਦੇ ਸਨਮੁਖ ਕਰਦੀਆਂ ਹਨ। ਇਉਂ ਜੋ ਨਵਾਂ ਯਥਾਰਥ ਨਿਰਮਿਤ ਹੁੰਦਾ ਹੈ, ਉਸਨੂੰ ਗਲਪ ਦੀਆਂ ਨਵੀਆਂ ਵਿਧੀਆਂ ਰਾਹੀਂ ਹੀ ਨਜਿੱਠਿਆ ਜਾ ਸਕਦਾ ਹੈ। ਇਹੋ ਸਾਡੇ ਆਧੁਨਿਕਤਾਵਾਦੀ ਪੰਜਾਬੀ ਗਲਪ ਦੀ ਦੇਣ ਅਤੇ ਪ੍ਰਾਪਤੀ ਹੈ।"[143]

ਉਪਰੋਕਤ ਟਿੱਪਣੀ ਦੇ ਪ੍ਰਸੰਗ ਵਿਚ ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਵਰਤੀਆਂ ਗਈਆਂ ਕਲਾਤਮਕ ਜੁਗਤਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਉਸਨੇ ਅਜੋਕੇ ਸਿਸਟਮ ਨੂੰ ਦ੍ਰਿਸ਼ਟਮਾਨ ਕਰਨ ਲਈ ਅਨੇਕਾਂ ਗਲਪੀ ਜੁਗਤਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਨਾਲ ਉਸਦੇ ਨਾਵਲਾਂ ਦੀਆਂ ਸਮੱਸਿਆਵਾਂ ਨੂੰ ਅਤਿ ਗਹਿਰਾਈ ਨਾਲ ਚਿਤਰਿਆ ਜਾ ਸਕੇ। ਉਸਦੇ ਆਪਣੇ ਨਾਵਲਾਂ ਦੇ ਵਿਸ਼ੇ ਉਸਦੇ ਪੇਸ਼ੇ ਨਾਲ ਸੰਬੰਧਿਤ ਕਾਨੂੰਨੀ ਹੋਣ ਕਰਕੇ ਉਹਨਾਂ ਦੇ

ਨਿਭਾਅ ਲਈ ਆਪਣੇ ਹੀ ਖੇਤਰ ਵਿਚੋਂ ਅਨੇਕਾਂ ਪਾਤਰਾਂ ਦੀ ਸਿਰਜਣਾ ਕਰਕੇ ਉਹਨਾਂ ਦੀਆਂ ਅੰਦਰੂਨੀ ਤੇ ਬਾਹਰੀ ਪਰਤਾਂ ਨੂੰ ਫਰੋਲਿਆ ਹੈ ਜਿਨ੍ਹਾਂ ਰਾਹੀਂ ਅਨੇਕਾਂ ਘਟਨਾਵਾਂ ਜਨਮ ਲੈਂਦੀਆਂ ਹਨ ਜੋ ਹਰੇਕ ਪਾਤਰ ਦੇ ਮਨੋਵਿਗਿਆਨਿਕ, ਰਾਜਨੀਤਿਕ, ਸਮਾਜਿਕ, ਆਰਥਿਕ ਤੇ ਸਭਿਆਚਾਰਕ ਪਰਿਵਰਤਨਾਂ, ਪੂੰਜੀਵਾਦੀ ਸੋਚ ਕਾਰਨ ਰਿਸ਼ਤਿਆਂ ਵਿਚ ਆਏ ਨਿਘਾਰ, ਤੇ ਨਿਘਾਰ ਕਾਰਨ ਪੈਦਾ ਹੋਏ ਦੁਖਾਂਤ ਨੂੰ ਪੇਸ਼ ਕਰਨ ਲਈ ਅਨੇਕਾਂ ਨਵੀਆਂ ਤੇ ਪਰੰਪਰਾਵਾਦੀ ਜੁਗਤਾਂ ਦੀ ਵਰਤੋਂ ਸਫ਼ਲਤਾ ਪੂਰਵਕ ਕੀਤੀ ਹੈ ਜੋ ਸਮੁੱਚੇ ਸਿਸਟਮ ਵਿਚ ਰਹੱਸ ਦੇ ਰੂਪ ਵਿਚ ਪਏ ਹੋਏ ਯਥਾਰਥ ਨੂੰ ਪਾਠਕਾਂ ਸਾਹਮਣੇ ਦ੍ਰਿਸ਼ਟਮਾਨ ਕਰਨ ਵਿਚ ਵੀ ਸਹਾਈ ਹੋਈਆਂ ਹਨ। ਡਾ. ਜਗਬੀਰ ਸਿੰਘ ਲਿਖਦੇ ਹਨ :

"ਅਸਲ ਵਿਚ ਨਾਵਲਕਾਰ ਨੇ ਆਪਣੇ ਬਿਰਤਾਂਤ ਦਾ ਫੋਕਸ ਜ਼ੁਰਮ ਨਾਲੋਂ ਵੱਖ ਕਰਕੇ ਮਸਨੂਈ ਤਫ਼ਤੀਸ਼ ਦੇ ਮੁਜ਼ਰਮਾਨਾ ਚਰਿਤ੍ਰ ਉੱਪਰ ਟਿਕਾ ਦਿੱਤਾ ਹੈ। ਇਸ ਤਰ੍ਹਾਂ ਪਰੰਪਰਕ ਕਥਾਨਕ ਰੂੜ੍ਹੀ ਦੇ ਰੂਪਾਂਤਰਣ ਰਾਹੀਂ ਅਤੇ ਫੋਕਸ ਦਾ ਰੁਖ ਬਦਲ ਕੇ ਨਾਵਲਕਾਰ ਨੇ ਥੀਮਕ ਸੰਕਲਪਣਾ ਦੀਆਂ ਨਵੀਆਂ ਸੰਭਾਵਨਾਵਾਂ ਉਜਾਗਰ ਕਰਨ ਦਾ ਉਪਰਾਲਾ ਕੀਤਾ ਹੈ। ਪੰਜਾਬੀ ਦੇ ਪਰੰਪਰਕ ਨਾਵਲ ਵਿਚ ਇਸ ਕਿਸਮ ਦੀ ਗਲਪੀ ਜੁਗਤ ਘੱਟ ਹੀ ਵਰਤੀ ਗਈ ਹੈ, ਜਿਥੇ ਰਵਾਇਤੀ ਕਥਾਨਕ ਰੂੜ੍ਹੀ ਰੂਪਾਂਤਰਿਤ ਹੋ ਕੇ ਨਵੀਨ ਥੀਮਕ ਸੰਕਲਪਣਾ ਦਾ ਮਾਧਿਅਮ ਬਣ ਗਈ ਹੋਵੇ। ਨਿਸ਼ਚੇ ਹੀ ਇਸਨੂੰ ਗਲਪ ਸਿਰਜਣਾ ਦੇ ਖੇਤਰ ਵਿਚ ਇਕ ਮਹੱਤਵਪੂਰਨ ਨਵਾਂ ਪ੍ਰਯੋਗ ਮੰਨਿਆ ਜਾ ਸਕਦਾ ਹੈ।"[144]

ਉਕਤ ਵਿਚਾਰ ਦੇ ਅਧੀਨ ਕਿਹਾ ਜਾ ਸਕਦਾ ਹੈ ਕਿ ਮਿੱਤਰ ਸੈਨ ਮੀਤ ਨੇ ਬੇਸ਼ੱਕ ਨਵੀਨ ਕਲਾਤਮਕ ਜੁਗਤਾਂ ਨੂੰ ਆਪਣੇ ਨਾਵਲਾਂ ਦੇ ਵਿਸ਼ਿਆਂ ਨੂੰ ਨਿਭਾਉਣ ਲਈ ਵਰਤਿਆ ਪਰੰਤੂ ਰਵਾਇਤੀ ਨਾਵਲੀ ਜੁਗਤਾਂ ਦਾ ਰੂਪਾਂਤਰਣ ਕਰਕੇ ਵੀ ਉਹਨਾਂ ਦੀ ਪੇਸ਼ਕਾਰੀ ਕੀਤੀ, ਕਹਿਣ ਤੋਂ ਭਾਵ ਉਸਨੇ ਪ੍ਰਚੱਲਿਤ ਜੁਗਤਾਂ ਰਾਹੀਂ ਹੀ ਆਪਣੇ ਨਾਵਲਾਂ ਦੀ ਪੇਸ਼ਕਾਰੀ ਕੀਤੀ। ਸੋ ਉਸਦੇ ਨਾਵਲ ਜਗਤ ਦੇ ਅਧਿਐਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਸਦੀ ਸਮੁੱਚੀ ਰਚਨਾ ਵਿਚ ਲਗਭਗ ਇਕ ਦੂਜੇ ਨਾਲ ਮੇਲ ਖਾਂਦੀਆਂ ਜੁਗਤਾਂ ਜਿਵੇਂ ਵਿਅੰਗ ਤੇ ਕਟਾਖ਼ਸ਼ ਦੀ ਸਿਰਜਨਾ, ਵੱਖ-ਵੱਖ ਪਾਤਰਾਂ ਦੇ ਜੀਵਨ ਦੀ ਵਿਭਿੰਨਤਾ ਤੇ ਉਹਨਾਂ ਦੀ ਸ਼ਖ਼ਸੀਅਤ ਦੇ ਅੰਦਰੂਨੀ ਤੇ ਬਾਹਰੀ ਪੱਖ, ਸਮੁੱਚੇ ਨਾਵਲਾਂ ਵਿਚ ਸਭ ਤੋਂ ਵਧੇਰੇ ਟੇਢਮਈ ਭਾਸ਼ਾ ਦੀ ਹੋਈ ਵਰਤੋਂ, ਵਾਤਾਵਰਨ ਤੇ ਦ੍ਰਿਸ਼ ਸਿਰਜਨ ਰਾਹੀਂ ਰੂਪਮਾਨ ਹੁੰਦੀਆਂ ਘਟਨਾਵਾਂ, ਵਿਅੰਗ ਰਾਹੀਂ ਅਜੋਕੇ ਸਿਸਟਮ ਦਾ ਚਿਤਰਮਈ ਵੇਰਵਾ ਦਰਸਾਉਣ ਤੋਂ ਇਲਾਵਾ ਵੱਡੇ ਪੱਧਰ ਤੇ ਲੋਕ ਸਾਹਿਤ ਦੇ ਰੂਪ ਅਖਾਉਤਾਂ ਤੇ ਮੁਹਾਵਰਿਆਂ ਅਤੇ ਮਿੱਥ ਵਰਗੀਆਂ ਕਥਾਨਕ ਰੂੜ੍ਹੀਆਂ ਦੀ ਵਰਤੋਂ ਬੜੇ ਸਹਿਜਮਈ ਢੰਗ ਨਾਲ ਹੋਈ ਮਿਲਦੀ ਹੈ। ਜਿਥੇ ਇਹ ਨਾਵਲੀ ਜੁਗਤਾਂ ਉਸਦੇ ਅਨੁਭਵ, ਵਿਚਾਰਧਾਰਾ ਅਤੇ ਅਨੇਕਾਂ ਵਿਸ਼ਿਆਂ ਨੂੰ ਵੱਖਰੇ-ਵੱਖਰੇ ਥੀਮਕ ਪਾਸਾਰਾਂ ਰਾਹੀਂ ਪਾਠਕਾਂ ਤੱਕ ਸਹਿਜਮਈ ਢੰਗ ਨਾਲ ਪਹੁੰਚਦੀਆਂ ਹਨ, ਉਥੇ ਉਸਦੀ ਕਲਾਤਮਕ ਸੂਝ ਦਾ ਪ੍ਰਮਾਣ ਵੀ ਦਿੰਦੀਆਂ ਹਨ।

## ਹਵਾਲੇ ਤੇ ਟਿੱਪਣੀਆਂ


1. ਜੋਗਿੰਦਰ ਰਾਹੀ, ਮਸਲੇ ਗਲਪ ਦੇ, ਪੰਨਾ 10
2. ਡਾ. ਸਵਿੰਦਰ ਸਿੰਘ ਉਪਲ, ਪੰਜਾਬੀ ਨਾਵਲ ਵਿਧੀ ਤੇ ਵਿਚਾਰ, ਪੰਨਾ 54
3. ਸੁਰਿੰਦਰ ਕੁਮਾਰ ਦਵੇਸ਼ਵਰ, ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ, ਪੰਨਾ 54
4. ਰੈਲਫ਼ ਫ਼ਾੱਕਸ, ਨਾਵਲ ਤੇ ਲੋਕ ਜੀਵਨ, ਪੰਨਾ 70
5. ਹਰਿਭਜਨ ਸਿੰਘ ਭਾਟੀਆ, ਸਾਹਿਤ ਅਧਿਐਨ ਵਿਧੀਆਂ ਵਰਤਮਾਨ ਪਰਿਪੇਖ, ਪੰਨਾ 175
6. ਡਾ. ਧਨਵੰਤ ਕੌਰ, ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ ਸ਼ਾਸਤਰੀ ਅਧਿਐਨ, ਪੰਨਾ 14
7. ਡਾ. ਜਗਬੀਰ ਸਿੰਘ, ਬਿਰਤਾਂਤਕ ਗਲਪ ਸਿਧਾਂਤ ਤੇ ਸਮੀਖਿਆ, ਪੰਨਾ 119
8. ਡਾ. ਟੀ.ਆਰ.ਵਿਨੋਦ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਨਾ 31
9. ਸੁਰਿੰਦਰ ਕੁਮਾਰ ਦਵੇਸ਼ਵਰ, ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ, ਪੰਨਾ 153
10. ਡਾ. ਜਸਪਾਲ ਕੌਰ ਕਾਂਗ, ਪੰਜਾਬੀ ਨਾਵਲ ਦਾ ਗਲਪ ਸ਼ਾਸਤਰ, ਪੰਨਾ 9
11. ਪ੍ਰੋ. ਜਤਿੰਦਰਬੀਰ ਨੰਦਾ, ਨਰਿੰਜਨ ਤਸਨੀਮ ਦੀ ਨਾਵਲ ਕਲਾ, ਪੰਨਾ 33
12. ਸੁਖਦੇਵ ਸਿੰਘ ਖਾਹਰਾ, ਨਾਵਲਕਾਰ ਮਿੱਤਰ ਸੈਨ ਮੀਤ, ਪੰਨਾ 130
13. ਨਜ਼ਰੀਆ, ਪੰਨਾ 85
14. ਹਰਿਭਜਨ ਭਾਟੀਆ, ਕੌਰਵ ਸਭਾ ਦੀਆਂ ਪਰਤਾਂ, ਪੰਨਾ 1
15. ਸੁਖਦੇਵ ਸਿੰਘ ਖਾਹਰਾ, ਤਫ਼ਤੀਸ਼ ਦਾ ਵਿਸ਼ਲੇਸ਼ਣ, ਪੰਨਾ 133
16. ਉਹੀ, ਪੰਨਾ 133
17. ਸੁਖਦੇਵ ਸਿੰਘ ਖਾਹਰਾ, ਤਫ਼ਤੀਸ਼ ਦਾ ਵਿਸ਼ਲੇਸ਼ਣ, ਪੰਨਾ 88
18. ਮਿੱਤਰ ਸੈਨ ਮੀਤ, ਕਟਹਿਰਾ, ਪੰਨਾ VIII
19. ਉਹੀ, ਪੰਨਾ 120
20. ਸਤਿੰਦਰ ਸਿੰਘ ਨੂਰ, ਪੰਜਾਬੀ ਗਲਪ ਚੇਤਨਾ, ਪੰਨਾ 91
21. ਡਾ. ਜਗਬੀਰ ਸਿੰਘ, ਸਮਕਾਲੀ ਪੰਜਾਬੀ ਬਿਰਤਾਂਤ, ਪੰਨਾ 69
22. ਮਿੱਤਰ ਸੈਨ ਮੀਤ, ਸੁਧਾਰ-ਘਰ, ਪੰਨਾ 206
23. ਉਹੀ, ਪੰਨਾ 206
24. ਉਹੀ, ਪੰਨਾ 188
25. ਡਾ. ਟੀ.ਆਰ.ਵਿਨੋਦ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਨਾ 17
26. ਮਿੱਤਰ ਸੈਨ ਮੀਤ, ਅੱਗ ਦੇ ਬੀਜ, ਪੰਨਾ 19-20
27. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਕੋਸ਼, ਪੰਨਾ 688-689
28. ਮਿੱਤਰ ਸੈਨ ਮੀਤ, ਅੱਗ ਦੇ ਬੀਜ, ਪੰਨਾ 28
29. ਉਹੀ, ਪੰਨਾ 70
30. ਨਰਿੰਜਨ ਤਸਨੀਮ, ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਐਨ, ਪੰਨਾ 103
31. ਜੁਗਿੰਦਰ ਸਿੰਘ ਨਹਿਰੂ, ਬਿਰਤਾਂਤਕ ਗਲਪ : ਆਧੁਨਿਕ ਦ੍ਰਿਸ਼ਟੀ, ਪੰਨਾ 111
32. ਮਿੱਤਰ ਸੈਨ ਮੀਤ, ਕਾਫ਼ਲਾ, ਪੰਨਾ 23
33. ਉਹੀ, ਪੰਨਾ 97
34. ਉਹੀ, ਪੰਨਾ 98
35. ਕੁਲਬੀਰ ਸਿੰਘ ਕਾਂਗ (ਡਾ.), ਆਧੁਨਿਕ ਸਾਹਿਤ ਸਿਧਾਂਤ, ਪੰਨਾ 49-50
36. ਮਿੱਤਰ ਸੈਨ ਮੀਤ, ਤਫ਼ਤੀਸ਼, ਪੰਨਾ 29
37. ਉਹੀ, ਕਟਹਿਰਾ, ਪੰਨਾ 62
38. ਉਹੀ, ਕੌਰਵ-ਸਭਾ, ਪੰਨਾ 14-15
39. ਜੁਗਿੰਦਰ ਸਿੰਘ ਨਹਿਰੂ, ਬਿਰਤਾਂਤਕ ਗਲਪ : ਆਧੁਨਿਕ ਦ੍ਰਿਸ਼ਟੀ, ਪੰਨਾ 109
40. ਮਿੱਤਰ ਸੈਨ ਮੀਤ, ਕੌਰਵ-ਸਭਾ, ਪੰਨਾ 302

41. ਉਹੀ, ਪੰਨਾ 23
42. ਨਰਿੰਜਨ ਤਸਨੀਮ, ਪੰਜਾਬੀ ਨਾਵਲ ਦਾ ਮੁਹਾਂਦਰਾ, ਪੰਨਾ 26
43. ਮਿੱਤਰ ਸੈਨ ਮੀਤ, ਸੁਧਾਰ-ਘਰ, ਪੰਨਾ 179
44. ਡਾ. ਟੀ.ਆਰ.ਵਿਨੋਦ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਨਾ 17
45. ਮਿੱਤਰ ਸੈਨ ਮੀਤ, ਤਫ਼ਤੀਸ਼, ਪੰਨਾ 171
46. ਉਹੀ, ਸੁਧਾਰ-ਘਰ, ਪੰਨਾ 243
47. ਡਾ. ਟੀ.ਆਰ.ਵਿਨੋਦ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਨਾ 16
48. ਮਿੱਤਰ ਸੈਨ ਮੀਤ, ਕੌਰਵ-ਸਭਾ, ਪੰਨਾ 31
49. ਉਹੀ, ਤਫ਼ਤੀਸ਼, ਪੰਨਾ 352
50. ਸੁਰਿੰਦਰ ਸਿੰਘ ਕੋਹਲੀ (ਸੰਪਾ.), ਪੰਜਾਬੀ ਸਾਹਿਤ ਕੋਸ਼ ਭਾਗ ਦੂਜਾ, ਪੰਨਾ 307
51. ਮਿੱਤਰ ਸੈਨ ਮੀਤ, ਕੌਰਵ-ਸਭਾ, ਪੰਨਾ 116
52. ਉਹੀ, ਪੰਨਾ 366
53. ਰੈਲਫ਼ ਫ਼ਾੱਕਸ, ਨਾਵਲ ਅਤੇ ਲੋਕ ਜੀਵਨ, ਪੰਨਾ 32
54. ਡਾ. ਜੋਗਿੰਦਰ ਰਾਹੀ, ਪੰਜਾਬੀ ਨਾਵਲ, ਪੰਨਾ 10
55. ਮਿੱਤਰ ਸੈਨ ਮੀਤ, ਕਟਹਿਰਾ, ਪੰਨਾ 22
56. ਡਾ. ਟੀ.ਆਰ.ਵਿਨੋਦ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਨਾ 76-77
57. ਸੁਖਦੇਵ ਸਿੰਘ ਖਾਹਰਾ (ਸੰਪਾ.), ਨਾਵਲਕਾਰ ਮਿੱਤਰ ਸੈਨ ਮੀਤ, ਪੰਨਾ 29-30
58. ਮਿੱਤਰ ਸੈਨ ਮੀਤ, ਤਫ਼ਤੀਸ਼, ਪੰਨਾ 62
59. ਉਹੀ, ਪੰਨਾ 14
60. ਡਾ. ਜੋਗਿੰਦਰ ਰਾਹੀ, ਮਸਲੇ ਗਲਪ ਦੇ, ਪੰਨਾ 23
61. ਮਿੱਤਰ ਸੈਨ ਮੀਤ, ਤਫ਼ਤੀਸ਼, ਪੰਨਾ 306
62. ਉਹੀ, ਪੰਨਾ 191
63. ਸੁਖਦੇਵ ਸਿੰਘ ਖਾਹਰਾ, ਨਾਵਲਕਾਰ ਮਿੱਤਰ ਸੈਨ ਮੀਤ, ਪੰਨਾ 32
64. ਉਹੀ, ਪੰਨਾ 22
65. ਮਿੱਤਰ ਸੈਨ ਮੀਤ, ਕਟਹਿਰਾ, ਪੰਨਾ 28
66. ਉਹੀ, ਪੰਨਾ 66
67. ਉਹੀ, ਪੰਨਾ 101
68. ਮਿੱਤਰ ਸੈਨ ਮੀਤ, ਕੌਰਵ-ਸਭਾ, ਪੰਨਾ 34
69. ਉਹੀ, ਪੰਨਾ 305
70. ਉਹੀ, ਪੰਨਾ 222
71. ਉਹੀ, ਪੰਨਾ 366
72. ਸੁਖਦੇਵ ਸਿੰਘ ਖਾਹਰਾ (ਸੰਪਾ.), ਨਾਵਲਕਾਰ ਮਿੱਤਰ ਸੈਨ ਮੀਤ, ਪੰਨਾ 22
73. ਮਿੱਤਰ ਸੈਨ ਮੀਤ, ਸੁਧਾਰ-ਘਰ, ਪੰਨਾ 40
74. ਉਹੀ, ਪੰਨਾ 49
75. ਉਹੀ, ਪੰਨਾ 85
76. ਡਾ. ਟੀ.ਆਰ.ਵਿਨੋਦ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਨਾ 77
77. ਮਿੱਤਰ ਸੈਨ ਮੀਤ, ਸੁਧਾਰ-ਘਰ, ਪੰਨਾ 158
78. ਉਹੀ, ਪੰਨਾ 247
79. ਉਹੀ, ਪੰਨਾ 304
80. ਉਹੀ, ਪੰਨਾ 314-315
81. ਪਿਆਰਾ ਸਿੰਘ ਭੋਗਲ ਤੇ ਹਿਰਦੇਜੀਤ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 18
82. ਪ੍ਰਿਤਪਾਲ ਸਿੰਘ, ਨਾਵਲ ਦੀ ਪਰਖ, ਪੰਨਾ 42

83. ਜੁਗਿੰਦਰ ਸਿੰਘ ਨਹਿਰੂ, ਬਿਰਤਾਂਤਕ ਗਲਪ : ਆਧੁਨਿਕ ਦ੍ਰਿਸ਼ਟੀ, ਪੰਨਾ 54
84. ਸੁਖਦੇਵ ਸਿੰਘ ਖਾਹਰਾ, ਕੌਰਵ ਸਭਾ ਦਾ ਆਲੋਚਨਾਤਮਕ ਵਿਸ਼ਲੇਸ਼ਨ, ਪੰਨਾ 22
85. ਮਿੱਤਰ ਸੈਨ ਮੀਤ, ਕੌਰਵ-ਸਭਾ, ਪੰਨਾ 51
86. ਕੁਲਬੀਰ ਸਿੰਘ ਕਾਂਗ, ਪੰਜਾਬੀ ਨਾਵਲ ਤੇ ਨਾਵਲਕਾਰ, ਪੰਨਾ 21
87. ਮਿੱਤਰ ਸੈਨ ਮੀਤ, ਸੁਧਾਰ-ਘਰ, ਪੰਨਾ 2
88. ਉਹੀ, ਪੰਨਾ 3
89. ਸੁਖਦੇਵ ਸਿੰਘ ਖਾਹਰਾ, ਕੌਰਵ ਸਭਾ : ਆਲੋਚਨਾਤਮਕ ਵਿਸ਼ਲੇਸ਼ਨ, ਪੰਨਾ 52
90. ਸੁਖਦੇਵ ਸਿੰਘ ਖਾਹਰਾ (ਸੰਪਾ.), ਤਫ਼ਤੀਸ਼ ਦਾ ਵਿਸ਼ਲੇਸ਼ਨ, ਪੰਨਾ 24
91. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਅੱਠਵੀਂ ਸੈਂਚੀ, ਪੰਨਾ 2064
92. ਕਰਨੈਲ ਸਿੰਘ ਥਿੰਦ, ਲੋਕਯਾਨ ਤੇ ਸਾਹਿਤ, ਪੰਨਾ 180
93. ਡਾ. ਜਗਬੀਰ ਸਿੰਘ, ਲੋਕਧਾਰਾ ਸਾਹਿਤ ਸਰਵੇਖਣ (ਪੰਜਾਬ ਦੀ ਲੋਕਧਾਰਾ), ਪੰਨਾ 9
94. ਡਾ. ਰਤਨ ਸਿੰਘ ਜੱਗੀ (ਸੰਪਾ.), ਸਾਹਿਤ ਕੋਸ਼, ਪੰਨਾ 833
95. ਮਿੱਤਰ ਸੈਨ ਮੀਤ, ਸੁਧਾਰ-ਘਰ, ਪੰਨਾ 240
96. ਹਰਿਭਜਨ ਸਿੰਘ ਭਾਟੀਆ, ਕੌਰਵ ਸਭਾ ਦੀਆਂ ਪਰਤਾਂ, ਪੰਨਾ 160
97. ਮਿੱਤਰ ਸੈਨ ਮੀਤ, ਤਫ਼ਤੀਸ਼, ਪੰਨਾ 38
98. ਉਹੀ, ਪੰਨਾ 62
99. ਉਹੀ, ਪੰਨਾ 71
100. ਉਹੀ, ਪੰਨਾ 101
101. ਡਾ. ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 108
102. ਉਧਰਿਤ ਨਰਵਿੰਦਰ ਸਿੰਘ ਕੌਸ਼ਲ, ਗਲਪ-ਸੰਵਾਦ, ਪੰਨਾ 15-16
103. ਨਰਵਿੰਦਰ ਸਿੰਘ ਕੌਸ਼ਲ, ਗਲਪ ਸੰਵਾਦ, ਪੰਨਾ 16
104. ਮਿੱਤਰ ਸੈਨ ਮੀਤ, ਤਫ਼ਤੀਸ਼, ਪੰਨਾ 29
105. ਉਹੀ, ਪੰਨਾ 53
106. ਮਿੱਤਰ ਸੈਨ ਮੀਤ, ਕੌਰਵ-ਸਭਾ, ਪੰਨਾ 109-110
107. ਉਹੀ, ਪੰਨਾ 248
108. ਕਰਨੈਲ ਸਿੰਘ ਥਿੰਦ (ਡਾ.), ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ 14
109. ਸ਼ਬਦ ਜਨਵਰੀ-ਮਾਰਚ 2004, ਪੰਨਾ 142
110. ਮਿੱਤਰ ਸੈਨ ਮੀਤ, ਕੌਰਵ-ਸਭਾ, ਪੰਨਾ 244
111. ਡਾ. ਟੀ.ਆਰ.ਵਿਨੋਦ, ਆਲੋਚਨਾਤਮਕ ਸ਼ਬਦਾਵਲੀ ਕੋਸ਼, ਪੰਨਾ 35
112. ਪ੍ਰੋ. ਜਤਿੰਦਰਬੀਰ ਨੰਦਾ, ਨਰਿੰਜਨ ਤਸਨੀਮ ਦੀ ਨਾਵਲ ਕਲਾ, ਜਦੋਂ ਸਵੇਰ ਹੋਈ ਦੇ ਆਧਾਰ ਤੇ, ਪੰਨਾ II.
113. ਮਿੱਤਰ ਸੈਨ ਮੀਤ, ਅੱਗ ਦੇ ਬੀਜ, ਪੰਨਾ 34
114. ਉਹੀ, ਕਾਫ਼ਲਾ, ਪੰਨਾ 120
115. ਉਹੀ, ਸੁਧਾਰ-ਘਰ, ਪੰਨਾ 251
116. ਗੁਰਚਰਨ ਸਿੰਘ, ਸਾਹਿਤ ਦੀ ਰੂਪ ਰੇਖਾ, ਪੰਨਾ 199
117. ਮਿੱਤਰ ਸੈਨ ਮੀਤ, ਕੌਰਵ-ਸਭਾ, ਪੰਨਾ 30
118. ਡਾ. ਟੀ.ਆਰ.ਵਿਨੋਦ, ਆਲੋਚਨਾਤਮਕ ਸ਼ਬਦਾਵਲੀ ਕੋਸ਼, ਪੰਨਾ 40
119. ਮਿੱਤਰ ਸੈਨ ਮੀਤ, ਅੱਗ ਦੇ ਬੀਜ, ਪੰਨਾ 10-11
120. ਉਹੀ, ਕਾਫ਼ਲਾ, ਪੰਨਾ 51
121. ਮਿੱਤਰ ਸੈਨ ਮੀਤ, ਤਫ਼ਤੀਸ਼, ਪੰਨਾ 47
122. ਉਹੀ, ਪੰਨਾ 74
123. ਉਹੀ, ਪੰਨਾ 148
124. ਉਹੀ, ਕਟਹਿਰਾ, ਪੰਨਾ 65

125. ਮਿੱਤਰ ਸੈਨ ਮੀਤ, ਕੌਰਵ-ਸਭਾ, ਪੰਨਾ 296
126. ਮਿੱਤਰ ਸੈਨ ਮੀਤ, ਸੁਧਾਰ-ਘਰ, ਪੰਨਾ 213
127. ਉਹੀ, ਪੰਨਾ 217
128. ਉਹੀ, ਪੰਨਾ 166
129. ਡਾ. ਟੀ.ਆਰ.ਵਿਨੋਦ, ਆਲੋਚਨਾਤਮਕ ਸ਼ਬਦਾਵਲੀ ਕੋਸ਼, ਪੰਨਾ 32
130. ਮਿੱਤਰ ਸੈਨ ਮੀਤ, ਕਟਹਿਰਾ, ਪੰਨਾ 29-30
131. ਉਹੀ, ਸੁਧਾਰ-ਘਰ, ਪੰਨਾ 262
132. ਕੁਲਬੀਰ ਸਿੰਘ ਕਾਂਗ, ਪੰਜਾਬੀ ਨਾਵਲ ਤੇ ਨਾਵਲਕਾਰ, ਪੰਨਾ 23
133. ਮਿੱਤਰ ਸੈਨ ਮੀਤ, ਕੌਰਵ-ਸਭਾ, ਪੰਨਾ 205
134. ਡਾ. ਜਸਪਾਲ ਕੌਰ ਕਾਂਗ, ਡਾ. ਅਮਰਜੀਤ ਸਿੰਘ ਕਾਂਗ 'ਗਲਪ ਚੇਤਨਾ ਤੋਂ ਗਲਪ ਸ਼ਾਸਤਰ ਤੱਕ', ਪੰਨਾ 31
135. ਡਾ. ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਨਾਵਲ ਦ੍ਰਿਸ਼ਟੀ, ਪੰਨਾ 118
136. ਮਿੱਤਰ ਸੈਨ ਮੀਤ, ਅੱਗ ਦੇ ਬੀਜ, ਪੰਨਾ 83
137. ਉਹੀ, ਪੰਨਾ 96
138. ਮਿੱਤਰ ਸੈਨ ਮੀਤ, ਕਾਫ਼ਲਾ, ਪੰਨਾ 190
139. ਸੁਖਦੇਵ ਸਿੰਘ ਖਾਹਰਾ (ਸੰਪਾ.), ਨਾਵਲਕਾਰ ਮਿੱਤਰ ਸੈਨ ਮੀਤ, ਪੰਨਾ 32
140. ਉਹੀ, ਪੰਨਾ 146
141. ਉਹੀ, ਕੌਰਵ ਸਭਾ : ਆਲੋਚਨਾਤਮਕ ਵਿਸ਼ਲੇਸ਼ਨ, ਪੰਨਾ 9
142. ਉਹੀ, ਪੰਨਾ 22
143. ਜੁਗਿੰਦਰ ਸਿੰਘ ਨਹਿਰੂ, ਬਿਰਤਾਂਤਕ ਗਲਪ : ਆਧੁਨਿਕ ਦ੍ਰਿਸ਼ਟੀ, ਪੰਨਾ 115-116
144. ਜਗਬੀਰ ਸਿੰਘ, ਪੰਜਾਬੀ ਗਲਪ ਸੰਸਾਰ, ਪੰਨਾ 164

# ਨਾਵਲਕਾਰ ਮਿੱਤਰ ਸੈਨ ਮੀਤ ਨਾਲ ਮੁਲਾਕਾਤ

ਪ੍ਰ: **ਸਭ ਤੋਂ ਪਹਿਲਾਂ ਮੈਂ ਤੁਹਾਡੇ ਜਨਮ ਸਥਾਨ ਤੇ ਸਾਂਸਕ੍ਰਿਤਕ ਪਿਛੋਕੜ ਬਾਰੇ ਜਾਣਨਾ ਚਾਹੁੰਦੀ ਹਾਂ।**

ਉ: ਮੇਰਾ ਜਨਮ 20 ਅਕਤੂਬਰ, 1952 ਨੂੰ ਇਕ ਨਿਮਨ ਮੱਧ ਵਰਗੀ ਮਹਾਜਨ ਪਰਿਵਾਰ ਵਿਚ ਹੋਇਆ। ਮੇਰੇ ਪਿਤਾ ਜੀ ਪਟਵਾਰੀ ਸਨ। ਪਰਿਵਾਰ ਉਨ੍ਹਾਂ ਦੇ ਨਾਲ-ਨਾਲ ਰਹਿੰਦਾ ਸੀ। ਜੀਵਨ ਦੇ ਪਹਿਲੇ ਅੱਠ-ਨੌਂ ਸਾਲ ਪਿੰਡਾਂ ਵਿਚ ਗੁਜਰੇ। ਪਟਵਾਰੀ ਹੋਣ ਕਾਰਨ ਪਿਤਾ ਜੀ ਦਾ ਵਾਹ ਕਿਰਸਾਨਾਂ ਨਾਲ ਪੈਂਦਾ ਸੀ। ਅਨਭੋਲ ਮਨ ਨੇ ਜਿਥੇ ਪੇਂਡੂ ਜੀਵਨ ਨੂੰ ਆਪਣੇ ਅੰਦਰ ਸਮੋ ਲਿਆ ਉਥੇ ਕਿਰਸਾਨੀ ਦੇ ਦੁੱਖ ਦਰਦ ਵੀ ਅਚੇਤ ਤੌਰ ’ਤੇ ਜ਼ਿਹਨ ਵਿਚ ਉਕਰ ਗਏ। ਸੰਨ 1962 ਵਿਚ ਅਸੀਂ ਪੱਕੇ ਤੌਰ ਤੇ ਬਰਨਾਲੇ ਟਿਕ ਗਏ। ਪੈਸੇ ਦੀ ਘਾਟ ਕਾਰਨ ਜਾਂ ਨਾਸਮਝੀ ਕਾਰਨ ਪਿਤਾ ਜੀ ਨੇ ਜਿਹੜਾ ਕੱਚਾ-ਪੱਕਾ ਘਰ ਖਰੀਦਿਆ ਉਹ ਅਜਿਹੇ ਮੁਹੱਲੇ ਵਿਚ ਸੀ ਜਿਥੇ ਦਲਿਤਾਂ ਦੇ ਦਲਿਤ ‘ਧਾਨਕੇ’ ਰਹਿੰਦੇ ਸਨ। (ਬਰਨਾਲੇ ਵਿਚ ਧਾਨਕੇ ਉਸ ਜਾਤੀ ਨੂੰ ਆਖਿਆ ਜਾਂਦਾ ਹੈ ਜਿਹੜੀ ਲੋਕਾਂ ਦਾ ਮਲ-ਮੂਤਰ ਚੁੱਕਦੀ ਅਤੇ ਨਾਲੇ-ਨਾਲੀਆਂ ਸਾਫ਼ ਕਰਦੀ ਹੈ) ਮੁਹੱਲੇ ਵਿਚ ਕੁਝ ਘਰ ਚੂਹੜਿਆਂ ਦੇ ਵੀ ਸਨ। ਘਰ ਤੋਂ 400-500 ਗਜ਼ ਦੇ ਫਾਸਲੇ ਤੇ ਸਿਵੇ ਸਨ ਜਿਥੇ ਹਰ ਸਮੇਂ ਮੁਰਦੇ ਸੜਦੇ ਰਹਿੰਦੇ ਸਨ। ਸਿਵਿਆਂ ਦੇ ਨਾਲ ਸਾਂਸੀਆਂ ਦੀਆਂ ਕੁੱਲੀਆਂ ਸਨ। ਇਸ ਤਰ੍ਹਾਂ ਮੇਰਾ ਲੜਕਪਨ ਦਲਿਤ ਸਾਥੀਆਂ ਦੀਆਂ ਕੁੱਲੀਆਂ ਵਿਚਕਾਰ ਉਨ੍ਹਾਂ ਦੇ ਦੁੱਖ-ਦਰਦਾਂ ਨਾਲ ਸਾਂਝਾਂ ਪਾਉਂਦੇ ਬੀਤਿਆ। ਇਸ ਆਲੇ-ਦੁਆਲੇ ਨੇ ਮੈਨੂੰ ਦਲਿਤ ਵਰਗ ਦੀਆਂ ਸਮੱਸਿਆਵਾਂ ਦਾ ਗਿਆਨ ਕਰਵਾਇਆ ਜਿਹੜਾ ਹੁਣ ਤੱਕ ਮੇਰਾ ਸਹਾਈ ਹੈ ਅਤੇ ਮੇਰੀਆਂ ਰਚਨਾਵਾਂ ਵਿਚ ਸਹਿਜ ਸੁਭਾਅ ਪ੍ਰਗਟ ਹੁੰਦਾ ਹੈ। ਇਹ ਲੋਕ ਮੇਰੀ ਲਿਖਣ ਸਮੱਗਰੀ ਦਾ ਸੋਮਾ, ਮੇਰੇ ਪ੍ਰੇਰਨਾ ਸਰੋਤ ਅਤੇ ਮੇਰੇ ਦ੍ਰਿਸ਼ਟੀਕੋਣ ਦੇ ਸਿਰਜਕ ਹਨ।

ਉਨ੍ਹਾਂ ਦਿਨਾਂ ਵਿਚ ਨਕਸਲੀ ਲਹਿਰਾਂ ਜੋਰਾਂ ’ਤੇ ਸੀ। 1968 ਵਿਚ ਦਸਵੀਂ ਪਾਸ ਕਰਨ ਬਾਅਦ ਜਦੋਂ ਕਾਲਜ ਵਿਚ ਪ੍ਰਵੇਸ਼ ਕੀਤਾ ਤਾਂ ਨਕਸਲੀ ਦੋਸਤਾਂ ਨਾਲ ਵਾਹ ਪਿਆ। ਦਲਿਤ ਦੋਸਤਾਂ ਦੀ ਭੈੜੀ ਹਾਲਤ ਦੇਖ ਕੇ ਮਨ ਵਿਚ ਪ੍ਰਸ਼ਨ ਪੈਦਾ ਹੁੰਦਾ ਸੀ ਕਿ ਇਹ ਲੋਕ “ਨਰਕ” ਕਿਉਂ ਭੋਗ ਰਹੇ ਹਨ? ਨਕਸਲੀਆਂ ਦੇ ਸਾਥ ਨੇ ਇਸ ਭੈੜੀ ਦਸ਼ਾ ਦੇ ਕਾਰਨ ਪਤਾ ਲਾਉਣ ਵਿਚ ਮਦਦ ਕੀਤੀ ਅਤੇ ਹੱਲ ਸੁਝਾਉਣੇ ਸ਼ੁਰੂ ਕੀਤੇ। ਸੋਚ ਵਿਚ ਨਿਖਾਰ ਆਉਣ ਲੱਗਾ।

ਇਸੇ ਪ੍ਰਸ਼ਨ ਨਾਲ ਸੰਬੰਧਿਤ ਇਕ ਨੁਕਤਾ ਹੋਰ ਵੀ ਹੈ। ਸਾਡੇ ਪਰਿਵਾਰ ਵਿਚ

ਨਿਰੋਲ ਪੰਜਾਬੀ ਸਭਿਆਚਾਰ ਭਾਰੂ ਸੀ। ਘਰ ਵਿਚ ਪੂਜਾ-ਪਾਠ ਨਹੀਂ ਸੀ ਹੁੰਦਾ, ਕੋਈ ਵਹਿਮ-ਭਰਮ ਨਹੀਂ ਸੀ ਪਾਲਿਆ ਜਾਂਦਾ ਅਤੇ ਨਾ ਹੀ ਕੋਈ ਆਡੰਬਰ ਰਚਿਆ ਜਾਂਦਾ ਸੀ। ਸਾਰੇ ਧਰਮਾਂ ਦਾ ਸਨਮਾਨ ਹੁੰਦਾ ਸੀ। ਇਸ ਤਰ੍ਹਾਂ ਮੇਰਾ ਬਚਪਨ ਕੱਟੜ ਧਾਰਮਿਕ ਸੰਸਕਾਰਾਂ ਦੀ ਜਕੜ ਤੋਂ ਮੁਕਤ ਰਿਹਾ। ਪਿੱਛੋਂ ਵਿਗਿਆਨਕ ਸੋਚ ਅਪਨਾਉਣ ਵਿਚ ਮੈਨੂੰ ਸੌਖ ਰਹੀ।

ਬੀ.ਏ. ਮੈਂ 1972 ਵਿਚ ਆਨਰਜ਼-ਇਨ-ਮੈਥ ਵਿਚ ਕੀਤੀ ਸੀ। ਇਸ ਇਮਤਿਹਾਨ ਵਿਚ ਮੈਂ ਪੰਜਾਬੀ ਯੂਨੀਵਰਸਿਟੀ ਵਿਚ ਪਹਿਲੇ ਸਥਾਨ 'ਤੇ ਰਿਹਾ ਸੀ ਅਤੇ ਮੈਨੂੰ ਗੋਲਡ-ਮੈਡਲ ਮਿਲਿਆ ਸੀ। ਐਲ.ਐਲ.ਬੀ. ਮੈਂ 1976 ਵਿਚ ਅੰਜਾਬ ਯੂਨੀਵਰਸਿਟੀ ਕੈਂਪਸ, ਚੰਡੀਗੜ੍ਹ ਤੋਂ ਸ਼ਾਮ ਦੀਆਂ ਜਮਾਤਾਂ ਵਿਚ ਕੀਤੀ ਸੀ। ਗੁਜ਼ਾਰਾ ਚਲਾਉਣ ਲਈ ਦਿਨੇ ਨੌਕਰੀ ਕਰਦਾ ਸੀ। ਐਲ.ਐਲ.ਬੀ. ਵਿਚੋਂ ਵੀ ਮੈਂ ਯੂਨੀਵਰਸਿਟੀ ਵਿਚੋਂ ਦੂਜੇ ਸਥਾਨ ਤੇ ਰਿਹਾ ਸੀ। ਵਿਚਕਾਰਦੀ ਗਿਆਨੀ ਅਤੇ ਬੀ.ਐੱਡ. ਵੀ ਕਰ ਲਈ। ਇਨ੍ਹਾਂ ਵਾਧੂ ਡਿਗਰੀਆਂ ਨਾਲ ਮੈਨੂੰ ਅੰਜਾਬੀ, ਸਿੱਖਿਆ ਅਤੇ ਮਨੋਵਿਗਿਆਨਕ ਵਿਸ਼ਿਆਂ ਦੀ ਸਮਝ ਵੀ ਆ ਗਈ। ਜਨਵਰੀ 1979 ਵਿਚ ਮੈਨੂੰ ਸਰਕਾਰੀ ਵਕੀਲ ਦੀ ਨੌਕਰੀ ਮਿਲ ਗਈ।

ਪ੍ਰ: **ਤੁਸੀਂ ਆਪਣੇ ਮੁੱਢਲੇ ਜੀਵਨ ਤੇ ਮੁੱਢਲੀ ਵਿਦਿਆ ਬਾਰੇ ਦੱਸੋ। ਕਿਉਂਕਿ ਹਰ ਲੇਖਕ ਦੀ ਸਿਰਜਨਾ ਪਿੱਛੇ ਉਸਦੇ ਮੁੱਢਲੇ ਜੀਵਨ ਦਾ ਬੜਾ ਮਹੱਤਵ ਹੁੰਦਾ ਹੈ। ਤੁਹਾਡਾ ਮੁੱਢਲਾ ਜੀਵਨ ਤੁਹਾਡੀਆਂ ਰਚਨਾਵਾਂ ਵਿਚ ਕਿਵੇਂ ਸਹਾਈ ਹੋਇਆ ?**

ਉ: ਬਰਨਾਲੇ ਦੀ ਮਿੱਟੀ ਵਿਚ ਲੇਖਕ ਪੈਦਾ ਕਰਨ ਦਾ ਕੋਈ ਖ਼ਾਸ ਗੁਣ ਹੈ ਜਾਂ ਉਥੋਂ ਦਾ ਵਾਤਾਵਰਨ ਲੋਕਾਂ ਨੂੰ ਲੇਖਕ ਬਣਨ ਲਈ ਪ੍ਰੇਰਦਾ ਹੈ। ਇਸ ਬਾਰੇ ਪੱਕੀ ਤਰ੍ਹਾਂ ਨਾਲ ਕੁਝ ਨਹੀਂ ਆਖਿਆ ਜਾ ਸਕਦਾ। ਪਰ ਇਕ ਗੱਲ ਸੱਚ ਹੈ ਕਿ ਸੱਠਵਿਆਂ ਦੇ ਅਖੀਰ ਅਤੇ ਸੱਤਰਵਿਆਂ ਦੇ ਸ਼ੁਰੂ ਵਿਚ ਬਰਨਾਲੇ ਦੀ ਮੰਡੀਰ ਦਾ ਰੁਝਾਨ ਕੁੜੀਆਂ ਪਿੱਛੇ ਖ਼ਾਕ ਛਾਨਣ ਵੱਲ ਘੱਟ, ਅੰਮ੍ਰਿਤਾ ਪ੍ਰੀਤਮ ਅਤੇ ਪਾਸ਼ ਦੀਆਂ ਕਵਿਤਾਵਾਂ, ਕੰਵਲ ਅਤੇ ਗੁਰਦਿਆਲ ਸਿੰਘ ਦੇ ਨਾਵਲਾਂ ਬਾਰੇ ਬਹਿਸਾਂ ਕਰਨ ਵੱਲ ਵਧੇਰੇ ਹੁੰਦਾ ਸੀ। ਉਨ੍ਹੀਂ ਦਿਨੀਂ ਬਰਨਾਲੇ ਵਿਚ ਦੋ ਸਾਹਿਤਕ ਪੱਤਰਕਾਵਾਂ 'ਪ੍ਰਤੀਕ' ਅਤੇ 'ਮੁਹਾਂਦਰਾ' ਜ਼ੋਰ ਸ਼ੋਰ ਨਾਲ ਨਿਕਲ ਰਹੀਆਂ ਸਨ। ਬਰਨਾਲਾ ਅਤੇ ਇਸ ਦੇ ਆਲੇ-ਦੁਆਲੇ ਦੇ ਅਿੰਡਾਂ ਦੇ ਸਕੂਲਾਂ ਵਿਚ ਰਾਮ ਸਰੂਪ ਅਣਖੀ, ਇੰਦਰ ਸਿੰਘ ਖਾਮੋਸ਼, ਓਮ ਪ੍ਰਕਾਸ਼ ਗਾਸੋ ਅਤੇ ਬਸੰਤ ਕੁਮਾਰ ਰਤਨ ਵਰਗੇ ਨਾਵਲਕਾਰ ਬਾਲ ਮਨਾਂ ਵਿਚ ਸਾਹਿਤਕ ਰੁਚੀਆਂ ਦੇ ਬੀਜ ਬੋ ਰਹੇ ਸਨ। ਐਸ.ਡੀ.ਕਾਲਜ ਬਰਨਾਲਾ ਵਿਚ ਪ੍ਰੋ. ਜੋਗਾ ਸਿੰਘ, ਰਵਿੰਦਰ ਭੱਠਲ ਅਤੇ ਪ੍ਰੀਤਮ ਸਿੰਘ ਰਾਹੀ ਵਰਗੇ ਸ਼ਾਇਰ ਲੇਖਕਾਂ ਦੀ ਨਵੀਂ ਪਨੀਰੀ ਨੂੰ ਪਰਪੱਕਤਾ ਬਖਸ਼ਣ ਵਿਚ ਜੁੱਟੇ ਹੋਏ ਸਨ। ਕਾਲਜ ਦੇ ਮੈਗਜ਼ੀਨ ਅਤੇ ਸਾਹਿਤ ਸਭਾ ਨੂੰ ਜੋਗਿੰਦਰ ਸਿੰਘ ਨਿਰਾਲਾ, ਵਰਿਆਮ ਮਸਤ ਅਤੇ ਸੁਖਜੀਤ ਭੱਠਲ ਵਰਗੇ ਹੋਣਹਾਰ ਸਾਹਿਤਕਾਰ ਵਿਦਿਆਰਥੀ ਚਾਰ-ਚੰਨ ਲਾ ਰਹੇ ਸਨ। ਆਲੇ-ਦੁਆਲੇ ਇਨਕਲਾਬੀ ਲਹਿਰ ਪੂਰੇ ਜੋਬਨ ਉਪਰ ਸੀ। ਸੰਤ ਰਾਮ ਉਦਾਸੀ ਦੇ ਗੀਤਾਂ, ਪਾਸ਼ ਦੀਆਂ ਕਵਿਤਾਵਾਂ ਅਤੇ ਗੁਰਸ਼ਰਨ ਸਿੰਘ ਦੇ ਨਾਟਕਾਂ

ਦੀ ਗੂੰਜ ਕਾਲਜ ਦੇ ਨਾਲ-ਨਾਲ ਪਿੰਡਾਂ ਵਿਚ ਵੀ ਸੁਣਾਈ ਦਿੰਦੀ ਸੀ। ਸਰਦਲ, ਹੇਮ ਜਯੋਤੀ ਅਤੇ ਸਿਆੜ ਵਰਗੇ ਸਾਹਿਤਕ ਪੱਤਰ ਅਗਾਂਹਵਧੂ ਲੇਖਕਾਂ ਦੀਆਂ ਕੱਚ-ਘੜ ਰਚਨਾਵਾਂ ਵੀ ਖ਼ੁਸ਼ ਹੋ ਕੇ ਛਾਪਦੇ ਸਨ। ਇਹੋ ਜਿਹੇ ਖ਼ੁਸ਼ਗਵਾਰ ਸਾਹਿਤਕ ਮਾਹੌਲ ਵਿਚ ਵਿਚਰਦਾ ਮਿੱਤਰ ਸੈਨ ਗੋਇਲ, ਮਿੱਤਰ ਸੈਨ ਮੀਤ ਬਣ ਗਿਆ।

ਪ੍ਰਗਟ ਸਿੰਘ ਖਹਿਰਾ ਮੇਰਾ ਦਸਵੀਂ ਜਮਾਤ ਦਾ ਜਮਾਤੀ ਸੀ। ਉਨ੍ਹੀਂ ਦਿਨੀਂ ਉਸ ਦੀ ਇਕ ਕਹਾਣੀ ਬਾਲ ਸੰਦੇਸ਼ (ਪ੍ਰੀਤ ਨਗਰ) ਵਿਚ ਛਪੀ ਸੀ। ਸ਼ੁਰੂ ਤੋਂ ਹੀ ਮੇਰੇ ਵਿਚ ਹਰ ਕੰਮ ਵਿਚ ਮੋਹਰੀ ਰਹਿਣ ਦੀ ਪ੍ਰਵਿਰਤੀ ਹੈ। ਮੈਂ ਸੋਚਿਆ ਮੈਨੂੰ ਵੀ ਲਿਖਣਾ ਅਤੇ ਛਾਪਣਾ ਚਾਹੀਦਾ ਹੈ। ਖਹਿਰਾ ਦੀ ਰੀਸ/ਪ੍ਰੇਰਨਾ ਨਾਲ ਮੈਂ ਇਕ ਕਹਾਣੀ ਲਿਖ ਕੇ ਬਾਲ ਸੰਦੇਸ਼ ਵਿਚ ਭੇਜ ਦਿੱਤੀ ਜੋ ਅਗਲੇ ਹੀ ਅੰਕ ਵਿਚ ਛਪ ਗਈ। ਉਤਸ਼ਾਹਿਤ ਹੋ ਕੇ ਮੈਂ ਇਕ ਹੋਰ ਕਹਾਣੀ ਲਿਖੀ। ਦੋ-ਤਿੰਨ ਮਹੀਨਿਆਂ ਬਾਅਦ ਉਹ ਵੀ ਛਪ ਗਈ। ਇਨ੍ਹਾਂ ਦੋ ਕਹਾਣੀਆਂ ਦੀ ਪ੍ਰਕਾਸ਼ਨਾ ਨੇ ਮੇਰੇ ਲੇਖਕ ਬਣਨ ਦੀ ਨੀਂਹ ਰੱਖੀ। ਮੁੜ ਮੇਰੀ ਕਹਾਣੀ ਬਾਲ ਸੰਦੇਸ਼ ਵਿਚ ਤਾਂ ਨਾ ਛਪੀ ਪਰ ਹਾਣੀ ਅਤੇ ਸਮਰਾਟ ਸਪਤਾਹਿਕਾਂ ਨੇ ਮੈਨੂੰ ਧੜਾ-ਧੜ ਛਾਪਿਆ। ਮੇਰੇ ਲੇਖਕ ਅਖਵਾਉਣ ਦੀ ਹਉਮੈ ਨੂੰ ਪੱਠੇ ਪੈਂਦੇ ਰਹੇ।

ਇਨਕਲਾਬੀ ਦੋਸਤਾਂ ਦੇ ਸਾਥ ਕਾਰਨ ਹੋਰ ਪੁਸਤਕਾਂ ਦੇ ਨਾਲ-ਨਾਲ ਮਾਸਿਕ ਸਰਦਲ ਵੀ ਪੜ੍ਹਨ ਨੂੰ ਮਿਲਣ ਲੱਗੀ। ਮੇਰੀ ਸੋਚ ਨੇ ਪਲਟਾ ਖਾਧਾ ਅਤੇ ਮੈਂ ਇਨਕਲਾਬੀ ਦ੍ਰਿਸ਼ਟੀਕੋਣ ਤੋਂ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਗੁਰਸ਼ਰਨ ਭਾਜੀ ਉਨ੍ਹਾਂ ਦਿਨਾਂ ਵਿਚ ਸਰਦਲ ਦੇ ਸੰਪਾਦਕ ਸਨ। ਉਨ੍ਹਾਂ ਨੇ ਮੇਰੀਆਂ ਕਹਾਣੀਆਂ ਨੂੰ ਇਸ ਮੈਗਜ਼ੀਨ ਵਿਚ ਵਿਸ਼ੇਸ਼ ਸਥਾਨ ਦਿੱਤਾ। 1971 ਦੇ ਅਖੀਰ ਵਿਚ ਜਦੋਂ ਮੈਂ ਬੀ.ਏ. ਜਮਾਤ ਦਾ ਵਿਦਿਆਰਥੀ ਹੀ ਸੀ ਤਾਂ ਭਾਜੀ ਨੇ ਮੇਰਾ ਪਹਿਲਾ ਨਾਵਲ 'ਅੱਗ ਦੇ ਬੀਜ' ਸਾਹਿਤ ਕਲਾ ਕੇਂਦਰ ਅੰਮ੍ਰਿਤਸਰ ਵੱਲੋਂ ਛਾਪਿਆ। ਬਲਰਾਜ ਸਾਹਨੀ ਪ੍ਰਕਾਸ਼ਨ ਦੀ ਉਸ ਸਮੇਂ ਸਥਾਪਨਾ ਨਹੀਂ ਸੀ ਹੋਈ। ਨਾਵਲ ਦੀ ਸੁਰ ਇਨਕਲਾਬੀ ਸੀ ਇਸ ਲਈ ਕੁਝ ਚਰਚਾ ਵੀ ਹੋਈ। ਨਾਵਲ ਦੀ ਇਸ ਪ੍ਰਕਾਸ਼ਨਾ ਨੇ ਸਾਹਿਤਕਾਰ ਬਣਨ ਦਾ ਮੇਰਾ ਰਾਹ ਪੱਧਰ ਕਰ ਦਿੱਤਾ।

ਲਾਅ ਦੀ ਪੜ੍ਹਾਈ ਲਈ 1972 ਵਿਚ ਮੈਨੂੰ ਚੰਡੀਗੜ੍ਹ ਜਾਣਾ ਪਿਆ। ਬਰਨਾਲੇ ਦਾ ਸਾਹਿਤਕ ਮਾਹੌਲ ਛੁੱਟ ਗਿਆ। ਇਨਕਲਾਬੀ ਲਹਿਰ ਪਤਨ ਵੱਲ ਤੁਰ ਪਈ। ਇਕ-ਇਕ ਕਰਕੇ ਸਾਹਿਤਕ ਪਰਚੇ ਬੰਦ ਹੋ ਗਏ। ਸਾਧਾਰਨ ਵਿਚਾਰਧਾਰਾ ਵਾਲੇ ਪਰਚੇ ਸਾਨੂੰ ਛਪਣ ਤੋਂ ਡਰਦੇ ਸਨ। ਇਸ ਤਰ੍ਹਾਂ ਨਿਰਉਤਸ਼ਾਹਿਤ ਹੋਣ ਕਾਰਨ ਲਿਖਣਾ ਬੰਦ ਹੋ ਗਿਆ।

ਪਟਿਆਲੇ ਅਤੇ ਨਾਭੇ ਦਾ ਪਾਣੀ ਪੀਣ ਬਾਅਦ 1983 ਵਿਚ ਮੈਂ ਰਾਮਪੁਰਾ ਫੂਲ ਆ ਗਿਆ। ਉਸ ਸਮੇਂ ਦਰਸ਼ਨ ਸਿੰਘ ਗਿੱਲ (ਬਠਿੰਡਾ) ਇਸ ਹਲਕੇ ਵਿਚ ਐਕਸਾਈਜ਼ ਇੰਸਪੈਕਟਰ ਲੱਗਾ ਹੋਇਆ ਸੀ। ਲਾਹਨ ਦੇ ਕੇਸਾਂ ਵਿਚ ਗਵਾਹੀ ਦੇਣ ਉਹ ਮੇਰੇ ਕੋਲ ਕਚਹਿਰੀ ਆਉਂਦਾ ਹੁੰਦਾ ਸੀ। ਗੱਲੀਂ-ਗੱਲੀਂ ਇਕ ਦਿਨ

ਪੁਰਾਣੇ ਭੇਤ ਖੁਲ੍ਹ ਗਏ। ਉਸ ਦੀ ਪ੍ਰੇਰਨਾ ’ਤੇ 12 ਸਾਲਾਂ ਬਾਅਦ ਮੈਂ ਫਿਰ ਕਲਮ ਚੁੱਕ ਲਈ।

ਸਰਕਾਰੀ ਵਕੀਲ ਪੁਲਿਸ ਅਤੇ ਨਿਆਂਪਾਲਿਕਾ ਵਿਚ ਇਕ ਕੜੀ ਦੇ ਤੌਰ ’ਤੇ ਕੰਮ ਕਰਦਾ ਹੈ। ਸੁਭਾਵਿਕ ਹੀ ਉਸ ਨੂੰ ਦੋਹਾਂ ਸੰਸਥਾਵਾਂ ਦੇ ਕੰਮ-ਕਾਜ ਦਾ ਗਹਿਰਾ ਅਧਿਐਨ ਹੋ ਜਾਂਦਾ ਹੈ। ਮੈਨੂੰ ਮਹਿਸੂਸ ਹੋਇਆ ਕਿ ਮੈਨੂੰ ਨਵੇਂ ਦੌਰ ਵਿਚ ਅਛੂਤੇ ਪਏ ਵਿਸ਼ੇ ਪੁਲਿਸ ਪ੍ਰਬੰਧ ਬਾਰੇ ਲਿਖਣਾ ਚਾਹੀਦਾ ਹੈ। ਮੈਂ ਵਿਗਿਆਨਕ ਅਤੇ ਯੋਜਨਾਬੱਧ ਢੰਗ ਨਾਲ ਪੁਲਿਸ ਸਭਿਆਚਾਰ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਿਨਾਂ ਵਿਚ ਅੱਤਵਾਦ ਵੀ ਜ਼ੋਰਾਂ ਉਪਰ ਸੀ। ਪੁਲਿਸ ਮਹਿਕਮੇ ਦਾ ਅੰਗ ਹੋਣ ਕਾਰਨ ਮੈਨੂੰ ਅੱਤਵਾਦ ਨਾਲ ਜੁੜੇ ਲੋਕਾਂ ਦੇ ਵਿਚਾਰਾਂ ਅਤੇ ਕਿਰਦਾਰਾਂ ਨੂੰ ਸਮਝਣ ਦਾ ਮੌਕਾ ਮਿਲਿਆ। ਦੋਹਾਂ ਸਮੱਸਿਆਵਾਂ ਨੂੰ ਲੈ ਕੇ ਕੁਝ ਕਹਾਣੀਆਂ ਦੀ ਸਿਰਜਣਾ ਕੀਤੀ ਜਿਨ੍ਹਾਂ ਵਿਚੋਂ ‘ਲਾਮ’, ‘ਖ਼ਾਨਾ ਪੂਰੀ’ ਅਤੇ ‘ਦਹਿਸ਼ਤਗਰਦ’ ਕਹਾਣੀਆਂ ਨੇ ਲੋਕਾਂ ਦਾ ਧਿਆਨ ਖਿੱਚਿਆ।

ਦਰਸ਼ਨ ਗਿੱਲ ਨੇ ਮੇਰੀ ਬਾਂਹ ਅੱਗੇ ਕਾਮਰੇਡ ਸੁਰਜੀਤ ਗਿੱਲ ਨੂੰ ਫੜਾ ਦਿੱਤੀ। ਰਾਮਪੁਰਾ ਫੂਲ ਤੋਂ ਮੇਰੀ ਬਦਲੀ ਜਗਰਾਉਂ ਦੀ ਹੋ ਗਈ। ਕਾਮਰੇਡ ਗਿੱਲ ਨੂੰ ਸ਼ਾਇਦ ਮੇਰੇ ਵਿਚ ਛੁਪੀ ਪ੍ਰਤਿਭਾ ਨਜ਼ਰ ਆ ਗਈ ਸੀ। ਉਹ ਮੇਰੇ ਕੋਲ ਜਗਰਾਉਂ ਗੇੜਾ ਮਾਰਨ ਲੱਗੇ। ਕਈ ਵਾਰ ਰਹਿ ਵੀ ਜਾਂਦੇ। ਕਾਮਰੇਡਾਂ ਵਾਂਗ ਸਕੂਲਿੰਗ ਕਰਦੇ। ਮੇਰੇ ਦਿਮਾਗ ਦੇ ਕਵਾੜ ਖੁੱਲਣ ਲੱਗੇ। ਮੇਰੇ ਅੰਦਰਲਾ ਲੇਖਕ ਤਰਕਸੰਗਤ ਅਤੇ ਵਿਗਿਆਨਕ ਸੋਚ ਵੱਲ ਸੇਧਤ ਹੋਣ ਲੱਗਾ। ਜਿਵੇਂ ਮੈਂ ਪਹਿਲਾਂ ਦੱਸਿਆ ਹੈ ਸਮਾਜ ਨੂੰ ਮਾਰਕਸੀ ਨਜ਼ਰੀਏ ਤੋਂ ਸਮਝਣ ਦੀ ਕੁਝ ਸੂਝ ਮੈਨੂੰ ਕਾਲਜ ਦੇ ਦਿਨਾਂ ਤੋਂ ਹੀ ਆਉਣੀ ਸ਼ੁਰੂ ਹੋ ਗਈ ਸੀ। ਲਾਅ ਦੀ ਪੜ੍ਹਾਈ ਕਰਦੇ ਸਮੇਂ ਜ਼ੁਰਮ ਵਿਗਿਆਨ (Criminology) ਅਤੇ ਦੰਡ ਵਿਗਿਆਨ (Penology) ਪੜ੍ਹਿਆ। ਨੌਕਰੀ ਦੌਰਾਨ ਪੁਲਿਸ ਅਤੇ ਜਰਾਇਮ ਪੇਸ਼ਾ ਲੋਕਾਂ ਨਾਲ ਨੇੜੇ ਤੋਂ ਵਾਹ ਪਿਆ। ਇਸ ਤਰ੍ਹਾਂ ਸਿਧਾਂਤਾਂ ਅਤੇ ਤੱਥਾਂ ਦਾ ਸੁਮੇਲ ਦਿਮਾਗ਼ ਵਿਚ ਜਮ੍ਹਾਂ ਹੋਣ ਲੱਗਾ।

ਪ੍ਰ: **ਸ਼ੁਰੂ ਵਿਚ ਤੁਸੀਂ ਕਹਾਣੀਆਂ ਲਿਖੀਆਂ ਪਰੰਤੂ ਬਾਅਦ ਵਿਚ ਤੁਸੀਂ ਆਪਣਾ ਖੇਤਰ ਨਾਵਲ ਹੀ ਚੁਣਿਆ। ਕਹਾਣੀ ਦੇ ਪ੍ਰਸੰਗ ਵਿਚ ਤੁਸੀਂ ਨਾਵਲ ਨੂੰ ਕਿਉਂ ਤਰਜੀਹ ਦਿੱਤੀ ?**

ਉ: ਸ਼ੁਰੂ ਵਿਚ ਮੈਂ ਆਪਣੇ ਪੇਸ਼ੇ ਤੋਂ ਪ੍ਰਭਾਵਿਤ ਹੋ ਕੇ ਕਹਾਣੀਆਂ ਲਿਖੀਆਂ। ਕਹਾਣੀ ਲਿਖਣ ਬਾਅਦ ਲਗਦਾ ਸੀ ਕਿ ਰੂੰ ਦੇ ਟੋਕਰੇ ਵਿਚੋਂ ਪੂਣੀ ਵੀ ਨਹੀਂ ਕੱਤੀ ਗਈ। ਮਹਿਸੂਸ ਹੋਣ ਲੱਗਾ ਕਿ ਰਾਈ-ਰਾਈ ਢੋਣ ਨਾਲ ਪਹਾੜ ਨਹੀਂ ਢੋਇਆ ਜਾ ਸਕਦਾ। ਹਨੂਮਾਨ ਵਾਂਗ ਪੂਰੇ ਪਹਾੜ ਨੂੰ ਹੱਥ ਪਾਉਣ ਦੀ ਲੋੜ ਮਹਿਸੂਸ ਹੋਣ ਲੱਗੀ। ਇਸ ਕਰਕੇ ਬਾਅਦ ਵਿਚ ਨਾਵਲ ਨੂੰ ਹੀ ਆਪਣਾ ਖੇਤਰ ਇਸ ਕਰਕੇ ਚੁਣਿਆ ਕਿ ਕਹਾਣੀ ਛੋਟੀ ਹੁੰਦੀ ਹੈ ਜਦਕਿ ਨਾਵਲ ਦਾ ਕੈਨਵਸ ਵੱਡਾ ਹੁੰਦਾ ਹੈ। ਕਹਾਣੀ ਵਿਚ ਸਮੱਸਿਆ ਨੂੰ ਅੰਸ਼ ਮਾਤਰ ਰੂਪ ਵਿਚ ਜਾਂ ਸਮੱਸਿਆ ਵੱਲ ਇਸ਼ਾਰਾ ਹੀ ਕੀਤਾ ਜਾ ਸਕਦਾ ਹੈ ਜਦਕਿ ਨਾਵਲ ਵਿਚ ਜਿਸ ਸਮੱਸਿਆ ਨੂੰ

ਦਰਸਾਇਆ ਜਾਂਦਾ ਹੈ ਉਸਦੇ ਹੱਲ ਵੱਲ ਵੀ ਸੰਕੇਤ ਕੀਤਾ ਜਾ ਸਕਦਾ ਹੈ। ਸੋ ਮੈਂ ਆਪਣੇ ਵੱਡੇ ਵਿਸ਼ੇ ਨੂੰ ਦਰਸਾਉਣ ਲਈ ਕਹਾਣੀ ਤੋਂ ਨਾਵਲ ਵੱਲ ਵਰਤਿਆ।

ਪ੍ਰ: **ਤੁਸੀਂ ਵਕੀਲ ਹੁੰਦਿਆਂ ਹੋਇਆਂ ਪੰਜਾਬੀ ਸਾਹਿਤ ਪੜ੍ਹਨ ਜਾਂ ਸਿਰਜਨ ਵੱਲ ਕਿਵੇਂ ਰੁਚਿਤ ਹੋਏ ? ਕਿਉਂਕਿ ਸਾਹਿਤਕਾਰ ਬੰਦੇ ਵਕਾਲਤ ਘੱਟ ਹੀ ਕਰਦੇ ਹਨ। ਤੁਸੀਂ ਆਪਣੇ ਕਿੱਤੇ ਅਤੇ ਸਿਰਜਨਾ ਵਿਚਾਲੇ ਕਿਸ ਤਰ੍ਹਾਂ ਤਾਲਮੇਲ ਬਣਾ ਕੇ ਰੱਖਦੇ ਹੋ ?**

ਉ: ਮੈਂ ਸਾਹਿਤਕਾਰ ਪਹਿਲਾਂ ਹਾਂ ਤੇ ਵਕੀਲ ਬਾਅਦ ਵਿਚ। ਮੇਰੇ ਪੇਸ਼ੇ ਤੇ ਮੇਰੀ ਸਿਰਜਨਾ ਦਾ ਬਹੁਤ ਨੇੜੇ ਦਾ ਰਿਸ਼ਤਾ ਹੈ। ਮੈਨੂੰ ਲਗਦਾ ਹੈ ਕਿ ਵਕਾਲਤ ਨਾਲ ਬੰਦਾ ਹਮੇਸ਼ਾ ਚੁਸਤ ਤੇ ਗਿਆਨ ਪ੍ਰਾਪਤ ਕਰਨ ਵੱਲ ਰੁਚਿਤ ਰਹਿੰਦਾ ਹੈ। ਹਰ ਰੋਜ਼ ਨਵੇਂ ਕੇਸ ਤੇ ਉਹਨਾਂ ਨੂੰ ਗਹਿਰਾਈ ਤੋਂ ਜਾਣਨ ਲਈ ਉਸਨੂੰ ਤਹਿ ਤੱਕ ਫਰੋਲਣਾ ਪੈਂਦਾ ਹੈ। ਹਰ ਕੇਸ ਨਾਲ ਸੰਬੰਧਿਤ ਲੋਕ ਵੱਖ-ਵੱਖ ਵਰਗਾਂ ਤੇ ਵੱਖ-ਵੱਖ ਕਿੱਤਿਆਂ ਨਾਲ ਸੰਬੰਧਿਤ ਸਾਡੇ ਕੋਲ ਆਉਂਦੇ ਹਨ ਜਿਨ੍ਹਾਂ ਨੂੰ ਜਾਣਨ ਦਾ ਮੌਕਾ ਮਿਲਦਾ ਹੈ। ਹਰੇਕ ਵਕੀਲ ਕੇਸ ਜਿੱਤਣ ਲਈ ਇਕ ਦੂਜੇ ਨਾਲ ਬਹਿਸ ਕਰਦੇ ਹਨ ਤੇ ਗਵਾਹਾਂ ਕੋਲੋਂ ਸੱਚ ਉਗਲਾਉਣ ਲਈ ਆਪਣੀ ਬੁੱਧੀ ਕੋਲੋਂ ਕੰਮ ਲੈਂਦੇ ਹਨ। ਸੋ ਮੈਨੂੰ ਲਗਦਾ ਹੈ ਕਿ ਲੇਖਕ ਲਈ ਵਕਾਲਤ ਤੋਂ ਵਧੀਆ ਹੋਰ ਕੋਈ ਖੇਤਰ ਨਹੀਂ, ਕਿਉਂਕਿ ਵਕੀਲ ਹਮੇਸ਼ਾ ਗਿਆਨ ਵਿਚ ਗੋਤੇ ਲਾ ਕੇ ਆਪਣੀ ਧਿਰ ਦੀ ਵਕਾਲਤ ਕਰਦਾ ਹੈ। ਕੋਰਟ ਵਿਚ ਸਾਨੂੰ ਸਮਾਜ ਵਿਚ ਵਾਪਰ ਰਹੀ ਹਰ ਘਟਨਾ ਦੀ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਵਕੀਲਾਂ ਨੂੰ ਬੜੀ ਸੰਕੋਚਵੀਂ ਭਾਸ਼ਾ ਵਿਚ ਆਪਣੀ ਧਿਰ ਦਾ ਪੱਖ ਪੂਰਨਾ ਹੁੰਦਾ ਹੈ, ਬਹੁਤ ਵਧਾ ਚੜ੍ਹਾ ਕੇ ਪੇਸ਼ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ ਸਾਨੂੰ ਆਪਣੀ ਵਿਰੋਧੀ ਧਿਰ ਦੇ ਵਕੀਲ ਦੀ ਕਰੜੀ ਸ਼ਬਦਾਵਲੀ ਵੀ ਸੁਣਨੀ ਪੈਂਦੀ ਹੈ, ਜਿਸ ਕਰਕੇ ਮੈਨੂੰ ਲਗਦਾ ਹੈ ਕਿ ਮੇਰੇ ਵਿਚ ਆਪਣੇ ਪ੍ਰਤੀ ਹੁੰਦੀ ਆਲੋਚਨਾ ਨੂੰ ਗੰਭੀਰਤਾ ਨਾਲ ਵਾਚਣ ਦਾ ਗੁਣ ਵੀ ਵਕਾਲਤ ਕਾਰਨ ਹੀ ਪੈਦਾ ਹੋਇਆ ਕਿਉਂਕਿ ਇਥੇ ਅਸੀਂ ਆਪਣੇ ਹਰ ਕੇਸ ਵਿਚ ਆਈ ਆਪਣੀ ਕਮਜ਼ੋਰੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਉਸੇ ਤਰ੍ਹਾਂ ਮੈਂ ਆਪਣੀਆਂ ਰਚਨਾਵਾਂ ਵਿਚ ਕਮੀ ਪੇਸ਼ੀ ਨੂੰ ਦੂਰ ਕਰਕੇ ਲਿਖਣ ਦਾ ਯਤਨ ਕਰਦਾ ਹਾਂ ਤੇ ਆਪਣੇ ਪ੍ਰਤੀ ਹੋਈ ਆਲੋਚਨਾ ਤੋਂ ਬਹੁਤ ਕੁਝ ਸਿੱਖਦਾ ਹਾਂ। ਸੋ ਮੇਰੇ ਪੇਸ਼ੇ ਤੇ ਮੇਰੀ ਸਿਰਜਨ ਪ੍ਰਕਿਰਿਆ ਦਾ ਗਹਿਰਾ ਸੰਬੰਧ ਹੈ।

ਪ੍ਰ: **ਤੁਸੀਂ ਆਪਣੇ ਮੁੱਢਲੇ ਨਾਵਲਾਂ ਖ਼ਾਸ ਕਰਕੇ 'ਅੱਗ ਦੇ ਬੀਜ' ਅਤੇ 'ਕਾਫ਼ਲਾ' ਦੀ ਸਿਰਜਨਾ ਤੋਂ ਬਾਅਦ ਕੀ ਮਹਿਸੂਸ ਕੀਤਾ ? ਕੀ ਇਹ ਨਾਵਲ ਤੁਹਾਡੇ ਆਉਣ ਵਾਲੇ ਨਾਵਲਾਂ ਲਈ ਬੀਜ ਸਰੋਤ ਬਣੇ ?**

ਉ: ਜਦੋਂ ਮੈਂ ਆਪਣੇ ਮੁੱਢਲੇ ਨਾਵਲਾਂ 'ਅੱਗ ਦੇ ਬੀਜ' ਤੇ 'ਕਾਫ਼ਲਾ' ਦੀ ਸਿਰਜਨਾ ਕੀਤੀ ਤਾਂ ਮੈਂ ਜੋ ਕਹਿਣਾ ਚਾਹੁੰਦਾ ਸੀ ਉਸਦਾ ਅਸਰ ਆਮ ਪਾਠਕਾਂ ਤੇ ਪਿਆ ਕਿਉਂਕਿ ਉਹ ਦੋਨੋਂ ਨਾਵਲ ਹੀ ਨਕਸਲਵਾਦੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਲਿਖੇ ਸਨ। ਉਹਨਾਂ ਰਚਨਾਵਾਂ ਤੋਂ ਮੈਨੂੰ ਅਹਿਸਾਸ ਹੋਇਆ ਕਿ ਆਮ ਪਾਠਕਾਂ ਨੂੰ ਇਸ

ਤੋਂ ਜ਼ਿਆਦਾ ਵਧੀਆ ਰਚਨਾਵਾਂ ਵੀ ਦਿੱਤੀਆਂ ਜਾ ਸਕਦੀਆਂ ਹਨ, ਕਿਉਂਕਿ ਲੇਖਕ ਦਾ ਮਕਸਦ ਹਮੇਸ਼ਾ ਸਮਾਜ ਨੂੰ ਸੁਧਾਰਨਾ ਹੁੰਦਾ ਹੈ, ਸਮਾਜ ਦੀਆਂ ਸਮੱਸਿਆਵਾਂ ਨੂੰ ਲੋਕਾਂ ਅੱਗੇ ਲੈ ਕੇ ਆਉਣਾ ਹੁੰਦਾ ਹੈ। ਇਸ ਲਈ ਇਹ ਨਾਵਲ ਮੇਰੇ ਆਉਣ ਵਾਲੇ ਨਾਵਲਾਂ ਦੇ ਬੀਜ ਸਰੋਤ ਬਿਲਕੁਲ ਬਣੇ। ਕਿਉਂਕਿ ਇਨ੍ਹਾਂ ਨੂੰ ਪਾਠਕਾਂ ਵੱਲੋਂ ਬਹੁਤਾ ਨਹੀਂ ਤਾਂ ਮੈਨੂੰ ਲਿਖਣ ਨੂੰ ਉਤਸ਼ਾਹਿਤ ਕਰਨ ਜਿੰਨਾ ਹੁੰਗਾਰਾ ਜ਼ਰੂਰ ਮਿਲਿਆ।

**ਪ੍ਰ: 'ਖ਼ਾਨਾਪੂਰਤੀ' ਕਹਾਣੀ ਨੂੰ 'ਤਫ਼ਤੀਸ਼' ਨਾਵਲ ਦਾ ਰੂਪ ਦਿੱਤਾ, ਇਸਦਾ ਕੀ ਕਾਰਨ ਸੀ ?**

ਉ: 'ਖ਼ਾਨਾਪੂਰਤੀ' ਕਹਾਣੀ ਬਹੁਤ ਜ਼ਿਆਦਾ ਚਰਚਾ ਵਿਚ ਰਹੀ। ਇਹ ਹਿੰਦੀ ਵਿਚ ਵੀ ਅਨੁਵਾਦ ਹੋਈ ਤੇ ਛਪੀ। ਉਸਨੂੰ ਹਰ ਤਰ੍ਹਾਂ ਦੇ ਪਾਠਕਾਂ ਨੇ ਪੜ੍ਹਿਆ ਪਰੰਤੂ ਮੈਂ ਉਸ ਵਿਚ ਪੁਲਿਸ ਪ੍ਰਬੰਧ ਵੱਲ ਇਸ਼ਾਰਾ ਹੀ ਕਰ ਸਕਿਆ ਕਿਉਂਕਿ ਕਹਾਣੀ ਵਿਚ ਵਿਸਥਾਰ ਦੇਣਾ ਮੁਸ਼ਕਲ ਹੈ, ਇਸ ਲਈ ਮੈਂ ਇਸ ਤੋਂ ਬਾਅਦ 'ਤਫ਼ਤੀਸ਼' ਨਾਵਲ ਲਿਖਿਆ ਜਿਸ ਵਿਚ ਪੁਲਿਸ ਪ੍ਰਬੰਧ ਦੀਆਂ ਤਰੁੱਟੀਆਂ ਨੂੰ ਵਿਸਥਾਰ ਤੇ ਬਾਰੀਕੀ ਨਾਲ ਚਿਤਰਿਆ ਗਿਆ। ਇਹੀ ਕਾਰਨ ਸੀ ਕਿ ਮੈਂ 'ਖਾਨਾਪੂਰਤੀ' ਕਹਾਣੀ ਤੋਂ ਮਗਰੋਂ 'ਤਫ਼ਤੀਸ਼' ਨਾਵਲ ਲਿਖਿਆ।

**ਪ੍ਰ: 'ਤਫ਼ਤੀਸ਼' ਨਾਵਲ ਨੂੰ ਨਾਨਕ ਸਿੰਘ ਗਲਪ ਪੁਰਸਕਾਰ ਮਿਲਿਆ, ਇਸੇ ਕਾਰਨ ਹੀ ਤੁਸੀਂ ਚਰਚਾ ਵਿਚ ਆਏ, ਇਸ ਬਾਰੇ ਤੁਹਾਡੇ ਕੀ ਵਿਚਾਰ ਹਨ?**

ਉ: ਇਹ ਬਿਲਕੁਲ ਸਹੀ ਹੈ ਕਿ 'ਤਫ਼ਤੀਸ਼' ਨਾਵਲ ਨੂੰ ਨਾਨਕ ਸਿੰਘ ਗਲਪ ਪੁਰਸਕਾਰ ਮਿਲਿਆ। ਇਸੇ ਨਾਵਲ ਦੀ ਬਹੁਤ ਚਰਚਾ ਹੋਈ। ਪਹਿਲੀ ਵਾਰ ਹੀ ਇਸ ਨਾਵਲ ਦੇ ਤਿੰਨ ਐਡੀਸ਼ਨ ਛਪੇ। ਪਹਿਲਾ ਮੁਕਤਾ ਪ੍ਰਕਾਸ਼ਨ, ਅੰਮ੍ਰਿਤਸਰ ਨੇ ਤੇ ਦੂਜਾ ਲੋਕਗੀਤ ਪ੍ਰਕਾਸ਼ਨ, ਸਰਹਿੰਦ ਨੇ ਤੇ ਤੀਜਾ ਲਾਹੌਰ ਬੁੱਕ ਸ਼ਾਪ ਨੇ ਛਾਪਿਆ। ਇਥੋਂ ਹੀ ਪਤਾ ਲਗਦਾ ਹੈ ਕਿ 'ਤਫ਼ਤੀਸ਼' ਨਾਵਲ ਨੂੰ ਪਾਠਕਾਂ ਨੇ ਕਿੰਨਾ ਪੜ੍ਹਿਆ। ਇਸ ਤੋਂ ਇਲਾਵਾ ਪੰਜਾਬੀ ਦੇ ਲਗਭਗ ਹਰ ਆਲੋਚਕ ਨੇ ਇਸ ਨਾਵਲ ਉਤੇ ਖੋਜ-ਪੱਤਰ ਵੀ ਲਿਖੇ। ਡਾ. ਸੁਖਦੇਵ ਸਿੰਘ ਖਾਹਰਾ ਨੇ 'ਨਾਵਲਕਾਰ ਮਿੱਤਰ ਸੈਨ ਮੀਤ' ਅਤੇ 'ਤਫ਼ਤੀਸ ਨਾਵਲ ਦਾ ਵਿਸ਼ਲੇਸ਼ਣ' ਪੁਸਤਕਾਂ ਪ੍ਰਕਾਸ਼ਤ ਕੀਤੀਆਂ। 'ਤਫ਼ਤੀਸ਼' ਨਾਵਲ ਨੂੰ ਮਿਲੇ ਸਨਮਾਨ ਨੇ ਮੈਨੂੰ ਹੋਰ ਵਧੀਆ ਲਿਖਣ ਦੀ ਪ੍ਰੇਰਨਾ ਦਿੱਤੀ। ਮੈਂ ਇਸ ਨਾਵਲ ਦੀ ਹੋਈ ਚਰਚਾ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ। ਪਹਿਲਾਂ ਸ਼ਾਇਦ ਇਸਦੇ ਵਿਸ਼ੇ ਨੂੰ ਸਿਰਫ ਪੁਲਿਸ ਪ੍ਰਬੰਧ ਤੱਕ ਹੀ ਸੀਮਤ ਕਰਕੇ ਦੇਖਿਆ ਗਿਆ ਪਰ ਹੁਣ ਤੱਕ ਇਸ ਨਾਵਲ ਨੂੰ ਅਨੇਕਾਂ ਪੱਖਾਂ ਤੋਂ ਜਾਂਚਿਆ-ਘੋਖਿਆ ਜਾ ਰਿਹਾ ਹੈ। ਇਸ ਨਾਵਲ ਨੂੰ ਮੇਰੀ ਆਸ ਨਾਲੋਂ ਵੱਧ ਹੁੰਗਾਰਾ ਮਿਲਿਆ। ਡਾ. ਅਤਰ ਸਿੰਘ, ਡਾ. ਜੋਗਿੰਦਰ ਸਿੰਘ ਰਾਹੀ, ਡਾ. ਰਘਬੀਰ ਸਿੰਘ ਸਿਰਜਣਾ ਤੋਂ ਲੈ ਕੇ ਡਾ. ਸੁਖਦੇਵ ਸਿੰਘ ਖਾਹਰਾ ਤੱਕ ਨੇ ਖੋਜ-ਪੱਤਰ ਲਿਖ ਕੇ ਇਸਨੂੰ ਸਲਾਹਿਆ। ਡਾ. ਟੀ.ਆਰ.ਵਿਨੋਦ ਨੇ ਇਸਨੂੰ ਮਸ਼ਕਰੀ ਦੀ ਵਿਧਾ ਵਿਚ ਲਿਖਿਆ ਪੰਜਾਬੀ ਦਾ ਪਹਿਲਾ ਨਾਵਲ ਮੰਨਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਇਸਨੂੰ ਐਮ.ਏ.

ਪੰਜਾਬੀ ਦੇ ਪਾਠਕ੍ਰਮ ਵਿਚ ਸ਼ਾਮਿਲ ਕੀਤਾ ਤੇ 1990 ਦੀ ਉੱਤਮ ਗਲਪ ਰਚਨਾ ਹੋਣ ਦਾ ਨਾਨਕ ਸਿੰਘ ਗਲਪ ਪੁਰਸਕਾਰ ਮਿਲਿਆ।

**ਪ੍ਰ: 'ਤਫ਼ਤੀਸ਼' ਪੁਲਿਸ ਪ੍ਰਬੰਧ ਨਾਲ ਅਤੇ 'ਕਟਹਿਰਾ' ਨਾਵਲ ਤੁਸੀਂ ਆਪਣੇ ਖੇਤਰ ਯਾਨੀ ਕਿ ਕੋਰਟ ਕਚਹਿਰੀਆਂ ਬਾਰੇ ਲਿਖਿਆ, ਇਸ ਨਾਲ ਤੁਹਾਡੇ ਪੇਸ਼ੇ ਜਾਂ ਖੇਤਰ ਵਿਚ ਕੀ ਪ੍ਰਤੀਕਿਰਿਆ ਹੋਈ ?**

ਉ: 'ਤਫ਼ਤੀਸ਼' ਵਿਚ ਮੈਂ ਪੁਲਿਸ ਪ੍ਰਬੰਧ ਦੀਆਂ ਕੁਰੀਤੀਆਂ ਨੂੰ ਨੰਗਾ ਕੀਤਾ ਜਦਕਿ 'ਕਟਹਿਰਾ' ਵਿਚ ਸਾਡੇ ਨਿਆਂ ਪ੍ਰਬੰਧ, ਜਿਸਨੂੰ ਲੋਕ ਰੱਬ ਦਾ ਦੂਜਾ ਨਾਮ ਮੰਨਦੇ ਹਨ, ਵਿਚ ਆ ਚੁੱਕੇ ਭ੍ਰਿਸ਼ਟਾਚਾਰ ਨੂੰ ਰੂਪਮਾਨ ਕੀਤਾ। 'ਤਫ਼ਤੀਸ਼' ਵਿਚ ਪੁਲਿਸ ਦੇ ਪਾਜ ਉਘੇੜਨ ਕਾਰਨ ਮੈਨੂੰ ਸਰਕਾਰ ਦੇ ਕ੍ਰੋਧ ਦਾ ਸ਼ਿਕਾਰ ਹੋਣਾ ਪਿਆ ਸੀ। ਸੰਨ 1990 ਵਿਚ ਅੱਤਵਾਦ ਪੂਰੇ ਜੋਬਨ ਤੇ ਸੀ। ਅੱਤਵਾਦੀਆਂ ਹੱਥੋਂ ਮਰਵਾਉਣ ਲਈ ਮੈਨੂੰ ਅਜਨਾਲੇ ਬਦਲ ਦਿੱਤਾ ਗਿਆ। ਕਈ ਥਾਂ ਜ਼ਲੀਲ ਵੀ ਕੀਤਾ ਗਿਆ ਪਰ ਮੈਂ ਸਬਰ ਨਾਲ ਦਿਨ ਕੱਟੀ ਕਰਦਾ ਰਿਹਾ। 14-15 ਮਹੀਨੇ ਦੀ ਸਜ਼ਾ ਕੱਟਣ ਤੋਂ ਬਾਅਦ ਮੈਂ ਫਿਰ ਮੁੱਖ-ਧਾਰਾ ਵਿਚ ਆ ਗਿਆ।

ਇਸ ਤਰ੍ਹਾਂ ਹੀ ਮੇਰੇ ਖੇਤਰ ਨਾਲ ਸੰਬੰਧਿਤ ਜਿਨ੍ਹਾਂ ਲੋਕਾਂ ਨੇ 'ਕਟਹਿਰਾ' ਨਾਵਲ ਨੂੰ ਪੜ੍ਹਿਆ ਕਾਫ਼ੀ ਕਿੰਤੂ ਪਰੰਤੂ ਕੀਤਾ, ਪਰੰਤੂ ਮੈਂ ਉਹਨਾਂ ਨੂੰ ਅਹਿਸਾਸ ਕਰਵਾਇਆ ਕਿ ਮੈਂ ਖ਼ੁਦ ਸਰਕਾਰੀ ਵਕੀਲ ਹਾਂ ਤੇ ਨਾਵਲ ਵਿਚ ਕਿਸੇ ਵੀ ਸਰਕਾਰੀ ਵਕੀਲ ਦੇ ਕੰਮਾਂ ਨੂੰ ਸਲਾਹਿਆ ਨਹੀਂ ਹੈ। ਥੋੜ੍ਹਾ ਠੰਢੇ ਦਿਮਾਗ ਨਾਲ ਸੋਚਿਆ ਜਾਵੇ ਤਾਂ ਇਹ ਕਿਸੇ ਹੱਦ ਤੱਕ ਸੱਚ ਹੈ ਜੋ ਮੈਂ ਆਪਣੇ ਨਾਵਲ ਵਿਚ ਪੇਸ਼ ਕੀਤਾ ਹੈ। ਫਿਰ ਹੌਲੀ-ਹੌਲੀ ਮੇਰੇ ਪੇਸ਼ੇ ਦੇ ਲੋਕ ਇਸਦੀ ਕਾਬਲੀਅਤ ਨੂੰ ਸਮਝਣ ਲੱਗ ਪਏ।

**ਪ੍ਰ: 'ਤਫ਼ਤੀਸ਼' ਤੇ 'ਕਟਹਿਰਾ' ਨਾਵਲ ਲਿਖਣ ਲੱਗਿਆਂ ਦੋਵਾਂ ਦੀ ਯੋਜਨਾ ਇਕੱਠੀ ਬਣਾਈ ਜਾਂ ਅਲੱਗ-ਅਲੱਗ ਸਮੇਂ ਤੇ ਸੋਚਿਆ।**

ਉ: 'ਖਾਨਾਪੂਰਤੀ' ਕਹਾਣੀ ਤੋਂ ਮੈਂ 'ਤਫ਼ਤੀਸ਼' ਨਾਵਲ ਵਿਚ ਆਪਣੇ ਅਨੁਭਵ ਰਾਹੀਂ ਪੁਲਿਸ ਪ੍ਰਬੰਧ ਦੇ ਹਰੇਕ ਪੱਖ ਤੇ ਚਾਨਣਾ ਪਾਉਣ ਦੇ ਨਾਲ-ਨਾਲ ਸਮਾਜ ਵਿਚ ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਕੁਰੀਤੀਆਂ ਪ੍ਰਤੀ ਪਾਠਕਾਂ ਨੂੰ ਜਾਗਰੂਕ ਕੀਤਾ। ਇਹ ਨਾਵਲ ਲਿਖਣ ਤੋਂ ਬਾਅਦ ਮੈਨੂੰ ਇਹ ਲੱਗਿਆ ਕਿ ਮੇਰੇ ਕੋਲ ਜੋ ਮੇਰਾ ਅਨੁਭਵ ਸੀ, ਮੈਂ ਉਸਨੂੰ ਪੇਸ਼ ਕਰ ਚੁੱਕਾ ਹਾਂ। ਮੇਰੇ ਮਨ ਦੀ ਭੜਾਸ ਨਿਕਲ ਚੁੱਕੀ ਹੈ। ਪੁਲਿਸ ਪ੍ਰਬੰਧ ਬਾਰੇ ਜੋ ਲਿਖਣਾ ਸੀ ਲਿਖਿਆ ਜਾ ਚੁੱਕਾ ਹੈ। ਵੈਸੇ ਵੀ ਇਸ ਨਾਵਲ ਨੂੰ 17 ਸਾਲ ਹੋ ਗਏ ਅੱਜ ਤੱਕ ਕੋਈ ਵੀ ਨਵੀਂ ਗੱਲ ਇਸ ਬਾਰੇ ਨਹੀਂ ਕੀਤੀ ਜਾ ਸਕਦੀ। ਕਹਿਣ ਤੋਂ ਭਾਵ ਕਿ ਇਹ ਨਾਵਲ ਸੋਧ ਦੀ ਮੰਗ ਨਹੀਂ ਕਰਦਾ। ਸੋ ਇਸਦੇ ਲਿਖਣ ਤੋਂ ਬਾਅਦ ਮੇਰੇ ਦਿਮਾਗ ਵਿਚ ਕੋਈ ਵਿਸ਼ਾ ਜਾਂ ਘਟਨਾ ਨਹੀਂ ਸੀ। ਮੇਰਾ ਸਾਹਿਤਕ ਸਫ਼ਰ ਰੁਕ ਗਿਆ। ਪਰੰਤੂ 'ਤਫ਼ਤੀਸ਼' ਨੂੰ ਮਿਲੇ ਪਾਠਕਾਂ ਦੇ ਹੁੰਗਾਰੇ ਅਤੇ ਇਕ ਸੈਮੀਨਾਰ ਦੌਰਾਨ ਮੈਨੂੰ ਬੋਲਦਿਆਂ-ਬੋਲਦਿਆਂ ਇਹ ਮਹਿਸੂਸ ਹੋਇਆ ਕਿ ਮੇਰਾ ਅਨੁਭਵ ਕੇਵਲ ਪੁਲਿਸ ਪ੍ਰਬੰਧ ਤੱਕ ਹੀ ਸੀਮਤ ਨਹੀਂ ਹੈ। ਇਹ ਤਾਂ ਫ਼ੌਜਦਾਰੀ ਨਿਆਂ ਪ੍ਰਬੰਧ ਦੀ ਕੇਵਲ ਇਕ ਸੰਸਥਾ

ਹੈ। ਮੈਨੂੰ ਬਾਕੀ ਦੋਵਾਂ ਸੰਸਥਾਵਾਂ ਜਿਵੇਂ ਨਿਆਂਪਾਲਿਕਾ ਅਤੇ ਜੇਲ੍ਹ ਪ੍ਰਬੰਧ ਬਾਰੇ ਵੀ ਲਿਖਣਾ ਚਾਹੀਦਾ ਹੈ। ਸੋ ਮੈਂ 'ਕਟਹਿਰਾ' ਨਾਵਲ ਲਿਖਣ ਲਈ ਸੈਮੀਨਾਰ ਵਿਚ ਐਲਾਨ ਕੀਤਾ ਤੇ ਇਹ ਨਾਵਲ ਲਿਖਿਆ। ਇਸ ਤਰ੍ਹਾਂ ਇਹ ਨਾਵਲ ਇਕੱਠੇ ਹੀ ਮੇਰੇ ਜ਼ਿਹਨ ਵਿਚ ਨਹੀਂ ਆਏ, ਸਗੋਂ ਅਲੱਗ-ਅਲੱਗ ਸਮਿਆਂ ਤੇ ਰਚੇ ਗਏ।

**ਪ੍ਰ: ਉਪਰੋਕਤ ਦੋਵੇਂ ਨਾਵਲ ਲਿਖਣ ਤੋਂ ਮਗਰੋਂ ਤੁਸੀਂ 'ਕੌਰਵ-ਸਭਾ' ਜੋ ਦੋਵੇਂ ਨਾਵਲਾਂ ਨਾਲੋਂ ਵੱਖਰੀ ਵਿਧਾ ਦਾ ਨਾਵਲ ਲਿਖਿਆ ਇਸਦਾ ਨਾਂ 'ਕੌਰਵ-ਸਭਾ' ਹੀ ਕਿਉਂ ਰੱਖਿਆ, ਪਾਂਡਵ ਸਭਾ ਕਿਉਂ ਨਹੀਂ ਰੱਖਿਆ ?**

ਉ: 1992 ਵਿਚ ਮੇਰੀ ਬਦਲੀ ਲੁਧਿਆਣਾ ਸ਼ਹਿਰ ਦੀ ਹੋ ਗਈ। ਲੁਧਿਆਣਾ ਪੰਜਾਬ ਦਾ ਇਕੋ ਇਕ ਮਹਾਂਨਗਰ ਹੈ ਜਿਥੇ ਵਿਗੜਿਆ ਪੂੰਜੀਵਾਦ ਪੂਰੇ ਜੋਬਨ ਉਪਰ ਟਹਿਕ ਰਿਹਾ ਹੈ। ਮੈਂ ਇਸ ਪੂੰਜੀਵਾਦ ਨੂੰ ਜਾਣਨ ਦੀ ਇੱਛਾ ਨਾਲ ਇਸਨੂੰ ਗਹਿਰਾਈ ਤੋਂ ਦੇਖਣਾ ਸ਼ੁਰੂ ਕੀਤਾ ਤੇ ਜਾਣਿਆ ਕਿ ਪੈਸੇ ਹੱਥੀਂ ਕਾਨੂੰਨ ਆਮ ਵਿਕਦਾ ਹੈ। ਪੈਸੇ ਵਾਲੇ ਲੋਕ ਵੱਡੇ ਤੋਂ ਵੱਡੇ ਜ਼ੁਰਮ ਕਰਕੇ ਵੀ ਬਾਇੱਜ਼ਤ ਬਰੀ ਹੋ ਰਹੇ ਹਨ। ਅਫ਼ਸਰਸ਼ਾਹੀ, ਰਾਜਨੀਤੀ, ਧਰਮ ਆਦਿ ਸਭ ਸੰਸਥਾਵਾਂ ਦਾ ਇਕੋ ਉਦੇਸ਼ 'ਵੱਧ ਤੋਂ ਵੱਧ ਧਨ ਕਮਾਉਣ' ਦੀ ਹੋੜ ਵਿਚ ਬੇਕਿਰਕ ਹੋ ਕੇ ਬੇਇਨਸਾਫ਼ੀਆਂ ਕਰਦੀਆਂ ਨਜ਼ਰ ਆਈਆਂ। ਅਜਿਹਾ ਕੁਝ ਦੇਖ ਕੇ ਮਨ ਵਿਚ ਪੀੜ੍ਹਤ ਧਿਰ ਲਈ ਹਮਦਰਦੀ ਜਾਗਣ ਲੱਗੀ ਤੇ ਕਲਮ ਚੁੱਕ ਲਈ। ਪਹਿਲਾਂ ਇਹ ਸੋਚਿਆ ਕਿ ਨਾਵਲ ਰਾਹੀਂ ਕੀ ਸੰਦੇਸ਼ ਦੇਣਾ ਹੈ, ਫਿਰ ਇਹ ਕਿ ਕਿਸ ਤਰ੍ਹਾਂ ਦੇਣਾ ਹੈ। ਸੋ ਮੈਂ ਗਹਿਰਾ ਅਧਿਐਨ ਕਰਨ ਤੋਂ ਬਾਅਦ ਇਸ ਨਾਵਲ ਵਿਚ ਪੂੰਜੀਪਤੀ ਵਰਗ ਦੇ ਹੋਂਦ ਵਿਚ ਆਉਣ ਦੇ ਸ੍ਰੋਤਾਂ, ਉਨ੍ਹਾਂ ਦੀ ਨਿਮਨ ਵਰਗ ਨੂੰ ਹੜੱਪਣ ਦੀ ਪ੍ਰਵਿਰਤੀ, ਮਹਾਂਨਗਰੀ ਅਤੇ ਸ਼ਹਿਰੀ ਸਭਿਆਚਾਰ ਦਾ ਤੁਲਨਾਤਮਕ ਅਧਿਐਨ, ਆਰਥਿਕਤਾ ਦੇ ਆਧਾਰ ਤੇ ਬਣਦੇ ਵਿਗੜਦੇ ਰਿਸ਼ਤਿਆਂ ਨੂੰ ਕੇਂਦਰ ਵਿਚ ਰੱਖ ਕੇ, ਕਾਨੂੰਨ ਦੀ ਤੱਕੜੀ ਦੇ ਇਕ ਪਲੜੇ ਦਾ ਪੈਸੇ ਦੇ ਭਾਰ ਨਾਲ ਸਾਧਨ ਸੰਪੰਨ ਲੋਕਾਂ ਵੱਲੋਂ ਝੁਕਣ ਦੇ ਰੁਝਾਨ ਅਤੇ ਕਾਰਨਾਂ ਅਤੇ ਸਾਧਨਹੀਣ ਲੋਕਾਂ ਨਾਲ ਹੁੰਦੇ ਧੱਕੇ, ਬੇਕਸੂਰ ਲੜਕੀਆਂ ਨਾਲ ਹੁੰਦੇ ਬਲਾਤਕਾਰ ਆਦਿ ਦੇ ਬਾਵਜੂਦ ਵੀ ਕਾਨੂੰਨ ਪੈਸੇ ਵਾਲੇ ਦੇ ਹੱਕ ਵਿਚ ਭੁਗਤੇ ਕਾਰਨਾਂ ਕਰਕੇ ਮੇਰੀ ਹਮਦਰਦੀ ਪੀੜਿਤ ਧਿਰ ਲਈ ਜਾਗੀ ਤੇ 'ਕੌਰਵ-ਸਭਾ' ਮੇਰੇ ਸਤਾਈ ਸਾਲਾਂ ਦੇ ਸਰਕਾਰੀ ਵਕੀਲ ਦੇ ਕੌੜੇ ਤਜਰਬੇ ਵਿਚੋਂ ਉਪਜਿਆ। ਲੱਖਾਂ ਯਤਨਾਂ ਦੇ ਬਾਵਜੂਦ ਕਾਨੂੰਨੀ ਖ਼ਾਮੀਆਂ ਕਾਰਨ ਜਦੋਂ ਸਹੀ ਦੋਸ਼ੀ ਬਰੀ ਹੋ ਜਾਂਦਾ ਹੈ ਤਾਂ ਪੀੜਿਤ ਧਿਰ ਦੇ ਨਾਲ-ਨਾਲ ਮੈਨੂੰ ਵੀ ਗੁੱਸਾ ਆਉਂਦਾ ਹੈ। ਮੈਂ ਇਹ ਗੁੱਸਾ ਕੱਢਣ ਲਈ ਇਸ ਨਾਵਲ ਦੀ ਸਿਰਜਨਾ ਕੀਤੀ।

ਜਿਥੋਂ ਤੱਕ ਇਸਦੇ ਨਾਂ ਦਾ ਮਤਲਬ ਹੈ ਕਿ 'ਕੌਰਵ-ਸਭਾ' ਕਿਉਂ ਰੱਖਿਆ ਤਾਂ ਮੈਂ ਇਸ ਨਾਵਲ ਦੇ ਮਹਾਂਭਾਰਤ ਦੀ ਮਿੱਥ ਦੇ ਆਧਾਰ ਤੇ ਸਿਰਜਿਆ ਹੈ। ਵੈਸੇ ਤਾਂ ਕੌਰਵ-ਸਭਾ ਤੇ ਪਾਂਡਵ-ਸਭਾ ਇਕੋ ਜਿਹੀ ਹੈ ਪਰ ਪਾਂਡਵ-ਸਭਾ ਫਿਰ ਵੀ ਨਾਇਕ ਹੈ। ਕਿਉਂਕਿ ਕੌਰਵ-ਸਭਾ ਨੇ ਜਿਹੜਾ ਬਾਰਾਂ ਸਾਲ ਰਾਜ ਕੀਤਾ ਉਹ ਸਮਾਂ ਹੁਣ ਚੱਲ ਰਿਹਾ ਹੈ, ਪਾਂਡਵਾਂ ਨੇ ਅਜੇ ਲੜਨਾ ਹੈ। ਇਸ ਲਈ ਇਸਦਾ ਨਾਂ

'ਕੌਰਵ-ਸਭਾ' ਰੱਖਿਆ।

ਪ੍ਰ: **ਅਜੋਕੇ ਕਾਨੂੰਨੀ ਵਿਸ਼ੇ ਨਾਲ ਸੰਬੰਧਿਤ ਨਾਵਲ ਲਿਖਣ ਤੋਂ ਮਗਰੋਂ ਤੁਸੀਂ ਜੇਲ੍ਹ ਜੀਵਨ ਨਾਲ ਸੰਬੰਧਿਤ 'ਸੁਧਾਰ-ਘਰ' ਨਾਵਲ ਲਿਖਿਆ। ਇਸ ਪਿੱਛੇ ਤੁਹਾਡਾ ਕੀ ਮਨੋਰਥ ਸੀ ? ਕੀ ਤੁਹਾਨੂੰ ਆਪਣੇ ਅਨੁਭਵ ਤੋਂ ਬਾਹਰ ਦੀਆਂ ਹੋਰ ਪੁਸਤਕਾਂ ਪੜ੍ਹਨ ਦੀ ਲੋੜ ਵੀ ਮਹਿਸੂਸ ਹੋਈ ?**

ਉ: ਕਾਨੂੰਨ ਵਰਗੇ ਅਣਛੋਹੇ ਵਿਸ਼ੇ ਨਾਲ ਸੰਬੰਧਿਤ ਨਾਵਲ ਲਿਖਣ ਲਈ ਮੇਰਾ ਨਿੱਜੀ ਅਨੁਭਵ ਤਾਂ ਸਹਾਈ ਹੋਇਆ ਹੀ, ਪਰੰਤੂ 'ਸੁਧਾਰ-ਘਰ' ਨਾਵਲ ਲਿਖਣ ਲਈ ਮੈਨੂੰ ਹੋਰ ਗਹਿਰਾ ਅਨੁਭਵ ਪ੍ਰਾਪਤ ਕਰਨਾ ਪਿਆ। ਕਿਉਂਕਿ ਕਾਨੂੰਨ ਪ੍ਰਬੰਧ ਆਪਣੇ ਆਪ ਵਿਚ ਇਕ ਮੁਕੰਮਲ ਵਿਸ਼ਾ ਹੈ। ਇਸਦੇ ਆਪਣੇ ਸਿਧਾਂਤ ਹਨ। ਚਿੰਤਕ ਹਰ ਸਮੇਂ ਚਿੰਤਨ ਵਿਚ ਲੱਗੇ ਰਹਿੰਦੇ ਹਨ। ਉਹਨਾਂ ਵੱਲੋਂ ਘੜੇ ਸਿਧਾਂਤਾਂ ਵਿਚ ਸੋਧਾਂ ਹੁੰਦੀਆਂ ਰਹਿੰਦੀਆਂ ਹਨ। ਸਿਧਾਂਤਾਂ ਨੂੰ ਸਿੱਧੇ ਤੌਰ ਤੇ ਮੁਕੱਦਮਿਆਂ ਵਿਚ ਫੈਸਲੇ ਦਿੰਦੇ ਸਮੇਂ ਲਾਗੂ ਕਰਨ ਦਾ ਯਤਨ ਕੀਤਾ ਜਾਂਦਾ ਹੈ। ਇਸ ਪ੍ਰਬੰਧ ਦਾ ਸਮਾਜ ਦੇ ਵਿਕਾਸ ਵਿਚ ਬਹੁਤਾ ਵੱਡਾ ਯੋਗਦਾਨ ਹੈ। ਨਵੇਂ ਪੇਸ਼ ਕੀਤੇ ਜਾਂਦੇ ਸਿਧਾਂਤਾਂ ਜੀਵਨ ਤੱਥਾਂ ਤੇ ਆਧਾਰਿਤ ਹੁੰਦੇ ਹਨ, ਸਰਵੇਖਣ ਉਪਰ ਨਹੀਂ। ਉੱਚ ਅਦਾਲਤਾਂ ਦੇ ਜੱਜ ਸਮਾਜ ਵਿਗਿਆਨੀ ਅਤੇ ਚਿੰਤਕ ਹੁੰਦੇ ਹਨ। ਉਨ੍ਹਾਂ ਦੇ ਤਰਕਸੰਗਤ ਫੈਸਲੇ ਖੋਜ-ਪੱਤਰਾਂ ਵਾਂਗ ਹੁੰਦੇ ਹਨ। ਆਪਣੇ ਗਿਆਨ ਵਿਚ ਵਾਧਾ ਕਰਨ ਲਈ ਮੈਂ ਸਿਧਾਂਤਾਂ ਤੇ ਫੈਸਲਿਆਂ ਦਾ ਲਗਾਤਾਰ ਅਧਿਐਨ ਕਰਦਾ ਹਾਂ।

'ਸੁਧਾਰ-ਘਰ' ਨਾਵਲ ਲਿਖਣ ਦਾ ਮੇਰਾ ਪਹਿਲਾ ਫੈਸਲਾ ਸੀ ਕਿ ਕੈਦੀ ਮਾੜੇ ਹੁੰਦੇ ਹਨ। ਉਹਨਾਂ ਨੂੰ ਇੰਨੀਆਂ ਸਹੂਲਤਾਂ ਕਿਉਂ ਦਿੱਤੀਆਂ ਜਾਂਦੀਆਂ ਹਨ। ਪਰੰਤੂ ਜਦੋਂ ਜੇਲ੍ਹ ਪ੍ਰਬੰਧਾਂ ਬਾਰੇ ਸੁਪਰੀਮ ਕੋਰਟ ਵੱਲੋਂ 'ਸੁਨੀਲ ਬੱਤਰਾ ਬਨਾਮ ਦਿੱਲੀ ਪ੍ਰਸ਼ਾਸਨ' ਨਾਂ ਦੇ ਬਹੁਤ ਅਹਿਮ ਫੈਸਲੇ ਪੜ੍ਹੇ ਤਾਂ ਵਿਚਾਰ ਬਦਲ ਗਿਆ ਕਿ ਮੈਨੂੰ ਇਸ ਵਿਸ਼ੇ ਦੀ ਗਹਿਰਾਈ ਤੋਂ ਖੋਜ ਕਰਨੀ ਚਾਹੀਦੀ ਹੈ। ਜਿਹੜੀਆਂ ਕੈਦੀਆਂ ਨੂੰ ਜੇਲ੍ਹ ਵਿਚ ਸਮੱਸਿਆਵਾਂ ਆਉਂਦੀਆਂ ਹਨ ਉਹਨਾਂ ਨੂੰ ਪੇਸ਼ ਕਰਨਾ ਚਾਹੀਦਾ ਹੈ। ਕਿਉਂਕਿ ਜੇਲ੍ਹ ਦਾ ਕੰਮ ਕੈਦੀ ਨੂੰ ਸੁਧਾਰਨਾ ਹੈ ਪਰੰਤੂ ਜੇਲ੍ਹਾਂ ਵਿਚ ਉਹਨਾਂ ਨਾਲ ਅਜਿਹੇ ਵਿਤਕਰੇ ਕੀਤੇ ਜਾਂਦੇ ਹਨ ਕਿ ਉਹ ਸੁਧਰਨ ਦੀ ਬਜਾਇ ਮਾਨਸਿਕ ਤੇ ਸਰੀਰਕ ਤੌਰ ਤੇ ਵਿਗੜ ਜਾਂਦੇ ਹਨ। ਸੋ 'ਸੁਧਾਰ-ਘਰ' ਨਾਵਲ ਲਿਖਣ ਤੋਂ ਪਹਿਲਾਂ ਮੈਂ ਜੇਲ੍ਹ ਪ੍ਰਬੰਧ ਅਤੇ ਕੈਦੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਜੇਲ੍ਹ ਮੈਨੂਅਲ ਦੇ ਨਾਲ-ਨਾਲ ਮੇਰੀ ਟੇਲਰ ਦੀ ਪੁਸਤਕ 'ਭਾਰਤੀ ਜੇਲ੍ਹਾਂ ਵਿਚ ਪੰਜ ਵਰ੍ਹੇ', ਮਹੰਤ ਭਾਸਕਰ ਦੀ ਪੁਸਤਕ 'ਮੈਂ ਸਾਂ ਪਾਕਿਸਤਾਨ ਵਿਚ ਭਾਰਤ ਦਾ ਜਾਸੂਸ' ਅਤੇ 'ਪਰਬਤੋਂ ਭਾਰੀ ਮੌਤ' ਪੜ੍ਹੇ। ਕਿਰਨ ਬੇਦੀ ਅਤੇ ਕੁਲਦੀਪ ਨਈਅਰ ਦੇ ਜੇਲ੍ਹਾਂ ਬਾਰੇ ਅਨੁਭਵ ਦਾ ਅਧਿਐਨ ਕੀਤਾ। ਸੋ ਅਨੁਭਵ ਦੇ ਨਾਲ-ਨਾਲ ਅਧਿਐਨ ਕਰਨਾ ਵੀ ਬਹੁਤ ਜ਼ਰੂਰੀ ਹੈ।

ਪ੍ਰ: **'ਸੁਧਾਰ-ਘਰ' ਦੇ ਪਾਤਰਾਂ ਦੀ ਸਿਰਜਨ ਵਿਧਾ ਵਿਲੱਖਣ ਹੈ ਕਿਉਂਕਿ ਜ਼ਿਆਦਾਤਰ ਪਾਤਰਾਂ ਦੀ ਪਹਿਚਾਣ ਉਹਨਾਂ ਦੇ ਪਿਛੋਕੜ ਤੋਂ ਹੁੰਦੀ ਹੈ। ਇਸ ਬਾਰੇ ਆਪਣੇ ਵਿਚਾਰ**

**ਸਾਡੇ ਨਾਲ ਸਾਂਝੇ ਕਰੋ।**

ੳ: ਪਹਿਲੀ ਗੱਲ ਤਾਂ ਖ਼ੁਦ ਮੈਂ ਚਾਲੀ ਚਾਲੀ ਕੇਸ ਡੀਲ ਕਰਦਾ ਹਾਂ, ਸਾਰੇ ਵੱਖੋ-ਵੱਖਰੇ ਹੁੰਦੇ ਹਨ। ਜਿਨ੍ਹਾਂ ਰਾਹੀਂ ਮੈਨੂੰ ਹਰ ਕੇਸ ਦੀ ਜਾਣਕਾਰੀ ਮਿਲਦੀ ਹੈ। ਦੂਸਰੀ ਗੱਲ ਲੰਮੀਆਂ ਸਜ਼ਾਵਾਂ ਆਮ ਤੌਰ ਤੇ ਤਿੰਨ ਚਾਰ ਕਿਸਮ ਦੇ ਮੁਜ਼ਰਿਮਾਂ ਨੂੰ ਦਿੱਤੀਆਂ ਜਾਂਦੀਆਂ ਹਨ ਜਿਵੇਂ ਕਾਤਲ, ਬਲਾਤਕਾਰੀ ਜਾਂ ਸਮੱਗਲਰ ਨੂੰ। ਜਦੋਂ ਮੈਂ ਇਸ ਨਾਵਲ ਦੇ ਪਾਤਰਾਂ ਦੀ ਚੋਣ ਕਰਨ ਲੱਗਾ ਤਾਂ ਮੈਨੂੰ ਵੀ ਇਹੀ ਲੱਗ ਰਿਹਾ ਸੀ ਕਿ ਪਾਤਰ ਬਲਾਤਕਾਰੀ ਜਾਂ ਕਾਤਲ ਹੀ ਚੁਣਨੇ ਪੈਣਗੇ ਪਰੰਤੂ ਮੈਂ ਨਾਵਲ ਨੂੰ ਅਰਥ ਭਰਪੂਰ ਬਣਾਉਣ ਲਈ ਜ਼ੁਰਮ ਵਿਗਿਆਨ ਦਾ ਦੁਬਾਰਾ ਅਧਿਐਨ ਕੀਤਾ ਅਤੇ ਹਰ ਜ਼ੁਰਮ ਪਿੱਛੇ ਕਾਰਨ ਵੱਖਰਾ ਨਜ਼ਰ ਆਇਆ। ਮੈਂ ਜ਼ੁਰਮ ਕਰਨ ਪਿੱਛੇ ਪਏ ਕਾਰਨਾਂ ਨੂੰ ਲੱਭਿਆ। ਉਹਨਾਂ ਨੂੰ ਕਹਾਣੀ ਵਿਚ ਪੇਸ਼ ਕੀਤਾ। ਹਰ ਤਰ੍ਹਾਂ ਦੇ ਮੁਜ਼ਰਮਾਂ ਦੇ ਜਮਾਤੀ ਕਿਰਦਾਰ ਦਾ ਅਧਿਐਨ ਕੀਤਾ, ਉਨ੍ਹਾਂ ਦੇ ਵੱਖ-ਵੱਖ ਵਰਗ ਬਣਾਏ। ਇਕ ਵਰਗ ਨੂੰ ਇਕ ਬੈਠਕ ਵਿਚ ਬੰਦ ਕਰਕੇ ਉਨ੍ਹਾਂ ਦੇ ਜਮਾਤੀ ਪਿਛੋਕੜ ਨੂੰ ਰੂਪਮਾਨ ਕਰਨ ਦੇ ਨਾਲ-ਨਾਲ ਉਹ ਮੁਜ਼ਰਿਮ ਕਿਵੇਂ ਬਣੇ, ਕੀ ਕਾਰਨ ਸਨ ਆਦਿ ਪੱਖਾਂ ਰਾਹੀਂ ਹਰੇਕ ਪਾਤਰ ਦੇ ਪਿਛੋਕੜ ਰਾਹੀਂ ਪਾਠਕਾਂ ਨੂੰ ਉਹਨਾਂ ਦੀ ਪਹਿਚਾਣ ਕਰਵਾਈ। ਮੇਰਾ ਵੱਡਾ ਮਨੋਰਥ ਫੌਜ਼ਦਾਰੀ ਜੇਲ੍ਹ ਸਿਸਟਮ ਦਾ ਸੁਧਾਰ ਕਰਨਾ ਸੀ। ਸਿਸਟਮ ਨੂੰ ਨੰਗਾ ਕਰਨਾ ਸੀ। ਸੋ ਮੈਂ ਸੈਂਕੜੇ ਪਾਠਕਾਂ ਦੇ ਪਿਛੋਕੜ ਰਾਹੀਂ ਪਾਠਕ ਨੂੰ ਜਾਗਰੂਕ ਕਰਨਾ ਚਾਹੁੰਦਾ ਹਾਂ ਕਿ ਜ਼ੁਰਮ ਕਰਨ ਲਈ ਵਿਅਕਤੀ ਨੂੰ ਉਸਦੇ ਹਾਲਾਤ ਹੀ ਪ੍ਰੇਰਦੇ ਹਨ ਜਿਵੇਂ ਪਾਤਰ ਮਿੱਠੋ, ਮੋਦਨ, ਆਦਿ।

ਪ੍ਰ: **ਤੁਹਾਡੇ 'ਸੁਧਾਰ-ਘਰ' ਨਾਵਲ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਕੀ ਇਹ ਨਾਵਲ ਤੁਹਾਡੇ ਬਾਕੀ ਨਾਵਲਾਂ ਵਿਚੋਂ ਵਿਸ਼ੇਸ਼ ਹੈ ਜਾਂ ਸਮੁੱਚੇ ਨਾਵਲਾਂ ਦੀ ਕਾਰਗੁਜ਼ਾਰੀ ਉਪਰ ਹੀ ਇਹ ਮਾਣ ਪ੍ਰਾਪਤ ਕੀਤਾ ਸਮਝਦੇ ਹੋ ?**

ੳ: ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ 'ਸੁਧਾਰ-ਘਰ' ਮੇਰੇ ਦੂਜੇ ਨਾਵਲਾਂ ਵਿਚੋਂ ਵਿਸ਼ੇਸ਼ ਹੈ ਪਰੰਤੂ ਫਿਰ ਵੀ ਇਸਦੀ ਆਪਣੀ ਵੱਖਰੀ ਥਾਂ ਹੈ। ਜੋ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਉਹ ਸਮੁੱਚੀ ਨਾਵਲ ਕਲਾ ਨੂੰ ਹੀ ਦਿੱਤਾ ਗਿਆ। ਜਿਥੋਂ ਤੱਕ ਮੇਰਾ ਖਿਆਲ ਹੈ 'ਸੁਧਾਰ-ਘਰ' ਨਾਵਲ ਤੋਂ ਪਹਿਲਾਂ 'ਕੌਰਵ-ਸਭਾ' ਨੂੰ ਪਾਠਕਾਂ/ਆਲੋਚਕਾਂ ਨੇ ਬਹੁਤ ਹੀ ਪ੍ਰਵਾਨਿਤ ਕੀਤਾ।

ਪ੍ਰ: **ਤੁਸੀਂ ਇੰਨੇ ਨਾਵਲ ਲਿਖੇ, ਕੀ ਤੁਹਾਡੇ ਮਨ ਦੇ ਵਿਚ ਨਾਵਲ ਦੀ ਰਚਨਾ ਪ੍ਰਤੀ ਕੇਵਲ ਪੰਜਾਬੀ ਨਾਵਲ ਨੂੰ ਹੀ ਧਿਆਨ ਵਿਚ ਰੱਖਿਆ ਜਾਂ ਵਿਸ਼ਵ ਨਾਵਲ ਨੂੰ ਕੇਂਦਰ ਵਿਚ ਰੱਖਕੇ ਤੁਸੀਂ ਉਸਤੋਂ ਅਗਲੇ ਕਾਰਜ ਨੂੰ ਨਿਭਾਇਆ ਹੈ ? ਤੁਸੀਂ ਕਿਹੜੀਆਂ ਕਿਰਤਾਂ ਤੋਂ ਜ਼ਿਆਦਾ ਪ੍ਰਭਾਵਿਤ ਹੋਏ ?**

ੳ: ਜਿਥੇ ਮੈਂ ਪੰਜਾਬੀ ਨਾਵਲ ਨੂੰ ਧਿਆਨ ਵਿਚ ਰੱਖਕੇ ਨਾਵਲ ਲਿਖੇ ਉਥੇ ਮੈਂ ਵਿਸ਼ਵ ਪੱਧਰ ਦੇ ਨਾਵਲ ਗੋਰਕੀ ਦਾ 'ਮਾਂ' ਨਾਵਲ ਬੜੀ ਉਤਸੁਕਤਾ ਨਾਲ ਪੜ੍ਹਿਆ। ਇਸ ਤੋਂ ਇਲਾਵਾ ਪੰਜਾਬੀ ਨਾਵਲਕਾਰਾਂ ਵਿਚੋਂ ਗੁਰਦਿਆਲ ਸਿੰਘ ਦਾ 'ਮੜ੍ਹੀ ਦਾ ਦੀਵਾ', 'ਅਣਹੋਏ' ਅਤੇ ਦਲੀਪ ਕੌਰ ਟਿਵਾਣਾ ਦਾ 'ਏਹੋ ਹਮਾਰਾ ਜੀਵਣਾ'

ਆਦਿ ਨਾਵਲ ਪੜ੍ਹੇ ਤਾਂ ਮੈਨੂੰ ਇਹ ਮਹਿਸੂਸ ਹੋਇਆ ਕਿ ਰੁਮਾਂਸਵਾਦ ਤੋਂ ਬਿਨਾਂ ਵੀ ਨਾਵਲ ਲਿਖੇ ਜਾ ਸਕਦੇ ਹਨ। ਸੋ ਮੈਂ ਨਵੇਂ ਵਿਸ਼ੇ ਅਤੇ ਨਵੀਂ ਤਕਨੀਕ ਰਾਹੀਂ ਆਪਣੇ ਨਾਵਲ ਲਿਖੇ ਜਿਨ੍ਹਾਂ ਵਿਚ ਸਮੂਹਿਕ ਪਾਤਰ ਨਾਇਕ/ਖਲਨਾਇਕ ਹਨ। ਮੈਂ ਆਪਣੇ ਨਾਵਲਾਂ ਰਾਹੀਂ ਇਹ ਸਾਬਤ ਕੀਤਾ ਕਿ ਰੁੱਖੇ ਕਾਨੂੰਨ ਵਰਗੇ ਵਿਸ਼ੇ ਨੂੰ ਬਿਨਾਂ ਰੁਮਾਂਸ ਤੋਂ ਵੀ ਪੇਸ਼ ਕੀਤਾ ਜਾ ਸਕਦਾ ਹੈ। ਸੋ ਮੇਰੇ ਨਾਵਲ ਪਾਠਕਾਂ ਨੇ ਰੁਮਾਂਸ ਨਾ ਹੁੰਦਿਆਂ ਹੋਇਆਂ ਵੀ ਰੌਚਿਕਤਾ ਨਾਲ ਪੜ੍ਹੇ ਹਨ।

ਮੈਂ ਪਰੰਪਰਾ ਨਾਲ ਜੁੜਿਆ ਹੋਇਆਂ ਜਿਵੇਂ ਕਿ ਬੇਸਹਾਰਾ ਲੋਕਾਂ ਦੀ ਗੱਲ ਕੀਤੀ ਹੈ, ਉਹਨਾਂ ਨੂੰ ਮੈਂ ਆਪਣੇ ਨਾਵਲਾਂ ਵਿਚ ਥਾਂ ਦਿੱਤੀ ਜੋ ਪਹਿਲਾਂ ਵੀ ਨਾਵਲਾਂ ਵਿਚ ਸ਼ਾਮਿਲ ਸੀ। ਪਰੰਤੂ ਮੁਜ਼ਰਮਾਂ ਵਿਚੋਂ ਨਾਇਕ ਪੈਦਾ ਕਰਨਾ ਸ਼ਾਇਦ ਪੰਜਾਬੀ ਨਾਵਲ ਵਿਚ ਪਹਿਲੀ ਵਾਰ ਹੋਇਆ ਹੈ। ਖ਼ਾਸ ਕਰਕੇ ਸਮੂਹਿਕ ਤੌਰ ਤੇ। ਬਾਕੀ ਰਹੀ ਗੱਲ ਅਗਲਾ ਕਾਰਜ ਕਰਨ ਦੀ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਵਲ ਵਿਚ ਇਕੋ ਵਿਸ਼ੇ ਰਾਹੀਂ ਸਮੁੱਚੇ ਸਿਸਟਮ ਪ੍ਰਤੀ ਪਾਠਕਾਂ ਨੂੰ ਜਾਗਰੂਕ ਕੀਤਾ ਹੈ।

ਜਿਥੋਂ ਤੱਕ ਸਵਾਲ ਪੁਸਤਕਾਂ ਨੂੰ ਪੜ੍ਹਨ ਦਾ ਹੈ ਉਸ ਬਾਰੇ ਮੈਂ ਇਹੀ ਕਹਾਂਗਾ ਕਿ ਮਾਰਕਸਵਾਦ ਪੜ੍ਹਨ ਦੀ ਚੇਟਕ ਮੈਨੂੰ ਗੁਰਸ਼ਰਨ ਸਿੰਘ ਤੋਂ ਲੱਗੀ। ਭਾਰਤੀ ਦਰਸ਼ਨ ਦੀ ਸਮਝ ਲਈ ਮੈਂ ਰਜਨੀਸ਼ ਦੇ ਗੀਤਾਂ ਦਰਸ਼ਨ ਦਾ ਗਹਿਰਾ ਅਧਿਐਨ ਕੀਤਾ। ਸਾਹਿਤ ਵਿਚ ਯਥਾਰਥ ਨੂੰ ਚਿਤਰਨ ਦੀ ਤੇ ਦਲੀਲ ਨਾਲ ਪੇਸ਼ਕਾਰੀ ਕਰਨ ਦੀ ਵਿਧੀ ਮੈਂ ਮਾਸੂਮ ਰਜ਼ਾ ਦੇ ਟੀ.ਵੀ. ਸੀਰੀਅਲ ਮਹਾਂਭਾਰਤ ਤੋਂ ਗ੍ਰਹਿਣ ਕੀਤੀ ਜਦ ਕਿ ਨਾਵਲਾਂ ਦੇ ਵਿਸ਼ੇ ਅਤੇ ਪਾਤਰਾਂ ਦੀ ਪੇਸ਼ਕਾਰੀ ਕਰਨ ਦੀ ਕਲਾ ਮੈਂ ਗੋਰਕੀ ਦੇ ਨਾਵਲ 'ਮਾਂ' ਤੋਂ ਹੈਮਿੰਗਵੇ ਦੇ ਨਾਵਲ 'ਬੁੱਢਾ ਅਤੇ ਸਮੁੰਦਰ' ਤੋਂ ਸੰਘਰਸ਼ ਪੇਸ਼ ਕਰਨ ਦੀ ਜੁਗਤ ਸਿੱਖੀ ਹੈ।

ਪ੍ਰ: **ਜੇਕਰ ਜੇਲ੍ਹ ਜੀਵਨ ਨਾਲ ਸੰਬੰਧਿਤ ਦਸਤੋਵਸਕੀ ਦਾ ਨਾਵਲ 'ਨੋਟਿਸ ਫਰਾਮ ਏ ਡੈਡ ਹਾਊਸ' ਅਤੇ ਟਾਲਸਟਾਏ ਦੇ ਨਾਵਲ 'ਇਡੀਅਟ' ਵੇਖੀਏ ਤਾਂ ਉਸ ਵਿਚ ਲੇਖਕ ਨੇ ਆਪਣੀ ਜੇਲ੍ਹ ਵਿਚ ਬਿਤਾਈ ਜ਼ਿੰਦਗੀ ਦੇ ਤਜਰਬੇ ਨੂੰ ਰੂਪਮਾਨ ਕੀਤਾ ਹੈ। ਕੀ ਤੁਸੀਂ ਵੀ ਆਪਣੇ ਜੀਵਨ ਦੇ ਕਿਸੇ ਅਜਿਹੇ ਅਨੁਭਵ ਨੂੰ ਨੇੜੇ ਤੋਂ ਚਿਤਰਿਆ ਹੈ ? ਇਸ ਬਾਰੇ ਤੁਹਾਡੀ ਕੀ ਰਾਏ ਹੈ ?**

ਉ: ਦੋਸਤੋਵਸਕੀ ਨੇ ਸਿਰਫ ਇਕ ਕੈਦੀ ਦੇ ਅਨੁਭਵ ਨੂੰ ਹੀ ਚਿਤਰਿਆ ਹੈ ਜਦਕਿ ਮੇਰੇ ਕੋਲ ਨਿਆਂਪਾਲਿਕਾ ਦੀਆਂ ਤਿੰਨੋ ਸੰਸਥਾਵਾਂ ਦਾ ਲੰਬੇ ਸਮੇਂ ਦਾ ਗਹਿਰਾ ਅਨੁਭਵ ਹੈ, ਜਿਸ ਰਾਹੀਂ ਮੈਂ ਆਪਣੇ ਕਾਨੂੰਨ ਨਾਲ ਸੰਬੰਧਿਤ ਨਾਵਲ ਲਿਖੇ। ਪੁਲਿਸ ਤੇ ਕੋਰਟ ਕਚਹਿਰੀਆਂ ਦਾ ਤਾਂ ਮੇਰਾ ਨੇੜੇ ਦਾ ਅਨੁਭਵ ਹੈ। ਜੇਲ੍ਹ ਪ੍ਰਬੰਧ ਬਾਰੇ ਬਹੁਤਾ ਗਿਆਨ ਮੈਨੂੰ ਸੁਪਰੀਮ ਕੋਰਟ ਦੇ ਦੋ ਫੈਸਲੇ ਪੜ੍ਹ ਕੇ ਹੋਇਆ। ਜੋ ਸੁਪਰੀਮ ਕੋਰਟ ਦੇ ਇਕ ਜੱਜ ਜਸਟਿਸ ਕ੍ਰਿਸ਼ਨਾ ਨਈਅਰ ਨੇ ਆਪਣੇ ਕ੍ਰਾਂਤੀਕਾਰੀ ਫੈਸਲਿਆਂ ਲਈ ਪ੍ਰਸਿੱਧ ਹਨ। ਉਹਨਾਂ ਦੀ ਕਲਮ ਦੁਆਰਾ ਲਿਖੇ ਕੈਦੀਆਂ ਦੇ ਨਰਕ ਵਰਗੇ ਜੀਵਨ ਸੰਬੰਧੀ ਲਿਖੇ ਤਰਕਸੰਗਤ ਫੈਸਲੇ ਪੜ੍ਹਨ ਦਾ ਮੌਕਾ ਮਿਲਿਆ

ਜਿਨ੍ਹਾਂ ਨੂੰ ਪੜ੍ਹ ਕੇ ਮੇਰੇ ਰੌਂਗਟੇ ਖੜੇ ਹੋ ਗਏ ਤੇ ਮੈਂ ਆਪਣੇ ਵਿਚਾਰਾਂ ਤੋਂ ਉਲਟ ਜਾ ਕੇ ਸੋਚਿਆ ਕਿ ਕੁਝ ਸਾਧਨ ਸੰਪੰਨ ਲੋਕਾਂ ਨੂੰ ਹੀ ਜੇਲ੍ਹ ਵਿਚ ਸਹੂਲਤਾਂ ਮਿਲਦੀਆਂ ਹਨ, ਬਾਕੀ ਕੈਦੀ ਤਾਂ ਗੰਦਗੀ ਦੇ ਕੀੜਿਆਂ ਵਾਂਗ ਹੀ ਰਹਿ ਰਹੇ ਹਨ। ਇਸ ਤੋਂ ਇਲਾਵਾ ਮੈਨੂੰ ਆਪਣੇ ਅਹੁਦੇ ਕਾਰਨ ਜੇਲ੍ਹ ਅਧਿਕਾਰੀਆਂ ਨਾਲ ਮਿਲ ਬੈਠਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਤੇ ਸਮਝਣ ਦਾ ਮੌਕਾ ਵੀ ਮਿਲਦਾ ਰਿਹਾ। ਇਸ ਤਰ੍ਹਾਂ ਮੈਂ ਆਪਣੇ ਸਮੁੱਚੇ ਨਾਵਲਾਂ ਵਿਚ ਆਪਣੇ ਨੇੜੇ ਦੇ ਅਨੁਭਵ ਨੂੰ ਹੀ ਰੂਪਮਾਨ ਕੀਤਾ ਹੈ।

**ਪ੍ਰ: ਤੁਸੀਂ ਆਪਣੇ ਨਾਵਲੀ ਸਫ਼ਰ ਨੂੰ ਕਿਸ ਖ਼ਾਸ ਵਿਚਾਰਧਾਰਾ ਨਾਲ ਜੋੜਦੇ ਹੋ ? ਕੀ ਤੁਹਾਡੀ ਵਿਚਾਰਧਾਰਾ ਗਤੀਸ਼ੀਲ ਹੈ ?**

ਉ: ਮੈਂ ਆਪਣੇ ਨਾਵਲੀ ਸਫ਼ਰ ਵਿਚ ਮਾਨਵਵਾਦੀ ਵਿਚਾਰਧਾਰਾ ਨੂੰ ਪੇਸ਼ ਕੀਤਾ ਹੈ। ਮੁੱਢਲੇ ਨਾਵਲਾਂ ਦੀ ਵਿਚਾਰਧਾਰਾ ਪ੍ਰਗਤੀਵਾਦੀ, ਮਾਰਕਸਵਾਦੀ ਰਹੀ ਹੈ ਜਦਕਿ ਮੇਰੇ ਮਗਰਲੇ ਨਾਵਲਾਂ ਵਿਚ ਵੀ ਬੇਸ਼ੱਕ 'ਲੋਕ ਸੰਘਰਸ਼ ਸੰਮਤੀ' ਇਸੇ ਵਿਚਾਰਧਾਰਾ ਨੂੰ ਲੈ ਕੇ ਚਲਦੀ ਹੈ ਪਰੰਤੂ ਮੈਂ ਆਪਣੇ ਨਾਵਲਾਂ ਵਿਚ ਮਨੁੱਖ ਦੀ ਹੋ ਰਹੀ ਦੁਰਦਸ਼ਾ ਨੂੰ ਸੁਧਾਰਨ ਲਈ ਮਾਨਵਵਾਦੀ ਵਿਚਾਰਧਾਰਾ ਨੂੰ ਹੀ ਪਹਿਲ ਦਿੰਦਾ ਹਾਂ। ਰਹੀ ਗੱਲ ਗਤੀਸ਼ੀਲ ਦੀ ਤਾਂ ਮੈਂ ਸ਼ੁਰੂ ਤੋਂ ਲੈ ਕੇ ਅੱਜ ਤੱਕ ਆਪਣੀ ਵਿਚਾਰਧਾਰਾ ਨੂੰ ਬਦਲਿਆ ਨਹੀਂ ਸਗੋਂ ਗਤੀਸ਼ੀਲ ਰੱਖਿਆ ਹੈ। ਮੈਂ ਪਹਿਲਾਂ ਵੀ ਬੇਸਹਾਰਾ, ਭੂਮੀਹੀਣ ਵਰਗ ਨਾਲ ਖੜ੍ਹਾ ਸੀ ਤੇ ਅੱਜ ਵੀ ਨਿਰਦੋਸ਼ਾਂ, ਬੇਗੁਨਾਹਾਂ ਦੀ ਧਿਰ ਬਣਨ ਦੀ ਕੋਸ਼ਿਸ਼ ਕਰਦਾ ਹਾਂ।

**ਪ੍ਰ: ਤੁਸੀਂ ਆਪਣੇ ਨਾਵਲਾਂ ਵਿਚ ਹਰ ਵਰਗ ਦੇ ਕਿਰਦਾਰ ਨੂੰ ਦ੍ਰਿਸ਼ਟਮਾਨ ਕਰਨ ਦੇ ਨਾਲ-ਨਾਲ ਸਮਾਜ ਦੇ ਬਾਹਰਮੁਖੀ ਵੇਰਵਿਆਂ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ ਪਰੰਤੂ ਇਸ ਨਰਕ ਰੂਪੀ ਜ਼ਿੰਦਗੀ ਵਿਚੋਂ ਨਿਕਲਣ ਦਾ ਕੋਈ ਸੁਝਾਅ ਨਹੀਂ ਦਿੱਤਾ, ਕਿਉਂ?**

ਉ: ਲੇਖਕ ਦਾ ਕੰਮ ਹੁੰਦਾ ਹੈ ਪਾਠਕਾਂ ਨੂੰ ਜਾਗਰੂਕ ਕਰਨ ਦਾ, ਜੋ ਮੈਂ ਕੀਤਾ ਹੈ। ਲੇਖਕ ਦਾ ਕੰਮ ਤਾਂ ਇਸ਼ਾਰਾ ਕਰਨਾ ਹੀ ਹੁੰਦਾ ਹੈ, ਬਾਕੀ ਸਮੁੱਚੇ ਨਾਵਲਾਂ ਵਿਚ ਸੰਘਰਸ਼ ਸੰਮਤੀ ਇਸਦਾ ਹੱਲ ਕਰਨ ਦਾ ਹੀ ਹੰਭਲਾ ਮਾਰਦੀ ਹੈ। ਹਰ ਥਾਂ ਹਰ ਮਹਿਕਮੇ ਵਿਚ ਹਨ੍ਹੇਰ-ਗਰਦੀ ਅਤੇ ਬੇਇਨਸਾਫ਼ੀ ਫੈਲੀ ਹੋਈ ਹੈ। ਸਾਰੇ ਪਾਸੇ ਕੌਰਵਾਂ ਦਾ ਬੋਲ-ਬਾਲਾ ਹੈ, ਜਦਕਿ ਪਾਂਡਵਾਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਸੰਘਰਸ਼ ਵਾਲਾ ਰਸਤਾ ਬਹੁਤ ਲੰਬਾ ਹੈ। ਬਾਬਾ ਗੁਰਦਿੱਤ, ਪਿਆਰੇ ਲਾਲ, ਗੁਰਮੀਤ, ਹਾਕਮ ਅਤੇ ਕੌਰਵ ਸਭਾ ਦੇ ਪਾਤਰ ਹਰੀਸ਼, ਸਾਧੂ ਸਿੰਘ ਅਤੇ ਵਿਕਟਿਮ ਵੈਲਫੇਅਰ ਸੋਸਾਇਟੀ, ਇਸਤਰੀ ਸਭਾ ਆਦਿ ਪਾਤਰ ਇਸ ਨਰਕ ਵਰਗੀ ਜ਼ਿੰਦਗੀ ਵਿਚੋਂ ਬਾਹਰ ਕੱਢਣ ਲਈ ਸੰਘਰਸ਼ ਕਰਦੇ ਹਨ। ਸਮੁੱਚੇ ਸਿਸਟਮ ਨੂੰ ਨੰਗਾ ਕਰਨਾ ਉਸਦੀਆਂ ਕਮੀਆਂ ਨੂੰ ਪਾਠਕਾਂ ਸਾਹਮਣੇ ਰੂਪਮਾਨ ਕਰਨਾ ਤਾਂ ਜੋ ਸਮੱਸਿਆਵਾਂ ਦਾ ਹੱਲ ਹੋ ਸਕੇ, ਇਹੀ ਮੇਰਾ ਸੁਝਾਅ ਹੈ।

**ਪ੍ਰ: ਨਾਵਲ ਵਿਚ ਸਿਰਲੇਖ ਦੀ ਬੜੀ ਮਹੱਤਤਾ ਹੈ। ਤੁਸੀਂ ਆਪਣੇ ਨਾਵਲਾਂ ਦੇ ਸਿਰਲੇਖਾਂ ਬਾਰੇ ਕੀ ਕਹਿਣਾ ਚਾਹੋਗੇ ? ਕੀ ਸਿਰਲੇਖ ਅਤੇ ਸਿਰਜਨਾ ਇਕੱਠੇ ਹੀ ਤੁਹਾਡੇ ਜ਼ਹਿਨ**

**ਵਿਚ ਆਉਂਦੇ ਹਨ ਜਾਂ ਸਿਰਲੇਖ ਬਹੁਤ ਸਮਾਂ ਪਹਿਲਾਂ ਨਾਵਲ ਦੀ ਸਿਰਜਨਾ ਲਈ ਯਤਨਸ਼ੀਲ ਹੁੰਦੇ ਹਨ ?**

ੳ: ਨਾਵਲ ਵਿਚ ਸਿਰਲੇਖ ਦੀ ਬਹੁਤ ਮਹੱਤਤਾ ਹੈ ਕਿਉਂਕਿ ਸਿਰਲੇਖ ਤੋਂ ਹੀ ਨਾਵਲ ਦੇ ਵਿਸ਼ੇ ਬਾਰੇ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸ ਕਰਕੇ ਮੇਰੇ ਨਾਵਲਾਂ ਦੇ ਸਿਰਲੇਖ ਪਹਿਲਾਂ ਹੀ ਹੋਂਦ ਵਿਚ ਆਉਂਦੇ ਹਨ ਤੇ ਨਾਵਲਾਂ ਦੀ ਸਿਰਜਨਾ ਬਾਅਦ ਵਿਚ ਕਰਦਾ ਹਾਂ। ਮੇਰੇ ਨਾਵਲਾਂ ਦੇ ਸਿਰਲੇਖ ਮੇਰੇ ਕਾਨੂੰਨੀ ਅਨੁਭਵ ਵਿਚੋਂ ਹੀ ਹੋਂਦ ਵਿਚ ਆਏ। ਜਿਵੇਂ 'ਤਫ਼ਤੀਸ਼' ਪੁਲਿਸ ਪ੍ਰਬੰਧ ਦੀ ਤਫ਼ਤੀਸ ਨਾ ਰਹਿ ਕੇ ਸਮੁੱਚੇ ਸਮਾਜ ਦੀ ਤਫ਼ਤੀਸ ਬਣ ਜਾਂਦੀ ਹੈ। ਇਸ ਤਰ੍ਹਾਂ 'ਕਟਹਿਰਾ' ਵਿਚ ਮੁਜਰਮਾਂ ਦੀ ਥਾਂ ਸਮੁੱਚਾ ਸਿਸਟਮ ਕਟਹਿਰੇ ਵਿਚ ਖੜ੍ਹਾ ਨਜ਼ਰ ਆਉਂਦਾ ਹੈ। 'ਕੌਰਵ-ਸਭਾ' ਨਾਵਲ ਦਾ ਪਹਿਲਾਂ ਸਿਰਲੇਖ ਮੈਂ 'ਅੰਨ੍ਹੀ ਬੁੱਢੀ ਦਾ ਤਰਾਜੂ' ਰੱਖਿਆ ਪਰੰਤੂ ਇਹ ਇੰਨਾ ਢੁਕਵਾਂ ਨਹੀਂ ਸੀ ਜਿੰਨਾ ਕੌਰਵ-ਸਭਾ, ਕਿਉਂਕਿ ਇਸ ਨਾਵਲ ਵਿਚ ਸਮੁੱਚਾ ਸਿਸਟਮ ਹਰ ਪੱਖ ਤੋਂ ਕੌਰਵਾਂ ਦੀ ਭੂਮਿਕਾ ਨਿਭਾ ਰਿਹਾ ਹੈ। ਇਹ ਸਿਰਲੇਖ ਇੰਨਾ ਢੁਕਵਾਂ ਹੈ ਕਿ ਹੁਣ ਜਿਥੇ ਕੋਈ ਸਿਸਟਮ ਦੀ ਕਮੀ ਨੂੰ ਦੇਖਦਾ ਹੈ ਤਾਂ ਕਹਿ ਦਿੰਦਾ ਹੈ ਸਾਰੇ ਪਾਸੇ 'ਕੌਰਵ-ਸਭਾ' ਹੀ ਬਣੀ ਪਈ ਹੈ।

ਪ੍ਰ: **ਤੁਹਾਡੇ ਨਾਲ ਹੁਣ ਤੱਕ ਬਹੁਤ ਵਿਦਵਾਨ ਰੂ-ਬ-ਰੂ ਹੋ ਚੁੱਕੇ ਹਨ, ਸਭ ਤੋਂ ਵਧੀਆ ਮੁਲਾਕਾਤ ਤੁਹਾਨੂੰ ਕਿਹੜੀ ਲਗਦੀ ਹੈ ? ਕੀ ਤੁਹਾਨੂੰ ਸਵਾਲ ਕਰਨ ਵਾਲੇ ਵਿਦਵਾਨਾਂ/ਪਾਠਕਾਂ/ਵਿਦਿਆਰਥੀਆਂ ਤੋਂ ਕੋਈ ਨਵੀਂ ਸੇਧ ਵੀ ਮਿਲੀ ? ਕੀ ਅਜਿਹੀਆਂ ਮੁਲਾਕਾਤਾਂ ਤੁਹਾਨੂੰ ਆਪਣਾ ਮਿਆਰ ਜ਼ਾਹਿਰ ਕਰਨ ਵਿਚ ਸਹਾਈ ਹੋਈਆਂ ?**

ੳ: ਹੁਣ ਤੱਕ ਮੈਂ ਬਹੁਤ ਸਾਰੇ ਵਿਦਵਾਨਾਂ ਦੇ ਰੂ-ਬ-ਰੂ ਹੋ ਚੁੱਕਿਆ ਹਾਂ। ਸਭ ਤੋਂ ਪਹਿਲੀ ਮੁਲਾਕਾਤ ਮੇਰੀ ਖਾਹਰਾ ਸਾਹਿਬ ਨਾਲ ਹੋਈ। ਜਿਥੋਂ ਮੈਨੂੰ ਨਾਵਲਾਂ ਵਿਚ ਵਰਤੀਆਂ ਤਕਨੀਕਾਂ ਤੇ ਵਿਧੀਆਂ ਦਾ ਗਿਆਨ ਹੋਇਆ, ਕਿਉਂਕਿ ਉਹਨਾਂ ਨੇ ਪ੍ਰਸ਼ਨ ਹੀ ਇਸ ਤਰ੍ਹਾਂ ਦੇ ਕੀਤੇ। ਇਸ ਤੋਂ ਬਾਅਦ ਤਰਸੇਮ ਹੋਰਾਂ ਨਾਲ ਵੀ 'ਕੌਰਵ-ਸਭਾ' ਨਾਵਲ ਬਾਰੇ ਮੁਲਾਕਾਤ ਹੋਈ, ਸਾਹਿਤਕ ਪਤ੍ਰਿਕਾਵਾਂ ਅਤੇ ਮੈਗਜ਼ੀਨਾਂ ਵਿਚ ਵੀ ਅਕਸਰ ਹੀ ਸੈਮੀਨਾਰ ਤੇ ਪਾਠਕਾਂ ਦੇ ਰੂ-ਬ-ਰੂ ਹੋਣ ਦਾ ਮੌਕਾ ਮਿਲਦਾ ਰਹਿੰਦਾ ਹੈ ਪਰੰਤੂ ਮੈਨੂੰ ਸਭ ਤੋਂ ਵਧੀਆ ਮੁਲਾਕਾਤ ਭਾਟੀਆ ਸਾਹਿਬ ਵਾਲੀ ਲਗਦੀ ਹੈ ਜਿਸ ਰਾਹੀਂ ਉਹਨਾਂ ਨੇ ਮੇਰੇ ਨਾਵਲਾਂ ਦੇ ਅਨੇਕਾਂ ਪੱਖਾਂ ਨੂੰ ਰੂਪਮਾਨ ਕਰਦੇ ਹੋਏ ਮੇਰੀਆਂ ਕਮੀਆਂ ਨੂੰ ਵੀ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਜਿਥੇ ਤੱਕ ਮੇਰਾ ਮਿਆਰ ਜ਼ਾਹਿਰ ਕਰਨ ਵਿਚ ਸਹਾਈ ਹੋਣ ਦਾ ਸਵਾਲ ਹੈ ਤਾਂ ਮੈਂ ਕਹਿ ਸਕਦਾ ਹਾਂ ਕਿ ਮੁਲਾਕਾਤ ਕਰਨ ਵਾਲਾ ਹਰੇਕ ਲੇਖਕ ਦੀ ਰਚਨਾ ਨੂੰ ਗਹਿਰਾਈ ਤੋਂ ਪੜ੍ਹ ਕੇ ਆਉਂਦਾ ਹੈ। ਲੇਖਕ ਨੂੰ ਨਵੀਆਂ ਗੱਲਾਂ ਦਾ ਪਤਾ ਲਗਦਾ ਹੈ। ਆਉਣ ਵਾਲੇ ਸਮੇਂ ਵਿਚ ਲੇਖਕ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤੇ ਇਸ ਤਰ੍ਹਾਂ ਲੇਖਕ ਦਾ ਅਤੇ ਸਾਹਿਤ ਦਾ ਵਿਕਾਸ ਹੁੰਦਾ ਹੈ।

**ਪ੍ਰ: ਪੰਜਾਬੀ ਸਾਹਿਤ ਵਿਚ ਸਭ ਤੋਂ ਵੱਧ ਨਾਵਲ ਅਤੇ ਕਹਾਣੀ ਰਚੀ ਜਾ ਰਹੀ ਹੈ। ਕੀ ਇਸ ਰਚਨਾ ਪਿੱਛੇ ਕਿਸੇ ਉੱਚੇ ਆਦਰਸ਼ ਦੀ ਪੂਰਤੀ ਦੀ ਸੰਭਾਵਨਾ ਕੀਤੀ ਜਾ ਸਕਦੀ ਹੈ ? ਇਸ ਬਾਰੇ ਤੁਹਾਡੇ ਕੀ ਵਿਚਾਰ ਹਨ ?**

ਉ: ਜਿਸ ਤਰ੍ਹਾਂ ਨਾਵਲ ਅਤੇ ਕਹਾਣੀਆਂ ਦੀ ਸਿਰਜਣਾ ਹੋ ਰਹੀ ਹੈ, ਉਸਦੀ ਸਿਰਜਨਾ ਕਰਨ ਵਾਲੇ ਲੇਖਕ ਕਿਸੇ ਆਦਰਸ਼ ਦੀ ਪੂਰਤੀ ਲਈ ਹੀ ਆਪਣੀਆਂ ਰਚਨਾਵਾਂ ਦੀ ਸਿਰਜਨਾ ਕਰਦੇ ਹਨ। ਕਿਉਂਕਿ ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਹੈ। ਸਮਾਜ ਹਮੇਸ਼ਾ ਸਾਹਿਤ ਤੋਂ ਪ੍ਰਭਾਵਿਤ ਹੁੰਦਾ ਹੈ ਜਦਕਿ ਸਾਹਿਤਕਾਰ ਆਪਣੀ ਦਿੱਬ ਸ਼ਕਤੀ ਅਧੀਨ ਸਮਾਜ ਦੀਆਂ ਬੁਰਾਈਆਂ ਵੱਲ ਉਂਗਲ ਕਰਦਾ ਹੈ ਤਾਂ ਉਸਦਾ ਮਕਸਦ ਜ਼ਰੂਰ ਕਿਸੇ ਉੱਚੇ ਆਦਰਸ਼ ਦੀ ਸਿਰਜਨਾ ਕਰਨਾ ਹੁੰਦਾ ਹੈ। ਸੋ ਬਿਲਕੁਲ ਉੱਚ ਆਦਰਸ਼ ਦੀ ਪੂਰਤੀ ਹੋ ਸਕਦੀ ਹੈ ਕਿਉਂਕਿ ਲੇਖਕ ਨੇ ਤੁਹਾਡੇ ਸਿਸਟਮ ਵਿਚ ਪਈਆਂ ਬੁਰਾਈਆਂ ਪ੍ਰਤੀ ਜਾਗਰੂਕ ਕਰ ਦਿੱਤਾ, ਇਸ ਵਿਚੋਂ ਕਿਵੇਂ ਨਿਕਲਿਆ ਜਾ ਸਕਦਾ ਹੈ, ਇਸ ਵੱਲ ਇਸ਼ਾਰਾ ਕਰ ਦਿੱਤਾ ਤਾਂ ਇਹੀ ਬਹੁਤ ਵੱਡਾ ਆਦਰਸ਼ ਹੈ।

**ਪ੍ਰ: ਤੁਹਾਡੇ ਸਮੁੱਚੇ ਨਾਵਲ ਪਿਛਲੇ ਸਮੇਂ ਤੋਂ ਬਹੁਤ ਚਰਚਾ ਵਿਚ ਹਨ, ਤੁਸੀਂ ਇਸ ਚਰਚਾ ਤੋਂ ਸੰਤੁਸ਼ਟ ਹੋ ?**

ਉ: ਮੈਂ ਆਪਣੇ ਨਾਵਲਾਂ ਬਾਰੇ ਹੋਈ ਚਰਚਾ ਤੋਂ ਬਿਲਕੁਲ ਹਰ ਪੱਖੋਂ ਸੰਤੁਸ਼ਟ ਹਾਂ। ਮੇਰੇ ਨਾਵਲਾਂ ਦੀ ਚਰਚਾ ਹਰ ਤਰ੍ਹਾਂ ਦੇ ਪਾਠਕਾਂ ਨੇ ਕੀਤੀ। ਪ੍ਰਬੁੱਧ ਆਲੋਚਕਾਂ, ਵਿਦਵਾਨਾਂ, ਖੋਜਾਰਥੀਆਂ ਨੇ ਹਰ ਪੱਖ ਤੋਂ ਮੇਰੇ ਨਾਵਲਾਂ ਨੂੰ ਘੋਖਣ ਦੀ ਕੋਸ਼ਿਸ਼ ਕੀਤੀ ਹੈ। ਮੇਰੇ ਨਾਵਲਾਂ ਬਾਰੇ ਮੈਨੂੰ ਹਰ ਤਰ੍ਹਾਂ ਦੇ ਲੋਕ ਹਫ਼ਤੇ ਵਿਚ ਦੋ ਵਾਰ ਫੋਨ ਕਰਦੇ ਹਨ। ਨਾਵਲ ਪੜ੍ਹ ਕੇ ਜੋ ਅਸਰ ਲੋਕਾਂ ਦੇ ਮਨਾਂ ਉਪਰ ਹੁੰਦਾ ਹੈ ਜਾਂ ਜੋ ਤਸੱਲੀ ਉਹਨਾਂ ਨੂੰ ਮੇਰੀਆਂ ਸਿਰਜਨਾਵਾਂ ਤੋਂ ਮਿਲਦੀ ਹੈ, ਉਸ ਬਾਰੇ ਅਕਸਰ ਹੀ ਪਾਠਕ ਮੇਰੇ ਨਾਲ ਸੰਵਾਦ ਕਰਦੇ ਹਨ। ਇਹੀ ਮੇਰੇ ਲਈ ਮੇਰੇ ਵੱਡੇ ਸਨਮਾਨ ਹਨ। ਹੁਣ ਤੱਕ ਮੇਰੇ ਨਾਵਲਾਂ ਤੇ ਜੋ ਕੰਮ ਹੋਇਆ ਜਾਂ ਹੋ ਰਿਹਾ ਹੈ, ਸਭ ਸਲਾਹੁਣਯੋਗ ਹੈ। ਇਸ ਕਰਕੇ ਮੈਂ ਹਰ ਪੱਖ ਤੋਂ ਸੰਤੁਸ਼ਟ ਹਾਂ।

# ਪੰਜਾਬੀ ਨਾਵਲ ਅਤੇ ਮਿੱਤਰ ਸੈਨ ਮੀਤ ਦੇ ਨਾਵਲ

ਆਧੁਨਿਕ ਪੰਜਾਬੀ ਨਾਵਲ ਦੇ ਖੇਤਰ ਵਿਚ ਮਿੱਤਰ ਸੈਨ ਮੀਤ ਇਕ ਜਾਣਿਆ-ਪਹਿਚਾਣਿਆ ਬਹੁ-ਚਰਚਿਤ ਸਮਰੱਥ, ਪ੍ਰਤਿਭਾਸ਼ੀਲ ਤੇ ਸੰਵੇਦਨਸ਼ੀਲ ਨਾਵਲਕਾਰ ਹੈ, ਜੋ ਆਪਣੇ ਪੂਰਬਲੇ ਨਾਵਲਕਾਰਾਂ ਤੋਂ ਵਿਲੱਖਣ ਅਤੇ ਸਮਕਾਲੀ ਨਾਵਲਕਾਰਾਂ ਨਾਲ ਤੁਰਨ ਦੀ ਵਿਸ਼ੇਸ਼ਤਾ ਰੱਖਦਾ ਹੈ। ਉਹ ਵਸਤੂ ਅਤੇ ਕਲਾ ਦੋਵੇਂ ਪੱਖਾਂ ਤੋਂ ਪੰਜਾਬੀ ਨਾਵਲ ਵਿਚ ਨਵੇਂ ਮਿਆਰ ਸਥਾਪਤ ਕਰਨ ਦਾ ਸਫਲ ਜਤਨ ਕਰਦਾ ਹੈ। ਮਿੱਤਰ ਸੈਨ ਮੀਤ ਦੀ ਵਿਲੱਖਣਤਾ ਇਹ ਹੈ ਕਿ ਉਹ ਖ਼ੁਦ ਵਕੀਲ ਹੈ ਅਤੇ ਉਸਨੇ ਆਪਣੀ ਜਮਾਤ ਦੀਆਂ ਕਮਜ਼ੋਰੀਆਂ ਨੂੰ ਦ੍ਰਿੜ੍ਹਤਾ ਨਾਲ ਪਾਠਕ ਵਰਗ ਸਾਹਮਣੇ ਪੇਸ਼ ਕੀਤਾ ਹੈ। ਉਸਦਾ ਇਹ ਕਦਮ ਅਤਿ ਸਲਾਹੁਣਯੋਗ ਹੈ। ਉਹ ਪਾਠਕ ਵਰਗ ਅਤੇ ਆਪਣੀ ਜਮਾਤ ਨੂੰ ਝੰਜੋੜ ਕੇ ਸੁਚੇਤ ਹੀ ਨਹੀਂ ਕਰਦਾ, ਸਗੋਂ ਵਰਤਮਾਨ ਸਮੇਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੋਚਣ ਲਈ ਮਜ਼ਬੂਰ ਵੀ ਕਰਦਾ ਹੈ। ਲੇਖਕ ਦੀਆਂ ਮੁੱਢਲੀਆਂ ਰਚਨਾਵਾਂ ਨੂੰ ਸਾਹਿਤਕ ਜਗਤ ਵਿਚ ਕੋਈ ਗੰਭੀਰ ਅਤੇ ਨਿੱਗਰ ਹੁੰਗਾਰਾ ਨਹੀਂ ਮਿਲਿਆ। ਉਸਦੀ ਪਛਾਣ ਨਾਵਲਕਾਰ ਦੇ ਤੌਰ ਤੇ 'ਤਫ਼ਤੀਸ਼' ਨਾਵਲ ਤੋਂ ਹੀ ਬਣਦੀ ਹੈ, ਜੋ ਪੰਜਾਬੀ ਨਾਵਲ ਜਗਤ ਵਿਚ ਇਕ ਵੱਖਰੇ ਵਿਸ਼ੇ, ਵਿਧੀ ਅਤੇ ਰਚਨਾ ਦ੍ਰਿਸ਼ਟੀ ਪੱਖੋਂ ਵਿਲੱਖਣ ਹੋਣ ਕਰਕੇ ਖ਼ੂਬ ਚਰਚਾ ਦਾ ਵਿਸ਼ਾ ਬਣਿਆ ਰਿਹਾ। ਉਸਦੀ ਕਲਾਤਮਕ ਅਤੇ ਵਿਚਾਰਧਾਰਕ ਸੂਝ ਕਾਰਨ ਹੀ ਉਸਦੇ ਨਾਵਲ 'ਸੁਧਾਰ-ਘਰ' ਨੂੰ ਭਾਰਤੀ ਸਾਹਿਤ ਅਕਾਦਮੀ ਦੇ ਸਰਵੋਤਮ ਐਵਾਰਡ ਲਈ ਚੁਣਿਆ ਗਿਆ।

ਮਿੱਤਰ ਸੈਨ ਮੀਤ ਅਜਿਹਾ ਨਾਵਲਕਾਰ ਹੈ, ਜੋ ਸਮਾਜਿਕ ਜੀਵਨ ਦੇ ਯਥਾਰਥ ਨੂੰ ਸਾਹਿਤਕ ਯਥਾਰਥ ਰਾਹੀਂ ਜ਼ਿੰਦਗੀ ਦੇ ਅੰਤਰਮੁਖੀ ਅਤੇ ਬਾਹਰਮੁਖੀ ਯਥਾਰਥ ਨੂੰ ਦ੍ਰਿਸ਼ਟਮਾਨ ਕਰਦਾ ਹੋਇਆ ਰਵਾਇਤੀ ਪ੍ਰਵਿਰਤੀਆਂ ਨਾਲੋਂ ਅਲੱਗ ਪ੍ਰਸਥਿਤੀਆਂ ਰਾਹੀਂ ਜ਼ਿੰਦਗੀ ਦੇ ਵਿਸ਼ਾਲ ਕੈਨਵਸ ਨੂੰ ਚਿਤਰਦਾ ਹੋਇਆ ਆਪਣੇ ਸਮੁੱਚੇ ਨਾਵਲਾਂ ਰਾਹੀਂ ਸਮੁੱਚੇ ਸਿਸਟਮ ਦੀ ਤਸਵੀਰ ਬੇਨਕਾਬ ਕਰਦਾ ਹੋਇਆ ਪਹਿਲੇ ਨਾਵਲਕਾਰ ਵਜੋਂ ਸਥਾਪਤ ਹੁੰਦਾ ਹੈ, ਜਿਸਨੇ ਸਾਡੇ ਪ੍ਰਸ਼ਾਸਨਿਕ ਪ੍ਰਬੰਧ ਨੂੰ ਲੈ ਕੇ ਆਪਣੇ ਨਾਵਲਾਂ ਦੀ ਰਚਨਾ ਕੀਤੀ। ਨਿਆਂ-ਪ੍ਰਣਾਲੀ ਦੇ ਮੁੱਦੇ ਨੂੰ ਪੰਜਾਬੀ ਨਾਵਲ ਦੇ ਖੇਤਰ ਵਿਚ ਬੇਸ਼ੱਕ ਮੁੱਢ ਤੋਂ ਹੀ ਵਿਚਾਰਿਆ ਜਾਂਦਾ ਰਿਹਾ ਹੈ, ਜਿਸ ਵਿਚ ਨਿਆਂ-ਪ੍ਰਬੰਧ ਦੀਆਂ ਖ਼ਾਮੀਆਂ ਨੂੰ ਵਿਅੰਗਮਈ ਦ੍ਰਿਸ਼ਟੀ ਤੋਂ ਰੂਪਮਾਨ ਤਾਂ ਕੀਤਾ ਹੈ ਪਰੰਤੂ ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਪੇਸ਼ ਹੋਏ ਨਰੋਏ ਨਿਆਂ-ਸੰਕਲਪ ਵਾਂਗ ਵਿਸ਼ਾਲਤਾ ਤੇ ਵਿਸ਼ਲੇਸ਼ਣ ਤੋਂ ਦੂਰ ਸਿਰਫ਼ ਵਿਚਾਰਾਂ ਦੀ ਪੁਸ਼ਟੀ ਤੱਕ ਹੀ ਸੀਮਤ ਹੈ ਜਦਕਿ ਮੀਤ ਦੇ ਨਾਵਲਾਂ ਵਿਚ ਪੇਸ਼ ਨਿਆਂ-ਪ੍ਰਣਾਲੀ ਦਾ ਵਿਸਥਾਰ, ਗਹਿਰਾਈ ਤੇ ਹਕੀਕਤ ਮੂਲੋਂ ਹੀ ਵੱਖਰਾ ਤੇ ਅਦਾਲਤੀ ਪ੍ਰਸ਼ਾਸਨ ਦੀਆਂ ਡੂੰਘੀਆਂ ਪਰਤਾਂ

ਨੂੰ ਨੰਗਾ ਕਰਨ ਵਾਲਾ ਹੈ, ਜੋ ਕਿ ਅੱਜ ਤੱਕ ਪੰਜਾਬੀ ਨਾਵਲ ਦੇ ਖੇਤਰ ਵਿਚ ਕੋਈ ਨਹੀਂ ਕਰ ਸਕਿਆ । ਜਿਸ ਕਰਕੇ ਪੰਜਾਬੀ ਗਲਪ ਦੇ ਖੇਤਰ ਵਿਚ ਨਿਵੇਕਲੇ ਵਿਸ਼ਿਆਂ ਨੂੰ ਲੈ ਕੇ ਤੁਰਨ ਵਾਲਾ ਨਾਵਲਕਾਰ ਸਾਬਤ ਹੁੰਦਾ ਹੈ, ਜਿਸ ਨੇ ਆਪਣੇ ਕਿੱਤੇ ਵਿਸ਼ੇਸ਼ ਦੇ ਪ੍ਰਮਾਨਿਕ ਅਨੁਭਵਾਂ ਨੂੰ ਆਪਣੇ ਨਾਵਲਾਂ ਵਿਚ ਪਾਠਕਾਂ ਦੇ ਸਨਮੁੱਖ ਕੀਤਾ ਹੈ, ਜੋ ਉਸਦਾ ਨਿਵੇਕਲਾ ਤੇ ਮੌਲਿਕ ਹੁਨਰ ਹੈ। ਉਸਦੇ ਪ੍ਰਵੇਸ਼ ਨਾਲ ਪੰਜਾਬੀ ਨਾਵਲ ਪਰੰਪਰਾ ਵਿਚ ਵੱਡਾ ਪਰਿਵਰਤਨ ਦਿਖਾਈ ਦਿੰਦਾ ਹੈ।

ਮਿੱਤਰ ਸੈਨ ਮੀਤ ਦੀ ਵਿਲੱਖਣਤਾ, ਵੱਖਰਤਾ ਅਤੇ ਸਮਕਾਲੀਨਤਾ ਨੂੰ ਪੜਾਅ-ਦਰ-ਪੜਾਅ ਪਰਖਣ ਲਈ ਪੰਜਾਬੀ ਨਾਵਲ ਤੇ ਸਰਸਰੀ ਝਾਤ ਮਾਰਨਾ ਜ਼ਰੂਰੀ ਹੈ ਕਿਉਂਕਿ ਪੰਜਾਬੀ ਨਾਵਲ ਦੀਆਂ ਮੂਲ ਪ੍ਰਵਿਰਤੀਆਂ ਹੀ ਇਸਦੇ ਇਤਿਹਾਸ ਨੂੰ ਜਾਣਨ ਵਿਚ ਸਹਾਇਤਾ ਕਰਦੀਆਂ ਹਨ। ਪੰਜਾਬੀ ਨਾਵਲ ਹੁਣ ਤੱਕ ਧਾਰਮਿਕ, ਸੁਧਾਰਵਾਦੀ, ਪ੍ਰਗਤੀਵਾਦੀ, ਰੋਮਾਂਟਿਕ ਯਥਾਰਥਵਾਦੀ, ਆਜ਼ਾਦੀ ਤੋਂ ਬਾਅਦ ਉਪਜੀ ਮਾਨਵਵਾਦੀ ਅਤੇ ਸੁਧਾਰਵਾਦੀ, ਯਥਾਰਥਵਾਦੀ, ਮਨੋਵਿਗਿਆਨਿਕ, ਪ੍ਰਯੋਗਵਾਦੀ, ਚੇਤਨਾ ਪ੍ਰਵਾਹ, ਆਂਚਲਿਕਤਾ ਤੇ ਦਸਤਾਵੇਜ਼ੀ ਨਾਵਲੀ ਪ੍ਰਵਿਰਤੀ ਆਦਿ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ, ਕਿ ਪੰਜਾਬੀ ਨਾਵਲ ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਤੋਂ ਪੈਦਾ ਹੋ ਕੇ ਅਨੇਕਾਂ ਪ੍ਰਵਿਰਤੀਆਂ ਦਾ ਸਫ਼ਰ ਤੈਅ ਕਰਦਾ ਹੋਇਆ ਅਜੋਕੇ ਰੂਪ ਵਿਚ ਪਹੁੰਚਿਆ ਹੈ। ਨਾਵਲ ਦੇ ਸੰਖੇਪ ਇਤਿਹਾਸ ਨੂੰ ਜਾਣਨ ਤੋਂ ਬਾਅਦ ਇਹ ਜ਼ਾਹਿਰ ਹੁੰਦਾ ਹੈ ਕਿ ਮੁੱਢਲੇ ਪੰਜਾਬੀ ਨਾਵਲ ਵਿਚ ਆਦਰਸ਼ਵਾਦ ਭਾਰੂ ਰਿਹਾ, ਜਦਕਿ ਪਿਛਲੇ ਸਮੇਂ ਵਿਚ ਅਜਿਹੇ ਨਾਵਲਾਂ ਦੀ ਸਿਰਜਨਾ ਹੋਈ ਜਿਨ੍ਹਾਂ ਵਿਚੋਂ ਸਮਾਜਿਕ ਸਮੱਸਿਆਵਾਂ ਨੂੰ ਮੂਲ ਵਿਸ਼ੇ ਬਣਾਇਆ ਗਿਆ। ਅਜਿਹੇ ਨਾਵਲਾਂ ਦੀ ਸਿਰਜਨਾ ਕਰਨ ਵਾਲੇ ਨਾਵਲਕਾਰਾਂ ਨਾਲੋਂ ਮੀਤ ਦੀ ਵਿਲੱਖਣਤਾ ਰਹੀ ਹੈ ਕਿ ਉਸਨੇ ਸਮਾਜਿਕ ਸਮੱਸਿਆਵਾਂ ਨੂੰ ਦਰਸਾਉਣ ਲਈ ਆਪਣੇ ਕਾਨੂੰਨ ਵਰਗੇ ਪੇਸ਼ੇ ਦੇ ਅਨੁਭਵ ਰਾਹੀਂ ਆਪਣੇ ਨਾਵਲਾਂ ਦੀ ਸਿਰਜਨਾ ਕੀਤੀ। ਸੋ ਜਿਸ ਤਰ੍ਹਾਂ ਪੰਜਾਬੀ ਨਾਵਲ ਧਾਰਮਿਕ, ਸੁਧਾਰਵਾਦੀ ਤੇ ਸਮਾਜਿਕ ਪ੍ਰਵਿਰਤੀਆਂ ਵਿਚੋਂ ਗੁਜ਼ਰਦਾ ਹੋਇਆ ਪ੍ਰਗਤੀਵਾਦੀ ਯਥਾਰਥ ਦੇ ਮਨੋਰਥ ਵੱਲ ਅਗਰਸਰ ਹੋਇਆ ਨਜ਼ਰ ਆਉਂਦਾ ਹੈ ਉਸੇ ਤਰ੍ਹਾਂ ਨਾਵਲਕਾਰ ਦਾ ਸਮੁੱਚਾ ਨਾਵਲੀ ਸਫ਼ਰ ਮੁੱਢਲੇ ਪੰਜਾਬੀ ਨਾਵਲ ਦੇ ਸਮੁੱਚੇ ਸਰੋਕਾਰਾਂ ਨੂੰ ਆਧੁਨਿਕ ਸਮੇਂ ਦੇ ਪ੍ਰਸੰਗ ਵਿਚ ਪੇਸ਼ ਕਰਨ ਦੀ ਵਿਸ਼ੇਸ਼ ਵਿਲੱਖਣਤਾ ਰੱਖਦਾ ਹੈ; ਜਿਸ ਕਰਕੇ ਮਿੱਤਰ ਸੈਨ ਮੀਤ ਦੇ ਸਮੁੱਚੇ ਨਾਵਲ ਜਗਤ ਨੂੰ ਪੰਜਾਬੀ ਨਾਵਲ ਦੇ ਵਿਕਾਸ ਹਿੱਤ ਰੱਖਿਆ ਜਾ ਸਕਦਾ ਹੈ।

ਹਰੇਕ ਸਾਹਿਤਕਾਰ ਦੇ ਜੀਵਨ ਤੇ ਜੀਵਨ ਅਨੁਭਵ ਬਾਰੇ ਵਿਚਾਰ ਕਰਨਾ ਇਕ ਕਠਿਨ ਪ੍ਰਕਿਰਿਆ ਵਿਚੋਂ ਗੁਜ਼ਰਨ ਦੇ ਸਮਾਨ ਹੈ ਪਰੰਤੂ ਉਸਦੀਆਂ ਰਚਨਾਵਾਂ ਦੀ ਗਹਿਰਾਈ ਨੂੰ ਸਮਝਣ ਲਈ ਉਸਦੇ ਜੀਵਨ ਅਨੁਭਵ ਤੇ ਉਸਦੇ ਵਿਅਕਤਿਤਵ ਪਿਛੋਕੜ ਨੂੰ ਜਾਣਨਾ ਜ਼ਰੂਰੀ ਹੈ; ਕਿਉਂਕਿ ਨਾਵਲਕਾਰ ਨੇ ਆਪਣਾ ਬਚਪਨ ਧਾਨਕਿਆਂ ਤੇ ਸਾਂਸੀਆਂ ਦੇ ਬੱਚਿਆਂ ਵਿਚਕਾਰ ਖੇਡਦਿਆਂ ਬਰਨਾਲੇ ਵਿਚ ਬਤੀਤ ਕੀਤਾ, ਜਿਥੇ ਉਸਦੀ ਸ਼ਖ਼ਸੀਅਤ ਨੂੰ ਨਿਖਾਰਨ ਵਿਚ ਪਿੰਡ ਦੇ ਜੀਵਨ, ਜੀਵਨ ਦੀਆਂ ਕਦਰਾਂ-ਕੀਮਤਾਂ ਤੇ ਰੀਤੀ-ਰਿਵਾਜਾਂ ਦਾ ਯੋਗਦਾਨ ਰਿਹਾ, ਉਥੇ ਉਸਨੂੰ ਭੂਮੀ ਸੰਪੰਨ ਤੇ ਭੂਮੀਹੀਣ ਲੋਕਾਂ ਨਾਲ ਵਿਚਰਨ ਦਾ

ਮੌਕਾ ਵੀ ਮਿਲਿਆ। ਆਲੇ-ਦੁਆਲੇ ਦੀਆਂ ਸਰਗਰਮੀਆਂ ਦੇ ਪ੍ਰਭਾਵ ਨੇ ਉਸਦੇ ਦਿਲ ਵਿਚ ਇਕ ਸਾਹਿਤਕਾਰ ਨੂੰ ਜਨਮ ਦਿੱਤਾ ਜੋ ਉਸਦੀਆਂ ਮੁੱਢਲੀਆਂ ਰਚਨਾਵਾਂ ਵਿਚ ਉਸਦਾ ਮੌਲਿਕ ਅਨੁਭਵ ਬਣਕੇ ਉਭਰਦਾ ਹੈ। ਕਿਸੇ ਵੀ ਲਿਖਤ ਦੇ ਅਰਥਾਂ ਪਿੱਛੇ ਜਿਥੇ ਲਿਖਾਰੀ ਦੇ ਵਿਅਕਤਿਤਵ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ ਉਥੇ ਉਸਦੇ ਪ੍ਰੇਰਨਾ ਸਰੋਤਾਂ ਦੀ ਵੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਨਾਵਲਕਾਰ ਜਿਥੇ ਆਪਣੇ ਬਰਨਾਲੇ ਦੇ ਸਾਧਾਰਨ ਆਲੇ-ਦੁਆਲੇ ਦੇ ਸਾਹਿਤਕ ਮਾਹੌਲ ਤੋਂ ਪ੍ਰਭਾਵਿਤ ਹੋਇਆ, ਉਥੇ ਆਪਣੇ ਤੋਂ ਪਹਿਲੇ ਸਾਹਿਤਕਾਰਾਂ ਅਤੇ ਖ਼ਾਸ ਕਰਕੇ ਆਪਣੇ ਪੇਸ਼ੇ (ਵਕੀਲੀ) ਦੇ ਪ੍ਰਭਾਵ ਨੂੰ ਗਹਿਰਾਈ ਤੋਂ ਕਬੂਲਦਾ ਹੈ ਜੋ ਉਸਦੀ ਵਿਚਾਰਧਾਰਾ ਬਣੇ। ਇਸੇ ਵਿਚਾਰਧਾਰਾ ਤਹਿਤ ਇਹ ਆਖਿਆ ਜਾ ਸਕਦਾ ਹੈ ਕਿ ਲੇਖਕ ਦੇ ਮੁੱਢਲੇ ਨਾਵਲਾਂ ਵਿਚ ਉਸਦੀ ਇਨਕਲਾਬੀ ਸੋਚ ਕਿਵੇਂ ਬਦਲ ਕੇ ਪਿਛਲੇ ਨਾਵਲਾਂ ਵਿਚ ਉਸਦੇ ਨਿੱਜੀ ਕਿੱਤੇ ਦੇ ਅਨੁਭਵ ਵਿਚ ਢਲ ਕੇ ਸਮੂਹਿਕ ਲੋਕਾਂ ਨਾਲ ਸੰਬੰਧਿਤ ਹੋ ਜਾਂਦੀ ਹੈ।

ਮਿੱਤਰ ਸੈਨ ਮੀਤ ਦੇ ਸਮੁੱਚੇ ਨਾਵਲਾਂ ਦੇ ਮੂਲ ਵਿਸ਼ਿਆਂ ਨੂੰ ਘੋਖਣ ਤੋਂ ਸਪੱਸ਼ਟ ਹੁੰਦਾ ਹੈ ਕਿ ਉਸਦੇ ਮੁੱਢਲੇ ਨਾਵਲਾਂ 'ਅੱਗ ਦੇ ਬੀਜ' ਤੇ 'ਕਾਫ਼ਲਾ' ਵਿਚ ਵਿਆਪਕ ਪੱਧਰ ਉਪਰ ਫੈਲਿਆ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਰਿਸ਼ਵਤਖੋਰੀ, ਮਿਹਨਤ, ਲਿਆਕਤ ਅਤੇ ਯੋਗਤਾ ਦੀ ਬੇਕਦਰੀ, ਜਾਗੀਰਦਾਰਾਂ, ਸਰਦਾਰਾਂ ਅਤੇ ਚੌਧਰੀਆਂ ਹੱਥੋਂ ਕਾਮਿਆਂ ਅਤੇ ਉਹਨਾਂ ਦੀਆਂ ਔਰਤਾਂ ਦੀ ਹੁੰਦੀ ਮਾਨਸਿਕ ਤੇ ਸਰੀਰਕ ਖੱਜਲ-ਖੁਆਰੀ, ਕਾਮਿਆਂ ਤੇ ਉਹਨਾਂ ਦੀਆਂ ਔਰਤਾਂ ਦੇ ਮਨ ਵਿਚ ਪੈਦਾ ਹੋਈ ਕ੍ਰਾਂਤੀਕਾਰੀ ਲਹਿਰ ਨੂੰ ਆਧਾਰ ਬਣਾ ਕੇ ਪੀੜਿਤ ਧਿਰਾਂ ਦੇ ਏਕੇ ਤੇ ਸੰਘਰਸ਼ ਰਾਹੀਂ ਇਨਕਲਾਬ ਲਿਆਉਣ ਲਈ ਯਤਨ ਕਰਦਾ ਨਜ਼ਰ ਆਉਂਦਾ ਹੈ। ਸੋ ਮੀਤ ਦੇ ਮੁੱਢਲੇ ਨਾਵਲਾਂ ਨੂੰ ਛੱਡ ਕੇ ਬਾਕੀ ਨਾਵਲ ਇਕੋ ਵਿਸ਼ੇ ਤੇ ਕੇਂਦਰਿਤ ਹੋਣ ਦੇ ਬਾਵਜੂਦ ਵੀ ਵੱਖਰੇ-ਵੱਖਰੇ ਖੇਤਰਾਂ ਨੂੰ ਦ੍ਰਿਸ਼ਟਮਾਨ ਕਰਦੇ ਹੋਏ ਸਮੁੱਚੀ ਵਿਵਸਥਾ ਦੀ ਤਸਵੀਰ ਪੇਸ਼ ਕਰਦੇ ਹਨ। 'ਤਫ਼ਤੀਸ਼' ਨਾਵਲ ਰਾਹੀਂ ਮੀਤ ਪੰਜਾਬੀ ਨਾਵਲ ਦੇ ਖੇਤਰ ਵਿਚ ਬਹੁ-ਚਰਚਿਤ ਨਾਵਲਕਾਰ ਵਜੋਂ ਆਪਣੀ ਹੋਂਦ ਸਥਾਪਤ ਕਰਦਾ ਹੈ, ਜਿਸਦਾ ਮੂਲ ਵਿਸ਼ਾ ਪੁਲਿਸ ਸਭਿਆਚਾਰ ਰਿਹਾ ਹੈ, ਪਰੰਤੂ ਇਸ ਵਿਸ਼ੇ ਦੀਆਂ ਥੀਮਕ ਤੰਦਾਂ ਪੁਲਿਸ ਤੱਕ ਸੀਮਤ ਨਾ ਰਹਿ ਕੇ ਪ੍ਰਸ਼ਾਸਨਿਕ ਅਦਾਰਿਆਂ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਰਾਜਨੀਤਿਕ, ਧਾਰਮਿਕ, ਸਮਾਜਿਕ ਤੇ ਆਰਥਿਕ ਸਥਿਤੀਆਂ ਵੱਲ ਸੰਕੇਤ ਕਰਦੀਆਂ ਹਨ। ਪੁਰਾਤਨ ਪਰੰਪਰਾ ਨੂੰ ਅੱਗੇ ਤੋਰਦਿਆਂ ਨਾਵਲਕਾਰ ਇਸ ਨਾਵਲ ਵਿਚ ਸਮਾਜ ਦੇ ਦੱਬੇ-ਕੁਚਲੇ, ਸਮਾਜਿਕ ਤੇ ਆਰਥਿਕ ਪੱਖੋਂ ਹੋ ਰਹੇ ਸ਼ੋਸ਼ਣ ਦੇ ਸ਼ਿਕਾਰ ਲੋਕਾਂ ਨੂੰ ਵਿਸਥਾਰ ਨਾਲ ਚਿਤਰਦਾ ਹੋਇਆ ਸ਼ੋਸ਼ਣ ਕਰਨ ਵਾਲਿਆਂ ਨੂੰ ਵੀ ਵਿਅੰਗ ਨਾਲ ਰੂਪਮਾਨ ਕਰਦਾ ਹੈ। ਵਿਅੰਗਮਈ ਲਹਿਜ਼ੇ ਵਿਚ ਪੁਲਿਸ ਪ੍ਰਬੰਧ ਦੇ ਰਗ-ਰਗ ਵਿਚ ਵਸੇ ਹੋਏ ਭ੍ਰਿਸ਼ਟਾਚਾਰ ਦੀ ਤਸਵੀਰ ਨੂੰ ਰੂਪਮਾਨ ਕਰਦਾ ਹੈ ਤੇ ਪੁਲਿਸ ਤੇ ਆਮ ਲੋਕਾਂ ਦੇ ਅੰਤਰ-ਸੰਬੰਧਾਂ ਰਾਹੀਂ ਇਹ ਹਕੀਕਤ ਵੀ ਦ੍ਰਿਸ਼ਟਮਾਨ ਹੁੰਦੀ ਹੈ, ਕਿ ਪੁਲਿਸ ਆਮ ਲੋਕਾਂ ਦੀ ਸੁਰੱਖਿਆ ਕਰਨ ਦੀ ਬਜਾਇ ਲੋਕਾਂ ਲਈ ਖੌਫ਼ ਅਤੇ ਦਹਿਸ਼ਤ ਬਣ ਚੁੱਕੀ ਹੈ।

ਮਿੱਤਰ ਸੈਨ ਮੀਤ 'ਤਫ਼ਤੀਸ਼' ਨਾਵਲ ਤੋਂ ਮਗਰੋਂ 'ਕਟਹਿਰਾ' ਨਾਵਲ ਵਿਚ ਅਦਾਲਤੀ ਪ੍ਰਬੰਧ ਨੂੰ ਵਿਅੰਗਾਤਮਕ ਢੰਗ ਨਾਲ ਚਿਤਰਦਾ ਹੈ। ਇਸ ਨਾਵਲ ਵਿਚ ਪੁਲਿਸ

ਦੁਆਰਾ ਸ਼ੁਰੂ ਕੀਤੀ ਤਫ਼ਤੀਸ਼ ਤੋਂ ਲੈ ਕੇ ਮੁਜ਼ਰਮਾਂ ਦੇ ਕੋਟ ਕਚਹਿਰੀ ਵਿਚ ਚੱਲ ਰਹੇ ਕੇਸਾਂ ਰਾਹੀਂ ਨਿਆਂ-ਪ੍ਰਬੰਧ ਦੇ ਅੰਦਰ ਫੈਲੇ ਭ੍ਰਿਸ਼ਟਾਚਾਰ ਨੂੰ ਰੂਪਮਾਨ ਕਰਦਾ ਹੋਇਆ, ਇਹ ਸਾਬਤ ਕਰਦਾ ਹੈ ਕਿ ਸਾਡੀ ਨਿਆਂ-ਪ੍ਰਣਾਲੀ ਪੈਸੇ ਲਈ ਵਿਕਦੀ ਹੈ। ਨਿਰਦੋਸ਼ਾਂ ਤੇ ਗਰੀਬਾਂ ਤੇ ਜ਼ੁਲਮ ਕਰਦੀ ਹੈ। 'ਕਟਹਿਰਾ' ਨਾਵਲ ਦਾ ਹਰੇਕ ਪਾਤਰ ਕਾਨੂੰਨੀ ਕਾਰਵਾਈ ਵਿਚ ਸਿਮਟਿਆ ਹੋਇਆ ਹੈ। ਆਪਣੀ ਤਰੱਕੀ ਲਈ ਕਾਨੂੰਨ ਦੀ ਵਰਤੋਂ ਕਰਦਾ ਹੈ। ਝੂਠਿਆਂ ਨੂੰ ਸੱਚਾ ਤੇ ਸੱਚੇ ਨੂੰ ਝੂਠਾ ਸਾਬਤ ਕਰਨ ਲਈ ਪੈਸੇ ਦੀ ਗਿਣਤੀ ਸ਼ਰ੍ਹੇਆਮ ਕਰਦੇ ਹਨ। ਨਾਵਲਕਾਰ ਇਸ ਨਾਵਲ ਰਾਹੀਂ ਆਪਣੇ ਕੋਰਟ ਕਚਹਿਰੀਆਂ ਦੇ ਅਨੁਭਵ ਦੁਆਰਾ ਵਸਤੂ ਵਿਸ਼ਲੇਸ਼ਣ ਪੱਖੋਂ ਦਿਸਦੇ ਨਿਆਂ-ਪ੍ਰਬੰਧ ਦਾ ਨਕਸ਼ਾ ਹੀ ਪੇਸ਼ ਨਹੀਂ ਕਰਦਾ, ਸਗੋਂ ਅਣਦਿਸਦੀਆਂ ਘਪਲੇਬਾਜ਼ੀਆਂ, ਮੁਨਾਫ਼ਾਖੋਰੀ ਸਾਜਿਸ਼ਾਂ ਉਪਰ ਉਸਰੇ ਪ੍ਰਬੰਧ ਦੇ ਤਾਣੇ-ਪੇਟੇ ਨੂੰ ਵੀ ਦ੍ਰਿਸ਼ਟਮਾਨ ਕਰਦਾ ਹੈ।

ਪੁਲਿਸ ਦੀ ਕਾਰਗੁਜ਼ਾਰੀ ਤੇ ਕੋਰਟ ਕਚਹਿਰੀ ਦੀ ਵਿਸਥਾਰ ਤੇ ਵਿਅੰਗ ਨਾਲ ਕੀਤੀ ਛਾਣ-ਬੀਣ ਤੋਂ ਮਗਰੋਂ ਸਮੁੱਚੀ ਵਿਵਸਥਾ ਨੂੰ 'ਕੌਰਵ-ਸਭਾ' ਨਾਵਲ ਵਿਚ ਚਿਤਰਦਾ ਹੋਇਆ ਨਾਵਲਕਾਰ ਲਗਭਗ ਆਪਣੇ ਤਿੰਨ ਦਹਾਕਿਆਂ ਦਾ ਅਨੁਭਵ ਪੇਸ਼ ਕਰਦਾ ਹੈ; ਜਿਸ ਰਾਹੀਂ ਉਸਨੇ ਇਤਿਹਾਸ ਦਾ ਪੁਨਰ-ਵਿਵੇਚਨ ਕਰਦੇ ਮਿੱਥ ਕਥਾ (ਮਹਾਂਭਾਰਤ) ਅਥਵਾ ਇਸ ਸੰਕਲਪ ਨੂੰ ਆਧਾਰ ਬਣਾ ਕੇ ਨਵੀਨ ਦ੍ਰਿਸ਼ਟੀਕੋਣ ਤੋਂ ਵਿਆਖਿਆ ਕੀਤੀ ਹੈ, ਜੋ ਉਸਦੀ ਵਿਲੱਖਣਤਾ ਵੀ ਕਹੀ ਜਾ ਸਕਦੀ ਹੈ। ਸ਼ਹਿਰੀਕਰਨ ਤੇ ਪੂੰਜੀਵਾਦ ਦੇ ਪ੍ਰਭਾਵ ਵਜੋਂ ਉਪਜੀ ਪਦਾਰਥਿਕ ਸੋਚ ਦੇ ਅਮਾਨਵੀ ਪੱਖਾਂ ਦੀ ਪੇਸ਼ਕਾਰੀ ਤੋਂ ਇਲਾਵਾ ਪੰਜਾਬ ਦੇ ਵਿਭਿੰਨ ਖੇਤਰਾਂ ਵਿਚ ਪੂੰਜੀਵਾਦ ਤੋਂ ਪੈਦਾ ਹੋਏ ਸੰਕਟ ਦੀ ਤਸਵੀਰਕਸ਼ੀ ਵੀ ਕਰਦਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ 'ਕੌਰਵ-ਸਭਾ' ਨਾਵਲ ਮਿੱਤਰ ਸੈਨ ਮੀਤ ਦਾ ਮੌਲਿਕ ਅਤੇ ਵਿਲੱਖਣ ਸ਼ੈਲੀ ਵਿਚ ਲਿਖਿਆ ਅਜਿਹਾ ਨਾਵਲ ਹੈ, ਜਿਸ ਵਿਚ ਇਨਸਾਫ਼ ਪ੍ਰਾਪਤੀ ਲਈ ਜੱਦੋ-ਜਹਿਦ ਕਰ ਰਹੇ ਪਾਤਰਾਂ ਦੀ ਵਿਵਸਥਾ ਵਿਚ ਫੈਲੇ ਭ੍ਰਿਸ਼ਟਾਚਾਰ, ਬੇਇਨਸਾਫ਼ੀ ਅੱਗੇ ਬੇਵਸੀ ਅਤੇ ਲਾਚਾਰੀ ਨੂੰ ਸੰਜੀਵ ਰੂਪ ਵਿਚ ਚਿਤਰਿਆ ਗਿਆ ਹੈ। ਨਾਵਲਕਾਰ ਦਰਸਾਉਂਦਾ ਹੈ ਕਿ ਪ੍ਰਬੰਧਕੀ ਅਤੇ ਅਦਾਲਤੀ ਢਾਂਚਾ ਆਪਣੀ ਭਰੋਸੇਯੋਗਤਾ ਨੂੰ ਲਗਾਤਾਰ ਗੁਆ ਰਿਹਾ ਹੈ। ਦੇਰ ਸਵੇਰ ਇਨਸਾਫ਼ ਮਿਲਣ ਦੀ ਆਸ ਵੀ ਟੁੱਟਦੀ ਜਾ ਰਹੀ ਹੈ। ਅਦਾਲਤਾਂ ਵਿਚ ਕਾਨੂੰਨ ਵਿਕਦਾ ਹੈ। ਵੱਧ ਪੈਸੇ ਦੇ ਕੇ ਫੈਸਲਾ ਆਪਣੇ ਹੱਕ ਵਿਚ ਕਰਵਾਇਆ ਜਾ ਸਕਦਾ ਹੈ। ਇਸੇ ਨਾਵਲ ਵਿਚ ਡਾਕਟਰਾਂ ਦੇ ਕਿਰਦਾਰ ਦੀ ਅਸਲੀਅਤ ਨੂੰ ਉਘਾੜਦੇ ਹੋਏ ਸਿਹਤ ਸਹੂਲਤਾਂ ਦੀ ਹਕੀਕਤ ਨੂੰ ਬਿਆਨ ਕਰਦਾ ਹੋਇਆ ਨਾਵਲਕਾਰ ਹਸਪਤਾਲਾਂ ਵਿਚ ਮਰੀਜਾਂ ਦੀ ਦੁਰਦਸ਼ਾ, ਅਸਹਿ ਪੀੜਾ, ਉਹਨਾਂ ਦੇ ਰਿਸ਼ਤੇਦਾਰਾਂ ਦੁਆਰਾ ਭੋਗੇ ਜਾ ਰਹੇ ਸੰਤਾਪ ਆਦਿ ਦੇ ਵੇਦਨਾ ਭਰਪੂਰ ਅਤੇ ਵਾਸਤਵਿਕ ਚਿੱਤਰ ਨੂੰ ਬੜੀ ਬਾਰੀਕਬੀਨੀ ਨਾਲ ਦ੍ਰਿਸ਼ਟਮਾਨ ਕਰਦਾ ਹੈ।

ਇਸ ਨਾਵਲ ਰਾਹੀਂ ਨਾਵਲਕਾਰ ਭਾਰਤੀ ਪਰੰਪਰਾ ਅਤੇ ਮਿਥਿਹਾਸ ਦੇ ਪਾਤਰਾਂ ਨੂੰ ਸਦੀਆਂ ਬਾਅਦ ਆਧੁਨਿਕ ਯੁੱਗ ਵਿਚ ਮੁੜ ਸੁਰਜੀਤ ਕਰਕੇ ਭ੍ਰਿਸ਼ਟ ਵਿਵਸਥਾ ਦੇ ਖਲਨਾਇਕੀ ਰੂਪ ਨੂੰ ਦਰਸਾਉਣ ਵਿਚ ਸਫ਼ਲ ਰਿਹਾ ਹੈ ਤੇ ਭਾਰਤੀ ਮਿਥਿਹਾਸ ਦੀ ਬਣੀ ਮਿੱਥ ਕਿ 'ਨੇਕੀ ਹਮੇਸ਼ਾ ਜਿੱਤਦੀ ਹੈ ਤੇ ਬਦੀ ਹਮੇਸ਼ਾ ਹਾਰਦੀ ਹੈ' ਦੇ ਪ੍ਰਚੱਲਿਤ ਪਰੰਪਰਾਗਤ

ਅਰਥਾਂ ਨੂੰ ਅੱਗੇ ਵਧਾਕੇ ਇਕ ਨਵੇਂ ਭਾਵ ਦਾ ਸੰਚਾਰ ਕਰਦਾ ਹੋਇਆ ਨੇਕੀ ਦੀ ਹਾਰ ਦਿਖਾ ਕੇ ਨਾਵਲਕਾਰ ਬਦੀ ਪ੍ਰਤੀ ਨਫ਼ਰਤ ਪੈਦਾ ਕਰਨ ਵਿਚ ਕਾਮਯਾਬ ਰਹਿੰਦਾ ਹੈ, ਕਿ ਮਹਾਂਭਾਰਤ ਦੀ ਮਿੱਥ ਕਥਾ ਬਦੀ ਦਾ ਰਾਹ ਤਿਆਗ ਕੇ ਨੇਕੀ ਦੇ ਰਾਹ ਤੇ ਚੱਲਣ ਲਈ ਪ੍ਰੇਰਿਤ ਕਰਦੀ ਹੈ ਕਿਉਂਕਿ ਬਦੀ ਦੇ ਰਾਹ ਤੇ ਬਰਬਾਦੀ ਦੇ ਸਿਵਾਏ ਕੁਝ ਹਾਸਿਲ ਨਹੀਂ ਹੁੰਦਾ।

ਇਸ ਤਰ੍ਹਾਂ ਮਿੱਤਰ ਸੈਨ ਮੀਤ ਦਾ ਛੇਵਾਂ ਨਾਵਲ 'ਸੁਧਾਰ-ਘਰ' ਤਫ਼ਤੀਸ਼ ਅਤੇ ਕਟਹਿਰਾ ਤੋਂ ਅਗਲੀ ਲੜੀ ਨਾਲ ਜੁੜਦਾ ਹੋਇਆ ਆਪਣੇ ਆਪ ਵਿਚ ਵੀ ਪੂਰਾ ਨਾਵਲ ਹੈ। ਇਸਨੂੰ ਲੰਬੇ ਇਤਿਹਾਸਿਕ ਕਾਲ ਵਿਚ ਇਕ ਨਿਰੰਤਰਤਾ ਵਜੋਂ ਪੜ੍ਹਿਆ ਜਾ ਸਕਦਾ ਹੈ, ਅਤੇ ਇਕ ਕਾਲ-ਖੰਡ ਵਿਚ ਰੱਖ ਕੇ ਵੀ, ਕਿਉਂਕਿ ਇਸ ਵਿਚ ਪਹਿਲੇ ਨਾਵਲਾਂ ਦਾ ਵਧੇਰੇ ਡੂੰਘਾ ਤੇ ਗਹਿਰਾ ਵਿਸਥਾਰ ਤੇ ਵਿਸ਼ਲੇਸ਼ਣ ਮਿਲਦਾ ਹੈ। ਜੇਲ੍ਹ ਵਰਗੇ ਮੁੱਖ ਵਿਸ਼ੇ ਰਾਹੀਂ ਨਾਵਲਕਾਰ ਨੇ ਅਜੋਕੇ ਸਮਾਜ ਵਿਚ ਚਲਦੇ ਦੁਰਾਚਾਰ ਨੂੰ ਵੱਖ-ਵੱਖ ਕੈਦੀਆਂ ਦੀਆਂ ਵੱਖ-ਵੱਖ ਬੈਰਕਾਂ ਰਾਹੀਂ ਸਿੰਘਾਂ, ਮੰਗਤਿਆਂ, ਵੈਲੀਆਂ, ਬੱਚਿਆਂ, ਔਰਤਾਂ, ਛੜਿਆਂ ਆਦਿ ਦੇ ਰੂਪ ਵਿਚ ਹਰ ਪਾਤਰ ਦੇ ਪਿੱਛੇ ਹਰ ਵਰਗ ਨੂੰ ਦ੍ਰਿਸ਼ਟਮਾਨ ਕੀਤਾ ਹੈ ਜੋ ਵਿਗੜ ਚੁੱਕੇ ਸਮਾਜ ਦਾ ਪ੍ਰਤੀਬਿੰਬਤ ਰੂਪ ਹੈ।

ਮਿੱਤਰ ਸੈਨ ਮੀਤ ਪੰਜਾਬੀ ਦੇ ਉਨ੍ਹਾਂ ਨਾਵਲਕਾਰਾਂ ਵਿਚੋਂ ਪਹਿਲਾ ਨਹੀਂ ਤਾਂ ਪ੍ਰਮੁੱਖ ਜ਼ਰੂਰ ਹੈ ਜਿਸਨੇ ਪੰਜਾਬੀ ਨਾਵਲ ਨੂੰ ਆਦਰਸ਼ਵਾਦੀ ਅਤੇ ਧਾਰਮਿਕ ਪਰੰਪਰਾਵਾਂ ਤੇ ਵਿਵਰਜਿਤ ਵਿਸ਼ਿਆਂ ਨਾਲੋਂ ਵੱਖਰੇ ਸੰਦਰਭ ਵਿਚ ਮੌਜੂਦ ਸਿਸਟਮ ਵਿਚੋਂ ਰਾਜ-ਸੱਤਾ ਦੇ ਉਸਾਰੇ ਥੰਮਾਂ ਵਿਧਾਨਪਾਲਿਕਾ, ਨਿਆਂਪਾਲਿਕਾ ਤੇ ਕਾਰਜਪਾਲਿਕਾ ਅਤੇ ਪ੍ਰੈਸ ਆਦਿ ਦੀ ਸਰਮਾਏਦਾਰੀ ਦਾ ਪੱਖ ਪੂਰਦੇ ਅਤੇ ਸਿਆਸੀ ਦਬਾਅ ਹੇਠ ਆ ਚੁੱਕੇ ਇਨ੍ਹਾਂ ਥੰਮਾਂ ਨੂੰ ਇਸ ਦ੍ਰਿਸ਼ਟੀ ਤੋਂ ਚਿਤਰਿਆ ਹੈ, ਕਿ ਅੱਜ ਦਾ ਕਾਨੂੰਨ ਲੋਕਰਾਜ ਦੇ ਮੱਥੇ ਤੇ ਕਲੰਕ ਸਾਬਤ ਹੁੰਦਾ ਹੈ। ਨਾਵਲਕਾਰ ਦੀ ਇਹ ਵਿਲੱਖਣਤਾ ਰਹੀ ਹੈ ਕਿ ਉਸਨੇ ਆਪਣੇ ਨਾਵਲਾਂ ਵਿਚ ਆਂਚਲਿਕਤਾ ਨੂੰ ਗਲਪ ਸਿਰਜਣ ਦਾ ਮਾਡਲ ਨਹੀਂ ਬਣਾਇਆ ਤੇ ਨਾ ਹੀ ਇਸਤਰੀ-ਪੁਰਸ਼ ਦੇ ਕਾਮ-ਸੰਬੰਧਾਂ ਨੂੰ, ਤੇ ਨਾ ਹੀ ਕਿਸੇ ਇਕ ਵਰਗ ਨੂੰ ਸੰਬੋਧਨ ਹੁੰਦਾ ਹੈ, ਸਗੋਂ ਨਾਵਲਕਾਰ ਨੇ ਹਰ ਵਰਗ ਨਾਲ ਸੰਬੰਧਿਤ ਅਜਿਹੇ ਵਿਸ਼ਿਆਂ ਦੀ ਸਿਰਜਣਾ ਕੀਤੀ ਹੈ ਕਿ ਵੱਖਰੇ-ਵੱਖਰੇ ਥੀਮਕ ਪਾਸਾਰਾਂ ਦੀ ਪੇਸ਼ਕਾਰੀ ਰਾਹੀਂ ਅਜੋਕੀ ਵਿਵਸਥਾ ਦੀ ਵਾਸਤਵਿਕਤਾ ਦੀ ਜਟਿਲਤਾ ਨੂੰ ਬਹੁਤ ਸੂਖ਼ਮ ਅਤੇ ਬਾਰੀਕੀ ਨਾਲ ਸਮਝਿਆ ਜਾ ਸਕਦਾ ਹੈ। ਸਮੁੱਚੇ ਨਾਵਲਾਂ ਵਿਚ ਸਮਾਜ ਅਤੇ ਵਰਤਮਾਨ ਵਿਵਸਥਾ ਨਾਲ ਸੰਬੰਧਿਤ ਭ੍ਰਿਸ਼ਟਾਚਾਰ, ਬੇਇਨਸਾਫ਼ੀ, ਭਾਈ-ਭਤੀਜਾਵਾਦ, ਇਖ਼ਲਾਕੀ ਅਤੇ ਸਮਾਜਿਕ ਕਦਰਾਂ- ਕੀਮਤਾਂ ਵਿਚ ਆ ਰਹੀ ਗਿਰਾਵਟ ਅਤੇ ਸਵਾਰਥ ਹਿੱਤ ਵਿਚਰਦੇ ਰਿਸ਼ਤਿਆਂ-ਨਾਤਿਆਂ ਦੀਆਂ ਸਮੱਸਿਆਵਾਂ ਰੂਪਮਾਨ ਹੁੰਦੀਆਂ ਹਨ, ਜਿਨ੍ਹਾਂ ਅਧੀਨ, ਪੁਲਿਸ ਮਹਿਕਮਾ, ਵਕੀਲ, ਜੱਜ, ਵਪਾਰੀ, ਅਫ਼ਸਰ, ਡਾਕਟਰ, ਧਾਰਮਿਕ ਸੰਸਥਾਵਾਂ ਅਤੇ ਸਿਆਸਤਦਾਨ ਆਦਿ - ਸਾਰੇ ਹੀ ਸਮਾਜਿਕ, ਸਦਾਚਾਰਕ ਤੇ ਨੈਤਿਕਤਾ ਪੱਖੋਂ ਨਿੱਘਰਦੇ ਦਿਖਾਈ ਦਿੰਦੇ ਹਨ। ਨਾਵਲਕਾਰ ਸਮੁੱਚੇ ਨਾਵਲ ਜਗਤ ਵਿਚ ਉਘੜਵੇਂ ਲੱਛਣਾਂ ਰਾਹੀਂ ਵਿਵਸਥਾ ਅਤੇ ਸਮਾਜ ਵਿਚ ਫੈਲੀਆਂ ਘਿਨਾਉਣੀਆਂ ਕੁਰੀਤੀਆਂ ਨੂੰ ਨਿਰਸੰਕੋਚ ਦ੍ਰਿਸ਼ਟਮਾਨ ਕੀਤਾ ਹੈ। ਉਸਦਾ ਹਰੇਕ

ਨਾਵਲ ਛੋਟੀ ਘਟਨਾ ਤੋਂ ਸ਼ੁਰੂ ਹੋ ਕੇ ਸਮਾਜ ਦੀ ਹਰੇਕ ਸੰਸਥਾ ਨੂੰ ਆਪਣੀ ਲਪੇਟ ਵਿਚ ਲੈਂਦਾ ਹੋਇਆ ਹਰੇਕ ਤਰ੍ਹਾਂ ਦੇ ਕਿਰਦਾਰ ਨੂੰ ਪੂਰੀ ਬਾਰੀਕੀ, ਸਪੱਸ਼ਟਤਾ ਤੇ ਸਫ਼ਲਤਾ ਨਾਲ ਚਿਤਰਦਾ ਹੋਇਆ ਅਸਾਧਾਰਨ ਘਟਨਾਵਾਂ ਦੀ ਰੌਚਿਕ ਤੇ ਰੁਮਾਂਟਿਕ ਪੇਸ਼ਕਾਰੀ ਰਾਹੀਂ ਕਥਾਨਕ-ਉਸਾਰੀ ਕਰਨ ਦੀ ਬਜਾਇ ਅਜਿਹੀਆਂ ਪ੍ਰਸਥਿਤੀਆਂ ਦੀ ਸਿਰਜਣਾ ਕਰਦਾ ਹੈ, ਕਿ ਵਿਵਸਥਾ ਵਿਚ ਫੈਲੇ ਭ੍ਰਿਸ਼ਟਾਚਾਰ ਅਤੇ ਅਰਾਜਕਤਾ ਦੀਆਂ ਪਰਤਾਂ ਸਹਿਜੇ ਹੀ ਖੁੱਲ੍ਹ ਜਾਂਦੀਆਂ ਹਨ।

ਮਿੱਤਰ ਸੈਨ ਮੀਤ ਨੇ ਆਪਣੇ ਨਾਵਲ ਜਗਤ ਨੂੰ ਵਿਭਿੰਨ ਵਿਚਾਰਧਾਰਕ ਪਾਸਾਰਾਂ ਰਾਹੀਂ ਰੂਪਮਾਨ ਕੀਤਾ ਹੈ। ਉਸਦੇ ਮੁੱਢਲੇ ਨਾਵਲਾਂ 'ਅੱਗ ਦੇ ਬੀਜ' ਅਤੇ 'ਕਾਫ਼ਲਾ' ਵਿਚ ਨਕਸਲਵਾਦੀ ਲਹਿਰ ਦੇ ਪ੍ਰਭਾਵ ਨੂੰ ਪੇਂਡੂ ਜੀਵਨ ਨਾਲ ਸੰਬੰਧਿਤ ਵਿਚਾਰਧਾਰਾ ਅਧੀਨ ਜਾਗੀਰਦਾਰੀ ਪ੍ਰਬੰਧ ਦੀਆ ਕੂਟਨੀਤੀਆਂ ਅਤੇ ਕਾਰਜ-ਵਿਧੀਆਂ ਨੂੰ ਸਮਾਜਿਕ, ਆਰਥਿਕ ਸਮੱਸਿਆਵਾਂ ਦੇ ਪ੍ਰਸੰਗ ਵਿਚ ਪ੍ਰਗਤੀਵਾਦੀ ਵਿਚਾਰਧਾਰਾ ਰਾਹੀਂ ਰੂਪਮਾਨ ਕੀਤਾ ਹੈ। ਜਦਕਿ 'ਤਫ਼ਤੀਸ਼', 'ਕਟਹਿਰਾ', 'ਕੌਰਵ-ਸਭਾ' ਅਤੇ 'ਸੁਧਾਰ-ਘਰ' ਨਾਵਲਾਂ ਵਿਚ ਨਿਆਂ-ਪ੍ਰਣਾਲੀ ਰਾਹੀਂ ਸਮੁੱਚੇ ਸਮਾਜ ਦੀ ਤਸਵੀਰਕਸ਼ੀ ਕਰਦਿਆਂ ਕੋਟ ਕਚਹਿਰੀਆਂ, ਜੇਲ੍ਹਾਂ, ਹਸਪਤਾਲਾਂ, ਧਾਰਮਿਕ, ਵਿਦਿਅਕ ਸੰਸਥਾਵਾਂ ਆਦਿ ਨੂੰ ਮਾਰਕਸਵਾਦੀ ਤੇ ਪਦਾਰਥਵਾਦੀ ਵਿਚਾਰਧਾਰਾ ਅਧੀਨ ਦ੍ਰਿਸ਼ਟਮਾਨ ਕਰਦਾ ਹੈ। ਸੋ ਉਸਦੇ ਨਾਵਲ ਜਗਤ ਨੂੰ ਕਿਸੇ ਇਕ ਵਿਚਾਰਧਾਰਾ ਅਧੀਨ ਨਹੀਂ ਵੇਖਿਆ ਜਾ ਸਕਦਾ; ਕਿਉਂਕਿ ਕਿਸੇ ਵੀ ਸਾਹਿਤਕਾਰ ਦਾ ਸੰਬੰਧ ਕਿਸੇ ਇਕ ਵਿਚਾਰਧਾਰਾ ਨਾਲ ਨਹੀਂ ਹੁੰਦਾ ਸਗੋਂ ਅਜੋਕੇ ਸਮੇਂ ਤੱਕ ਜਿੰਨੀਆਂ ਵੀ ਵਿਚਾਰਧਾਰਾਵਾਂ ਹੋਂਦ ਵਿਚ ਆਈਆਂ, ਸਾਹਿਤਕਾਰ ਨੇ ਉਨ੍ਹਾਂ ਸਾਰੀਆਂ ਦੇ ਪ੍ਰਭਾਵ ਨੂੰ ਸਮੇਂ-ਸਮੇਂ ਤੇ ਕਬੂਲਿਆ ਹੈ। ਮੀਤ ਦੀ ਵਿਚਾਰਧਾਰਾ ਜੀਵਨ-ਦ੍ਰਿਸ਼ਟੀ ਦੇ ਪਰਿਪੇਖ ਵਿਚ ਉਸਦੇ ਸਮੁੱਚੇ ਨਾਵਲੀ ਜਗਤ ਦਾ ਅਧਿਐਨ- ਵਿਸ਼ਲੇਸ਼ਣ ਕਰਨ ਤੋਂ ਬਾਅਦ ਉਸਦੀ ਦੂਸਰੇ ਨਾਵਲਕਾਰਾਂ ਨਾਲੋਂ ਇਕ ਵਿਲੱਖਣਤਾ ਸਾਹਮਣੇ ਆਉਂਦੀ ਹੈ, ਕਿ ਉਹ ਆਪਣੇ ਲੜੀਵਾਰ ਨਾਵਲਾਂ ਰਾਹੀਂ ਸਮੁੱਚੇ ਸਮਾਜ ਦੀ ਤਫ਼ਤੀਸ਼ ਕਰਦਾ ਹੋਇਆ, ਆਪਣੀ ਵਿਚਾਰਧਾਰਾ ਦੀ ਇਕਸੁਰਤਾ ਨਾਲੋਂ ਨਹੀਂ ਟੁੱਟਦਾ। ਉਸਦੇ ਲੜੀਵਾਰ ਨਾਵਲਾਂ ਵਿਚ ਪੂੰਜੀਵਾਦੀ ਸਿਸਟਮ ਦੇ ਖਿਲਾਫ਼ ਪੈਦਾ ਹੋਈਆਂ ਲੋਕ-ਪੱਖੀ ਜਥੇਬੰਦੀਆਂ ਉਸਦੇ ਪ੍ਰਗਤੀਵਾਦੀ ਯਥਾਰਥ ਨੂੰ ਦਰਸਾਉਂਦੀਆਂ ਹਨ ਤੇ ਪਾਠਕਾਂ ਨੂੰ ਵੀ ਸਮੁੱਚੇ ਸਿਸਟਮ ਪ੍ਰਤੀ ਜਾਗਰੂਕ ਕਰਦੀਆਂ ਹਨ।

ਮਿੱਤਰ ਸੈਨ ਮੀਤ ਨੇ ਨਾਵਲ ਜਗਤ ਨਿਵੇਕਲੇ ਵਿਸ਼ਿਆਂ ਦੇ ਨਿਭਾਅ ਲਈ ਨਿਵੇਕਲੀ ਰਚਨਾ ਵਿਧੀ ਅਪਣਾਉਂਦਿਆਂ ਹੋਇਆਂ ਆਪਣੀ ਰਚਨਾ ਉਸਾਰੀ ਸਮੇਂ ਨਵੀਆਂ ਤਕਨੀਕਾਂ ਵਰਤਣ ਵਿਚ ਰੁਚੀ ਦਿਖਾਈ ਹੈ, ਜਿਸ ਵਿਚ ਉਸਦੇ ਅਨੁਭਵ ਦੀ ਅਨੋਖੀ ਪੇਸ਼ਕਾਰੀ ਲਈ ਵੱਖ-ਵੱਖ ਜੁਗਤਾਂ ਦੀ ਵਰਤੋਂ ਵੀ ਉਸਨੂੰ ਦੂਸਰੇ ਨਾਵਲਕਾਰਾਂ ਤੋਂ ਵਖਰਾਉਂਦੀ ਹੈ, ਜੋ ਉਸਦੀ ਸਮੁੱਚੀ ਰਚਨਾ ਵਿਧੀ ਦਾ ਆਧਾਰ ਵੀ ਬਣਦੀ ਹੈ। ਨਾਵਲਕਾਰ ਆਪਣੇ ਨਿੱਜੀ ਅਨੁਭਵ ਦੇ ਪ੍ਰਸੰਗ ਰਾਹੀਂ ਵੱਖ-ਵੱਖ ਵਰਗਾਂ, ਵੱਖ-ਵੱਖ ਪੇਸ਼ੇ ਨਾਲ ਸੰਬੰਧਿਤ ਲੋਕਾਂ ਦੀ ਮਾਨਸਿਕਤਾ ਦਾ ਪ੍ਰਤੀਬਿੰਬਤ ਰੂਪ ਸਾਕਾਰ ਕਰਦਾ ਹੋਇਆ ਪਾਤਰਾਂ ਦੀ ਬਹੁਤਾਤ ਵਿਚ ਸਿਰਜਨਾ ਕਰਦਾ ਹੈ। ਹਰੇਕ ਪਾਤਰ ਵਿਵਿਧਤਾ ਭਰਪੂਰ ਸਮਾਜ

ਅਤੇ ਵਿਵਸਥਾ ਦੇ ਕਿਸੇ ਨਾ ਕਿਸੇ ਨਿਵੇਕਲੇ ਪੱਖ ਨੂੰ ਰੂਪਮਾਨ ਕਰਨ ਵਿਚ ਸਹਾਈ ਹੁੰਦਾ ਹੈ। ਉਹ ਰਵਾਇਤੀ ਨਾਵਲਾਂ ਵਾਂਗ ਕਿਸੇ ਮੁੱਖ ਪਾਤਰ ਨੂੰ ਕੇਂਦਰੀ ਮਹੱਤਵ ਨਹੀਂ ਦਿੰਦਾ; ਸਗੋਂ ਅਨੇਕਾਂ ਪਾਤਰਾਂ ਦੇ ਸਮਾਨਾਂਤਰ ਸਰਗਰਮੀ ਰਾਹੀਂ ਨਾਵਲੀ ਬਿਰਤਾਂਤ ਦਾ ਸੰਗਠਨ ਉਸਾਰਦਾ ਹੈ। ਹਰੇਕ ਪਾਤਰ ਦਾ ਅੰਦਰੂਨੀ ਤੇ ਬਾਹਰੀ ਪੱਖ ਦਰਸਾਉਂਦਾ ਹੋਇਆ ਇਕ ਮਨੁੱਖ ਪੱਖੀ ਸ਼ਕਤੀ ਅਤੇ ਦੂਜੀ ਮਨੁੱਖ ਵਿਰੋਧੀ ਸ਼ਕਤੀ ਰਾਹੀਂ ਤਣਾਓ ਅਤੇ ਟਕਰਾਉ ਨੂੰ ਲਗਾਤਾਰ ਜਾਰੀ ਰੱਖਦਾ ਹੋਇਆ ਨਾਵਲ ਦੀਆਂ ਘਟਨਾਵਾਂ ਦੀ ਪ੍ਰਸਤੁਤੀ ਨੂੰ ਦੋ ਵਿਰੋਧੀ ਧਿਰਾਂ ਦੇ ਰੂਪ ਵਿਚ ਉਸਾਰਦਾ ਨਜ਼ਰ ਆਉਂਦਾ ਹੈ। ਵਿਅੰਗਮਈ ਢੰਗ ਨਾਲ ਨਾਵਲਾਂ ਦੀਆਂ ਛੋਟੀਆਂ-ਛੋਟੀਆਂ ਘਟਨਾਵਾਂ ਦਾ ਉਸਾਰ ਉਸਰਦਾ ਹੋਇਆ ਸਿਰਜਤ ਪਾਤਰਾਂ ਰਾਹੀਂ ਸਮਕਾਲੀਨ ਯਥਾਰਥ ਦੀਆਂ ਘਿਨਾਉਣੀਆਂ ਪਰਤਾਂ ਖੋਲ੍ਹਦਾ ਹੈ। ਵਿਅੰਗ ਕਿਸੇ ਵੀ ਰਚਨਾ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ; ਤੇ ਵਿਅੰਗ ਦਾ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਸੂਖ਼ਮ, ਬੌਧਿਕ ਅਤੇ ਲੁਕਵੇਂ ਵਿਅੰਗ ਦਾ ਹੈ, ਜਿਸਦੀ ਮੀਤ ਨੂੰ ਮੁਹਾਰਤ ਹੈ। ਸਿਪਾਹੀ ਤੋਂ ਲੈ ਕੇ ਡੀ.ਆਈ.ਜੀ. ਤੱਕ ਪੁਲਿਸ ਦਾ ਇਕ ਵੀ ਕਰਮਚਾਰੀ ਐਸਾ ਨਹੀਂ ਜੋ ਨਾਵਲਕਾਰ ਦੇ ਵਿਅੰਗ ਦਾ ਸ਼ਿਕਾਰ ਨਾ ਬਣਿਆ ਹੋਵੇ। ਇਸੇ ਤਰ੍ਹਾਂ ਹੀ ਹਰ ਵਰਗ ਨਾਲ ਸੰਬੰਧਿਤ, ਹਰ ਪਾਤਰ ਦੇ ਪੇਸ਼ੇ ਨਾਲ ਸੰਬੰਧਿਤ ਉਨ੍ਹਾਂ ਦੀ ਮਾਨਸਿਕਤਾ ਨੂੰ ਦਰਸਾਉਂਦਾ ਹੋਇਆ ਹਰ ਪਾਤਰ ਦੇ ਬੋਲਾਂ ਅਤੇ ਵਤੀਰੇ ਦੇ ਨਿੱਕੇ ਵੇਰਵਿਆਂ ਰਾਹੀਂ ਉਨ੍ਹਾਂ ਦੀ ਮਾਨਸਿਕਤਾ ਨੂੰ ਉਭਾਰਨ ਲਈ ਵਿਡੰਬਨਾ ਜੁਗਤ ਨੂੰ ਬੜੀ ਮੁਹਾਰਤ ਨਾਲ ਵਰਤਦਾ ਹੈ। ਦ੍ਰਿਸ਼ ਵਰਨਣ ਰਾਹੀਂ ਸਾਡੇ ਮੁਲਕ ਦੀ ਨਿਆਂ-ਪ੍ਰਣਾਲੀ ਨੂੰ ਰੂਪਮਾਨ ਕਰਨ ਲਈ ਪੇਂਡੂ ਤੇ ਸ਼ਹਿਰੀ ਜੀਵਨ ਦੇ ਦ੍ਰਿਸ਼ਾਂ ਰਾਹੀਂ ਅਮਾਨਵੀ ਚਰਿੱਤਰ ਨੂੰ ਵਿਅੰਗਮਈ ਢੰਗ ਨਾਲ ਗਹਿਰਾਈ ਤੋਂ ਚਿਤਰਦਾ ਹੈ।

ਵਾਰਤਾਲਾਪ ਵਿਧੀ ਗਲਪੀ ਬਿਰਤਾਂਤ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਨਾਵਲ ਵਿਚ ਵਾਰਤਾਲਾਪ ਦੀ ਵਿਧੀ ਪਾਤਰ-ਉਸਾਰੀ ਤੇ ਕਥਾਨਕ ਦੀ ਸਿਰਜਨਾ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਨਾਵਲਕਾਰ ਇਸ ਵਿਧੀ ਰਾਹੀਂ ਪਾਤਰਾਂ ਵਿਚਲੀ ਵਾਰਤਾਲਾਪ ਵਿਚ ਅਜਿਹੀ ਸੰਜੀਵਤਾ ਤੇ ਵਾਸਤਵਿਕਤਾ ਪੈਦਾ ਕਰਦਾ ਹੈ ਕਿ ਹਰੇਕ ਨਾਵਲ ਦੇ ਹਰੇਕ ਪਾਤਰ ਦੀ ਸ਼ਖ਼ਸੀਅਤ ਪਾਠਕ ਸਾਹਮਣੇ ਸਾਕਾਰ ਹੋ ਜਾਂਦੀ ਹੈ। ਇਸੇ ਤਰ੍ਹਾਂ ਨਾਵਲਕਾਰ ਨੇ ਨਾਵਲ ਵਿਚਲੇ ਅਣਗਿਣਤ ਪਾਤਰਾਂ ਦੇ ਪਿਛੋਕੜ ਨੂੰ ਪਿੱਛਲਝਾਤ ਜੁਗਤ ਰਾਹੀਂ ਬਿਆਨ ਕਰਦਿਆਂ ਹੋਇਆਂ ਵਿਅੰਗਮਈ ਭਾਸ਼ਾ ਰਾਹੀਂ ਵਰਤਮਾਨ ਸਮਾਜ ਨਾਲ ਜੋੜਿਆ ਹੈ। ਇਸ ਲਈ ਲੇਖਕ ਦੇ ਨਾਵਲ ਜਗਤ ਦਾ ਨਿਵੇਕਲਾਪਣ ਇਸਦੀ ਭਾਸ਼ਾ ਦੇ ਰੂਪਬੱਧ ਰਾਹੀਂ ਵੀ ਸਾਕਾਰ ਹੁੰਦਾ ਹੈ। ਵਕਾਲਤ ਦੀ ਭਾਸ਼ਾ ਤੇ ਕੋਡ ਭਾਸ਼ਾ ਦੀ ਜੁਗਤ ਦੀ ਵਰਤੋਂ ਰਾਹੀਂ ਆਮ ਪਾਠਕਾਂ ਨੂੰ ਅਫ਼ਸਰਾਂ ਦੇ ਅੰਦਰੂਨੀ ਪੱਖਾਂ ਤੇ ਭ੍ਰਿਸ਼ਟਾਚਾਰ ਤੇ ਝਾਤ ਪਵਾਉਂਦਾ ਹੈ। ਲੇਖਕ ਦੀ ਕਲਾਤਮਕ ਪ੍ਰਤਿਭਾ ਨਾਵਲਾਂ ਵਿਚ ਲੋਕ ਸਾਹਿਤ ਦੇ ਸੰਦਰਭ ਵਿਚ ਵਰਤੇ ਗਏ ਮੁਹਾਵਰਿਆਂ, ਅਖਾਉਤਾਂ ਤੇ ਲੋਕ-ਰੂੜ੍ਹੀਆਂ ਵਿਚੋਂ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਉਸਦੇ ਨਾਵਲਾਂ ਦੇ ਸਿਰਲੇਖ ਵੀ ਉਸਦੇ ਨਾਵਲ ਜਗਤ ਦੀ ਇਕ ਪ੍ਰਾਪਤੀ ਜਾਪਦੇ ਹਨ। ਓਪਰੀ ਨਜ਼ਰ ਨਾਲ ਵੇਖਿਆਂ ਤਾਂ ਇਹ ਸਿਰਲੇਖ ਅਭਿਧਾ ਅਰਥਾਂ ਦੇ ਲਖਾਇਕ ਨਜ਼ਰ ਆਉਂਦੇ ਹਨ, ਪਰ ਜਦੋਂ ਇਹਨਾਂ ਸਿਰਲੇਖਾਂ ਦੀ ਰਚਨਾ ਸਮੱਗਰੀ

ਵਿਚ ਅਰਥਪਣ ਕੀਤਾ ਜਾਂਦਾ ਹੈ ਤਾਂ ਇਹਨਾਂ ਸਿਰਲੇਖਾਂ ਦੇ ਪ੍ਰਚੱਲਿਤ ਅਰਥ ਵਿਰੋਧੀ ਅਰਥਾਂ ਦਾ ਰੂਪ ਧਾਰਨ ਕਰ ਲੈਂਦੇ ਹਨ।

ਨਾਵਲ ਆਧੁਨਿਕ ਪੰਜਾਬੀ ਸਾਹਿਤ ਦੀ ਅਜਿਹੀ ਵਿਧਾ ਹੈ ਜਿਸ ਵਿਚ ਜੀਵਨ ਦੇ ਹਰ ਵਰਤਾਰੇ ਨੂੰ ਇਕੋ ਸਮੇਂ ਇਕ ਤੋਂ ਵੱਧ ਪੱਖਾਂ ਰਾਹੀਂ ਪ੍ਰਗਟਾਇਆ ਜਾ ਸਕਦਾ ਹੈ। ਇਹ ਪੱਖ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਯਥਾਰਥਵਾਦੀ ਆਦਿ ਵੀ ਹੋ ਸਕਦੇ ਹਨ। ਸੋ ਨਾਵਲਕਾਰ ਨੇ ਆਪਣੇ ਨਾਵਲਾਂ ਦੇ ਉਦੇਸ਼ ਦੀ ਪੂਰਤੀ ਲਈ ਨਾਵਲੀ ਕਥਾ ਨੂੰ ਸਰਲ ਰੇਖੀ ਰੂਪ ਵਿਚ ਨਹੀਂ ਸਗੋਂ ਉਪ-ਕਥਾਵਾਂ ਅਤੇ ਉਪ-ਘਟਨਾਵਾਂ ਨੂੰ ਪ੍ਰਸੰਗ ਅਨੁਕੂਲ ਪੇਸ਼ ਕਰਨ ਦੀ ਖ਼ਾਸ ਜੁਗਤ ਵਰਤੀ ਹੈ, ਜਿਸ ਰਾਹੀਂ ਉਪਰੋਕਤ ਹਰ ਪੱਖ ਤੋਂ ਹਰ ਵਰਗ ਦੀ ਜ਼ਿੰਦਗੀ ਤੇ ਬਾਹਰਮੁਖੀ ਚਿਤਰਨ ਪ੍ਰਸ਼ੰਸਾਯੋਗ ਢੰਗ ਨਾਲ ਕੀਤਾ ਹੈ। ਵਿਧਾਗਤ ਜਾਵੀਏ ਤੋਂ ਉਸਦੇ ਨਾਵਲ ਬਹੁਤੰਦੀ, ਬਹੁਪਰਤੀ, ਜਟਿਲ ਅਤੇ ਸੰਘਣੇ ਬਿਰਤਾਂਤ ਦੇ ਧਾਰਨੀ ਹਨ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਲੇਖਕ ਦੀ ਨਾਵਲੀ ਯਾਤਰਾ ਦਾ ਅਸਲ ਸਫ਼ਰ 'ਤਫ਼ਤੀਸ਼' ਅਤੇ 'ਕਟਹਿਰਾ' ਤੋਂ ਸ਼ੁਰੂ ਹੋ ਕੇ 'ਕੌਰਵ-ਸਭਾ' ਅਤੇ 'ਸੁਧਾਰ-ਘਰ' ਤੱਕ ਪਹੁੰਚੀ ਯਾਤਰਾ ਦੇ ਗ੍ਰਾਫ਼ ਨੂੰ ਵਿਕਾਸਮੁਖੀ ਦਿਸ਼ਾ ਵਿਚ ਨਿਰੰਤਰ ਰੂਪ ਵਿਚ ਅੱਗੇ ਵਧਦਾ ਦਰਸਾਉਂਦਾ ਹੈ। ਉਸਦੀ ਵਿਧੀ ਮੋਟੇ ਤੌਰ ਤੇ ਆਲੋਚਨਾਤਮਕ ਯਥਾਰਥਵਾਦ ਦੀ ਵਿਧੀ ਪ੍ਰਵਾਨ ਕੀਤੀ ਜਾ ਸਕਦੀ ਹੈ। ਉਸਾਰੂ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਉਹ ਆਪਣੀ ਸਮੁੱਚੀ ਰਚਨਾ ਸਮੱਗਰੀ ਪੇਸ਼ ਕਰਦਾ ਪ੍ਰਤੀਤ ਹੁੰਦਾ ਹੈ, ਕਿਉਂਕਿ ਉਹ ਸਮਾਂ ਵਿਹਾ ਚੁੱਕੇ ਵਿਸ਼ਿਆਂ ਨੂੰ ਤਿਆਗਦਾ ਹੋਇਆ ਅਜੋਕੇ ਸਮਾਜ ਵਿਚ ਪ੍ਰਤੱਖ ਯਥਾਰਥ ਦੇ ਧੁਰ ਅੰਦਰਲੀ ਸਚਾਈ ਨੂੰ ਟਟੋਲ ਕੇ ਨਿਸ਼ਚਿਤ ਬੌਧਿਕ ਪਰਿਪੇਖ ਵਿਚ ਉਸਦਾ ਵਿਸ਼ਲੇਸ਼ਣ ਕਰਦਾ ਹੈ। ਸੋ ਲੇਖਕ ਦੀ ਵੱਡੀ ਕਲਾ ਕਾਨੂੰਨ ਅਤੇ ਨਿਆਂ ਨੂੰ ਗਲਪ ਰੂਪ ਵਿਚ ਢਾਲਣ ਦੀ ਹੈ। ਉਸਦੀ ਵਿਚਾਰਧਾਰਾ ਦੇ ਪਰਿਪੇਖ ਵਿਚ ਕਿਹਾ ਜਾ ਸਕਦਾ ਹੈ ਕਿ ਉਸਦੇ ਲੜੀਵਾਰ ਨਾਵਲਾਂ ਵਿਚ ਪੂੰਜੀਵਾਦੀ ਸਿਸਟਮ ਦੇ ਖਿਲਾਫ਼ ਪੈਦਾ ਹੋਈਆਂ ਲੋਕਪੱਖੀ ਜਥੇਬੰਦੀਆਂ ਇਹ ਦਰਸਾਉਂਦੀਆਂ ਹਨ, ਕਿ ਇਨ੍ਹਾਂ ਦੁਆਰਾ ਲੇਖਕ ਸਾਨੂੰ ਸਮੁੱਚੇ ਸਿਸਟਮ ਪ੍ਰਤੀ ਸੁਚੇਤ ਕਰਦਾ ਹੈ। ਨਾਵਲਕਾਰ ਦੀ ਵਿਚਾਰਧਾਰਾ ਆਸ਼ਾਵਾਦੀ ਨਜ਼ਰ ਆਉਂਦੀ ਹੈ। ਉਸਨੂੰ ਆਸ ਹੈ ਕਿ ਲੋਕ ਅਜੋਕੇ ਸਿਸਟਮ ਪ੍ਰਤੀ ਜ਼ਰੂਰ ਜਾਗਰੂਕ ਹੋਣਗੇ ਤੇ ਹਰ ਇਕ ਨੂੰ ਇਨਸਾਫ਼ ਮਿਲੇਗਾ। ਇਹੀ ਲੇਖਕ ਦੀ ਸਮਾਜ ਨੂੰ ਦੇਣ ਵੀ ਕਹੀ ਜਾ ਸਕਦੀ ਹੈ ਤੇ ਉਸਦੇ ਨਾਵਲਾਂ ਦੀ ਵੱਡੀ ਖ਼ਾਸੀਅਤ ਵੀ।

ਵਿਸਥਾਰ ਵਿਚ ਦਿੱਤਾ ਵਿਸ਼ੇ ਦਾ ਉਪਰੋਕਤ ਨਿਰੂਪਣ ਮਿੱਤਰ ਸੈਨ ਮੀਤ ਦੇ ਨਾਵਲ ਜਗਤ ਵਿਚ ਉਸਦੇ ਨਿੱਜੀ ਅਨੁਭਵ ਦੁਆਰਾ ਪੇਸ਼ ਕੀਤੇ ਅਜੋਕੇ ਸਿਸਟਮ ਦੀਆਂ ਅਨੇਕਾਂ ਕੁਰੀਤੀਆਂ ਨੂੰ ਨਕਾਰਨ ਅਤੇ ਸੁਚੱਜੇ ਪ੍ਰਬੰਧ ਦੀ ਸਿਰਜਣਾ ਕਰਨ ਦੀ ਆਸ ਨੂੰ ਰੂਪਮਾਨ ਕਰਦਾ ਹੈ। ਉਸਦੇ ਸਮੁੱਚੇ ਨਾਵਲਾਂ ਦਾ ਉਦੇਸ਼ ਵਿਵਸਥਾ ਵਿਚ ਆਏ ਨਿਘਾਰ ਦੀ ਨਿਸ਼ਾਨਦੇਹੀ ਕਰਨਾ ਹੈ; ਤੇ ਉਹ ਇਸ ਕਾਰਜ ਵਿਚ ਸਫ਼ਲ ਵੀ ਹੋਇਆ ਹੈ। ਬੇਸ਼ੱਕ ਉਸਦੇ ਨਾਵਲ ਜਗਤ ਵਿਚ ਕੁਝ ਊਣਤਾਈਆਂ ਵੀ ਦਿਖਾਈ ਦਿੰਦੀਆਂ ਹਨ। ਬਿਰਤਾਂਤਕਾਰ ਦੀ ਬੇਲੋੜੀ ਦਖ਼ਲ-ਅੰਦਾਜ਼ੀ ਜਿਥੇ ਘਟਨਾਵਾਂ ਦੀ ਸਹਿਜ ਗਤੀ ਨੂੰ ਠੇਸ ਪਹੁੰਚਾਉਂਦੀ

ਹੈ, ਉਥੇ ਪਾਠਕ ਮਨ ਦੀ ਇਕਾਗਰਤਾ ਨੂੰ ਵੀ ਭੰਗ ਕਰਦੀ ਹੈ, ਕਿਉਂਕਿ ਲੇਖਕ ਕਾਰਜ ਨੂੰ ਵਿਖਾਉਣ ਦੀ ਬਜਾਇ ਸੁਣਾਉਣ ਦੀ ਵਧੇਰੇ ਕੋਸ਼ਿਸ਼ ਕਰਦਾ ਹੈ। ਬਿਰਤਾਂਤ ਦੀ ਵਿਸ਼ਾਲਤਾ ਤਹਿਤ ਕਿਹਾ ਜਾ ਸਕਦਾ ਹੈ ਕਿ ਨਾਵਲਕਾਰ ਬਾਹਰਮੁਖੀ ਜ਼ਿੰਦਗੀ ਦੀਆਂ ਘਟਨਾਵਾਂ ਦੀ ਵਿਸ਼ਾਲਤਾ ਰਾਹੀਂ ਪਾਠਕ ਵਰਗ ਨੂੰ ਘਿਨਾਉਣੀ ਹਕੀਕਤ ਦਿਖਾ ਕੇ ਨਫ਼ਰਤ ਪੈਦਾ ਕਰਨੀ ਚਾਹੁੰਦਾ ਹੈ, ਜਿਸ ਵਿਚ ਹਰ ਵਰਗ ਦਾ ਮਨੁੱਖ ਨਿਜਾਤ ਪਾ ਸਕੇ।

# ਪੁਸਤਕ-ਸੂਚੀ


**ਪੰਜਾਬੀ ਪੁਸਤਕਾਂ :**

ਅਮਰਜੋਤ ਸੇਖੋਂ, ਪੰਜਾਬੀ ਨਾਵਲ ਦਾ ਇਤਿਹਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1972

ਅਜੀਤ ਸਿੰਘ ਪੰਛੀ, ਪੰਜਾਬੀ ਗਲਪ ਵਿਚ ਯਥਾਰਥਵਾਦ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1977

ਅਤਰ ਸਿੰਘ (ਡਾ.), ਦ੍ਰਿਸ਼ਟੀਕੋਣ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1963

ਉਹੀ, ਸਾਹਿਤ ਸੰਵੇਦਨਾ, ਰਘੁਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1984

ਅਨੂਪ ਸਿੰਘ, ਸਮਕਾਲੀਨ ਯਥਾਰਥ ਤੇ ਪੰਜਾਬੀ ਨਾਵਲ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1989

ਅਮਰਜੀਤ ਗਰੇਵਾਲ, ਪ੍ਰਸੰਗ ਕੌਰਵ ਸਭਾ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2006

ਅਮਰ ਤਰਸੇਮ, ਪੰਜਾਬੀ ਨਾਵਲ ਸ਼੍ਰੇਣੀ : ਸ਼ਾਸਤਰੀ ਪਰਿਪੇਖ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2006

ਐੱਮ. ਖਰਾਪਚੈਂਕੋ, ਲੇਖਕ ਦੀ ਰਚਣਈ ਸ਼ਖ਼ਸੀਅਤ ਅਤੇ ਸਾਹਿਤ ਦਾ ਵਿਕਾਸ, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, ਮਿਤੀਹੀਣ

ਇੰਦਰਪ੍ਰੀਤ ਕੌਰ, ਪੰਜਾਬੀ ਨਾਵਲ ਦਾ ਵਿਚਾਰਧਾਰਾਈ ਅਧਿਐਨ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ ਜਲੰਧਰ, 2003

ਸਰਬਜੀਤ ਸਿੰਘ (ਡਾ.), ਪੰਜਾਬੀ ਆਲੋਚਨਾ – ਵਿਚਾਰਧਾਰਕ ਪਰਿਪੇਖ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 1999

ਸਵਰਨ ਸਿੰਘ ਚੰਦਨ (ਡਾ.), ਸਾਹਿਤ ਸਮਾਜ ਤੇ ਰਾਜਨੀਤੀ, ਨੈਸ਼ਨਲ ਬੁੱਕ ਸ਼ਾਪ, ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਂਕ, ਦਿੱਲੀ, 1994

ਸਵਿੰਦਰ ਸਿੰਘ ਉੱਪਲ, ਪੰਜਾਬੀ ਨਾਵਲ ਵਿਧੀ ਤੇ ਵਿਚਾਰ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਨਵੀਂ ਦਿੱਲੀ, 1982

ਸੁਖਦੇਵ ਸਿੰਘ ਖਾਹਰਾ (ਸੰਪਾ.), ਪੰਜਾਬੀ ਨਾਵਲ ਵਿਚ ਸੰਸਕ੍ਰਿਤਕ ਚੇਤਨਾ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1988

ਉਹੀ, ਕੌਰਵ ਸਭਾ : ਆਲੋਚਨਾਤਮਕ ਵਿਸ਼ਲੇਸ਼ਨ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2003

ਉਹੀ, ਨਾਵਲਕਾਰ ਮਿੱਤਰ ਸੈਨ ਮੀਤ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2005

ਸੁਖਵਿੰਦਰ ਸਿੰਘ ਰੰਧਾਵਾ (ਸੰਪਾ.), ਗਲਪ ਚਿੰਤਨ, ਸੁੰਦਰ ਬੁੱਕ ਡਿਪੂ, ਜਲੰਧਰ, 2000

ਸੁਤਿੰਦਰ ਸਿੰਘ ਨੂਰ (ਡਾ.), ਸਾਹਿਤ ਸਿਧਾਂਤ ਤੇ ਵਿਹਾਰ, ਆਰਸੀ ਪਬਲਿਸ਼ਰਜ, ਚਾਂਦਨੀ ਚੌਂਕ, ਦਿੱਲੀ, 1997

ਉਹੀ, ਵਿਚਾਰਧਾਰਾ ਸਾਹਿਤ ਸਭਿਆਚਾਰ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਚੰਡੀਗੜ੍ਹ, 2005
ਸੁਭਾਗ ਸੋਹੀ, ਪੰਜਾਬੀ ਨਾਵਲ ਵਿਚ ਯਥਾਰਥ-ਚਿਤ੍ਰਣ, ਦੀ ਪੰਜਾਬੀ ਕੋਆਪਰੇਟਿਵ ਸੁਸਾਇਟੀ, ਲੁਧਿਆਣਾ, 1983
ਸੁਰਜੀਤ ਸਿੰਘ ਗਿੱਲ, ਮਾਰਕਸਵਾਦ ਤੇ ਸਾਹਿਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988
ਸੁਰਜੀਤ ਸਿੰਘ ਬਰਾੜ (ਡਾ.), ਪੰਜਾਬੀ ਨਾਵਲ : ਸਮਾਜ ਸ਼ਾਸਤਰੀ ਪਰਿਪੇਖ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005
ਸੁਰਿੰਦਰ ਸਿੰਘ ਕੋਹਲੀ, ਸਵਿੰਦਰ ਸਿੰਘ ਉੱਪਲ (ਸੰਪਾ.), ਪੰਜਾਬੀ ਸਾਹਿਤ ਬਾਰੇ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1957
ਸੁਰਿੰਦਰ ਸਿੰਘ ਦੁਸਾਂਝ (ਡਾ.), ਪੰਜਾਬੀ ਇਤਿਹਾਸਕ ਨਾਵਲ, ਸਿਰਜਣਾ ਪ੍ਰੈਸ, ਲੁਧਿਆਣਾ, 1969
ਸੁਰਿੰਦਰ ਕੁਮਾਰ ਦਵੇਸ਼ਵਰ, ਪ੍ਰਗਤੀਵਾਦ ਇਤਿਹਾਸਕ ਤੇ ਸਿਧਾਂਤਕ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਸਰਹੰਦ, 1990
——, ਪੰਜਾਬੀ ਗਲਪ ਚਿੰਤਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1997
——, ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002
——, ਸਮਾਜ ਸੱਤਾ ਤੇ ਸਮਕਾਲੀ ਨਾਵਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006
ਸੰਤ ਸਿੰਘ ਸੇਖੋਂ, ਨਾਵਲ ਤੇ ਪਲਾਟ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1979
ਸ਼ਰਨ ਮੱਕੜ, ਚਿੰਤਨ ਤੇ ਅਵਚੇਤਨ, ਸ਼ਿਲਾਲੇਖ ਪ੍ਰਕਾਸ਼ਨ, ਅੰਮ੍ਰਿਤਸਰ, ਪਹਿਲੀ ਵਾਰ, 1998
ਹਰਦਰਸ਼ਨ ਸਿੰਘ, ਪੰਜਾਬੀ ਨਾਵਲ ਵਿਚ ਨਾਇਕ ਦਾ ਵਿਗਠਨ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ, ਲੁਧਿਆਣਾ, 1991
ਹਰਿੰਦਰ ਸਿੰਘ ਮਹਿਬੂਬ, ਝਨਾਂ ਦੀ ਰਾਤ, ਸਵੈਨ ਪ੍ਰਿੰਟਿੰਗ ਪ੍ਰੈਸ, ਅੱਡਾ ਟਾਂਡਾ, ਜਲੰਧਰ, 1990
ਹਰਿਭਜਨ ਸਿੰਘ (ਡਾ.), ਮੁੱਲ ਤੇ ਮੁਲਾਂਕਣ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1972
——, ਸਾਹਿਤ ਤੇ ਸਿਧਾਂਤ, ਸੀਮਾ ਪ੍ਰਕਾਸ਼ਨ,ਜਲੰਧਰ, 1973
ਹਰਿਭਜਨ ਸਿੰਘ ਭਾਟੀਆ (ਡਾ.), ਪੰਜਾਬੀ ਗਲਪ ਸੰਵਾਦ ਤੇ ਸਮੀਖਿਆ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2002
——, ਕੌਰਵ ਸਭਾ ਦੀਆਂ ਪਰਤਾਂ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2003
——, ਸਾਹਿਤ ਅਧਿਐਨ ਵਿਧੀਆਂ ਵਰਤਮਾਨ ਪਰਿਪੇਖ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006
ਕਰਤਾਰ ਸਿੰਘ ਸੂਰੀ (ਡਾ.), ਨਾਵਲ ਦੀ ਰੂਪ ਰੇਖਾ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1962
ਕਰਨੈਲ ਸਿੰਘ ਥਿੰਦ (ਡਾ.), ਪੰਜਾਬੀ ਨਾਵਲ ਸਰਵੇਖਣ ਤੇ ਮੁਲਾਂਕਣ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974
——, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1976
——, ਲੋਕਯਾਨ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1978
ਕਿਰਪਾਲ ਸਿੰਘ ਕਸੇਲ (ਪ੍ਰੋ.) ਅਤੇ ਪਰਮਿੰਦਰ ਸਿੰਘ (ਡਾ.), ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1976

ਕਿਸ਼ਨ ਸਿੰਘ (ਪ੍ਰੋ.), ਯਥਾਰਥਵਾਦ, ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਭਵਨ, ਲੁਧਿਆਣਾ, ਮਿਤੀਹੀਣ
——, ਸਾਹਿਤ ਦੀ ਸਮਝ, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1974
ਕੇਸਰ ਸਿੰਘ ਕੇਸਰ, ਸਾਹਿਤ ਖੋਜ ਅਤੇ ਸਾਹਿਤ ਆਲੋਚਨਾ, ਆਧਾਰ ਪਬਲੀਕੇਸ਼ਨਜ਼, ਪਟਿਆਲਾ, ਤੀਜੀ ਵਾਰ, 2002
ਕੁਲਬੀਰ ਸਿੰਘ ਕਾਂਗ (ਡਾ.), ਆਧੁਨਿਕ ਸਾਹਿਤ ਸਿਧਾਂਤ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1980
——, ਪੰਜਾਬੀ ਨਾਵਲ ਤੇ ਨਾਵਲਕਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2005
ਗੁਰਚਰਨ ਸਿੰਘ (ਡਾ.), ਪੰਜਾਬੀ ਗਲਪਕਾਰ, ਹਿੰਦ ਪਬਲਿਸ਼ਰਜ਼, ਅੰਮ੍ਰਿਤਸਰ, 1954
ਗੁਰਚਰਨ ਸਿੰਘ ਅਰਸ਼ੀ (ਡਾ.), ਸਾਹਿਤ ਸਮੀਖਿਆ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1969
——, ਸਮੀਖਿਆ ਦ੍ਰਿਸ਼ਟੀਆਂ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1984
——, ਪਿਛਲੇ ਦਹਾਕੇ ਦਾ ਪੰਜਾਬੀ ਸਾਹਿਤ, ਪੰਜਾਬੀ ਅਕਾਦਮੀ, ਕਸ਼ਮੀਰੀ ਗੇਟ, ਦਿੱਲੀ, 1987
——, ਪੰਜਾਬੀ ਸਾਹਿਤ ਦਾ ਵਿਚਾਰਧਾਰਕ ਪਰਿਪੇਖ, ਪੰਜਾਬੀ ਅਕਾਦਮੀ, ਨਵੀਂ ਦਿੱਲੀ, 1989
ਗੁਰਦਿਆਲ ਸਿੰਘ, ਲੇਖਕ ਦਾ ਅਨੁਭਵ ਤੇ ਸਿਰਜਣ ਪਰਕਿਰਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994
——, ਪੰਜਾਬੀ ਨਾਵਲ ਵਿਚ ਦ੍ਰਿਸ਼ਟੀ ਬਿੰਦੂ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1999
ਗੁਰਦੇਵ ਸਿੰਘ ਚੰਦੀ, ਗਲਪ ਪ੍ਰਵਚਨ, ਰਿਸ਼ਮ ਪ੍ਰਕਾਸ਼ਨ,ਪਟਿਆਲਾ, 2001
ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005
ਗੁਰਬਖਸ਼ ਸਿੰਘ ਫਰੈਂਕ, ਸਭਿਆਚਾਰ : ਮੁੱਢਲੀ ਜਾਣ-ਪਛਾਣ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਲੁਧਿਆਣਾ, ਪਹਿਲਾ ਸੰਸਕਰਣ, 1989
——, ਨਾਵਲ ਦੀ ਸੰਰਚਨਾ (ਅਨੁਵਾਦ), ਨੈਸ਼ਨਲ ਬੁੱਕ ਸ਼ਾਪ, ਦਿੱਲੀ, 1992
——, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1996
ਗੋਪਾਲ ਸਿੰਘ (ਡਾ.), ਸਾਹਿਤ ਦੀ ਪਰਖ, ਵਰਲਡ ਬੁੱਕ ਸੈਂਟਰ, ਨਵੀਂ ਦਿੱਲੀ, ਤੀਜੀ ਵਾਰ, 1989
ਜਸਪਾਲ ਕੌਰ ਕਾਂਗ, ਗਲਪ ਚੇਤਨਾ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1980
——, ਪੰਜਾਬੀ ਨਾਵਲ ਦਾ ਗਲਪ ਸ਼ਾਸਤਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1995
ਜਸਪਾਲ ਕੌਰ ਕਾਂਗ (ਡਾ.) ਅਤੇ ਡਾ. ਅਮਰਜੀਤ ਸਿੰਘ ਕਾਂਗ, ਗਲਪ ਚੇਤਨਾ ਤੋਂ ਗਲਪ ਸ਼ਾਸਤਰ ਤੱਕ, ਨਾਨਕ ਸਿੰਘ ਪੁਸਤਕਮਾਲਾ, ਪਹਿਲੀ ਵਾਰ, 2005
ਜਸਵਿੰਦਰ ਸਿੰਘ (ਡਾ.), ਆਧੁਨਿਕ ਪੰਜਾਬੀ ਸਾਹਿਤ ਦਾ ਇਤਿਹਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001
ਜਗਦੀਸ਼ ਕੌਰ, ਪੰਜਾਬੀ ਨਾਵਲ ਵਿਚ ਰਾਜਨੀਤਿਕ ਅੰਸ਼, ਅਮਰਜੀਤ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1980
ਜਗਬੀਰ ਸਿੰਘ (ਡਾ.), ਬਿਰਤਾਂਤਕ ਗਲਪ : ਸਿਧਾਂਤ ਤੇ ਸਮੀਖਿਆ, ਆਰਸੀ ਪਬਲਿਸ਼ਰਜ਼, ਦਿੱਲੀ, 1992
——, ਪੰਜਾਬੀ ਗਲਪ ਸੰਸਾਰ, ਵੈਲਵਿਸ਼ ਪਬਲਿਸ਼ਰਜ਼, ਪੀ.ਪੀ.5, ਮੌਰੀਆ ਐਨਕਲੇਵ, ਦਿੱਲੀ, 1999

ਜੋਗਿੰਦਰ ਸਿੰਘ ਨਹਿਰੂ, ਪ੍ਰਗਤੀਵਾਦੀ ਅਤੇ ਪੰਜਾਬੀ ਨਾਵਲ, ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ, 1986
——, ਬਿਰਤਾਂਤਕ ਗਲਪ - ਆਧੁਨਿਕ ਦ੍ਰਿਸ਼ਟੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003
ਜੋਗਿੰਦਰ ਸਿੰਘ ਰਾਹੀ, ਮਸਲੇ ਗਲਪ ਦੇ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1992
——, ਸਮਾਂ ਤੇ ਸੰਵਾਦ, ਨਾਨਕ ਸਿੰਘ ਪੁਸਤਕਮਾਲਾ, 1997
——, ਪੰਜਾਬੀ ਨਾਵਲ, ਨਾਨਕ ਸਿੰਘ ਪੁਸਤਕਮਾਲਾ, 1999
ਜੰਗ ਬਹਾਦੁਰ ਗੋਇਲ, ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ, ਬੁੱਕ ਪਾਵਰ, ਚੰਡੀਗੜ੍ਹ, ਪਹਿਲੀ ਵਾਰ, 2007
ਟੀ.ਆਰ.ਵਿਨੋਦ (ਡਾ.), ਸਾਹਿਤ ਚਿੰਤਨ, ਮਦਾਨ ਪਬਲਿਸ਼ਰਜ਼, ਪਟਿਆਲਾ, 1976
——, ਪੰਜ ਨਾਵਲ ਇਕ ਮੁਲੰਕਣ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1982
——, ਪੰਜਾਬੀ ਨਾਵਲ ਦਾ ਸੰਸਕ੍ਰਿਤਕ ਅਧਿਐਨ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1990
——, ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1991
——, ਆਉ ਨਾਵਲ ਪੜ੍ਹੀਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 1999
——, ਸੰਸਕ੍ਰਿਤੀ : ਸਿਧਾਂਤ ਅਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2004
——, ਪੰਜਾਬੀ ਨਾਵਲ ਅਧਿਐਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀਹੀਣ
——, ਸਾਹਿਤ ਸਿਧਾਂਤ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀਹੀਣ
ਤਰਸੇਮ, ਰੂ-ਬ-ਰੂ, ਟਵੰਟੀ ਫਸਟ ਸੈਂਚਰੀ ਪਬਲੀਕੇਸ਼ਨਜ਼, ਪਟਿਆਲਾ, 2004
ਧਨਵੰਤ ਕੌਰ (ਡਾ.), ਪੰਜਾਬੀ ਗਲਪ ਵਿਚ ਆਧੁਨਿਕ ਸੰਵੇਦਨਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989
——, ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ ਸ਼ਾਸਤਰੀ ਅਧਿਐਨ, ਆਰਸੀ ਪਬਲਿਸ਼ਰਜ਼, ਦਿੱਲੀ, 1994
——, ਪੰਜਾਬੀ ਨਾਵਲਕਾਰ ਸੰਦਰਭ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999
ਨਰਿੰਜਨ ਤਸਨੀਮ, ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਐਨ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1973
——, ਪੰਜਾਬੀ ਨਾਵਲ ਦਾ ਮੁਹਾਂਦਰਾ, ਆਰਸੀ ਪਬਲਿਸ਼ਰਜ਼, ਦਿੱਲੀ, 1995
ਪਵਨ ਗੁਲਾਟੀ, ਆਧੁਨਿਕਤਾ ਅਤੇ ਪੰਜਾਬੀ ਨਾਵਲ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2006
ਪਿਆਰ ਸਿੰਘ (ਡਾ.), ਖੋਜ : ਸਿਧਾਂਤ ਤੇ ਵਿਹਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977
ਪ੍ਰਿਤਪਾਲ ਸਿੰਘ, ਨਾਵਲ ਦੀ ਪਰਖ, ਨਿਊ ਬੁੱਕ ਕੰਪਨੀ, ਮਾਈ ਹੀਰਾ ਗੇਟ, ਜਲੰਧਰ, 1957
ਬਲਵੀਰ ਸਿੰਘ ਪੂਨੀ, ਲੋਕਧਾਰਾ, ਐਸਕਾਰਟ ਪ੍ਰੈਸ, ਅੰਮ੍ਰਿਤਸਰ, 1993
ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਬਿਰਤਾਂਤਕ ਪ੍ਰਵਚਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006
——, ਪੰਜਾਬੀ ਨਾਵਲੀ ਦ੍ਰਿਸ਼ਟੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007
ਬਲਵਿੰਦਰ ਕੌਰ, ਪੰਜਾਬੀ ਨਾਵਲ ਦਾ ਸਮਾਜ ਸ਼ਾਸਤਰੀ ਅਧਿਐਨ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2000

ਬਿਕਰਮ ਸਿੰਘ ਘੁੰਮਣ, ਪੰਜਾਬੀ ਗਲਪ ਸਮੀਖਿਆ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1999
ਭੀਮ ਇੰਦਰ ਸਿੰਘ, ਸਮਾਜ, ਸਿਆਸਤ ਅਤੇ ਸਾਹਿਤ, ਲਿਟਰੇਚਰ ਹਾਊਸ, ਅੰਮ੍ਰਿਤਸਰ, 2000
——, ਸਮਕਾਲੀ ਮਾਰਕਸੀ ਚਿੰਤਨ, ਕੁਕਨੂਸ ਪ੍ਰਕਾਸ਼ਨ, ਜਲੰਧਰ, ਭਾਗ ਦੂਜਾ ਸੰਸਮਰਣ, 2004
ਮਨਜੀਤ ਸਿੰਘ, ਮਿੱਥ-ਵਿਗਿਆਨ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1986
ਮਹਿਲ ਸਿੰਘ, ਮੁੱਢਲਾ ਪੰਜਾਬੀ ਨਾਵਲ, ਪੰਕਜ ਪ੍ਰਕਾਸ਼ਨ, ਅੰਮ੍ਰਿਤਸਰ, 1988
ਮਿੱਤਰ ਸੈਨ ਮੀਤ, ਅੱਗ ਦੇ ਬੀਜ, ਸਾਹਿਤ ਕੇਂਦਰ, ਅੰਮ੍ਰਿਤਸਰ, 1974
——, ਕਾਫ਼ਲਾ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ, 1986
——, ਤਫ਼ਤੀਸ਼, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1992
——, ਕਟਹਿਰਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1993
——, ਕੌਰਵ-ਸਭਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003
——, ਸੁਧਾਰ-ਘਰ, ਏਜੇਂਲ ਪ੍ਰਕਾਸ਼ਨ, ਲੁਧਿਆਣਾ, 2006
ਮੈਕਸਿਮ ਗੋਰਕੀ, ਜੀਵਨ ਤੇ ਸਾਹਿਤ, (ਅਨੁ. ਗੁਲਜ਼ਾਰ ਸਿੰਘ ਸੰਧੂ), ਨਵਯੁਗ ਪ੍ਰੈਸ, ਦਿੱਲੀ, 1964
ਰਜਨੀਸ ਬਹਾਦਰ ਸਿੰਘ, ਗਲਪ ਅਧਿਐਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 1999
ਰਵਿੰਦਰ ਸਿੰਘ ਰਵੀ, ਪ੍ਰਗਤੀਵਾਦ ਤੇ ਪੰਜਾਬੀ ਸਾਹਿਤ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1988
ਲੈਨਿਨ, ਸਮਾਜਵਾਦੀ ਵਿਚਾਰਧਾਰਾ ਅਤੇ ਸਭਿਆਚਾਰ ਬਾਰੇ, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, 1985

**ਹਿੰਦੀ ਪੁਸਤਕਾਂ :**

ਆਇਨ ਵਾਟ, ਉਪਨਿਆਸ ਕਾ ਉਦੈ, (ਅਨੁ. ਡਾ. ਧਰਮਪਾਲ ਸਰੀਨ) ਹਰਿਆਣਾ ਸਾਹਿਤ ਅਕਾਦਮੀ, ਚੰਡੀਗੜ੍ਹ, 1974
ਅੰਮ੍ਰਿਤ ਰਾਏ, ਵਿਚਾਰਧਾਰਾ ਔਰ ਸਾਹਿਤਯ, ਹੰਸ ਪ੍ਰਕਾਸ਼ਨ, ਇਲਾਹਾਬਾਦ, 1984
ਕੇਸ਼ਵ ਦਾਸ ਸ਼ਰਮਾ (ਡਾ.), ਆਧੁਨਿਕ ਹਿੰਦੀ ਉਪਨਿਆਸ ਔਰ ਵਰਗ ਸੰਘਰਸ਼,ਰਾਧਾ ਪਬਲੀਕੇਸ਼ਨਜ਼,ਨਵੀਂ ਦਿੱਲੀ,1981
ਪੀਤਾਂਬਰ ਸਰੋਦੇ (ਡਾ.), ਆਧੁਨਿਕ ਹਿੰਦੀ ਉਪਨਿਆਸ ਮੇਂ ਰਾਜਨੈਤਿਕ ਐਵਮ ਆਰਥਿਕ ਚੇਤਨਾ, ਅਤੁਲ ਪ੍ਰਕਾਸ਼ਨ, ਬ੍ਰਹਮ ਨਗਰ, ਕਾਨਪੁਰ, 1987
ਮਿਸ਼ਰ, ਸ਼ਿਵ ਕੁਮਾਰ, ਦਰਸ਼ਨ, ਸਾਹਿਤਯ ਔਰ ਸਮਾਜ, ਵਾਣੀ ਪ੍ਰਕਾਸ਼ਨ, ਨਵੀਂ ਦਿੱਲੀ, 2000
ਰਜਨੀਕਾਂਤ ਐੱਸ ਸ਼ਾਹ (ਡਾ.), ਹਿੰਦੀ ਉਪਨਿਆਸ : ਸਮਾਜਿਕ ਚੇਤਨਾ, ਸੰਸਕ੍ਰਿਤੀ ਪ੍ਰਕਾਸ਼ਨ, ਅਹਿਮਦਾਬਾਦ, 1990
ਰਾਜਬੰਸ ਸਹਾਇ ਹੀਰਾ (ਡਾ.), ਭਾਰਤੀਯ ਸਾਹਿਤਯ ਸ਼ਾਸਤਰ, ਕੋਸ਼ ਬਿਹਾਰੀ, ਹਿੰਦੀ ਗ੍ਰੰਥ ਅਕਾਦਮੀ, ਪਟਨਾ, 1973

**ਅੰਗਰੇਜ਼ੀ ਪੁਸਤਕਾਂ :**

Boris Pasternak, Doctor Zhivago, Vintage, 1958
Dante, Divine Comedy, New York, 1950

David Dayches, The Novel and the Modern World, Vishal Publishers and Distributors, Chandigarh, 1981
Edmund Fuller, Man in Modern Fiction, Random House, New York, 1958
E.M.Forster, Aspects of the Novel, Edward Arnold, London, 1963
Fast Howard, Literature and Reality, Peoples Publishing House Ltd., New Delhi, 1955
George Luka'cs, The Theory of the Novel, Merlin Press, London, 1971
J.W.Beach, The Twentieth Century Novel, Lyall Book Depot, Ludhiana, 1969
John Halperin (ed.), The Theory of the Novel, Oxford, University Press, London, 1974
Lan Watt, The Rise of the Novel, University of California Press, London, 1971
Phillip Stevick (ed.), The Theory of the Novel, Free Press, New York, 1967
Raj Kumar, The Modern Novel, Lyall Book Depot, Ludhiana, 1967
Robert Scholes, Structuralism in Literature : An Introduction, Yale University Press, London, 1974
Spearman Diana, The Novel and Society, First Published, London, 1966
T.R. Vinod (Dr.), Fiction of Mitter Sain Meet a Critique of Bourglais State, Angel Parkashan, Ludhiana, 2008

**ਖੋਜ-ਪੱਤਰ, ਰਸਾਲੇ ਅਤੇ ਅਖ਼ਬਾਰ**

ਖੋਜ ਪਤ੍ਰਿਕਾ, ਗਲਪ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ, 1982
ਖੋਜ ਪਤ੍ਰਿਕਾ, ਅੰਕ 34, ਸਭਿਆਚਾਰ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1991
ਖੋਜ ਪਤ੍ਰਿਕਾ, ਅੰਕ 46, ਵੀਹਵੀਂ ਸਦੀ ਦਾ ਪੰਜਾਬੀ ਗਲਪ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1997
ਸਾਹਿਤਯ ਸਿਲਸਿਲਾ (ਹਿੰਦੀ), ਜਨਵਰੀ-ਮਾਰਚ 2010, ਜਲੰਧਰ
ਸਿੱਖ ਸ਼ਹਾਦਤ, ਮਾਸਿਕ ਦਸੰਬਰ 2002, ਲੁਧਿਆਣਾ
ਸ਼ਬਦ, ਤ੍ਰੈ ਮਾਸਿਕ, ਜਨਵਰੀ-ਮਾਰਚ 2004, ਜਲੰਧਰ
ਕਲਾ ਸਿਰਜਕ, ਜਨਵਰੀ-ਮਾਰਚ 2007, ਜਲੰਧਰ
ਕਲਾ ਸਿਰਜਕ, ਜਨਵਰੀ-ਮਾਰਚ 2009, ਜਲੰਧਰ
ਨਜ਼ਰੀਆ - 20, ਅਕਤੂਬਰ-ਦਸੰਬਰ 2008, ਮਾਲੇਰਕੋਟਲਾ
ਨਜ਼ਰੀਆ - 21, ਜਨਵਰੀ-ਮਾਰਚ 2009, ਮਾਲੇਰਕੋਟਲਾ

ਮਹਿਰਮ, ਮਾਰਚ 2005, ਨਾਭਾ
ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 10 ਅਕਤੂਬਰ, 2004
ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 9 ਅਪ੍ਰੈਲ, 2005
ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 12 ਅਪ੍ਰੈਲ, 2005
ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 8 ਜਨਵਰੀ, 2006
ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 28 ਦਸੰਬਰ, 2008
ਰੋਜ਼ਾਨਾ ਸਪੋਕਸਮੈਨ, ਮੁਹਾਲੀ, 19 ਮਈ, 2006

**ਪੰਜਾਬੀ ਕੋਸ਼ :**

ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਭਾਗ ਅੱਠਵਾਂ, ਨੈਸ਼ਨਲ ਬੁੱਕ ਸ਼ਾਪ, ਪਲੱਈਅਰ ਗਾਰਡਨ ਮਾਰਕੀਟ,ਦਿੱਲੀ, 1995
ਸੁਰਿੰਦਰ ਸਿੰਘ ਕੋਹਲੀ (ਸੰਪਾ.), ਪੰਜਾਬੀ ਸਾਹਿਤ ਕੋਸ਼, ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2000
ਹਰਕੀਰਤ ਸਿੰਘ (ਸੰਪਾ.), ਪੰਜਾਬੀ ਸ਼ਬਦ-ਰੂਪ ਤੇ ਸ਼ਬਦ ਜੋੜ ਕੋਸ਼, ਸ਼ਬਦ ਜੋੜ ਕੋਸ਼ ਸੈੱਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988
ਕੇਸਰ ਸਿੰਘ ਕੇਸਰ (ਸੰਪਾ.), ਪੰਜਾਬੀ ਸਾਹਿਤ ਕੋਸ਼, ਭਾਗ ਤੀਜਾ, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1992
ਟੀ.ਆਰ.ਵਿਨੋਦ (ਡਾ.), ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999
ਜੌਨ ਡੌਸਨ, ਹਿੰਦੂ ਮਿਥਿਹਾਸ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ,
ਤੀਜੀ ਵਾਰ, 1998
ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, 1982
ਰਤਨ ਸਿੰਘ ਜੱਗੀ (ਡਾ.), ਸਾਹਿਤ ਕੋਸ਼, ਪਰਿਭਾਸ਼ਿਕ ਸ਼ਬਦਾਵਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001

**Encyclopedia/Dictionary**

- Encyclopedia of Britannica
- Encyclopedia of Philosophy
- Encyclopedia of Religion
- Encyclopedia of Social Sciences
- International Encyclopedia of Social Sciences, Myth and Symbol, Vol. 10, The Macmillan Co. and The Free Press, 1968
- M. Hawkins (ed.), The Oxford Reference Dictionary